
ਸਿਖ ਹਾਈਜੈਕਰ (ਪਹਿਲਾ ਹਿਸਾ)

ਡਾ: ਹਰਜਿੰਦਰ ਸਿੰਘ ਦਿਲਗੀਰ



ਸਿਖ ਹਾਈਜੈਕਰ

(ਪਹਿਲਾ ਹਿੱਸਾ)

ਡਾ: ਹਰਜਿੰਦਰ ਸਿੰਘ ਦਿਲਗੀਰ
Ph.D., M.Phil., LL.B., A.G.A.
M.A.(English, Punjabi, Philosophy), D.G.P.

ਗੁਰੂ ਨਾਨਕ ਇੰਸਟੀਚਿਊਟ
ਆਫ਼ ਸਿਖ ਸਟੱਡੀਜ਼

SIKH HIJACKERS (I)
(Dr. Harjinder Singh Dilgeer)

First Edition- 1989

Price:-
£4.50, US $7.00, Canada $9.00
Kroner 60.00, Pakistan-Rs.100
Khalistan-Free for Freedom Fighters

Published By:
Guru Nanak Institute of Sikh Studies

Available From:
Dr. Harjinder Singh Dilgeer
Ludvig Karstens Vei-4
N-1064, Oslo 10, Norway.

ਡਾਕਟਰ ਹਰਜਿੰਦਰ ਸਿੰਘ ਦਿਲਗੀਰ ਦੀਆਂ ਹੋਰ ਕਿਤਾਬਾਂ

ਸਿਖ ਇਲਮ:

1. ਮਾਸਟਰ ਤਾਰਾ ਸਿੰਘ (ਟਰੈਕਟ) 1968
2. ਸਿਖ ਹੋਮਲੈਂਡ (ਟਰੈਕਟ) 1969
3. ਸ਼੍ਰੋਮਣੀ ਅਕਾਲੀ ਦਲ (ਇਕ ਇਤਿਹਾਸ) 1978
4. ਅਕਾਲ ਤਖਤ ਸਾਹਿਬ (ਤਵਾਰੀਖ) 1986
5. ਖਾਲਿਸਤਾਨ ਜ਼ਿੰਦਾਬਾਦ (ਕਵਿਤਾਵਾਂ) 1987
6. **ਖਾਲਿਸਤਾਨ ਦੀ ਤਵਾਰੀਖ**
7. ਖਾਲਿਸਤਾਨ ਦੀ ਤਵਾਰੀਖ (1469-1900) ਅਣਛਪੀ
8. ਦਲ ਖਾਲਸਾ ਦੀ ਤਵਾਰੀਖ (1978-87) ਅਣਛਪੀ (ਪ੍ਰੈਸ ਹੇਠ ਆ ਗਈ ਹੈ)
9. ਖਾਲਿਸਤਾਨ ਦੀ ਚੋਣਵੀਂ ਕਵਿਤਾ (ਅਡੀਟਰ) ਅਣਛਪੀ
10. ਅਕਾਲੀ ਲਹਿਰ (1920-26) ਦੀ ਕਵਿਤਾ
11. The Akal Takht (English) 1980
12. Sikhs' Struggle For Sovereignty (English) Unpublished
13. एमरजेंसी के अत्याचार (हिंदी) 1977

ਅਦਬੀ ਕਿਤਾਬਾਂ

14. ਅਸਕੀਮ ਸਮਾਇਲ (ਨਜ਼ਮਾਂ) 1971-72
15. ਕਾਮੂ ਰੋਂਦਾ ਰਹੇਗਾ (ਨਾਵਲਿਟ) 1973
16. ਇਕੀ ਘੰਟੇ (ਕਹਾਣੀਆਂ) 1974
17. 1960 ਤੋਂ ਬਾਅਦ ਦੀ ਨਵੀਂ ਪੰਜਾਬੀ ਕਵਿਤਾ (ਅਡੀਟਰ) 1974
18. ਧਾਰਾਂ ਕਹਾਣੀਆਂ 1977

ਰੀਸਰਚ

Master Tara Singh's Contribution to Punjabi Literature (Granted Ph.D. in 1981-82 by P. U. Chandigarh)

ਪੇਸ਼ਕਾਰੀ

ਤੁਹਾਡੇ ਹਥਲੀ ਕਿਤਾਬ 'ਸਿਖ ਹਾਈਜੈਕਰ' (ਪਹਿਲਾ ਹਿਸਾ) 29 ਸਿਤੰਬਰ 1981 ਦੀ ਹਾਈਜੈਕਿੰਗ ਬਾਰੇ ਹੈ। ਇਸ ਕਿਤਾਬ ਵਿਚ ਹਾਈਜੈਕਿੰਗ ਦੇ ਕਾਰਨ, ਇਸ ਦੀ ਤਰਕੀਬ ਦੀ ਤਿਆਰੀ, ਇਸ ਦੀ ਪਲਾਨਿੰਗ ਤੇ ਇਸ ਦੀ ਪੂਰਤੀ ਤੋਂ ਇਲਾਵਾ ਮੁਕਦਮੇ ਦੇ ਪੂਰੇ ਫੈਸਲਾ ਦਾ ਪੰਜਾਬੀ ਤਰਜਮਾ ਵੀ ਦਿਤਾ ਗਿਆ ਹੈ। ਇਸ ਵਿਚ ਹਾਈਜੈਕਰਾਂ ਦੇ ਅਤੇ ਇਸਤਗਾਸਾ ਦੇ (ਭਾਰਤੀ ਤੇ ਪਾਕਿਸਤਾਨੀ) ਗਵਾਹਾਂ ਦੇ ਬਿਆਨ ਵੀ ਹਨ। ਅਖੀਰ ਵਿਚ ਹਾਈਜੈਕਰਾਂ ਦੀ ਜ਼ਿੰਦਗੀ ਦੀ ਮੁਖਤਸਰ ਕਹਾਣੀ ਵੀ ਦਿਤੀ ਗਈ ਹੈ।

ਸਿਖ ਤਵਾਰੀਖ ਨੇ 1981 ਤੋਂ 1984 ਤਕ 5 ਹਾਈਜੈਕਿੰਗ ਹੰਡਾਈਆਂ ਹਨ। ਹਥਲੀ ਕਿਤਾਬ ਪਹਿਲੀ ਹਾਈਜੈਕਿੰਗ ਬਾਰੇ ਹੈ। ਦੂਜਾ ਹਿਸਾ 1984 ਦੀ ਹਾਈਜੈਕਿੰਗ ਬਾਰੇ ਹੋਵੇਗਾ। ਉਸ ਵਿਚ ਉਸ ਹਾਈਜੈਕਿੰਗ ਦੇ 9 ਸਿਘਾਂ, ਜੋ ਲਾਹੌਰ ਜੇਲ੍ਹ ਵਿਚ ਕੈਦ ਹਨ, ਬਾਰੇ ਹੋਰ ਵੀ ਤਫ਼ਸੀਲ ਪੇਸ਼ ਕੀਤੀ ਜਾਵੇਗੀ।

ਮੈਨੂੰ ਜਿੰਨੀ ਸਮਗਰੀ ਮਿਲੀ ਮੈਂ ਇਸ ਕਿਤਾਬ ਵਿਚ ਪੇਸ਼ ਕਰਨ ਦੀ ਕੋਸ਼ਿਸ ਕੀਤੀ ਹੈ। ਇਸ ਹਾਈਜੈਕਿੰਗ ਨੇ ਦਲ ਖਾਲਸਾ ਜਥੇਬੰਦੀ ਵਿਚ ਖਾਸੀ ਹਿਲਜੁਲ ਤੇ ਟੁਟ-ਭਜ ਕੀਤੀ ਸੀ। ਉਸ ਅਸਰ ਹੇਠ ਇਸ ਹਾਈਜੈਕਿੰਗ ਬਾਰੇ ਚੋਖਾ ਝੂਠ-ਸਚ ਪਰਚਾਰਿਆ ਗਿਆ ਸੀ। ਮੇਰੀ ਕੋਸ਼ਿਸ ਸੀ ਕਿ ਸਿਰਫ ਸਚੋ-ਸਚ ਦਿਤਾ ਜਾਵੇ। ਇਸ ਕਰਕੇ ਮੈਂ ਕਿਸੇ ਦਾ ਲਿਹਾਜ਼ ਨਹੀਂ ਕੀਤਾ ਤੇ ਸਚੋ-ਸਚ ਛਾਪਿਆ ਹੈ। ਉਮੀਦ ਹੈ ਮੇਰੀ ਤਰਫੋਂ ਪੂਰੀ ਤਰਾਂ ਬੇਲਿਹਾਜ਼ ਤੇ ਬੇਲਾਗ ਹੋ ਕੇ ਆਖੀਆਂ ਗੱਲਾਂ ਕਿਸੇ ਦੀ ਖੁਦਪਰਸਤੀ ਨੂੰ ਨਾਗਵਾਰ ਹੋਣ ਦੇ ਬਾਵਜੂਦ, ਉਸ ਸ਼ਖਸ ਨੂੰ ਹਮਲਾਵਾਰ ਨਹੀਂ

ਬਣਾਉਣਗੀਆਂ। ਅਕਾਲ ਪੁਰਖ ਦੀ ਮਿਹਰ ਰਹੀ ਤਾਂ ਸਿਖਾਂ ਵਿਚ ਬੁਰਛਾਗਰਦੀ ਹਾਵੀ ਨਹੀਂ ਰਹੇਗੀ।

ਜੇ ਕਿਸੇ ਵੀਰ ਨੂੰ ਕੋਈ ਗਲ ਨਾਗਵਾਰ ਲਗੀ ਹੋਵੇ ਤਾਂ ਮੇਰੀ ਅਰਜ਼ ਹੈ ਕਿ ਉਹ ਉਸ ਗੱਲ ਨੂੰ ਨਜ਼ਰ-ਅੰਦਾਜ਼ ਕਰ ਦੇਵੇ।

ਜਿਥੋਂ ਤਕ ਹਾਈਜੈਕਿੰਗ ਦੀ ਕਾਰਵਾਈ ਦਾ ਸਵਾਲ ਹੈ, ਇਸ ਨਾਲ ਉਸ ਵੇਲੇ ਦਲ ਖਾਲਸਾ, (ਸੰਤ) ਭਿੰਡਰਾਂਵਾਲਿਆਂ ਅਤੇ ਖਾਲਿਸਤਾਨ ਤਹਿਰੀਕ ਨੂੰ ਕਾਫੀ ਮਸ਼ਹੂਰੀ ਹਾਸਿਲ ਹੋਈ ਸੀ ਪਰ ਇੰਟਰਨੈਸ਼ਨਲ ਅਦਾਰਿਆਂ ਵਿਚ ਇਸ ਨਾਲ ਸਿਖਾਂ ਦਾ ਕੁਝ ਨੁਕਸਾਨ ਵੀ ਹੋਇਆ। ਇਹ ਇਕ ਮੰਨੀ ਪਰਮੰਨੀ ਗੱਲ ਹੈ ਕਿ ਦੁਨੀਆਂ ਭਰ ਦੇ ਅਮਨ-ਪਸੰਦ ਮੁਲਕ ਦਹਿਸ਼ਤਗਰਦੀ ਦੇ ਸਖਤ ਮੁਖਾਲਿਫ ਹਨ। ਹਾਈਜੈਕਿੰਗ ਇਕ ਇੰਟਰਨੈਸ਼ਨਲ ਦਹਿਸ਼ਤਗਰਦੀ ਹੈ। ਮੇਰੀ ਨਿਗਾਹ ਵਿਚ ਬਾਹਰਲੇ ਮੁਲਕਾਂ ਵਿਚ ਕੀਤਾ ਗਿਆ ਹਰ ਕਿਸਮ ਦਾ ਤਸ਼ੱਦਦ, ਗਲਤ ਕਾਰਵਾਈ ਸੀ। ਇਨ੍ਹਾਂ ਤਸ਼ੱਦਦ ਦੀਆਂ ਕਾਰਵਾਈਆਂ, ਹਾਈਜੈਕਿੰਗ, ਪੱਗਾਂ ਲਾਹੁਣ ਅਤੇ ਦਾਹੜੀਆਂ ਪੁਟਣ ਜਾਂ ਬੁਰਛਾਗਰਦੀ ਦੀਆਂ ਕਾਰਵਾਈਆਂ ਨੇ ਖਾਲਿਸਤਾਨ ਤਹਿਰੀਕ ਨੂੰ ਫ਼ਾਇਦੇ ਦੀ ਜਗਹ ਨੁਕਸਾਨ ਹੀ ਪਹੁੰਚਾਇਆ ਹੈ।

ਭਾਵੇਂ ਮੈਂ ਇਸ ਕਿਤਾਬ ਨੂੰ 29 ਸਿਤੰਬਰ 1981 ਦੇ ਹਾਈਜੈਕਿਰਾਂ ਤਕ ਹੀ ਮਹਿਦੂਦ ਰਖਿਆ ਹੈ ਪਰ ਫਿਰ ਵੀ ਬਾਕੀ ਸਾਰੀਆਂ ਸਿਖ ਹਾਈਜੈਕਿੰਗ ਦੇ ਹਾਈਜੈਕਰਾਂ ਬਾਰੇ ਵੀ ਥੋੜ੍ਹੀ ਥੋੜ੍ਹੀ ਵਾਕਫੀ ਦਿਤੀ ਹੈ। ਮੇਰੀ ਕੋਸ਼ਿਸ਼ ਸੀ ਕਿ ਵਧ ਤੋਂ ਵਧ ਵਾਕਫੀ ਪੇਸ਼ ਕਰਾਂ ਪਰ ਜਿੰਨਾ ਕੁ ਕੁਆਇਫ ਮਿਲਿਆ ਹੈ, ਉਹ ਹਾਜ਼ਿਰ ਹੈ। ਜੋ ਨਹੀਂ ਦੇ ਸਕਿਆ ਉਹ ਮੇਰੇ ਤਕ ਨਾ ਪੁਜਣ ਕਰਕੇ, ਮੈਂ ਪੇਸ਼ ਨਹੀਂ ਕਰ ਸਕਿਆ।

ਹਾਈਜੈਕਰਾਂ ਦੇ ਮੁਕਦਮੇ ਦਾ ਫੈਸਲਾ ਪੂਰਾ ਤਰਜਮਾ ਕਰਕੇ ਦਿਤਾ ਹੈ। ਅਦਾਲਤੀ ਲੈਂਗਵੇਜ ਦਾ ਅੰਗਰੇਜ਼ੀ ਤੋਂ ਪੰਜਾਬੀ ਵਿਚ ਤਰਜਮਾ ਕਰਨਾ ਚੋਖਾ ਮੁਸ਼ਕਲ ਸੀ। ਮੈਂ ਤਰਜਮਾ ਕਰਨ ਵਿਚ ਮਾਹਿਰ ਵੀ ਨਹੀਂ ਹਾਂ ਇਹ ਹੁਨਰ ਮੇਰੇ ਕੋਲ ਨਹੀਂ ਹੈ। ਖੈਰ, ਜਿਥੋਂ

ਤਕ ਹੋ ਸਕਿਆ ਸਹੀ ਤਰਜਮਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਭੁੱਲਾਂ ਦੀ ਅਗਾਊਂ ਮੁਆਫੀ ਮੰਗਦਾ ਹਾਂ। ਕੁਝ ਮੁਸ਼ਕਿਲ ਅਸਲ ਫੈਸਲੇ 'ਚ ਗਲਤੀਆਂ ਕਰਕੇ ਵੀ ਆਈ। ਤਿੰਨ ਤਾਂ ਪੈਰਿਆਂ ਦੇ ਨੰਬਰ ਵੀ ਡਬਲ ਹਨ। ਮੁਕਦਮੇ ਦੇ ਖਿਲਾਫ ਅਪੀਲ ਉਪਰਲੀ ਅਦਾਲਤ ਵਿਚ ਗਈ ਹੋਈ ਹੈ ਇਸ ਕਰਕੇ ਮੁਕਦਮੇ ਬਾਰੇ ਨੁਕਤਾਚੀਨੀ ਕਰਨਾ ਗੈਰ-ਕਾਨੂੰਨੀ ਹੈ। ਮੈਂ ਇਸ ਤੋਂ ਗੁਰੇਜ਼ ਕੀਤਾ ਹੈ।

ਸ਼ੁਕਰੀਆ

ਹਰ ਕਿਤਾਬ ਵਿਚ ਇਕ ਰਸਮ ਸ਼ੁਕਰੀਆ ਕਰਨ ਦੀ ਹੁੰਦੀ ਹੈ ਪਰ ਮੈਂ ਇਸ ਨੂੰ ਪਸੰਦ ਨਹੀਂ ਕਰਦਾ। ਮੈਂ ਤਾਂ ਉਨ੍ਹਾਂ ਸੱਜਣਾਂ ਦਾ ਤਹਿ ਦਿਲੋਂ ਮਸ਼ਕੂਰ ਹਾਂ ਜਿਹੜੇ ਵੀਰ ਮੇਰੇ ਵਾਸਤੇ ਰੂਹਾਨੀ, ਇਲਮੀ, ਜਜ਼ਬਾਤੀ ਤੇ ਮਾਇਕ ਪਹਿਲੂਆਂ ਤੋਂ ਮਦਦਗਾਰ ਹੋਏ ਹਨ:

ਪਰੋਫੈਸਰ ਹਰਬੰਸ ਸਿੰਘ (ਪਟਿਆਲਾ), ਡਾਕਟਰ ਦਰਸ਼ਨ ਸਿੰਘ (ਚੰਡੀਗੜ੍ਹ)

ਜਥੇਦਾਰ ਤਲਵਿੰਦਰ ਸਿੰਘ (ਕੈਨੇਡਾ), ਸਰਦਾਰ ਜੋਗਾ ਸਿੰਘ (ਕੈਨੇਡਾ), ਭਾਈ ਸੁਬੇਗ ਸਿੰਘ (ਡੈਨਮਾਰਕ), ਸਰਦਾਰ ਜਸਬੀਰ ਸਿੰਘ (ਸਟਾਕਹੋਲਮ, ਸਵੀਡਨ), ਸਰਦਾਰ ਗੁਰਦੇਵ ਸਿੰਘ ਭਾਰਜ(ਓਸਲੋ) , ਸਰਦਾਰ ਅਮੋਲਕ ਸਿੰਘ (ਚੰਡੀਗੜ੍ਹ), ਸਰਦਾਰ ਮਨੋਹਰ ਸਿੰਘ (ਜਰਮਨ), ਸਰਦਾਰ ਨਛੱਤਰ ਸਿੰਘ (ਨਾਰਵੇ) ਅਤੇ ਯੂ.ਕੇ., ਯੂਰਪ, ਸਕੈਂਡੀਨੇਵੀਆ, ਨਿਊਜ਼ੀਲੈਂਡ, ਆਸਟਰੇਲੀਆ, ਅਮਰੀਕਾ, ਕੈਨੇਡਾ, ਲਾਹੌਰ ਜੇਲ੍ਹ, ਥਾਈਲੈਂਡ, ਹਾਂਗਕਾਂਗ ਤੇ ਸਿੰਘਾਪੁਰ ਦੇ ਕਲਮੀ ਦੋਸਤ

ਇਨ੍ਹਾਂ ਵੇਲਿਆਂ ਵਿਚ ਜਿਨ੍ਹਾਂ ਦਾ ਸਾਥ ਮੇਰੀ ਰੂਹ ਅਤੇ ਦਿਲ ਵਾਸਤੇ ਸ਼ਫ਼ਾ ਸੀ, ਉਨ੍ਹਾਂ ਦਾ ਵੀ ਮੈਂ ਸ਼ੁਕਰ ਗੁਜ਼ਾਰ ਹਾਂ— ਸ: ਉਜਾਗਰ ਸਿੰਘ ਵਾਸੂ ਐਡਵੋਕੇਟ, ਸ. ਭਾਨ ਸਿੰਘ ਸਕੱਤਰ ਸ਼੍ਰੋਮਣੀ ਕਮੇਟੀ, ਸ. ਹਰਸਿਮਰਨ ਸਿੰਘ (ਦਲ ਖਾਲਸਾ), ਸ. ਕਰਮਜੀਤ ਸਿੰਘ (ਚੰਡੀਗੜ੍ਹ), ਸ. ਹਰਿੰਦਰ ਸਿੰਘ ਗਿੱਲ (ਤਰਨਤਾਰਨ ਚੰਡੀਗੜ੍ਹ), ਸ. ਹਰਦੇਵ ਸਿੰਘ ਐਡਵੋਕੇਟ (ਰਾਜਪੁਰਾ), ਜਥੇਦਾਰ ਜਗਦੇਵ ਸਿੰਘ ਖੁੱਡੀਆਂ, ਡਾ. ਕੁਲਦੀਪ ਸਿੰਘ ਧੀਰ (ਪਟਿਆਲਾ), ਡਾ. ਰਘਬੀਰ ਸਿੰਘ (ਚੰਡੀਗੜ੍ਹ), ਸ਼. ਅਵਤਾਰ ਸਿੰਘ ([illegible]

ਪ੍ਰੋ: ਹਰਜੀਤ ਸਿੰਘ (ਡਰੋਲੀ ਕਲਾਂ ਜਲੰਧਰ)। ਇਨ੍ਹਾਂ ਦੇ ਸਾਥ ਤੇ ਤੁਆਵਨ ਦੇ ਬਿਨਾਂ ਇਹ ਕਿਤਾਬ ਇਸ ਸ਼ਕਲ ਵਿਚ ਨਾ ਹੋਂਦੀ!

ਕਿਤਾਬ ਦੀ ਛਪਾਈ ਦੀ ਟਾਈਪ-ਸੈਟਿੰਗ ਦੀ ਸੇਵਾ ਕਰਨ ਵਾਸਤੇ ਸਰਦਾਰ ਅਜੀਤ ਸਿੰਘ ਬੇਦੀ ਮਾਲਕ ਕੰਪੋਸੈਂਟ ਪ੍ਰਿੰਟਰਜ਼ ਐਂਡ ਪਬਲਿਸ਼ਰਜ਼, ਸਾਊਥਾਲ, ਯੂ.ਕੇ. ਦਾ ਸ਼ੁਕਰੀਆ ਕਰਨਾ ਵੀ ਮੇਰਾ ਫਰਜ਼ ਹੈ।

ਇਸ ਕਿਤਾਬ ਦਾ ਮੈਟਰ ਬੀਬੀ ਗੁਰਬਚਨ ਕੌਰ ਬੇਦੀ (ਕੰਪੋਸੈਂਟ ਪ੍ਰਿੰਟਰਜ਼ ਯੂ.ਕੇ.) ਨੇ ਏਨੇ ਘਟ ਸਮੇਂ ਵਿਚ ਟਾਈਪ ਸੈੱਟ ਕਰਕੇ ਭੇਜਿਆ ਹੈ ਕਿ ਮੈਂ ਉਹਨਾ ਦਾ ਕਰਜ਼ਾ ਕਦੇ ਨਹੀਂ ਉਤਾਰ ਸਕਦਾ। ਮੇਰੀ ਅਰਦਾਸ ਹੈ ਕਿ ਅਕਾਲਪੁਰਖ ਉਹਨਾਂ ਨੂੰ ਚੜ੍ਹਦੀਆਂ ਕਲਾ 'ਚ ਰੱਖੇ ਤੇ ਕੰਮ ਦੀ ਸੇਵਾ ਕਰਨ ਦਾ ਬਲ ਬਖਸ਼ੇ।

ਜੇ ਕਿਸੇ ਮਦਦਗਾਰ ਨੂੰ ਯਾਦ ਕਰਨਾ ਮੈਂ ਭੁਲ ਗਿਆ ਹੋਵਾਂ ਤਾਂ ਉਹਨਾਂ ਤੋਂ ਮੁਆਫੀ ਦਾ ਤਲਬਗਾਰ ਹਾਂ।

ਇਸਦੇ ਨਾਲ ਹੀ ਜਿਨ੍ਹਾਂ ਲੋਕਾਂ ਨੇ ਵਾਰ ਵਾਰ ਆਖਣ ਤੇ ਵੀ ਮਿਲਵਰਤਣ ਨਹੀਂ ਦਿੱਤਾ, ਉਹਨਾਂ ਦਾ ਵੀ ਸ਼ੁਕਰੀਆ।

ਓਸਲੋ
ਜਨਵਰੀ ੧੯੮੯

ਸਿਖ ਤਵਾਰੀਖ ਦੀ ਪਹਿਲੀ ਹਾਈਜੈਕਿੰਗ

29 ਸਿਤੰਬਰ 1981 ਨੂੰ ਦਲ ਖਾਲਸਾ ਦੇ 5 ਨੌਜਵਾਨਾਂ, ਸ: ਸਤਨਾਮ ਸਿਘ, ਸ: ਕਰਨ ਸਿਘ, ਸ: ਤੇਜਿੰਦਰਪਾਲ ਸਿਘ, ਸ: ਗਜਿੰਦਰ ਸਿਘ ਅਤੇ ਸ: ਜਸਬੀਰ ਸਿਘ, ਦਿੱਲੀ ਤੋਂ ਸ੍ਰੀਨਗਰ ਜਾਣ ਵਾਲੇ ਹਵਾਈ ਜਹਾਜ਼ ਨੂੰ ਅਗਵਾ ਕਰਕੇ ਲਾਹੌਰ ਲੈ ਗਏ। ਇਹ ਸਿਖ ਤਵਾਰੀਖ ਦੀ ਪਹਿਲੀ ਹਾਈਜੈਕਿੰਗ ਸੀ।

ਇਸ ਤੋਂ ਬਾਅਦ ਸਿਖਾਂ ਵਲੋਂ 4 ਵਾਰੀ ਹਵਾਈ ਜਹਾਜ਼ ਹਾਈਜੈਕ ਕੀਤੇ ਗਏ। ਸ: ਗੁਰਬਖਸ਼ ਸਿਘ ਵਲੋਂ, ਸ: ਮਨਜੀਤ ਸਿਘ ਉਰਫ ਸ: ਮੁਸੀਬਤ ਸਿਘ ਵਲੋਂ (ਉਨ੍ਹਾਂ ਨੂੰ ਜਹਾਜ਼ ਵਿਚ ਹੀ ਸ਼ਹੀਦ ਕਰ ਦਿਤਾ ਗਿਆ ਸੀ), ਚੰਡੀਗੜ੍ਹ ਦੇ 7 ਨੌਜਵਾਨਾਂ ਵਲੋਂ ਅਤੇ ਲਾਹੌਰ ਜੇਲ੍ਹ ਵਿਚ ਕੈਦ 9 ਸਿਘਾਂ (ਜਿਨ੍ਹਾਂ ਵਿਚੋਂ 3 ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਹੈ), ਵਲੋਂ।ਇਨ੍ਹਾਂ ਵਿਚੋਂ 14 ਲਾਹੌਰ ਤੇ 8 ਭਾਰਤ ਵਿਚ ਕੈਦ ਹਨ ਤੇ ਇਕ ਸ਼ਹੀਦ ਹੋ ਚੁਕਾ ਹੈ।

ਸਿਖ ਤਵਾਰੀਖ ਦੀ ਪਹਿਲੀ ਹਾਈਜੈਕਿੰਗ, ਖਾਸ ਤੌਰ ਤੇ, (ਸੰਤ) ਜਰਨੈਲ ਸਿਘ ਭਿੰਡਰਾਂਵਾਲਿਆਂ, ਜਿਨ੍ਹਾਂ ਨੂੰ ਹਿੰਦੂ ਸਰਕਾਰ ਨੇ 20 ਸਿਤੰਬਰ 1981 ਨੂੰ ਗ੍ਰਿਫਤਾਰ ਕਰ ਲਿਆ ਸੀ, ਦੀ ਰਿਹਾਈ ਵਾਸਤੇ ਅਤੇ ਖਾਲਿਸਤਾਨ ਤਹਿਰੀਕ ਦਾ ਨਾਂ ਦੁਨੀਆਂ 'ਚ ਪਹੁੰਚਾਉਣ ਵਾਸਤੇ ਕੀਤੀ ਗਈ ਸੀ।

ਹਾਈਜੈਕਿੰਗ ਦੀ ਪਲਾਨਿੰਗ

9 ਸਿਤੰਬਰ 1981 ਨੂੰ ਲੁਧਿਆਣੇ ਨੇੜੇ, ਜ਼ਹਿਰੀਲਾ-ਫਿਰਕੂ ਸਿਖ-ਦੁਸ਼ਮਣ ਲਾਲਾ ਜਗਤ ਨਰੈਣ ਸੋਧ ਦਿਤਾ ਗਿਆ। ਭਾਰਤ ਸਰਕਾਰ ਨੇ ਇਸ ਦਾ ਇਲਜ਼ਾਮ (ਸੰਤ) ਜਰਨੈਲ ਸਿਘ ਭਿੰਡਰਾਂਵਾਲਿਆਂ ਉਤੇ ਥੋਪ ਦਿਤਾ ਤੇ ਗ੍ਰਿਫਤਾਰੀ ਵਾਸਤੇ ਵਾਰੰਟ ਜਾਰੀ ਕਰਵਾ ਦਿਤੇ। (ਸੰਤ) ਭਿੰਡਰਾਂਵਾਲੇ ਉਸ ਵਕਤ ਚੰਦੋਕਲਾਂ (ਹਰਿਆਣਾ) ਵਿਚ ਸਨ। ਜਦੋਂ ਉਨ੍ਹਾਂ ਨੂੰ ਪਤਾ ਲਗਾ ਤਾਂ ਉਹ ਛੁਪਦੇ ਛੁਪਾਉਂਦੇ ਚੌਕ ਮਹਿਤਾ ਵਿਚ ਆਪਣੇ ਡੇਰੇ ਤੇ ਆ ਗਏ। ਉਥੇ ਆਕੇ ਉਨ੍ਹਾਂ ਨੇ ਐਲਾਨ ਕੀਤਾ ਕਿ ਉਹ 20 ਸਿਤੰਬਰ 1981 ਨੂੰ ਗ੍ਰਿਫਤਾਰੀ ਦੇਣਗੇ। ਉਨ੍ਹਾਂ ਨੇ ਉਥੇ ਇਕ ਇਕੱਠ ਵੀ ਬੁਲਾ ਲਿਆ। ਹਰ ਇਕ ਸਿਖ ਚੌਧਰੀ, ਵਰਕਰ ਤੇ ਆਗੂ ਉਥੇ ਪੁਜ ਕੇ ਕਾਰਵਾਈ ਪਾਉਣ ਵਾਸਤੇ ਬੇਤਾਬ ਹੋ ਗਿਆ।

ਇਸ ਮੌਕੇ ਤੇ ਦਲ ਖਾਲਸਾ ਜਥੇਬੰਦੀ ਨੇ ਵੀ ਕੋਈ ਕਾਰਵਾਈ ਕਰਨ ਦੀ ਤਰਕੀਬ ਤਿਆਰ ਕੀਤੀ। ਭਾਰਤੀ ਆਈਨ ਤੇ ਭਾਰਤੀ ਝੰਡੇ ਸਾੜਨਾ ਤਾਂ ਇਹ ਜਥੇਬੰਦੀ ਕਈ ਵਾਰੀ ਕਰ ਚੁਕੀ ਸੀ। ਕਈ ਬੱਸਾਂ ਵੀ ਅਗ ਭੇਟ ਹੋ ਚੁਕੀਆਂ ਸਨ। ਨਿਕੇ ਮੋਟੇ ਬੰਬ-ਪਟਾਕੇ ਵੀ ਚਲ ਚੁਕੇ ਸਨ। ਪਰ ਦਲ ਖਾਲਸਾ ਦੇ ਕੁਝ ਵਰਕਰ ਕੋਈ ਮਾਅਰਕੇ ਦਾ ਐਲਾਨ ਕਰਨ ਦੀ ਸੋਚ ਰਹੇ ਸਨ। ਅਖੀਰ ਇਹ ਐਕਸ਼ਨ ਹਾਈਜੈਕਿੰਗ ਦੀ ਸ਼ਕਲ ਵਿਚ ਫਾਈਨਲ ਹੋਇਆ।

ਹਾਈਜੈਕਿੰਗ ਦੀ ਤਰਕੀਬ 17 ਸਿਤੰਬਰ ਨੂੰ ਜਲੰਧਰ ਦੀ ਇਕ ਮੀਟਿੰਗ ਵਿਚ ਫਾਈਨਲ ਹੋਈ। ਦਲ ਖਾਲਸਾ ਦੇ ਨੌਜਵਾਨਾਂ ਦੀਆਂ ਜੇਬਾਂ ਤਕਰੀਬਨ ਖਾਲੀ ਸਨ। ਤੁਰੇ ਤਾਂ ਉਹ ਵਿਚਾਰੇ ਖਾਲਿਸਤਾਨ ਬਣਾਉਣ ਸਨ ਪਰ ਫੰਡ ਹਮੇਸ਼ਾ ਹੀ ਮਸਤਾਨੇ ਹੋਏ ਰਹਿੰਦੇ ਸਨ। ਕਦੇ ਕਦੇ ਕਿਤੇ ਡਾਕਟਰ ਰਾਜਿੰਦਰ ਕੌਰ, ਜ: ਟੌਹੜਾ ਜਾਂ ਕੋਈ ਹੋਰ ਹਮਦਰਦ ਆਪਣੀ ਜੇਬ 'ਚੋਂ ਕੋਈ ਰਕਮ ਦੇ ਦਿਆ ਕਰਦੇ ਸਨ, ਜਿਸ ਨਾਲ ਇਨ੍ਹਾਂ ਦਾ ਬੱਸਾਂ ਦਾ ਕਿਰਾਇਆ ਜਾਂ ਚਾਹ-ਰੋਟੀ ਦਾ ਖਰਚ ਚਲਦਾ ਰਹਿੰਦਾ ਸੀ ਪਰ ਹਾਈਜੈਕਿੰਗ ਵਾਸਤੇ ਤਾਂ ਹਜ਼ਾਰਾਂ ਰੁਪਿਆਂ ਦੀ ਜ਼ਰੂਰਤ ਸੀ। ਪੰਜ ਹਾਈਜੈਕਰਾਂ ਦੀਆਂ ਟਿਕਟਾਂ ਵਾਸਤੇ ਹੀ ਘਟੋ ਘਟ ਢਾਈ ਹਜ਼ਾਰ ਰੁਪੈ ਦੀ ਜ਼ਰੂਰਤ ਸੀ। 18 ਸਿਤੰਬਰ 1981 ਨੂੰ ਸ: ਹਰਸਿਮਰਨ ਸਿਘ, ਟਿਬੀ ਸਾਹਿਬ (ਕਪੂਰਥਲਾ ਜ਼ਿਲਾ) ਗੁਰਦੁਆਰਾ ਵਿਚ ਕਨੇਡਾ ਦੇ ਜ: ਤਲਵਿੰਦਰ ਸਿਘ ਨੂੰ ਮਿਲਿਆ ਅਤੇ ਆਪਣੇ ਐਕਸ਼ਨ ਬਾਰੇ ਦਸਿਆ। ਸਰਦਾਰ ਹਰਸਿਮਰਨ ਸਿਘ ਨੇ ਆਪਣੀ ਜੇਬ ਦੀ ਵੀ ਗਲ ਕੀਤੀ। ਜਥੇਦਾਰ ਤਲਵਿੰਦਰ ਸਿਘ ਨੇ ਉਸੇ ਵਕਤ ਸਰਦਾਰ

ਹਰਸਿਮਰਨ ਸਿਘ ਨੂੰ 2500 ਰੁਪੈ. ਪੰਜ ਟਿਕਟਾਂ ਵਾਸਤੇ ਦੇ ਦਿਤੇ। ਕੁਝ ਰਕਮ ਹੋਰ ਸਿਘਾਂ ਤੋਂ ਵੀ ਮਿਲੀ। ਇਸ ਦੇ ਬਾਵਜੂਦ ਇਹ ਨਿਗੂਣੀ ਜਿਹੀ ਰਕਮ ਸੀ। (ਦੁਨੀਆ ਭਰ ਦੀ ਤਵਾਰੀਖ ਵਿਚ ਏਨੀ ਘਟ ਰਕਮ ਤੇ ਏਨੇ ਘਟ ਹਥਿਆਰਾਂ ਨਾਲ ਕਦੇ ਹਾਈਜੈਕਿੰਗ ਨਾ ਹੋਈ ਹੈ ਤੇ ਸ਼ਾਇਦ ਨਾ ਹੀ ਹੋ ਸਕੇਗੀ।)

ਹਾਈਜੈਕਿੰਗ ਤੋਂ ਪਹਿਲਾਂ ਰੀਹਰਸਲ ਕਰਨ ਦਾ ਫੈਸਲਾ ਕੀਤਾ ਗਿਆ। ਕਿਉਂਕਿ ਹਾਈਜੈਕਿੰਗ ਦੀ ਅਗਵਾਈ ਸਰਦਾਰ ਸਤਨਾਮ ਸਿਘ (ਸੀਨੀਅਰ ਮੁਖ ਪੰਚ) ਤੇ ਸਰਦਾਰ ਗਜਿੰਦਰ ਸਿਘ ਨੇ ਮਿਲਕੇ ਕਰਨੀ ਸੀ. ਇਸ ਕਰਕੇ ਦੋਹਾਂ ਨੂੰ ਰੀਹਰਸਲ ਵਾਸਤੇ ਭੇਜਿਆ ਗਿਆ।

14 ਨੂੰ ਇਹ ਦੋਵੇਂ ਸਿਘ ਰਾਜਾ ਸਾਂਸੀ (ਅੰਮ੍ਰਿਤਸਰ) ਤੋਂ ਸਾਢੇ ਤਿੰਨ ਵਜੇ ਦੀ ਫਲਾਈਟ ਤੇ ਸ੍ਰੀਨਗਰ ਵਾਸਤੇ ਰਵਾਨਾ ਹੋ ਗਏ। ਚਾਰ ਵਜੇ ਫਲਾਈਟ ਅੰਮ੍ਰਿਤਸਰ ਪੁੱਜੀ। ਫਲਾਈਟ ਦੌਰਾਨ ਦੋਹਾਂ ਨੇ ਜਹਾਜ਼ ਦੀ ਕੈਬਿਨ ਅਤੇ ਕਾਕਪਿਟ ਬਾਰੇ ਵਾਕਫੀ ਹਾਸਿਲ ਕੀਤੀ। ਇਸ ਫਲਾਈਟ ਦੌਰਾਨ ਸਕਿਉਰਿਟੀ ਦਾ ਇੰਤਜ਼ਾਮ ਜ਼ਿਆਦਾ ਤੇ ਵਕਤ ਥੋੜਾ ਸੀ। ਵਾਕਫੀ ਹਾਸਿਲ ਕਰਨ ਮਗਰੋਂ ਦੋਵੇਂ ਵਾਪਸੀ ਦੀ ਤਿਆਰੀ ਕਰਨ ਲਗੇ। ਦੋਹਾਂ ਕੋਲ ਜਹਾਜ ਦੀਆਂ ਦੋ ਟਿਕਟਾਂ ਵਾਸਤੇ ਪੂਰੇ ਪੈਸੇ ਨਹੀਂ ਸਨ ਇਸ ਕਰਕੇ ਫੈਸਲਾ ਕੀਤਾ ਗਿਆ ਕਿ ਸੀਨੀਅਰ ਵੀਰ ਸਰਦਾਰ ਸਤਨਾਮ ਸਿਘ ਬੱਸ ਤੇ ਜਾਵੇ ਤੇ ਦੂਜਾ ਜਹਾਜ਼ ਰਾਹੀਂ। ਸਰਦਾਰ ਸਤਨਾਮ ਸਿਘ ਬਸ ਰਾਹੀਂ ਜੰਮੂ ਤੇ ਫਿਰ ਅੰਮ੍ਰਿਤਸਰ ਪਹੁੰਚਿਆ। ਉਹ 23 ਸਿਤੰਬਰ ਸਵੇਰੇ 5 ਵਜੇ ਅੰਮ੍ਰਿਤਸਰ ਪਹੁੰਚ ਗਿਆ।

ਅੰਮ੍ਰਿਤਸਰ ਵਿਚ ਦਲ ਖਾਲਸਾ ਹਾਈ ਕਮਾਂਡ ਦੀ ਖੁਫੀਆ ਮੀਟਿੰਗ ਗੁਰੂ ਨਾਨਕ ਨਿਵਾਸ ਵਿਚ ਹੋਈ। ਉਥੇ ਵਿਚਾਰ ਕੀਤੀ ਗਈ ਕਿ ਸ੍ਰੀਨਗਰ —ਅੰਮ੍ਰਿਤਸਰ ਫਲਾਈਟ ਦਾ ਵਕਤ ਸਿਰਫ ਅੱਧਾ ਘੰਟਾ ਹੈ, ਉਂਜ ਕਾਕਪਿਟ ਦਾ ਦਰਵਾਜ਼ਾ ਖੁਲ੍ਹਾ ਹੀ ਰਹਿੰਦਾ ਹੈ ਤੇ ਹਾਈਜੈਕਿੰਗ ਸਿਰਫ ਕਿਰਪਾਨ ਨਾਲ ਹੀ ਹੋ ਸਕਦੀ ਹੈ, ਪਰ ਬੰਦੇ ਘਟੋ ਘਟ 5-6 ਚਾਹੀਦੇ ਹਨ।

25 ਸਿਤੰਬਰ ਨੂੰ ਸਰਦਾਰ ਹਰਸਿਮਰਨ ਸਿਘ ਦਿੱਲੀ ਗਿਆ ਅਤੇ ਅਗਲੀ ਸਵੇਰੇ ਪਾਲਮ ਹਵਾਈ ਅੱਡੇ ਤੇ ਜਾਕੇ ਇੰਤਜ਼ਾਮ ਵੇਖੇ। ਉਹ ਦਿੱਲੀ ਤੋਂ ਅੰਮ੍ਰਿਤਸਰ ਕਿਰਪਾਨ ਸਮੇਤ ਸਫਰ ਕਰਕੇ ਆਇਆ। ਸਾਰੇ ਦੇ ਸਾਰੇ ਸਿਘਾਂ ਨੇ ਮੋਹਾਲੀ ਇਕੱਠੇ ਹੋਣ ਦਾ ਪ੍ਰੋਗਰਾਮ ਬਣਾਇਆ। 26 ਤੇ 27 ਤਾਰੀਖ ਨੂੰ ਉਹ ਮੋਹਾਲੀ 'ਚ ਆਪਣੇ ਪ੍ਰੋਗਰਾਮ ਨੂੰ ਆਖਰੀ ਸ਼ਕਲ ਦੇਂਦੇ ਰਹੇ। ਪੰਜੇ ਹਾਈਜੈਕਰ ਅਤੇ ਸਰਦਾਰ ਹਰਸਿਮਰਨ ਸਿਘ 28 ਸਿਤੰਬਰ ਨੂੰ

ਦਿਲੀ ਚਲੇ ਗਏ। 29 ਸਿਤੰਬਰ ਨੂੰ ਹਾਈਜੈਕਰਾਂ ਨੂੰ ਜਹਾਜ਼ ਤੇ ਚੜ੍ਹਾਉਣ ਮਗਰੋਂ ਸਰਦਾਰ ਹਰਸਿਮਰਨ ਸਿੰਘ ਵਾਪਿਸ ਆ ਗਿਆ।


29 ਸਿਤੰਬਰ ਨੂੰ ਦੁਪਹਿਰ ਦੇ ਵੱਜ ਕੇ ਮਿਟ ਤੇ ਹਾਈਜੈਕਿੰਗ ਹੋ ਗਈ। ਸਰਦਾਰ ਹਰਸਿਮਰਨ ਸਿੰਘ ਨੂੰ ਉਸ ਦਿਨ ਦੁਪਹਿਰੇ 2 ਵਜ ਕੇ 20 ਮਿਟ ਦੀਆਂ ਖ਼ਬਰਾਂ ਤੋਂ ਹਾਈਜੈਕਿੰਗ ਦੀ ਕਾਮਯਾਬੀ ਦਾ ਪਤਾ ਲਗਾ ਗਿਆ। ਉਥੋਂ ਉਹ ਜਲੰਧਰ ਦੀਆਂ ਕਚਹਿਰੀਆਂ ਵਿਚ ਪਹੁੰਚਿਆ ਅਤੇ ਯੂ. ਐਨ. ਆਈ. ਦੀ ਨਿਊਜ਼ ਏਜੰਸੀ ਨਾਲ ਰਾਬਦਾ ਬਨਾਉਣ ਦੀ ਕੋਸ਼ਿਸ਼ ਕੀਤੀ ਪਰ ਖ਼ਤਰਾ ਭਾਂਪਦਿਆਂ ਉਹ ਸਿਧਾ ਦਰਬਾਰ ਸਾਹਿਬ ਪਹੁੰਚ ਗਿਆ। ਉਥੇ ਗੁਰੂ ਨਾਨਕ ਨਿਵਾਸ ਦੇ ਕਮਰਾ ਨੰਬਰ 32 ਵਿਚ ਜਾਕੇ ਉਸਨੇ ਪ੍ਰੈਸ ਕਾਨਫਰੰਸ ਨੂੰ ਮੁਖਾਤਿਬ ਕਰਦਿਆਂ, ਉਹੀ ਮੰਗਾਂ ਕੀਤੀਆਂ ਜਿਹੜੀਆਂ ਹਾਈਜੈਕਰਾਂ ਨੇ ਲਾਹੌਰ 'ਚ ਐਲਾਨੀਆਂ ਸਨ।

(ਬਾਅਦ 'ਚ 12 ਜਨਵਰੀ 1982 ਨੂੰ ਸਰਦਾਰ ਹਰਸਿਮਰਨ ਸਿੰਘ ਨੂੰ ਮੋਹਾਲੀ ਵਿਚ ਸਰਦਾਰ ਹਰਿੰਦਰ ਸਿੰਘ ਦੇ ਘਰੋਂ ਗ੍ਰਿਫਤਾਰ ਕਰ ਲਿਆ ਗਿਆ। ਉਸ ਤੇ ਤਸ਼ੱਦਦ ਕਰਕੇ ਤਕਰੀਬਨ ਸਾਰੇ ਰਾਜ਼ ਹਾਸਿਲ ਕਰ ਲਏ। ਉਸ ਉਤੇ ਹਾਈਜੈਕਿੰਗ ਦੀ ਸਾਜ਼ਿਸ਼ ਤਿਆਰ ਕਰਨ ਦਾ ਮੁਕਦਮਾ ਚਲਾਇਆ ਗਿਆ। ਮੁਕਦਮੇ ਦੀ ਬੁਨਿਆਦ 29 ਸਿਤੰਬਰ 1981 ਦੀ ਪ੍ਰੈਸ ਕਾਨਫਰੰਸ ਹੀ ਸੀ। ਸਰਕਾਰ ਵਲੋਂ ਪੇਸ਼ ਕੀਤੇ ਸਾਰੇ ਗਵਾਹ ਮੁਕਰ ਗਏ ਤੇ ਸਰਦਾਰ ਹਰਸਿਮਰਨ ਸਿੰਘ ਇਸ ਕੇਸ ਵਿਚੋਂ ਬਰੀ ਹੋ ਗਿਆ। ਉਸ ਦੇ ਬਾਵਜੂਦ ਉਸਨੂੰ 1985 ਤਕ ਵਖ ਵਖ ਕਾਨੂੰਨਾ ਤਹਿਤ ਕੈਦ ਰਖਿਆ ਗਿਆ। ਉਸ ਦੀ ਕੈਦ ਦੇ ਦੌਰਾਨ ਤਕਰੀਬਨ ਸਾਰੀਆ ਜਥੇਬੰਦੀਆਂ, ਸਣੇ ਅਖੰਡ ਕੀਰਤਨ ਜੱਥਾ ਤੇ ਦਮਦਮੀ ਟਕਸਾਲ, ਉਸ ਵਲ ਪਿਠ ਕਰਕੇ ਖੜੋ ਗਈਆਂ। ਨਤੀਜੇ ਵਜੋਂ ਉਹ ਰਿਹਾ ਹੋਣ ਮਗਰੋਂ ਸਿਆਸਤ ਹੀ ਛੱਡ ਗਿਆ।)

ਸਰਦਾਰ ਮਨਮੋਹਨ ਸਿੰਘ ਤੇ ਉਸਦੇ ਯੂ. ਕੇ. ਵਾਸੀ ਸਾਥੀਆਂ ਸਰਦਾਰ ਪਿਆਰਾ ਸਿੰਘ ਸੰਧੂ ਤੇ ਸ: ਤਰਸੇਮ ਸਿੰਘ ਤੂਰ ਨੇ ਸ: ਗਜਿੰਦਰ ਸਿੰਘ ਤੇ ਇਹ ਇਲਜ਼ਾਮ ਲਾਇਆ ਕਿ ਸ. ਗਜਿੰਦਰ ਸਿੰਘ ਨੇ ਹਾਈਜੈਕਿੰਗ 'ਚ ਇਹ ਸੋਚ ਕੇ ਹਿਸਾ ਲਿਆ ਸੀ ਕਿ ਇਸ ਦੀ ਕੈਦ ਸਿਰਫ 3 ਸਾਲ ਹੋਵੇਗੀ ਅਤੇ ਮਗਰੋਂ ਉਹ ਬਦੇਸ਼ਾਂ ਵਿਚ ਜਾ ਕੇ ਖਾਲਿਸਤਾਨ ਦੀ ਤਹਿਰੀਕ ਦੀ ਲੀਡਰੀ ਕਰੇਗਾ। ਪਰ ਸ: ਮਨਮੋਹਨ ਸਿੰਘ ਨੇ ਇਹ ਇਲਜ਼ਾਮ 1987-88 ਵਿਚ ਉਦੋਂ ਲਾਇਆ, ਜਦੋਂ ਇਕ ਦੂਜੇ ਨੂੰ ਕੰਢਣ ਕਢਾਉਣ ਦੀ ਨੌਬਤ ਪੁਜੀ ਸੀ। ਉਨ੍ਹਾਂ ਮੁਤਾਬਿਕ ਸ: ਗਜਿੰਦਰ ਸਿੰਘ ਇਸ ਐਕਸ਼ਨ ਵਿਚ ਪਬਲਿਸਟੀ ਸਟੰਟ ਵਜੋਂ ਸ਼ਾਮਿਲ ਹੋਇਆ ਸੀ।

ਸ਼ਾਹੀ ਈਮਾਮ ਕੋਲ

11 ਅਕਤੂਬਰ 1981 ਨੂੰ ਹਰਸਿਮਰਨ ਸਿੰਘ ਤੇ ਜਸਵੰਤ ਸਿੰਘ ਠੇਕੇਦਾਰ ਦਿੱਲੀ ਵਿਚ ਸ਼ਾਹੀ ਈਮਾਮ ਨੂੰ ਮਿਲੇ ਤੇ ਉਸ ਨੂੰ ਅਰਜ਼ ਕੀਤੀ ਕਿ ਉਹ ਪਾਕਿਸਤਾਨੀ ਅੰਬੈਸੀ ਦੇ ਅਫਸਰਾਂ ਨੂੰ ਮਿਲ ਕੇ ਸਿਖ ਹਾਈਜੈਕਰਾਂ ਦੀ ਰਿਹਾਈ ਵਾਸਤੇ ਮਦਦ ਕਰੇ। ਉਨ੍ਹਾਂ ਇਹ ਵੀ ਅਰਜ਼ ਕੀਤੀ ਕਿ ਦਲ ਖਾਲਸਾ ਦੇ ਕਿਸੇ ਇਕ ਨੁਮਾਇੰਦੇ ਨੂੰ ਪਾਕਿਸਤਾਨ 'ਚ ਨਨਕਾਣਾ ਸਾਹਿਬ ਵਾਸਤੇ ਵੀਜ਼ਾ ਦਿਵਾਵੇ ਤੇ ਉਨ੍ਹਾਂ ਦੇ ਵਕੀਲ ਨੂੰ ਲਾਹੌਰ ਜਾ ਕੇ ਕੇਸ ਲੜਨ ਦੀ ਇਜਾਜ਼ਤ ਦਿਵਾਵੇ। ਸ਼ਾਹੀ ਈਮਾਮ ਨੇ ਕੋਸ਼ਿਸ਼ ਕਰਨ ਦਾ ਵਾਅਦਾ ਕੀਤਾ।



ਜਾਮਾਂ ਮਸਜਿਦ ਦੇ ਅਮਾਮ ਬੁਖਾਰੀ



शैशव

ਸਿਖ ਤਵਾਰੀਖ ਦੀ ਪਹਿਲੀ ਹਾਈਜੈਕਿੰਗ

29 ਸਿਤੰਬਰ 1981 ਦੁਪਹਿਰ ਦੇ 12 ਵੱਜਕੇ 45 ਮਿਟ ਤੇ ਦਿਲੀ ਹਵਾਈ ਅੱਡੇ ਤੋਂ ਇਡੀਅਨ ਏਅਰਲਾਈਨਜ਼ ਦੀ ਫਲਾਈਟ ਨੰਬਰ ਆਈ. ਸੀ. 423 ਸ੍ਰੀਨਗਰ ਵਾਸਤੇ ਰਵਾਨਾ ਹੋਈ। ਜਹਾਜ਼ ਦਾ ਕੈਪਟਨ ਟੀ. ਪੀ. ਸਿਨਹਾ ਅਤੇ ਕੋ-ਪਾਇਲਟ ਐਸ. ਐਮ. ਛੋਂਬਲਾ ਸੀ। ਉਨ੍ਹਾਂ ਤੋਂ ਇਲਾਵਾ ਸਟੂਅਰਡ ਮਹਿਤਾ ਤੇ ਤਿੰਨ ਏਅਰਹੋਸਟੇਸਜ਼ (ਅਮਿਤਾ ਕੁਮਾਰ, ਏ. ਰਜਨੀ ਤੇ ਹਸਕਰ) ਸਨ। ਇਨ੍ਹਾਂ ਤੋਂ ਇਲਾਵਾ ਜਹਾਜ਼ ਵਿਚ 107 ਬਾਲਗ ਅਤੇ 4 ਬੱਚੇ ਸਵਾਰ ਸਨ।

ਜਹਾਜ਼ ਦੀ ਕੈਬਿਨ ਵਿਚ ਸੀਟ ਨੰਬਰ 4 ਏ, ਬੀ ਅਤੇ ਸੀ ਅਤੇ ਗਜਿੰਦਰ ਸਿਘ, ਕਰਨ ਸਿਘ ਤੇ ਜਸਬੀਰ ਸਿਘ ਬੈਠੇ ਸਨ। ਤਿੰਨ ਪਾਲਾਂ ਪਿਛੇ, ਸੀਟ ਨੰਬਰ 8 ਬੀ ਅਤੇ ਸੀ ਤੇ ਸਤਨਾਮ ਸਿਘ ਅਤੇ ਤੇਜਿੰਦਰਪਾਲ ਸਿਘ ਬੈਠੇ ਸਨ।

ਤਕਰੀਬਨ 20 ਮਿਟ ਦੀ ਉਡਾਨ ਮਗਰੋਂ, ਦੁਪਹਿਰ ਦੇ ਕਰੀਬ ਇਕ ਵੱਜਕੇ 5 ਮਿਟ ਤੇ, ਜਦੋਂ ਜਹਾਜ਼ 22000 ਫੁਟ ਦੀ ਉਚਾਈ ਤੇ ਮੋਗੇ ਤੋਂ ਜਰਾ ਕੁ ਪਿਛੇ ਸੀ, ਤਾਂ ਇਨ੍ਹਾਂ 5 ਸਿਘਾਂ ਨੇ ਉਸ ਜਹਾਜ਼ ਨੂੰ ਹਾਈਜੈਕ ਕਰ ਲਿਆ।

ਇਕ ਵਜਕੇ 4 ਮਿਟ ਤੇ, ਜਦੋਂ ਚਾਹ ਵਰਤਾਈ ਜਾ ਰਹੀ ਸੀ ਤਾਂ ਕਰਨ ਸਿਘ ਆਪਣੀ ਸੀਟ ਤੋਂ ਉਠਿਆ ਅਤੇ ਆਪਣੀ ਕਿਰਪਾਨ ਨਾਲ ਆਪਣੀ ਉਂਗਲ ਵੱਢੀ ਅਤੇ ਉਹ ਕਿਰਪਾਨ ਗਜਿੰਦਰ ਸਿਘ ਨੂੰ ਫੜਾ ਦਿਤੀ। ਗਜਿੰਦਰ ਸਿਘ ਅਤੇ ਜਸਬੀਰ ਸਿਘ ਕਿਰਪਾਨਾਂ ਹੱਥਾਂ ਵਿਚ ਫੜੀ ਕਾਕਪਿਟ ਵਲ ਵਧੇ। ਉਸ ਵੇਲੇ ਇਕ ਏਅਰ ਹੋਸਟੇਸ ਕਾਕਪਿਟ ਵਿਚ ਪਾਇਲਟ ਨੂੰ ਚਾਹ ਦੇ.ਕੇ ਬਾਹਰ ਨਿਕਲਣ ਮਗਰੋਂ ਦਰਵਾਜ਼ਾ ਖੁਲ੍ਹਾ ਛਡ ਆਈ ਸੀ। ਜਸਬੀਰ ਸਿਘ ਅਤੇ ਗਜਿੰਦਰ ਸਿਘ ਨੇ ਆਪਣੀਆਂ ਕਿਰਪਾਨਾਂ (ਤਰਤੀਬਵਾਰ) ਸਿਨਹਾ ਅਤੇ ਛੋਂਬਲਾ ਦੀਆਂ ਧੌਣਾਂ ਤੇ ਰਖ ਦਿਤੀਆਂ ਅਤੇ ਜਹਾਜ਼ ਲਾਹੌਰ ਨੂੰ ਮੋੜਨ ਦਾ ਹੁਕਮ ਕੀਤਾ।

ਦੂਜੇ ਪਾਸੇ ਕੈਬਿਨ ਵਿਚ ਬਾਕੀ ਦੇ ਤਿੰਨ ਨੌਜਵਾਨਾਂ ਨੇ, ਦਲ ਖਾਲਸਾ ਦੇ ਸੀਨੀਅਰ ਮੁਖ ਪੰਚ ਸਤਨਾਮ ਸਿਘ ਦੀ ਅਗਵਾਈ ਹੇਠ ਐਲਾਨ ਕੀਤਾ ਕਿ 'ਸਾਰੇ ਮੁਸਾਫਿਰ ਆਪੋ ਆਪਣੀ ਜਗਹ ਤੇ ਟਿਕੇ ਰਹਿਣ ਤੇ ਜੇ ਕੋਈ ਹਿਲਜੁਲ ਕਰਨ ਦੀ ਕੋਸ਼ਿਸ਼ ਕਰੇਗਾ ਤਾਂ ਜਹਾਜ਼ ਉਡਾ ਦਿਤਾ ਜਾਵੇਗਾ' ਸਤਨਾਮ ਸਿਘ ਅਤੇ ਉਸ ਦੇ ਬਾਕੀ ਸਾਥੀਆਂ, ਕਰਨ

ਸਿਘ ਅਤੇ ਤੇਜਿੰਦਰਪਾਲ ਸਿਘ ਨੇ ਨਾਅਰੇ ਵੀ ਲਾਉਣੇ ਸ਼ੁਰੂ ਕਰ ਦਿਤੇ। ਖਾਸ ਨਾਅਰੇ ਇਹ ਹਨ:

*ਖਾਲਿਸਤਾਨ ਜ਼ਿੰਦਾਬਾਦ
*(ਸੰਤ) ਜਰਨੈਲ ਸਿਘ ਭਿੰਡਰਾਂਵਾਲੇ ਜ਼ਿੰਦਾਬਾਦ
*ਦਲ ਖਾਲਸਾ ਜ਼ਿੰਦਾਬਾਦ
*ਰਾਜ ਕਰੇਗਾ ਖਾਲਸਾ

ਪੰਜਾਂ ਮਿੰਟਾਂ ਬਾਅਦ ਹੀ ਜਹਾਜ਼ ਲਾਹੌਰ ਵਲ ਮੁੜ ਚੁਕਿਆ ਸੀ। ਕੈਪਟਨ ਨੇ ਲਾਹੌਰ ਹਵਾਈ ਅੱਡੇ ਨੂੰ ਆਪਣੀ ਆਮਦ ਬਾਰੇ ਇਤਲਾਹ ਦੇ ਦਿਤੀ ਤੇ ਕਿਹਾ ਕਿ ਜਹਾਜ਼ ਕੋਲ ਪਟਰੋਲ ਥੋੜ੍ਹਾ ਹੈ ਅਤੇ ਅੰਮ੍ਰਿਤਸਰ ਏਅਰਪੋਰਟ ਬੰਦ ਹੋ ਚੁਕਾ ਹੈ। ਲਾਹੌਰ ਏਅਰਪੋਰਟ ਦੇ ਏਅਰ ਟਰੈਫਿਕ ਕੰਟਰੋਲ ਟਾਵਰ ਤੋਂ ਮਿਸਟਰ ਨੁਸਰਤ ਨੇ ਏਅਰਪੋਰਟ ਮੈਨੇਜਰ ਮਿਸਟਰ ਸ਼ਾਹਿਦ ਰਜ਼ਾ ਨੂੰ ਇਸ ਬਾਰੇ ਫੋਨ ਕੀਤਾ। ਮਿਸਟਰ ਸ਼ਾਹਿਦ ਰਜ਼ਾ ਨੇ ਨੁਸਰਤ ਨੂੰ ਆਖਿਆ ਕਿ ਉਹ ਜਹਾਜ਼ ਨੂੰ ਉਤਰਨ ਦੀ ਇਜਾਜ਼ਤ ਦੇਣ ਤੋਂ ਪਹਿਲਾਂ, ਜਹਾਜ਼ ਦੇ ਚਲਣ ਤੇ ਉਤਰਨ ਦੀ ਜਗਾਹ ਅਤੇ ਕੁਝ ਹੋਰ ਵਾਕਫੀ ਹਾਸਿਲ ਕਰੇ। ਨਾਲ ਹੀ ਸ਼ਾਹਿਦ ਰਜ਼ਾ ਨੇ ਡਾਇਰੈਕਟਰ ਜਨਰਲ, ਸਿਵਲ ਐਵੀਏਸ਼ਨ ਪਾਕਿਸਤਾਨ,ਨੂੰ ਫੋਨ ਕਰਨ ਦੀ ਕੋਸ਼ਿਸ਼ ਕੀਤੀ। ਪਰ ਡਾਇਰੈਕਟਰ ਜਨਰਲ ਉਸ ਵੇਲੇ ਇਕ ਮੀਟਿੰਗ ਵਿਚ ਸ਼ਾਮਿਲ ਹੋਣ ਵਾਸਤੇ ਰਾਵਲਪਿੰਡੀ ਗਿਆ ਹੋਇਆ ਸੀ।

ਜਹਾਜ਼ ਲਾਹੌਰ ਉਤਾਰਿਆ ਗਿਆ

'ਪਟਰੋਲ ਦੀ ਕਮੀ ਅਤੇ ਅੰਮ੍ਰਿਤਸਰ ਹਵਾਈ ਅੱਡਾ ਬੰਦ ਹੈ' ਲਫਜ਼ ਆਪਣੇ ਆਪ ਵਿਚ ਇਕ ਖੁਫੀਆ ਇਸ਼ਾਰਾ ਸੀ ਪਰ ਹਵਾਈ ਅੱਡੇ ਦੇ ਅਮਲੇ ਨੂੰ ਇਸ ਦਾ ਪੂਰਾ ਮਤਲਬ ਸਮਝ ਨਾ ਲਗ ਸਕਿਆ। ਉਂਜ ਉਨ੍ਹਾਂ ਨੂੰ ਸ਼ੱਕ ਜ਼ਰੂਰ ਪੈ ਗਿਆ ਸੀ। ਇਸ ਕਰਕੇ ਇਥੇ ਉਨ੍ਹਾਂ ਆਪਣੇ ਡਾਇਰੈਕਟਰ ਜਨਰਲ ਨਾਲ ਰਾਬਤਾ ਕਾਇਮ ਕਰਨ ਦੀ ਕੋਸ਼ਿਸ਼ ਕੀਤੀ, ਉਥੇ ਉਨ੍ਹਾਂ ਨੇ ਦਿਲੀ ਨਾਲ ਵੀ ਫੋਨ ਮਿਲਾ ਕੇ ਵਾਕਫੀ ਲਈ। ਦਿਲੀ ਵਾਲਿਆਂ ਨੇ ਅੰਮ੍ਰਿਤਸਰ ਏਅਰ ਪੋਰਟ ਬੰਦ ਹੋਣ ਦੀ ਤਰਦੀਦ ਕੀਤੀ। ਅਜਿਹੀ ਹਾਲਤ ਵਿਚ ਉਨ੍ਹਾਂ ਨੇ ਇਹੀ ਫੈਸਲਾ ਕਰਨਾ ਸੀ ਕਿ ਜਹਾਜ਼ ਨੂੰ ਲਾਹੌਰ ਉਤਰਨ ਦੀ ਇਜਾਜ਼ਤ ਨਾ ਦਿਤੀ ਜਾਵੇ।

ਪਰ ਇਸ ਤੋਂ ਪਹਿਲਾਂ ਕਿ ਪਾਕਿਸਤਾਨੀ ਹਾਕਮ ਕੋਈ ਫੈਸਲਾ ਕਰ ਲੈਂਦੇ ਭਾਰਤੀ ਹਵਾਈ ਜਹਾਜ਼, ਬਿਨਾ ਇਜਾਜ਼ਤ ਤੋਂ, ਲਾਹੌਰ ਹਵਾਈ ਅੱਡੇ ਤੇ ਉਤਾਰਿਆ ਜਾ ਚੁਕਾ

ਸੀ। ਇਹ ਕਾਰਵਾਈ ਇਕ ਵਜ ਕੇ ਵੀਹ ਮਿਣ ਤੇ ਹੋ ਚੁਕੀ ਸੀ। ਭਾਰਤੀ ਹਵਾਈ ਜਹਾਜ਼, ਬਿਨਾ ਇਜਾਜ਼ਤ ਤੋਂ, ਅਜਿਹੀ ਪਟੜੀ ਉਤੇ ਅਤੇ ਅਜਿਹੇ ਤਰੀਕੇ ਨਾਲ ਉਤਾਰਿਆ ਗਿਆ ਸੀ ਕਿ ਮੁਮਕਿਨ ਸੀ ਕਿ ਕੋਈ ਹਾਦਸਾ ਹੀ ਹੋ ਜਾਂਦਾ। ਜਹਾਜ਼ ਉਤਰਦਿਆਂ ਹੀ ਪਾਕਿਸਤਾਨੀ ਅਮਲੇ ਨੇ ਜਹਾਜ਼ ਦੇ ਦੁਆਲੇ ਪੁਜ਼ੀਸ਼ਨਾਂ ਲੈ ਲਈਆਂ।

ਹਾਈਜੈਕਰਾਂ ਦੀਆਂ ਮੰਗਾਂ

ਜਹਾਜ਼ ਰੁਕਣ ਮਗਰੋਂ ਹਾਈਜੈਕਰਾ ਨੇ ਪਾਇਲਟ ਕੋਲੋਂ ਮਾਈਕਰੋਫੋਨ ਲੈ ਲਿਆ ਅਤੇ ਆਖਿਆ ਕਿ 'ਅਸੀਂ ਹਵਾਈ ਜਹਾਜ਼ ਨੂੰ ਹਾਈਜੈਕ ਕਰ ਲਿਆ ਹੈ।' ਦਲ ਖਾਲਸਾ ਦੇ ਹਾਈਜੈਕਰਾ ਨੇ ਆਪਣੀਆਂ ਮੰਗਾਂ ਦਾ ਵੀ ਐਲਾਨ ਕੀਤਾ।

1. (ਸੰਤ) ਜਰਨੈਲ ਸਿੰਘ ਦੀ ਰਿਹਾਈ
2. ਸਾਰੇ ਖਾਲਿਸਤਾਨੀ ਵਰਕਰਾਂ ਦੀ ਰਿਹਾਈ
3. ਚੌਕ ਮਹਿਤਾ ਵਿਚ ਪੁਲੀਸ ਫਾਇਰਿੰਗ ਨਾਲ ਮਰਨ ਵਾਲਿਆਂ ਦੇ ਵਾਰਸਾਂ ਨੂੰ ਇਕ ਇਕ ਲਖ ਰੁਪੈ ਦਿਤੇ ਜਾਣ
4. ਹਾਈਜੈਕਰਾਂ ਨੂੰ 5 ਲਖ ਅਮਰੀਕਨ ਡਾਲਰ ਦਿਤੇ ਜਾਣ

ਲਾਹੌਰ ਹਵਾਈ ਅੱਡੇ ਦੇ ਅਮਲੇ ਨੇ ਦਲ ਖਾਲਸਾ ਦੇ ਹਾਈਜੈਕਰਾਂ ਦਾ ਐਲਾਨ ਸੁਣਨ ਮਗਰੋਂ ਉਨ੍ਹਾਂ ਨੂੰ ਆਖਿਆ ਕਿ ਉਹ ਇਕ ਜੀਪ ਭੇਜ ਰਹੇ ਹਨ ਅਤੇ ਜਹਾਜ਼ ਨੂੰ ਉਸ ਜੀਪ ਦੇ ਪਿਛੇ ਲਾ ਕੇ ਪਟੜੀ ਤੋਂ ਪਰ੍ਹੇ ਪਾਰਕ ਕਰ ਦਿਤਾ ਜਾਵੇ। ਤਕਰੀਬਨ ਡੇਢ ਵਜੇ ਤਕ ਜਹਾਜ਼ ਪਾਰਕ ਹੋ ਚੁਕਾ ਸੀ।

ਪਾਕਿਸਤਾਨੀ ਹਾਕਮਾਂ ਨਾਲ ਗਲਬਾਤ

ਜਹਾਜ਼ ਪਾਰਕ ਕਰਨ ਮਗਰੋਂ ਹਾਈਜੈਕਰਾਂ ਨੇ ਪਾਕਿਸਤਾਨੀ ਅਮਲੇ ਨੂੰ ਆਖਿਆ ਕਿ ਉਹ ਪਾਕਿਸਤਾਨੀ ਸਰਕਾਰ ਦੇ ਅਫਸਰਾਂ ਨਾਲ ਗਲਬਾਤ ਕਰਨੀ ਚਾਹੁਣਗੇ। ਪਾਕਿਸਤਾਨ ਸਰਕਾਰ ਨੇ ਲਾਹੌਰ ਡਵੀਜ਼ਨ ਦੇ ਕਮਿਸ਼ਨਰ ਮਿਸਟਰ ਉਮਰ ਖਾਨ ਅਫਰੀਦੀ ਅਤੇ ਸਬ ਮਾਰਸ਼ਲ ਲਾਅ ਐਡਮਨਿਸਟਰੇਟਰ ਬਰਗੇਡੀਅਰ ਮੁਹੰਮਦ ਅਮੀਨ ਬੇਟ ਨਾਲ ਗੱਲਬਾਤ ਕਰਨ ਦੀ ਇਜਾਜ਼ਤ ਦੇ ਦਿਤੀ। ਉਹ ਦੋਵੇਂ ਜਹਾਜ਼ ਤੇ ਪਹੁੰਚੇ ਅਤੇ ਦਲ ਖਾਲਸਾ ਦੇ ਹਾਈਜੈਕਰਾਂ ਨਾਲ ਗਲਬਾਤ ਕੀਤੀ। ਹਾਈਜੈਕਰਾਂ ਨੇ ਹਾਈਜੈਕਿੰਗ ਦਾ ਮਕਸਦ ਦਸਦਿਆਂ ਆਪਣੀਆਂ ਤਿੰਨ ਮੰਗਾਂ ਪੇਸ਼ ਕੀਤੀਆਂ। ਹੁਣ ਇਹ ਮੰਗਾਂ ਪਹਿਲੀਆਂ

ਮੰਗਾਂ ਨਾਲੋਂ ਵਖਰੀਆਂ ਸਨ। ਇਹ ਮੰਗਾਂ ਸਨ:—

1. (ਸੰਤ) ਭਿੰਡਰਾਂਵਾਲਿਆਂ ਦੀ ਰਿਹਾਈ
2. ਇਕ ਸਟੇਨ-ਗੰਨ
3. ਪੰਜ ਲਖ ਅਮਰੀਕਨ ਡਾਲਰ
4. ਇਕ ਪ੍ਰੈਸ ਕਾਨਫਰੰਸ ਦਾ ਇੰਤਜ਼ਾਮ

ਹਾਈਜੈਕਰਾਂ ਨਾਲ ਗਲਬਾਤ ਮਗਰੋਂ ਦੋਵੇਂ ਪਾਕਿਸਤਾਨੀ ਅਫਸਰ ਜਹਾਜ਼ ਵਿਚੋਂ ਬਾਹਰ ਆ ਗਏ ਅਤੇ ਪਾਕਿਸਤਾਨ ਸਰਕਾਰ ਨੂੰ ਇਨ੍ਹਾਂ ਮੰਗਾਂ ਬਾਰੇ ਇਤਲਾਹ ਦੇ ਦਿਤੀ।

50 ਮੁਸਾਫਿਰ ਰਿਹਾ ਕਰ ਦਿਤੇ

ਪਾਕਿਸਤਾਨੀ ਅਫਸਰਾਂ ਨੇ ਜਹਾਜ਼ ਵਿਚੋਂ ਜਾਣ ਮਗਰੋਂ ਮੁਸਾਫਿਰਾਂ ਦੀ ਰਿਹਾਈ ਵਾਸਤੇ ਕੋਸ਼ਿਸ਼ਾਂ ਸ਼ੁਰੂ ਕਰ ਦਿਤੀਆਂ। ਸਭ ਤੋਂ ਪਹਿਲਾਂ ਉਨ੍ਹਾਂ ਨੇ ਆਖਿਆ ਕਿ ਬੀਮਾਰ ਬੰਦਿਆਂ ਨੂੰ ਜਹਾਜ਼ ਵਿਚੋਂ ਬਾਹਰ ਆਉਣ ਦੀ ਇਜਾਜ਼ਤ ਦਿਤੀ ਜਾਵੇ। ਇਸ ਤੇ ਇਕ ਬੀਮਾਰ ਔਰਤ ਤੇ ਉਸ ਨਾਲ ਇਕ ਸਾਥੀ ਮੁਸਾਫਿਰ ਨੂੰ ਬਾਹਰ ਭੇਜ ਦਿਤਾ ਗਿਆ। ਕੁਝ ਚਿਰ ਮਗਰੋਂ ਔਰਤਾਂ, ਬੱਚਿਆਂ, ਬਦੇਸ਼ੀਆਂ ਅਤੇ ਸਿਖਾਂ ਨੂੰ ਵੀ ਰਿਹਾ ਕਰ ਦਿਤਾ ਗਿਆ। ਇਸਤਰ੍ਹਾਂ ਸ਼ਾਮ ਤਕ ਜਹਾਜ਼ ਵਿਚੋਂ 50 ਮੁਸਾਫਿਰ ਰਿਹਾ ਕੀਤੇ ਜਾ ਚੁਕੇ ਸਨ। ਹੁਣ ਜਹਾਜ਼ ਵਿਚ 60 ਮੁਸਾਫਿਰ, 6 ਮੁਲਾਜ਼ਮ ਅਤੇ 5 ਹਾਈਜੈਕਰ ਰਹਿ ਗਏ ਸਨ।

ਨਟਵਰ ਸਿੰਹੁ ਨਾਲ ਗਲਬਾਤ

29 ਸਿਤੰਬਰ 1981 ਦੀ ਸ਼ਾਮ ਨੂੰ ਪਾਕਿਸਤਾਨ 'ਚ ਭਾਰਤੀ ਅੰਬੈਸਡਰ ਨਟਵਰ ਸਿੰਹੁ ਵੀ ਲਾਹੌਰ ਏਅਰਪੋਰਟ ਤੇ ਪੁਜ ਗਿਆ। ਉਸਨੇ ਹਾਈਜੈਕਰਾਂ ਨਾਲ ਗੱਲ ਕਰਨੀ ਚਾਹੀ। ਗਜਿੰਦਰ ਸਿੰਘ ਨੇ ਉਸਨੂੰ ਬੁਲਾ ਲਿਆ। ਨਟਵਰ ਸਿੰਹੁ ਤੇ ਗਜਿੰਦਰ ਸਿੰਘ ਵਿਚਕਾਰ ਕਾਫੀ ਚਿਰ ਗਲਬਾਤ ਹੁੰਦੀ ਰਹੀ। ਗਲਬਾਤ ਵੇਲੇ ਕੋਈ ਦੂਜਾ ਹਾਈਜੈਕਰ ਜਾਂ ਪਾਕਿਸਤਾਨੀ ਹਾਜ਼ਰ ਨਹੀਂ ਸੀ। ਇਸ ਕਰਕੇ ਇਹ ਗੱਲ ਰਾਜ਼ ਰਹੀ ਹੈ ਕਿ ਨਟਵਰ ਨੇ ਕੋਈ ਪੇਸ਼ਕਸ਼ ਕੀਤੀ ਜਾਂ ਨਹੀਂ। ਪਰ ਗਜਿੰਦਰ ਸਿੰਘ ਮੁਤਾਬਿਕ ਉਸ ਨੇ ਨਟਵਰ ਨੂੰ ਆਪਣੀਆਂ ਮੰਗਾਂ ਹੀ ਦਸੀਆਂ ਸਨ ਤੇ ਹੋਰ ਕੁਝ ਨਹੀਂ। ਇਹ ਮੰਗਾਂ, ਗਜਿੰਦਰ ਸਿੰਘ ਮੁਤਾਬਿਕ ਇਹ ਸਨ:—

(ਸੰਤ) ਭਿੰਡਰਾਂਵਾਲਿਆਂ ਦੀ ਰਿਹਾਈ,

ਸ਼ਹੀਦਾਂ ਦੇ ਵਾਰਿਸਾਂ ਵਾਸਤੇ ਇਕ ਇਕ ਲਖ ਰੁਪੈ ਅਤੇ ਹਾਈਜੈਕਰਾਂ ਨੂੰ 5 ਲਖ ਡਾਲਰ ਦਿਤੇ ਜਾਣ।

ਗਜਿੰਦਰ ਸਿਘ ਮੁਤਾਬਿਕ ਨਟਵਰ ਸਿੰਹ ਦਿਲੀ ਨਾਲ ਰਾਬਤਾ ਕਾਇਮ ਕਰਨ ਦਾ ਵਾਅਦਾ ਕਰਕੇ ਚਲਾ ਗਿਆ।

ਪਾਕਿਸਤਾਨੀ ਕਮਾਂਡੋ ਐਕਸ਼ਨ

ਹਾਈਜੈਕਰਾਂ ਦੀਆਂ ਮੰਗਾਂ ਮੰਨਣ ਬਾਰੇ ਜਦੋਂ ਕੋਈ ਐਲਾਨ ਨਾ ਹੋਇਆ ਤਾਂ ਹਾਈਜੈਕਰਾਂ ਨੇ ਐਲਾਨ ਕੀਤਾ ਕਿ ਅਗਲੀ ਸਵੇਰ, 30 ਸਿਤੰਬਰ 1981 ਦੀ ਸਵੇਰ ਦੇ 10 ਵਜੇ ਤਕ ਮੰਗਾਂ ਨਾ ਮੰਨੀਆਂ ਗਈਆਂ ਤਾਂ ਜਹਾਜ ਨੂੰ ਉਡਾ ਦਿਤਾ ਜਾਵੇਗਾ। ਸਾਰੀ ਰਾਤ ਹਾਈਜੈਕਰ ਅਤੇ ਜਹਾਜ ਦਾ ਅਮਲਾ ਜਾਗਦਾ ਰਿਹਾ। ਜਹਾਜ ਵਿਚ ਜੋ ਕੁਝ ਖਾਣ ਨੂੰ ਮਿਲਿਆ ਉਸਨੂੰ ਖਾ ਕੇ ਕਾਫ਼ੀ ਸਵਾਰੀਆਂ ਸੋਂ ਗਈਆਂ।

ਜਦੋਂ ਸਵੇਰ ਹੋਈ ਤਾਂ ਗਜਿੰਦਰ ਸਿਘ ਨੇ ਹਵਾਈ ਅੱਡੇ ਦੇ ਹਾਕਮਾਂ ਕੋਲ ਨਹਾਉਣ ਦੀ ਫਰਮਾਇਸ਼ ਕੀਤੀ। ਉਸ ਦੇ ਨਹਾਉਣ ਦਾ ਇੰਤਜ਼ਾਮ ਕੀਤਾ ਗਿਆ। ਹੁਣ ਜਦ ਗਜਿੰਦਰ ਹਵਾਈ ਅੱਡੇ ਤੇ ਨਹਾਉਣ ਚਲਾ ਗਿਆ ਤਾਂ ਪਿਛੇ 4 ਹਾਈਜੈਕਰ ਬਾਕੀ ਰਹਿ ਗਏ ਸਨ। ਕਾਕਪਿਟ ਵਿਚ ਉਸ ਦੀ ਜਗਾਹ ਦੂਜੇ ਸਿਘ ਨੇ ਲੈ ਲਈ। ਨਹਾਉਣ ਮਗਰੋਂ ਉਹ ਜਹਾਜ ਵਿਚ ਵਾਪਿਸ ਆ ਗਿਆ।

ਦੂਜੇ ਪਾਸੇ ਪਾਕਿਸਤਾਨ ਸਰਕਾਰ ਨੇ ਹਾਈਜੈਕਰਾਂ ਨੂੰ ਕਾਬੂ ਕਰਨ ਵਾਸਤੇ ਤਿਆਰੀਆਂ ਸ਼ੁਰੂ ਕੀਤੀਆਂ ਹੋਈਆਂ ਸਨ। ਇਸ ਮਕਸਦ ਵਾਸਤੇ ਖਾਸ ਫੋਰਸ ਬੁਲਾਈ ਗਈ ਸੀ। ਕਮਾਂਡੋ ਫੋਰਸ ਦਾ ਆਗੂ ਬਰਗੇਡੀਅਰ ਤਾਰਿਕ ਮੁੰਹਮਦ ਸੀ। ਤਾਰਿਕ ਮੁੰਹਮਦ ਨੇ ਹਵਾਈ ਅਡੇ ਤੇ ਆਉਂਦਿਆਂ ਹੀ ਜਹਾਜ਼ ਦਾ ਪੂਰਾ ਸਰਵੇ ਕੀਤਾ। ਉਸ ਨੇ ਹਾਈਜੈਕਰਾਂ ਦੀ ਤਾਦਾਦ ਅਤੇ ਉਨ੍ਹਾਂ ਦੀ ਜਗਾਹ ਬਾਰੇ ਵੀ ਪਤਾ ਲਾ ਲਿਆ। ਉਸ ਵਕਤ ਚਾਰ ਹਾਈਜੈਕਰ (ਸਤਨਾਮ ਸਿਘ, ਕਰਨ ਸਿਘ, ਜਸਬੀਰ ਸਿਘ, ਤੇਜਿੰਦਰਪਾਲ ਸਿਘ) ਜਹਾਜ ਦੇ ਅੰਦਰੂਨੀ ਹਿਸੇ ਵਿਚ ਸਨ ਅਤੇ ਪੰਜਵਾਂ ਹਾਈਜੈਕਰ ਗਜਿੰਦਰ ਸਿਘ ਕਾਕਪਿਟ ਦੀਆਂ ਪੌੜੀਆਂ ਤੋਂ 20 ਮੀਟਰ ਦੂਰੀ ਤੇ ਬੈਠਾ ਸੀ।

ਸਵੇਰੇ ਪੌਣੇ 8 ਵਜੇ ਦੋ ਹਾਈਜੈਕਰਾਂ ਕਰਨ ਸਿਘ ਅਤੇ ਤੇਜਿੰਦਰਪਾਲ ਸਿਘ ਦਾ ਵੀ ਨਹਾਉਣ ਤੇ ਦਿਲ ਕਰ ਪਿਆ। ਉਨ੍ਹਾਂ ਨੂੰ ਇਕ ਪੁਲੀਸ ਅਫਸਰ ਜਹਾਜ ਤੋਂ ਏਅਰ ਪੋਰਟ ਦੇ ਅੰਦਰ ਲੈ ਗਿਆ। ਹੁਣ ਜਹਾਜ ਵਿਚ ਸਿਰਫ ਤਿੰਨ ਹਾਈਜੈਕਰ ਹੀ ਰਹਿ ਗਏ ਸਨ।

ਸਹੀ ਮਾਅਨਿਆਂ ਵਿਚ ਤਾਂ ਜਹਾਜ਼ ਵਿਚ ਸਿਰਫ ਦੋ ਹਾਈਜੈਕਰ (ਸਤਨਾਮ ਸਿੰਘ ਤੇ ਜਸਬੀਰ ਸਿੰਘ) ਰਹਿ ਗਏ ਸਨ ਤੇ ਤੀਜਾ ਗਜਿੰਦਰ ਸਿੰਘ ਪੌੜੀਆਂ ਵਿਚ ਬੈਠਾ ਲਾਹੌਰ ਦੇ ਕਮਿਸ਼ਨਰ ਉਮਰ ਅਫਰੀਦੀ ਨਾਲ ਗੱਲਾਂ ਕਰ ਰਿਹਾ ਸੀ। ਉਸ ਨੂੰ ਜਹਾਜ਼ ਦੇ ਅੰਦਰ ਦੀ ਹਾਲਤ ਬਾਰੇ ਕੁਝ ਵੀ ਪਤਾ ਨਹੀਂ ਸੀ।

ਕੋਈ 8 ਵਜੇ ਬਰਗੇਡੀਅਰ ਤਾਰਿਕ ਮੁਹੰਮਦ ਤਿੰਨ ਹੋਰ ਕਮਾਂਡੋ ਸਮੇਤ ਮਕੈਨਿਕਾਂ ਦੀ ਵਰਦੀ ਵਿਚ, ਜਹਾਜ਼ ਦੀ ਸਫਾਈ ਕਰਨ ਦੇ ਬਹਾਨੇ ਦਾਖਿਲ ਹੋਇਆ। ਹਾਈਜੈਕਰ ਏਨੇ ਚੁਸਤ ਨਹੀਂ ਸਨ,ਕਿ ਜਦੋਂ ਕਿ ਉਨ੍ਹਾਂ ਅਜੇ ਪਹਿਲੀ ਹੱਦ 10 ਵਜੇ ਦੀ ਦਿਤੀ ਸੀ,ਤੇ ਏਡੀ ਜਲਦੀ ਸਫਾਈ ਦੀ ਇਜਾਜ਼ਤ ਦੇਣ ਦਾ ਮਤਲਬ ਹੀ ਨਹੀਂ ਸੀ। ਦੂਜਾ, ਇਹ ਵੀ ਸਹੀ ਹੈ ਕਿ ਉਨ੍ਹਾਂ ਨੂੰ ਪਾਕਿਸਤਾਨ ਤੋਂ ਏਨੀ ਛੇਤੀ, ਇਹੋ ਜਿਹੇ ਕਮਾਂਡੋ ਐਕਸ਼ਨ ਦੀ ਉਮੀਦ ਹੀ ਨਹੀਂ ਸੀ। (ਉਹ ਤਾਂ ਪਾਕਿਸਤਾਨ ਨੂੰ ਸੁਤੇ-ਸਿਧ ਹੀ ਆਪਣਾ ਸਾਥੀ ਮੰਨਣ ਦਾ ਵਹਿਮ ਕਰੀ ਬੈਠੇ ਸਨ।)

ਇਸ ਵੇਲੇ ਸਤਨਾਮ ਸਿੰਘ ਜਹਾਜ਼ ਦੀ ਅਗਲੀ ਖਿੜਕੀ ਕੋਲ ਖੜਾ ਸੀ ਤੇ ਜਸਬੀਰ ਸਿੰਘ ਜਹਾਜ਼ ਦੀ ਪਿਛਲੀ ਖਿੜਕੀ ਕੋਲ ਖੜਾ ਸੀ। ਕਮਾਂਡੋ ਨੇ ਆਪਸ ਵਿਚ ਅੱਖ ਮਿਲਾਈ ਤੇ ਉਧਰ ਉਮਰ ਅਫਰੀਦੀ ਨੇ ਗਜਿੰਦਰ ਸਿੰਘ ਨਾਲ ਸੁਗਲ ਸ਼ੁਰੂ ਕਰ ਲਿਆ। ਜਦੋਂ ਪੂਰੀ ਤਰਕੀਬ ਅਮਲ ਵਿਚ ਆ ਗਈ ਤਾਂ ਇਕ ਕਮਾਂਡੋ ਨੇ ਸਤਨਾਮ ਸਿੰਘ ਨੂੰ ਲਤ ਮਾਰ ਕੇ ਜਹਾਜ਼ ਦੀਆਂ ਪੌੜੀਆਂ ਵਿਚ ਬਾਹਰ ਸੁਟ ਦਿਤਾ ਤੇ ਦੂਜੇ ਨੇ ਜਸਬੀਰ ਸਿੰਘ ਨੂੰ ਦੂਜੀਆਂ ਪੌੜੀਆਂ ਵਿਚੋਂ ਧੱਕਾ ਮਾਰ ਕੇ ਬਾਹਰ ਸੁਟ ਲਿਆ। ਦੋਹਾਂ ਦੇ ਬਾਹਰ ਡਿਗਦਿਆਂ ਹੀ ਪਾਕਿਸਤਾਨੀ ਫੌਜੀਆਂ ਨੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਕੁਟਣਾ ਸ਼ੁਰੂ ਕਰ ਦਿਤਾ। ਗਜਿੰਦਰ ਸਿੰਘ ਵੀ ਹੁਣ ਕਾਬੂ ਹੋ ਚੁਕਾ ਸੀ। ਦੂਜੇ ਪਾਸੇ ਜਦੋਂ ਹਵਾਈ ਅੱਡੇ ਤੇ ਪੁਲੀਸ ਨੂੰ ਕਮਾਂਡੋ ਐਕਸ਼ਨ ਦੀ ਕਾਮਯਾਬੀ ਦਾ ਪਤਾ ਲਗਿਆ ਤਾਂ ਉਨ੍ਹਾਂ ਨੇ ਬਾਥਰੂਮ ਚੋਂ ਬਾਹਰ ਨਿਕਲਦਿਆਂ ਹੀ ਕਰਨ ਸਿੰਘ ਤੇ ਤੇਜਿੰਦਰਪਾਲ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਕਮਾਂਡੋ ਐਕਸ਼ਨ ਏਡੀ ਤੇਜ਼ੀ ਨਾਲ ਕੀਤਾ ਗਿਆ ਸੀ ਕਿ ਸਿਰਫ 5 ਸਕਿੰਟ ਵਿਚ ਹੀ ਸਾਰੇ ਹਾਈਜੈਕਰ ਕਾਬੂ ਕੀਤੇ ਜਾ ਚੁਕੇ ਸਨ। ਗ੍ਰਿਫਤਾਰੀ ਮਗਰੋਂ ਉਨ੍ਹਾਂ ਨੂੰ ਫੌਜ ਦੇ ਹਵਾਲੇ ਕਰ ਦਿਤਾ ਗਿਆ ਅਤੇ ਉਨ੍ਹਾਂ ਨੂੰ ਲਾਹੌਰ ਦੇ ਸ਼ਾਹੀ ਕਿਲ੍ਹੇ ਵਿਚ ਜਾਇੰਟ ਇੰਟੈਰੋਗੇਸ਼ਨ ਟੀਮ ਦੀ ਹਿਰਾਸਤ ਵਿਚ ਪਹੁੰਚਾ ਦਿਤਾ ਗਿਆ।

ਪਾਕਿਸਤਾਨ ਦਾ ਵਤੀਰਾ

30-9-1981 ਨੂੰ ਸਵੇਰੇ 8 ਵਜੇ ਦਲ ਖਾਲਸਾ ਦੇ ਪੰਜ ਹਾਈਜੈਕਰਾਂ ਨੂੰ ਕਾਬੂ ਕਰਨ

ਮਗਰੋਂ ਉਨ੍ਹਾਂ ਨੂੰ ਲਾਹੌਰ ਕਿਲ੍ਹੇ ਵਿਚ ਜਾਇੰਟ ਇੰਟੈਰੋਗੇਸ਼ਨ ਟੀਮ ਨੇ ਫੌਜੀ ਕੈਦ ਵਿਚ ਪੁਛ ਪੜਤਾਲ ਕੀਤੀ। ਇਹ ਯਾਦ ਰਹੇ ਕਿ ਪਹਿਲੋਂ ਕਮਾਂਡੋ ਐਕਸ਼ਨ ਵਿਚ ਕਾਬੂ ਕਰਨ ਤੋਂ ਬਾਅਦ, ਕਮਾਂਡੋਜ਼ ਨੇ ਸਤਨਾਮ ਸਿੰਘ ਅਤੇ ਜਸਬੀਰ ਸਿੰਘ ਨੂੰ ਬੇਵਜਹ ਬੇਤਹਾਸ਼ਾ ਕੁਟ ਮਾਰ ਕੀਤੀ ਸੀ ਜਿਸ ਨਾਲ ਦੋਹਾਂ ਨੂੰ ਬਹੁਤ ਸੱਟਾਂ ਲਗੀਆਂ। ਇਨ੍ਹਾਂ ਸੱਟਾਂ ਦੀ ਦਰਦ ਤੇ ਜ਼ਖਮ ਕਈ ਦਿਨਾਂ ਤਕ ਰਹੇ।

ਪਾਕਿਸਤਾਨੀ, ਹਾਕਮਾਂ, ਪੁਲੀਸ ਅਤੇ ਫੌਜ ਨੇ ਇਨ੍ਹਾਂ ਹਾਈਜੈਕਰਾਂ ਤੇ ਉੱਕਾ ਹੀ ਇਤਬਾਰ ਨਹੀਂ ਕੀਤਾ ਸੀ ਤੇ ਉਨ੍ਹਾਂ ਨੂੰ ਸ਼ੱਕ ਸੀ ਕਿ ਇਹ ਬੰਦੇ ਭਾਰਤ ਦੇ ਜਾਸੂਸ ਵੀ ਹੋ ਸਕਦੇ ਹਨ, ਜਿਨ੍ਹਾਂ ਨੂੰ ਪਾਕਿਸਤਾਨ ਨਾਲ 'ਯਾਰੀ' ਦੇ ਪਰਦੇ ਵਿਚ ਜਾਸੂਸੀ ਵਾਸਤੇ ਭੇਜਿਆ ਗਿਆ ਹੋਵੇ। ਪਹਿਲੋਂ ਤਾਂ ਇਨ੍ਹਾਂ ਪੰਜਾਂ ਨੂੰ ਵਖਰੇ ਵਖਰੇ ਰਖਿਆ ਗਿਆ ਅਤੇ ਰਾਜ਼ ਲਭਣ ਦੀ ਕੋਸ਼ਿਸ਼ ਕੀਤੀ ਗਈ।

ਪਾਕਿਸਤਾਨ ਦਾ ਇਹ ਵਤੀਰਾ ਵੇਖਕੇ ਗਜਿੰਦਰ ਸਿੰਘ ਨੇ ਇਕ ਚਲਾਕੀ ਵਰਤਣ ਦੀ ਕੋਸ਼ਿਸ਼ ਕੀਤੀ। ਉਸ ਨੇ ਰੋਟੀ ਦੇ ਵੇਲੇ ਆਪ ਮੰਗ ਕੇ ਗਊ ਦਾ ਮੀਟ ਲਿਆ ਅਤੇ ਖਾਧਾ। ਬਾਕੀ ਹਾਈਜੈਕਰਾ ਵਿਚੋਂ ਸਤਨਾਮ ਸਿੰਘ (ਜੋ ਹਾਈਜੈਕਰਾਂ ਵਿਚੋਂ ਸਭ ਤੋਂ ਸੀਨੀਅਰ ਸਨ) ਨੇ ਅਤੇ ਕਰਨ ਸਿੰਘ ਨੇ ਹਲਾਲ (ਕੁੱਠਾ) ਖਾਣ ਤੋਂ ਨਾਂਹ ਕਰ ਦਿਤੀ। ਉਨ੍ਹਾਂ ਨੂੰ ਧੱਕੇ ਨਾਲ ਤਰੀ ਲੈਣ ਤੇ ਮਜਬੂਰ ਕੀਤਾ ਗਿਆ। ਇਸ ਦਾ ਮੁਦਾਅ ਇਹ ਸੀ ਕਿ ਪਾਕਿਸਤਾਨੀ ਉਨ੍ਹਾਂ ਨੂੰ ਐਂਟੀ-ਹਿੰਦੂ ਸਮਝ ਕੇ ਯਕੀਨ ਕਰ ਲੈਣਗੇ। ਪਰ ਗਜਿੰਦਰ ਸਿੰਘ ਦੀ ਇਸ ਬਚਕਾਨਾ ਕਾਰਵਾਈ ਨੇ ਪਾਕਿਸਤਾਨੀਆਂ ਦੀ ਹਮਦਰਦੀ ਜਿਤਣ ਦੀ ਬਜਾਏ ਉਨ੍ਹਾਂ ਵਿਚ ਹਾਈਜੈਕਰਾਂ ਬਾਰੇ ਸਗੋਂ ਹੋਰ ਸ਼ੱਕ ਭਰ ਦਿਤਾ। ਉਹ ਸ਼ਾਇਦ ਇਹ ਸੋਚਦੇ ਹੋਣਗੇ ਕਿ ਜੋ ਸਿਖ ਹਲਾਲ ਖਾ ਸਕਦਾ ਹੈ, ਉਹ ਲਾਜ਼ਮੀ ਤੌਰ ਤੇ ਪੱਕਾ ਸਿਖ ਨਹੀਂ ਹੋ ਸਕਦਾ। ਦੂਜਾ ਉਹ ਇਹ ਸੋਚਦੇ ਹੋਣਗੇ ਕਿ ਇਹ ਦਿਖਾਵੇ ਦੀ ਕਾਰਵਾਈ ਵੀ ਭਾਰਤੀ ਤਰਕੀਬ ਦਾ ਹਿਸਾ ਹੋ ਸਕਦੀ ਹੈ। ਇਸ ਤਰ੍ਹਾਂ ਹਲਾਲ ਵਾਲਾ ਹਰਬਾ ਗਜਿੰਦਰ ਸਿੰਘ ਨੂੰ ਪੁੱਠਾ ਪਿਆ।

2 ਅਕਤੂਬਰ 1981 ਨੂੰ ਐਸ. ਐਚ. ਓ. ਨਜ਼ਰ ਹੁਸੈਨ ਨੇ ਹਾਈਜੈਕਰਾਂ ਤੋਂ ਪੁਛ ਪੜਤਾਲ ਕੀਤੀ ਅਤੇ ਰਾਜ਼ ਲਭਣ ਦੀ ਕੋਸ਼ਿਸ਼ ਕੀਤੀ ਕਿ ਕੀ ਇਹ ਸਚੀ ਮੁਚੀ ਖਾਲਿਸਤਾਨੀ ਹਨ ਜਾਂ ਦਾਲ ਵਿਚ ਕੁਝ ਕਾਲਾ ਹੈ। ਪਰ ਉਹ ਕਿਸੇ ਨਤੀਜੇ ਤੇ ਨਾ ਅਪੜ ਸਕਿਆ।

ਇਕਬਾਲੀਆ ਬਿਆਨ

ਅਖੀਰ ਗਜਿੰਦਰ ਸਿਘ ਨੇ ਇਕ ਹੋਰ ਤਰਕੀਬ ਸੋਚੀ। ਇਹ ਤਰਕੀਬ ਸੀ ਫੌਜੀ ਹਿਰਾਸਤ ਵਿਚੋਂ ਨਿਕਲਣ ਵਾਸਤੇ ਹਰਬਾ। ਉਸ ਨੇ ਫੌਜੀ ਹਾਕਮਾਂ ਨੂੰ ਕਿਹਾ ਕਿ ਉਹ ਇਕਬਾਲੀਆ ਬਿਆਨ ਦੇਣਾ ਚਾਹੁੰਦੇ ਹਨ। ਇਸਤੇ ਫੌਜ ਨੇ ਉਨ੍ਹਾਂ ਪੰਜਾਂ ਨੂੰ ਛਾਵਣੀ ਸਬ ਡਿਵੀਜਨ ਦੇ ਅਸਿਸਟੈਂਟ ਕਮਿਸ਼ਨਰ ਕੋਲ ਪੇਸ਼ ਕੀਤਾ। ਕਮਿਸ਼ਨਰ ਨੇ ਉਨ੍ਹਾਂ ਨੂੰ ਰਾਏ ਸ਼ਬੀਰ ਅਹਿਮਦ ਮੈਜਿਸਟਰੇਟ ਦਰਜਾ ਅੱਵਲ ਕੋਲ ਤੋਰ ਦਿਤਾ।

7 ਅਕਤੂਬਰ 1981 ਨੂੰ ਹਾਈਜੈਕਰਾਂ ਨੇ ਰਾਏ ਸ਼ਬੀਰ ਅਹਿਮਦ ਨੂੰ ਆਪਣੇ ਇਕਬਾਲੀਆ ਬਿਆਨ ਦਿਤੇ ਅਤੇ ਹਾਈਜੈਕਿੰਗ ਦਾ ਜੁਰਮ ਮੰਨ ਲਿਆ। ਇਸ ਜੁਰਮ ਨੂੰ ਮੰਨਣ ਤੋਂ ਬਾਅਦ ਇਨ੍ਹਾਂ ਪੰਜਾਂ ਨੂੰ ਤਾਜ਼ੀ-ਰਾਤੇ ਪਾਕਿਸਤਾਨ ਦੀ ਦਫਾ 402 ਬੀ ਹੇਠ ਸਜਾ ਸੁਣਾਈ ਜਾ ਸਕਦੀ ਸੀ। ਪਰ ਪਾਕਿਸਤਾਨ ਨੇ ਅਜਿਹਾ ਨਹੀਂ ਕੀਤਾ ਤੇ ਮਾਮਲਾ ਲਟਕਾਈ ਰਖਿਆ।

ਕਾਨੂੰਨ ਦੀਆਂ ਧੱਜੀਆਂ

ਪਾਕਿਸਤਾਨੀ ਕਾਨੂੰਨ ਮੁਤਾਬਿਕ ਜਦੋਂ ਮੁਲਜਮ ਇਕਬਾਲੀਆ ਬਿਆਨ ਦੇ ਦੇਵੇ ਤਾਂ ਉਸ ਨੂੰ ਪੁਲੀਸ ਦੀ ਹਿਰਾਸਤ ਵਿਚੋਂ ਸਿਧਾ ਜੁਡੀਸ਼ੀਅਲ ਹਿਰਾਸਤ (ਜੇਲ੍ਹ) ਵਿਚ ਭੇਜ ਦਿਤਾ ਜਾਂਦਾ ਹੈ। ਪਰ ਪੰਜਾਂ ਹਾਈਜੈਕਰਾਂ ਨੂੰ ਭਾਵੇਂ ਰਾਏ ਸ਼ਬੀਰ ਅਹਿਮਦ ਦਾ ਨਾਇਬ ਕੋਰਟ ਅਦਾਲਤ ਤੋਂ ਬਾਹਰ ਜੇਲ੍ਹ ਤੋਰਨ ਵਾਸਤੇ ਲੈ ਗਿਆ ਸੀ ਪਰ ਉਨ੍ਹਾਂ ਨੂੰ ਜੇਲ੍ਹ ਭੇਜਣ ਦੀ ਜਗਾਹ,ਫੌਜ ਦਾ ਇਕ ਮੇਜਰ,ਦੋਬਾਰਾ ਲਾਹੌਰ ਕਿਲ੍ਹੇ ਵਿਚ ਫੌਜੀ ਹਿਰਾਸਤ ਵਿਚ ਲੈ ਗਿਆ। ਇਸ ਤਰ੍ਹਾਂ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਗਈਆਂ।

11 ਅਕਤੂਬਰ 1981 ਤੋਂ ਦਰਬਾਰ ਸਾਹਿਬ ਦੇ ਹਮਲੇ ਤੋਂ ਕੁਝ ਮਹੀਨੇ ਬਾਅਦ ਤਕ ਪੰਜੇ ਹਾਈਜੈਕਰ ਲਾਹੌਰ ਕਿਲ੍ਹੇ ਵਿਚ ਕੈਦ ਰਹੇ ਤੇ ਉਨ੍ਹਾਂ ਨੂੰ ਕਿਸੇ ਨਾਲ ਮੁਲਾਕਾਤ ਕਰਨ ਦੀ ਇਜਾਜ਼ਤ ਤਕ ਨਹੀਂ ਦਿਤੀ ਗਈ। !
ਕਾਫੀ ਦੇਰ ਤਕ ਇਹ ਰੌਲਾ ਪਾਉਂਦੇ ਰਹੇ ਹਨ ਕਿ ਉਹ ਹਾਈਜੈਕਰਾਂ ਨੂੰ ਅਕਸਰ ਮਿਲਦੇ ਰਹਿੰਦੇ ਸਨ ਅਤੇ ਪਲਾਨਿੰਗ ਬਣਾਉਂਦੇ ਰਹਿੰਦੇ ਸਨ। ਜਦ ਕਿ ਹਕੀਕਤ ਇਹ ਹੈ ਕਿ ? — — — — ਹਾਈਜੈਕਰਾਂ ਵਿਚੋਂ ਸਿਰਫ ਗਜਿੰਦਰ ਸਿੰਘ ਨੂੰ ਤਿੰਨ ਘੰਟੇ ਵਾਸਤੇ (8 ਵਜੇ ਤੋਂ 11 ਵਜੇ ਤਕ) ਜੇਲ੍ਹ ਹਾਕਮਾਂ ਦੀ ਮੌਜੂਦਗੀ ਵਿਚ. ਪਹਿਲੀ ਵਾਰੀ 19 ਮਈ

1986 ਨੂੰ ਮਿਲੇ ਸਨ। ਯਾਨਿ ਕਿ ਹਾਈਜੈਕਰਾਂ ਦੀ ਗ੍ਰਿਫਤਾਰੀ ਤੋਂ 4 ਸਾਲ 6 ਮਹੀਨੇ 10 ਦਿਨ ਮਗਰੋਂ ਅਤੇ ਮੁਕਦਮੇ ਵਿਚ ਸਜ਼ਾ ਹੋਣ ਤੋਂ ਵੀ 4 ਮਹੀਨੇ ਬਾਅਦ। ਇਹ ਸਹੀ ਹੈ ਕਿ ਕੁਝ ਸਿਖ ਵਕੀਲ ਅਤੇ ਹਰਚਰਨ ਸਿੰਘ ਸਰਬਿਟਨ ਇਕ ਅਧ ਵਾਰ ਜ਼ਰੂਰ ਮਿਲੇ ਸਨ ਅਤੇ ਉਹ ਵੀ ਮੁਕਦਮੇ ਦੀ ਕਾਰਵਾਈ ਦੇ ਦੌਰਾਨ, ਸੰਨ 1985 ਵਿਚ। [redacted] ਏਨੀ ਸਫਾਈ ਨਾਲ ਝੂਠ ਬੋਲਦੇ ਰਹੇ ਹਨ ਕਿ ਬੰਦਾ ਹੈਰਾਨ ਰਹਿ ਜਾਂਦਾ ਹੈ। (ਇਸ ਲੇਖਕ ਨਾਲ ਵੀ 1983 ਵਿਚ ਇੰਗਲੈਂਡ ਦੇ ਸ਼ਹਿਰ ਸਾਊਥਾਲ ਵਿਚ, ਗੁਰਦੀਪ ਸਿੰਘ ਸਿੱਧ ਦੇ ਘਰ ਬੈਠਿਆਂ [redacted] ਹੋਰਾਂ ਨੇ ਗੋਇਬਲਜ਼ ਵਰਗਾ ਝੂਠ ਬੋਲਿਆ ਤੇ ਗਜਿੰਦਰ ਸਿੰਘ ਦਾ ਸੁਨੇਹਾ ਲਿਆ ਕੇ ਦਿਤਾ।) [redacted] ਹੋਰੀਂ ਆਖਦੇ ਰਹੇ ਸਨ ਕਿ ਉਹ ਇਨ੍ਹਾਂ ਦੇ ਮੁਕਦਮੇ ਦੀ ਕਾਰਵਾਈ ਅਜਿਹੇ ਤਰੀਕੇ ਨਾਲ ਚਲਵਾਉਣਗੇ ਕਿ ਦੁਨੀਆ ਭਰ ਦੇ ਮੀਡੀਆ ਵਿਚ ਤਹਿਲਕਾ ਮਚ ਜਾਵੇਗਾ। ਪਰ ਕਿਉਂਕਿ ਇਹ ਡਰਾਮੇਬਾਜ਼ੀ ਸੀ, ਇਸ ਕਰਕੇ ਹੋਣਾ ਤੇ ਇਹੀ ਸੀ:

> ਬਹੁਤ ਸ਼ੋਰ ਸੁਣਤੇ ਥੇ ਪਹਿਲੂ ਮੇਂ ਦਿਲ ਕਾ।
> ਜੋ ਚੀਰਾ ਤੋ ਕਤਰਾ-ਏ-ਖ਼ੂੰ ਭੀ ਨਾ ਨਿਕਲਾ।

ਲਾਹੌਰ ਬਿਲਾ! ਲਾਹੌਲ ਬਿਲਾ! ਕੁਵੱਤ!!

ਫ਼ੈਸਲਾਬਾਦ ਜੇਲ੍ਹ ਵਿਚ
(16-17-9-84)

4 ਜੂਨ 1984 ਨੂੰ ਦਰਬਾਰ ਸਾਹਿਬ ਤੇ ਹਮਲੇ ਮਗਰੋਂ ਬਹੁਤ ਸਾਰੇ ਸਿਖ ਪਾਕਿਸਤਾਨ ਨੂੰ ਲੰਘ ਗਏ। ਇਨ੍ਹਾਂ ਵਿਚੋਂ ਲੀਡਰਾਂ ਨੂੰ ਛੱਡ ਕੇ ਬਾਕੀ ਦਿਆਂ ਨੂੰ ਫੈਸਲਾਬਾਦ (ਲਾਇਲਪੁਰ) ਜੇਲ੍ਹ ਵਿਚ ਪਹੁੰਚਾ ਦਿਤਾ ਗਿਆ। ਏਨੇ ਚਿਰ ਵਿਚ ਦੂਜੀ ਹਾਈਜੈਕਿੰਗ ਦੇ 9 ਸਿਖ (ਪਰਮਿੰਦਰ ਸਿੰਘ ਹਰਦਨ ਮੱਲਾ, ਦਲੀਪ ਸਿੰਘ, ਮਨਜੀਤ ਸਿੰਘ ਬੱਬਰ, ਮਲਾਗਰ ਸਿੰਘ ਬੱਬਰ, ਹਰਭਜਨ ਸਿੰਘ, ਗੁਰਦੀਪ ਸਿੰਘ ਪਰਦੇਸੀ, ਗੁਰਵਿੰਦਰ ਸਿੰਘ, ਰਵਿੰਦਰ ਸਿੰਘ, ਹਰਮਿੰਦਰ ਸਿੰਘ) ਵੀ ਪਾਕਿਸਤਾਨ 'ਚ ਗ੍ਰਿਫਤਾਰ ਹੋ ਚੁਕੇ ਸਨ।

ਹੁਣ ਪਾਕਿਸਤਾਨ ਸਰਕਾਰ ਨੇ ਮਹਿਸੂਸ ਕੀਤਾ ਕਿ ਸਿਖ ਛੇਤੀ ਹੀ ਖ਼ਾਲਿਸਤਾਨ ਦਾ ਮੋਰਚਾ ਸ਼ੁਰੂ ਕਰ ਲੈਣਗੇ। ਇਸ ਗੱਲ ਨੂੰ ਮੱਦੇ-ਨਜ਼ਰ ਰਖਕੇ ਉਨ੍ਹਾਂ ਨੇ ਹਾਈਜੈਕਰਾਂ ਨੂੰ ਵੀ ਇਨ੍ਹਾਂ ਸਿਖ 'ਕੈਦੀਆਂ' ਵਿਚ ਫੈਸਲਾਬਾਦ ਜੇਲ੍ਹ ਵਿਚ ਲਿਜਾ ਸੁਟਿਆ। ਉਥੇ ਉਸ ਵਕਤ ਤਕ ਜ: ਸੁਖਦੇਵ ਸਿੰਘ ਬੱਬਰ, ਸਰਦਾਰ ਬਲਬੀਰ ਸਿੰਘ ਸੰਧੂ, ਸਰਦਾਰ ਅਤਿੰਦਰਪਾਲ

ਸਿੰਘ (ਭੂਪਾਲ), ਸਰਦਾਰ ਗੁਰਜੀਤ ਸਿੰਘ, ਸਰਦਾਰ ਸਵਰਨ ਸਿੰਘ (ਦੋਵੇਂ ਭਿੰਡਰਾਂਵਾਲਾ ਪਰਿਵਾਰ 'ਚੋਂ) ਅਤੇ ਹੋਰ ਕਈ ਆਗੂ ਵੀ ਪਹੁੰਚ ਚੁੱਕੇ ਸਨ।

ਸ਼ੁਰੂ ਸ਼ੁਰੂ ਵਿਚ ਤਾਂ ਇਨ੍ਹਾਂ ਸਾਰਿਆਂ ਵਿਚ ਸੁਹਣਾ ਤਾਲਮੇਲ ਰਿਹਾ ਪਰ ਅਖੀਰ ਤੇ ਫਿਰ ਉਹੀ 'ਵਾਹਿਦ ਲੀਡਰ' ਬਣਨ ਦੀ ਖੇਡ ਸ਼ੁਰੂ ਹੋ ਗਈ। ਦਲ ਖਾਲਸਾ ਦੇ ਹਾਈਜੈਕਰਾਂ ਵਿਚ ਪਹਿਲੋਂ ਹੀ ਪਾੜਾ ਪੈ ਚੁਕਾ ਸੀ। ਸਤਨਾਮ ਸਿੰਘ ਸਭ ਤੋਂ ਸੀਨੀਅਰ ਅਹੁਦੇਦਾਰ ਸੀ, ਪਰ ਗਜਿੰਦਰ ਸਿੰਘ ਆਪਣੇ ਹੀ ਰਾਹ ਤੇ ਤੁਰਦਾ ਸੀ। ਸੋ ਇਸ ਆਪਹੁਦਰੇਪਣ, ਚੌਧਰ ਦੀ ਭੁੱਖ ਅਤੇ ਵਾਹਿਦ ਲੀਡਰ ਬਣਨ ਦੇ ਲਾਲਚ ਨੇ ਦਲ ਖਾਲਸਾ ਦੇ ਦੋ ਟੁਕੜੇ ਕਰ ਦਿਤੇ। ਇਹੀ ਮਾੜੀ ਹਰਕਤ ਫੈਸਲਾਬਾਦ ਜੇਲ੍ਹ ਵਿਚ ਵੀ ਹੋਈ। ਪਹਿਲੋਂ ਤਾਂ ਸਾਰੇ ਹੀ ਗਜਿੰਦਰ ਸਿੰਘ ਦੀ ਕਦਰ ਕਰਦੇ, ਇਸ ਨੂੰ ਹਰ ਗਲਬਾਤ ਵਿਚ ਸ਼ਾਮਿਲ ਕਰਦੇ ਰਹੇ ਪਰ ਅਖੀਰ ਉਸ ਦੀਆਂ ਬਚਗਾਨਾ ਕਾਰਵਾਈਆਂ ਤੋਂ ਤੰਗ ਆ ਕੇ ਵਖਰੇ ਵਖਰੇ ਰਹਿਣ ਲਗ ਪਏ। ਦੋ ਮਹੀਨਿਆਂ ਵਿਚ ਹੀ ਗਜਿੰਦਰ ਸਿੰਘ ਤਕਰੀਬਨ ਇਕੱਲਾ ਹੀ ਰਹਿ ਗਿਆ ਸੀ। ਹੁਣ ਉਸ ਨਾਲ ਸਿਰਫ ਜਸਬੀਰ ਸਿੰਘ ਤੇ ਤੇਜਿੰਦਰਪਾਲ ਸਿੰਘ ਹੀ ਰਹਿ ਗਏ ਸਨ। ਦੂਜੀ ਹਾਈਜੈਕਿੰਗ ਵਿਚੋਂ ਗੁਰਦੀਪ ਸਿੰਘ ਪਰਦੇਸੀ ਤੇ ਗੁਰਵਿੰਦਰ ਸਿੰਘ ਨੂੰ ਗਜਿੰਦਰ ਸਿੰਘ ਨੇ ਆਪਣੇ ਵਲ ਜ਼ਰੂਰ ਖਿਚ ਲਿਆ। 1984 ਦੀਆਂ ਸਰਦੀਆਂ ਤਕ ਗਜਿੰਦਰ ਸਿੰਘ ਨਾਲ 4 ਹਾਈਜੈਕਰ ਸਨ ਤੇ ਬਾਕੀ 9 ਹਾਈਜੈਕਰ ਸਿਖ ਸਟੂਡੈਂਟਸ ਫੈਡਰੇਸ਼ਨ, ਬੱਬਰ ਖਾਲਸਾ ਅਤੇ ਦਮਦਮੀ ਟਕਸਾਲ ਨਾਲ ਜੁੜ ਚੁਕੇ ਸਨ।

ਮੁਕਦਮੇ ਦੀ ਕਾਰਵਾਈ ਸ਼ੁਰੂ

ਇਕ ਪਾਸੇ ਫੈਸਲਾਬਾਦ ਜੇਲ੍ਹ ਦੀ ਫੁਟ ਅਤੇ ਦੂਜੇ ਪਾਸੇ ਪੰਜਾਬ ਦੀ ਹਾਲਤ 'ਚ ਚੋਖੀ ਤਬਦੀਲੀ ਨਾ ਆ ਸਕਣ ਦੀ ਵਜਹ ਨਾਲ ਪਾਕਿਸਤਾਲ ਨੇ ਅੱਖਾਂ ਫੇਰ ਲਈਆਂ। ਦੂਜਾ ਭਾਰਤ ਸਰਕਾਰ ਵਾਰ ਵਾਰ 'ਪੰਜਾਬ 'ਚ ਪਾਕਿਸਤਾਨਾ ਦਖਲ' ਦਾ ਰੌਲਾ ਪਾ ਰਹੀ ਸੀ ਤੇ ਹਾਈਜੈਕਰਾਂ ਦੀ ਵਾਪਸੀ ਦੀ ਮੰਗ ਵੀ ਕਰ ਰਹੀ ਸੀ। ਪਾਕਿਸਤਾਨ ਨੇ ਭਾਰਤ ਦਾ ਮੂੰਹ ਬੰਦ ਕਰਨ ਵਾਸਤੇ ਇਹ ਹਥਿਆਰ ਵਰਤਣ ਦਾ ਫੈਸਲਾ ਕਰ ਲਿਆ ਕਿ ਹਾਈਜੈਕਰਾਂ ਦਾ ਮੁਕਦਮਾ ਸ਼ੁਰੂ ਕੀਤਾ ਜਾਵੇ।

੧-੪-੩.੮੫

1985 ਵਿਚ ਹਾਈਜੈਕਰਾਂ ਨੂੰ ਫੈਸਲਬਾਦ ਜੇਲ੍ਹ ਤੋਂ ਤਬਦੀਲ ਕਰ ਕੇ ਕੋਟ ਲਖਪਤ (ਸੈਂਟਰਲ ਜੇਲ੍ਹ) ਵਿਚ ਲਿਆਂਦਾ ਗਿਆ। ਉਨ੍ਹਾਂ ਦਾ ਮੁਕਦਮਾ ਸਪੈਸ਼ਲ ਕੋਰਟ ਪੰਜਾਬ, ਲਾਹੌਰ ਵਿਚ ਪੇਸ਼ ਕੀਤਾ ਗਿਆ। ਮੁਕਦਮੇ ਦੀ ਕਾਰਵਾਈ 20 ਅਪ੍ਰੈਲ 1985 ਨੂੰ ਸ਼ੁਰੂ ਹੋਈ। ਸਿਖ ਹਾਈਜੈਕਰਾਂ ਨੂੰ ਸਰਕਾਰ ਨੇ ਤਿੰਨ ਸਰਕਾਰੀ ਵਕੀਲ, ਸਫਾਈ ਦੇ ਵਕੀਲਾਂ

ਵਜੋਂ ਕੇਸ ਲੜਨ ਵਾਸਤੇ ਪੇਸ਼ ਕੀਤੇ। ਪਰ ਉਨ੍ਹਾਂ ਨੇ ਜ਼ਿਦ ਕੀਤੀ ਕਿ ਉਹ ਕਿਸੇ ਸਿਖ ਵਕੀਲ ਨੂੰ ਹੀ ਮਨਜ਼ੂਰ ਕਰਲਗੇ। ਅਖੀਰ ਹਾਈਜੈਕਰਾਂ ਨੇ ਪਾਕਿਸਤਾਨੀ ਵਕੀਲਾਂ ਨੂੰ ਹੀ ਮਨਜ਼ੂਰ ਕਰ ਲਿਆ। ਪਰ ਅਸਲ ਮੁਕਦਮਾ ਸਰਕਾਰ ਦੇ ਵਕੀਲਾਂ ਦੀ ਬਜਾਏ ਆਜ਼ਾਦ ਵਕੀਲਾਂ ਨੇ ਹੀ ਲੜਿਆ। ਹਾਈਜੈਕਰਾਂ ਦੇ ਆਜ਼ਾਦ ਵਕੀਲ ਇਹ ਸਨ:—

1. ਸੱਯਦ ਮੁਹੰਮਦ (ਐਸ. ਐਮ.) ਜ਼ਫਰ (ਸਾਬਕ ਵਜ਼ੀਰ-ਕਾਨੂੰਨ)
2. ਡਾਕਟਰ ਅਬਦੁਲ ਬਾਸਿਤ
3 ਵਸੀਮ ਸੱਜਾਦ
4. ਸੁਲਤਾਨ ਅਹਿਮਦ

ਇਨ੍ਹਾਂ ਦੇ ਨਾਲ ਤੁਆਵਨ ਕਰਨ ਵਾਸਤੇ ਸ: ਪ੍ਰੀਤਮ ਸਿਘ ਕਿਊ. ਸੀ. (ਕੈਨੇਡਾ), ਸ: ਹਰਜੀਤ ਸਿਘ (ਇੰਗਲੈਂਡ) ਅਤੇ ਜੋਗਿੰਦਰ ਸਿਘ (ਮਲੇਸ਼ੀਆ) ਤੇ ਹੋਰ ਕਈ ਜਗਹ ਤੋਂ ਕੁਝ ਸਿਖ ਬੈਰਿਸਟਰ ਵੀ ਪਹੁੰਚੇ ਹੋਏ ਸਨ। ਸਰਕਾਰ ਦੀ ਤਰਫੋਂ ਰਸ਼ੀਦ ਅਜ਼ੀਜ਼ ਖਾਨ, ਐਡਵੋਕੇਟ ਜਨਰਲ ਪੇਸ਼ ਹੋਏ।

ਪਹਿਲਾਂ ਤਾਂ ਸਫਾਈ ਦੇ ਵਕੀਲਾਂ ਨੇ ਅਦਾਲਤ ਦੇ ਇਖਤਿਆਰ ਨੂੰ ਚੈਲੰਜ ਕੀਤਾ ਪਰ 24 ਅਪਰੈਲ 1985 ਦੇ ਹੁਕਮ ਰਾਹੀਂ ਅਦਾਲਤ ਨੇ ਇਖਤਿਆਰਾਤ ਦਾ ਇਤਰਾਜ਼ ਰੱਦ ਕਰ ਦਿਤਾ। ਪਹਿਲੋਂ ਹਾਈਜੈਕਰਾਂ ਉਤੇ ਤਾਜ਼ੀ-ਰਾਤੇ ਪਾਕਿਸਤਾਨ ਦੀ ਦਫਾ 149 ਹੇਠ ਕੇਸ ਚਲਾਇਆ ਜਾਣਾ ਸੀ ਪਰ ਵਕੀਲ ਵਸੀਮ ਸੱਜਾਦ ਵਲੋਂ ਇਸ ਬਾਰੇ ਨੁਕਤਾ ਪੇਸ਼ ਕੀਤੇ ਜਾਣ ਤੇ ਅਦਾਲਤ ਨੇ ਹਾਈਜੈਕਰਾਂ ਉਤੇ ਤਾਜ਼ੀ-ਰਾਤੇ ਪਾਕਿਸਤਾਨ ਦੀ ਦਫਾ 402 ਬੀ ਅਤੇ ਦਫਾ 34 ਹੇਠ ਮੁਕਦਮਾ ਚਲਾਇਆ।

ਇਸਤਗਾਸਾ ਨੇ ਮੁਕਦਮੇ ਵਿਚ 12 ਗਵਾਹਾਂ ਦੀ ਤਹਿਕੀਕਾਤ ਕੀਤੀ। ਇਸਤਗਾਸਾ ਵਲੋਂ ਪੇਸ਼ ਹੋਣ ਵਾਲੇ ਗਵਾਹ ਇਹ ਸਨ:

1. ਟੀ. ਪੀ. ਸਿਨਹਾ (ਕੋ-ਪਾਇਲਟ),
2. ਅਮਿਤਾ ਕੁਮਾਰ (ਏਅਰ ਹੋਸਟੈਸ)
3. ਰਜਨੀ ਹਸਰਮ (ਏਅਰ ਹੋਸਟੇਸ),
4. ਨੁਸਰਤ ਉਲਾ ਖਾਨ (ਏਅਰ ਟਰੈਫਿਕ ਕੰਟਰੋਲ, ਲਾਹੌਰ)
5. ਸ਼ਾਹਿਦ ਰਜ਼ਾ (ਏਅਰ ਟਰੈਫਿਕ ਕੰਟਰੋਲ ,ਲਾਹੌਰ)
6. ਨਜ਼ਰ ਹੁਸੈਨ, ਐਸ. ਐਚ. ਓ.
7. ਮੁਹੰਮਦ ਰਫੀਕ, ਏ. ਐਸ. ਆਈ.
8. ਚੌਧਰੀ ਬਸ਼ੀਰ ਅਹਿਮਦ, ਸੁਪਰਡੈਂਟ ਪੁਲੀਸ

9. ਮੁਹੰਮਦ ਸਫਦਰ ਖਾਨ, ਡੀ. ਐਸ. ਪੀ.
10. ਰਾਏ ਸ਼ਬੀਰ ਅਹਿਮਦ, ਮਜਿਸਟਰੇਟ
11. ਉਮਰ ਖਾਨ ਅਫਰੀਦੀ (ਕਮਿਸ਼ਨਰ ਲਾਹੌਰ ਡਵੀਜ਼ਨ)
12. ਬਰਗੇਡੀਅਰ ਤਾਰਿਕ ਮੁਹੰਮਦ (ਲੀਡਰ ਕਮਾਂਡੋ ਐਕਸ਼ਨ)

ਇਸਤਗਾਸਾ ਨੇ ਊਅਰ ਹੋਸਟੇਸ ਹਸਕਰ, ਪਾਇਲਟ ਡੋਬਲਾ ਅਤੇ ਕੁਝ ਹੋਰ ਛੋਟੇ ਮੋਟੇ ਗਵਾਹ ਪੇਸ਼ ਨਹੀਂ ਕੀਤੇ ਅਤੇ 13 ਮਈ 1985 ਨੂੰ ਕੇਸ ਬੰਦ ਕਰ ਦਿਤਾ।

ਹਾਈਜੈਕਰਾਂ ਨੇ ਆਪਣੀ ਸਫਾਈ ਦੇ ਗਵਾਹਾਂ ਨੂੰ ਸੰਮਨ ਕਰਨ ਵਾਸਤੇ ਅਦਾਲਤ ਨੂੰ ਤਿਨ ਲਿਸਟਾਂ ਪੇਸ਼ ਕੀਤੀਆਂ ਪਰ ਅਦਾਲਤ ਨੇ ਏਨੇ ਗਵਾਹ ਬੁਲਾਉਣ ਦੀ ਇਜਾਜ਼ਤ ਨਾ ਦਿਤੀ। 23 ਜੁਲਾਈ 1985 ਨੂੰ ਅਦਾਲਤ ਨੇ ਇਕ ਹੁਕਮ ਰਾਹੀਂ ਹਾਈਜੈਕਰਾਂ ਨੂੰ ਸਫਾਈ ਵਾਸਤੇ 4 ਗਵਾਹ ਬੁਲਾਉਣ ਦੀ ਇਜਾਜ਼ਤ ਦਿਤੀ। ਇਹ 4 ਸਨ:

ਤਾਰਿਕ ਇਸਮਾਈਲ ਸਾਗਰ (ਐਡੀਟਰ ਨਵਾਏ-ਵਕਤ, ਲਾਹੌਰ),
ਮੁਹੰਮਦ ਅਸ਼ਰਫ ਅਸੀਮ,
ਅਲੀਮ ਹਾਸ਼ਮੀ ਅਤੇ
ਮਿਸ ਹਸਕਰ (ਏਅਰ ਹੋਸਟੈਸ)।

ਹਾਈਜੈਕਰਾਂ ਵਲੋਂ ਜੋ ਗਵਾਹ ਬੁਲਾਏ ਜਾਣੇ ਸਨ ਉਹ ਸਿਆਸੀ ਨਜ਼ਰੀਏ ਤੋਂ ਸਨ ਤੇ ਜਦੋਂ ਅਦਾਲਤ ਨੇ ਇਨ੍ਹਾਂ ਨੂੰ ਬੁਲਾਏ ਜਾਣ ਦੀ ਇਜਾਜ਼ਤ ਨਾ ਦਿਤੀ ਤਾ ਹਾਈਜੈਕਰਾ ਨੇ 7 ਅਕਤੂਬਰ 1985 ਨੂੰ,ਕੋਈ ਵੀ ਗਵਾਹ ਨਾ ਪੇਸ਼ ਕਰਨ ਬਾਰੇ,ਬਿਆਨ ਦੇ ਕੇ ਕੇਸ ਬੰਦ ਕਰ ਦਿਤਾ।

ਮੁਕਦਮੇ ਵਿਚ ਹਾਈਜੈਕਰਾਂ ਨੇ ਰਾਏ ਸੁਬੀਰ ਅਹਿਮਦ ਕੋਲ 7-10-1981 ਨੂੰ ਅੱਖਤੀ ਇਕਬਾਲੀਆ ਬਿਆਨ ਦਿਤੇ ਪਰ ਮਗਰੋਂ ਉਹ ਇਨ੍ਹਾ ਬਿਆਨਾਂ ਤੋਂ ਮੁਕਰ ਗਏ। ਪਰ ਮੁਕਦਮੇ ਦੀ ਕਾਰਵਾਈ ਦੇ ਦੌਰਾਨ ਸਾਰੇ ਹਾਈਜੈਕਰਾਂ ਨੇ ਆਪਣੇ ਲਿਖਤੀ ਬਿਆਨ ਪੇਸ਼ ਕੀਤੇ। ਇਨ੍ਹਾਂ ਵਿਚੋਂ ਜਸਬੀਰ ਸਿੰਘ ਦਾ ਬਿਆਨ ਦਲ ਖਾਲਸਾ ਦੇ ਸਮਾਗਮਾਂ ਬਾਰੇ ਜਾਣਕਾਰੀ ਦੇਂਦਾ ਹੈ, ਤੇਜਿੰਦਰਪਾਲ ਸਿੰਘ ਦਾ ਬਿਆਨ ਕੋਈ ਵਿਲੱਖਣ ਗੱਲ ਨਹੀਂ ਦਸਦਾ। ਬਾਕੀ ਤਿੰਨਾਂ ਦੇ ਬਿਆਨ ਵਖ ਵਖ ਨਜ਼ਰੀਏ ਤੋਂ ਅਹਿਮੀਅਤ ਰਖਦੇ ਹਨ। ਸਭ ਤੋਂ ਲੰਬਾ ਬਿਆਨ ਸਤਨਾਮ ਸਿੰਘ ਦਾ ਹੈ।

7 ਅਕਤੂਬਰ 1985 ਨੂੰ ਮੁਕਦਮੇ ਦਾ ਇਕ ਹਿਸਾ ਖਤਮ ਹੋਇਆ। ਬਾਅਦ ਵਿਚ

ਸਰਕਾਰੀ ਵਕੀਲ ਨੇ ਬਹਿਸ ਕੀਤੀ। ਸਫਾਈ ਵਕੀਲਾਂ ਐਸ. ਐਮ. ਜ਼ਫਰ, ਵਸੀਮ ਸੱਜਾਦ ਤੇ ਸੁਲਤਾਨ ਅਹਿਮਦ ਨੇ ਬਹਿਸ ਕੀਤੀ ਮਿਸਟਰ ਜ਼ਫਰ ਅਤੇ ਵਸੀਮ ਸੱਜਾਦ ਨੇ ਬਹੁਤ ਖੂਬਸੂਰਤ ਤਰੀਕੇ ਨਾਲ ਦਲੀਲਾਂ ਪੇਸ਼ ਕੀਤੀਆਂ। ਮੁਕਦਮੇ ਦੇ ਫੈਸਲੇ ਵਿਚ, ਜੱਜ ਨੇ ਵੀ ਇਨ੍ਹਾਂ ਦੀ ਖੂਬ ਤਾਰੀਫ ਕੀਤੀ ਹੈ।

20 ਜਨਵਰੀ 1986 ਦਾ ਫੈਸਲਾ

20 ਜਨਵਰੀ 1986 ਨੂੰ ਚੌਧਰੀ ਕਰੀਮ ਬਖ਼ਸ਼ ਨੇ ਦਲ ਖਾਲਸਾ ਦੇ ਪੰਜਾਂ ਹਾਈਜੈਕਰਾਂ ਦੇ ਮੁਕਦਮੇ ਦਾ ਫੈਸਲਾ ਸੁਣਾਉਂਦਿਆਂ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ। ਇਸ ਤੋਂ ਇਲਾਵਾ ਹਰੇਕ ਨੂੰ 1000 ਰੁਪੇ ਜੁਰਮਾਨਾ ਵੀ ਕੀਤਾ ਗਿਆ। ਜੁਰਮਾਨਾ ਨਾ ਦੇ ਸਕਣ ਦੀ ਸੂਰਤ ਵਿਚ ਵਾਧੂ ਕੈਦ 6 ਮਹੀਨੇ (ਬਾਮੁਸ਼ੱਕਤ) ਦੀ ਸਜ਼ਾ ਭੁਗਤਣੀ ਪਵੇਗੀ। ਹਾਈਜੈਕਰਾਂ ਨੇ ਇਸ ਫੈਸਲੇ ਦੇ ਖਿਲਾਫ ਹਾਈ ਕੋਰਟ ਵਿਚ ਅਪੀਲ ਦਾਇਰ ਕਰ ਦਿਤੀ, ਜਿਸ ਦਾ ਅਜੇ ਫੈਸਲਾ ਹੋਣਾ ਬਾਕੀ ਹੈ।

20 ਜਨਵਰੀ 1986 ਨੂੰ ਹਾਈਜੈਕਰਾਂ ਦੇ ਕੇਸ ਦਾ ਫੈਸਲਾ ਹੋਣ ਤੋਂ ਬਾਅਦ ਉਹ ਸਾਰੇ ਸੈਂਟਰਲ ਜੇਲ੍ਹ, ਕੋਟ ਲਖਪਤ, ਲਾਹੌਰ ਵਿਚ ਕੈਦ ਹਨ। ਇਹ ਲੇਖਕ ਮਈ-ਜੂਨ 1986 ਵਿਚ, ਆਪਣੀ ਬੀਵੀ ਅਤੇ ਬੇਟੇ ਸਮੇਤ, ਕਈ ਵਾਰੀ ਉਨ੍ਹਾਂ ਨੂੰ ਜੇਲ੍ਹ ਦੀਆਂ ਫਾਂਸੀ ਦੀਆਂ ਕੋਠੜੀਆਂ ਦੇ ਅੰਦਰ ਅਤੇ ਜੇਲ ਦੇ ਉਦੋਂ ਡਿਪਟੀ ਸੁਪਰਡੈਂਟ ਮੁਹੰਮਦ ਅਕਬਰ ਖਾਨ ਚੰਦਤ ਦੇ ਦਫਤਰ ਵਿਚ ਮਿਲਿਆ ਸੀ। ਇਸ ਤੋਂ ਇਲਾਵਾ ਉਨ੍ਹਾਂ ਵਿਚੋਂ ਕਈਆਂ ਨਾਲ ਲਗਾਤਾਰ ਖਤੋ-ਕਿਤਾਬਤ ਅਜ ਤਕ ਬ-ਦਸਤੂਰ ਜਾਰੀ ਹੈ। ਇਸ ਲੇਖਕ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ, ਭਾਰਤ ਤੋਂ ਬਾਹਰ ਦੇ, ਮੁਲਕਾਂ ਵਿਚੋਂ ਸਿਖ ਵਰਕਰ ਤੇ ਚੌਧਰੀ ਉਨ੍ਹਾਂ ਨੂੰ ਮਿਲਦੇ ਰਹੇ ਹਨ ਤੇ ਅਜੇ ਵੀ ਮਿਲ ਰਹੇ ਹਨ। ਪਰਦੇਸਾਂ ਵਿਚ ਬਹੁਤ ਸਾਰੇ ਸਿਖ ਉਨ੍ਹਾਂ ਨੂੰ ਚੋਖੀਆਂ ਰਕਮਾਂ, ਕਪੜੇ, ਕਿਤਾਬਾਂ, ਅਖਬਾਰਾਂ-ਰਿਸਾਲੇ ਵਗੈਰਾ ਵੀ ਭੇਜਦੇ ਰਹਿੰਦੇ ਹਨ।

ਹਾਈਜੈਕਰਾਂ ਨੂੰ ਜੇਲ੍ਹ ਅੰਦਰ ਬੀ ਕਲਾਸ ਮਿਲੀ ਹੋਈ ਹੈ। ਦੂਜੀ ਹਾਈਜੈਕਿੰਗ ਵਿਚੋਂ ਸਰਦਾਰ ਪਰਮਿੰਦਰ ਸਿੰਘ (ਹਰਫਨ ਮੌਲਾ), ਸਰਦਾਰ ਦਲੀਪ ਸਿੰਘ ਤੇ ਸਰਦਾਰ ਹਰਮਿੰਦਰ ਸਿੰਘ — ਤਿੰਨ ਸਿੰਘ ਫਾਂਸੀ ਦੀਆਂ ਕੋਠੜੀਆਂ (ਨੰਬਰ 1, 2 ਤੇ 3) ਵਿਚ ਕੈਦ ਹਨ। ਬਾਕੀ ਦੇ 11 ਸਿੰਘ ਬਲਾਕਾਂ ਵਿਚ ਕੈਦ ਹਨ। ਜੇਲ੍ਹ ਵਿਚ ਉਨ੍ਹਾਂ ਨੂੰ ਆਪਣੀ ਰੋਟੀ ਆਪ ਪਕਾਉਣ ਦੀ ਇਜਾਜ਼ਤ ਹੈ। ਜੇਲ੍ਹ ਦੇ ਅੰਦਰੋਂ ਰਾਸ਼ਨ ਮਿਲ ਜਾਂਦਾ ਹੈ ਅਤੇ ਨਵੀਂ ਸਬਜ਼ੀ ਜੇਲ੍ਹ ਵਿਚਲੀ ਦੁਕਾਨ ਤੇ ਵੀ ਵਿਕਦੀ ਹੈ। ਉਹ ਅਕਸਰ ਉਥੋਂ (ਮਹਿੰਗੇ ਭਾਅ) ਸਬਜ਼ੀ

ਖਰੀਦਦੇ ਹਨ ਤੇ ਖੁਦ ਤਿਆਰ ਕਰਦੇ ਹਨ। ਆਪਸ ਵਿਚ 'ਵਾਹਿਦ ਲੀਡਰ' ਦੀ ਭੁਖ ਦੀ ਕਮਜ਼ੋਰੀ ਨੇ ਉਨ੍ਹਾਂ ਵਿਚ ਕਈ ਧੜੇ ਕਾਇਮ ਕੀਤੇ ਹੋਏ ਹਨ। ਧੜੇ ਦੋ ਹਿਸੇ ਹਨ:

1. ਸਰਦਾਰ ਸਤਨਾਮ ਸਿਘ ਦਾ ਧੜਾ, ਜਿਸ ਵਿਚ ਨੌਂ ਹਾਈਜੈਕਰ ਹਨ

2. ਸਰਦਾਰ ਗਜਿੰਦਰ ਸਿਘ ਦਾ ਧੜਾ ਜਿਸ ਵਿਚ ਉਸ ਤੋਂ ਇਲਾਵਾ 4 ਹੋਰ ਹਾਈਜੈਕਰ ਹਨ।

ਇਨ੍ਹਾਂ ਧੜੇ ਦੋ ਹਿਸਿਆਂ ਵਿਚ ਅੱਗੋਂ ਹੋਰ ਵੀ ਛੋਟੇ ਗਰੁਪ ਹਨ, ਉਂਜ ਗਜਿੰਦਰ ਸਿਘ ਧੜੇ ਦਾ ਦਾਅਵਾ ਹੈ ਕਿ ਉਹ ਪੰਜੇ ਇਕੱਠੇ ਹਨ।

ਇਨ੍ਹਾਂ ਗੁਰਪਾਂ ਵਿਚ ਕਈ ਵਾਰੀ ਝਗੜੇ ਹੋ ਚੁਕੇ ਹਨ। ਤਿੰਨ ਚਾਰ ਵਾਰ ਤਾਂ ਲਹੂ ਵੀ ਵਗ ਚੁਕਿਆ ਹੈ। ਸਰਦਾਰ ਗਜਿੰਦਰ ਸਿਘ ਚੋਖਾ ਚੁਸਤ ਹੋਣ ਕਰਕੇ ਆਪ ਲੜਾਈ ਵਿਚ ਨਹੀਂ ਆਉਂਦਾ। ਉਸ ਦੀ ਤਰਫੋਂ ਸਰਦਾਰ ਤੇਜਿੰਦਰਪਾਲ ਸਿਘ ਦਾ ਲਹੂ ਡੁਲਦਾ ਹੈ ਤੇ ਦੂਜੇ ਪਾਸੇ ਸਰਦਾਰ ਸਤਨਾਮ ਸਿਘ ਦਾ। ਇਨ੍ਹਾਂ ਦੀ ਇਸ ਦੁਸ਼ਮਣੀ ਤੇ ਡਾਂਗ-ਸੋਟੀ ਕਰਕੇ ਉਨ੍ਹਾਂ ਨੂੰ ਕਈ ਵਾਰ ਇਕ ਦੂਜੇ ਤੋਂ ਵਖਰੇ ਵਖਰੇ ਬੈਰਕਾਂ ਵਿਚ ਭੇਜਿਆ ਜਾ ਚੁਕਾ ਹੈ। ਕਈ ਵਾਰੀ ਤਾਂ ਜੇਲ੍ਹ ਵਿਚ ਝਗੜਾ ਕਰਨ ਦੇ ਕਸੂਰ ਵਿਚ ਜੇਲ੍ਹ ਮੈਨੂਅਲ ਹੇਠ, ਕੁਝ ਹਾਈਜੈਕਰ 'ਚੱਕੀਬੰਦ' ਵੀ ਰਹੇ ਹਨ ਤੇ ਅਜੇ ਇਸ ਵਿਚ ਕੋਈ ਅਖੀਰ ਨਜ਼ਰ ਨਹੀਂ ਆਉਂਦਾ। ਇਨ੍ਹਾਂ ਦੇ ਝਗੜਿਆਂ ਦੀ ਵਜਹ ਜਿਥੇ ਆਪਸੀ ਚੌਧਰ ਦੀ ਭੁਖ ਹੈ ਉਥੇ ਬਾਹਰਲੀਆਂ ਪਾਰਟੀਆਂ ਦੀ ਧੜੇ ਬੰਦੀ ਦਾ ਵੀ ਕਾਫ਼ੀ ਰੋਲ ਹੈ। ਜਿਥੇ ਅੰਦਰ ਜ਼ਿਆਦਾ ਕਸੂਰ ਸਰਦਾਰ ਗਜਿੰਦਰ ਸਿਘ ਦਾ ਹੈ ਉਥੇ ਬਾਹਰੋਂ ਕਨੇਡਾ ਦੇ ਸਤਿੰਦ੍ਰਪਾਲ ਧੜੇ ਦਾ ਜ਼ਿਆਦਾ ਕਸੂਰ ਹੈ।

ਅੰਮ੍ਰਿਤ ਛਕਣਾ

3 ਨਵੰਬਰ 1987 ਨੂੰ ਜੇਲ੍ਹ ਵਿਚ ਹਾਈਜੈਕਰਾਂ ਨੂੰ ਅੰਮਿਤ ਛਕਾਉਣ ਦਾ ਇੰਤਜ਼ਾਮ ਕੀਤਾ ਗਿਆ। ਅੰਮ੍ਰਿਤ ਛਕਾਉਣ ਵਾਸਤੇ ਨਾਰਥ ਅਮਰੀਕਾ ਤੋਂ ਪੰਜ ਸਿਘ ਬੁਲਾਏ ਗਏ। ਜੇਲ੍ਹ ਦੇ ਅੰਦਰ ਹੀ ਸਾਰਿਆਂ, 14 ਹਾਈਜੈਕਰਾਂ ਨੇ ਅੰਮ੍ਰਿਤ ਪਾਨ ਕੀਤਾ। ਅੰਮ੍ਰਿਤ ਪਾਨ ਕਰਦਿਆਂ ਸਰਦਾਰ ਗਜਿੰਦਰ ਸਿਘ ਦੀ ਪੰਜ ਪਿਆਰਿਆਂ ਨਾਲ ਬਹਿਸ ਹੋਈ। ਬਹਿਸ ਦਾ ਨੁਕਤਾ 'ਕੁੱਠਾ ਨਾ ਖਾਣ' ਦੀ ਬਜਾਇ 'ਮਾਸ ਨਾ ਖਾਣ' ਦੀ ਨਸੀਅਤ ਅਤੇ 'ਮੂਲ ਮੰਤਰ' ਦੀ ਜਗਹ 'ਵਾਹਿਗੁਰੂ' ਜਪਣ ਲਈ ਆਖਣਾ ਸੀ। ਸਰਦਾਰ ਗਜਿੰਦਰ ਸਿਘ ਵਲੋਂ ਇਸ ਲੇਖਕ ਨੂੰ ਲਿਖੇ ਖਤ ਮੁਤਾਬਿਕ ਇਹ ਤਕਰਾਰ ਹਾਈਜੈਕਰਾਂ ਵਿਚ ਇਕ ਵਾਰੀ ਫੇਰ ਵੰਡਾ

ਫਸਾਦ ਕਰਵਾਉਣ ਅਤੇ ਅਹਿਮ ਤਫਰਕਾਤ ਪੈਦਾ ਕਰਨ ਦੀ ਵਜਹ ਬਣ ਗਿਆ। ਦੋਹਾਂ ਗਰੁਪਾਂ ਨੇ ਇਕ ਦੂਜੇ ਨਾਲ ਬੋਲਣਾ ਛਡ ਦਿਤਾ ਤੇ ਇਹ ਸੂਰਤ ਕਾਫੀ ਦੇਰ ਬਣੀ ਰਹੀ। ਜੇਲ੍ਹ ਦੇ ਅੰਦਰ ਸਰਦਾਰ ਗਜਿੰਦਰ ਸਿੰਘ ਤਕਰੀਬਨ 'ਵਖਰੇ' ਹੀ ਰਹਿ ਗਿਆ. ਨਤੀਜੇ ਵਜੋਂ ਉਸਨੂੰ, ਅਸੂਲਾਂ ਨੂੰ ਨਜ਼ਰ-ਅੰਦਾਜ਼ ਕਰਕੇ, ਦੂਜੇ ਧੜੇ ਨਾਲ ਸੌਦਾ ਕਰਨਾ ਪਿਆ। ਇਸ ਧੜੇ ਉੱਤੇ ਸਰਕਾਰੀਆ ਹੋਣ ਦਾ ਇਲਜ਼ਾਮ ਬਾਕੀ ਸਭ ਧੜਿਆਂ ਤੋਂ ਵਧ ਲਗਦਾ ਹੈ। ਇਸ ਦਾ ਇਕ ਹੋਰ ਸਭ ਤੋਂ ਮਾੜਾ ਨਤੀਜਾ ਇਹ ਨਿਕਲਿਆ ਕਿ ਇੰਗਲੈਂਡ ਵਿਚ ਸਰਦਾਰ ਗਜਿੰਦਰ ਸਿੰਘ ਦੇ ਸਭ ਤੋਂ ਨਜ਼ਦੀਕੀ ਸਾਥੀ ਸਰਦਾਰ ਮਨਮੋਹਨ ਸਿੰਘ ਨੇ ਦਲ ਖਾਲਸਾ ਨੂੰ ਰੀ-ਆਰਗੇਨਾਈਜ਼ ਕਰਨ ਦਾ ਐਲਾਨ ਕਰ ਦਿਤਾ। ਉਸਨੇ ਸਰਦਾਰ ਗਜਿੰਦਰ ਸਿੰਘ ਦੇ ਸੈਕਟਰੀ ਰਣਜੀਤ 'ਰਾਣਾ' ਨੂੰ ਪਾਰਟੀ ਦੀ ਹਜ਼ਾਰ ਤੋਂ ਵਧ ਪਾਊਂਡ ਰਕਮ ਗਬਨ ਕਰਨ ਤੇ ਭਾਰਤ ਸਰਕਾਰ ਨਾਲ ਸਾਜ਼ਬਾਜ਼ ਕਰਨ ਦੇ ਜੁਰਮ 'ਚ ਪਾਰਟੀ ਵਿਚੋਂ ਕੱਢ ਦਿਤਾ ਤੇ ਸਰਦਾਰ ਗਜਿੰਦਰ ਸਿੰਘ ਨੂੰ ਵੀ ਅਹੁਦੇ ਤੋਂ ਹਟਾ ਦਿਤਾ। ਦੂਜੇ ਪਾਸੇ ਸਰਦਾਰ ਗਜਿੰਦਰ ਸਿੰਘ ਨੇ ਸਰਦਾਰ ਮਨਮੋਹਨ ਸਿੰਘ ਨੂੰ ਕੱਢ ਦਿਤਾ। ਸਰਦਾਰ ਗਜਿੰਦਰ ਸਿੰਘ ਨਾਲ, ਪਰ, ਬਾਹਰੋਂ ਕਿਸੇ ਨੇ ਵੀ ਸਾਥ ਨਾ ਦਿਤਾ।

ਹਾਈਜੈਕਰਾਂ ਦੇ ਇਨ੍ਹਾਂ ਝਗੜਿਆਂ ਨਾਲ ਪਾਕਿਸਤਾਨ ਵਿਚ ਸਿੱਖਾਂ ਦੀ ਚੋਖੀ ਬਦਨਾਮੀ ਹੋਈ ਹੈ ਅਤੇ ਲਾਹੌਰ ਜੇਲ੍ਹ ਵਿਚੋਂ ਰਿਹਾ ਹੋ ਕੇ ਜਾਣ ਵਾਲੇ ਪਾਕਿਸਤਾਨੀ ਕੈਦੀ, ਇਨ੍ਹਾਂ ਦੀਆਂ ਲੜਾਈਆਂ ਦੀਆਂ ਕਹਾਣੀਆਂ, ਬਾਹਰ ਜਾ ਕੇ, ਲੂਣ ਮਿਰਚਾਂ ਲਾ ਕੇ ਸੁਣਾਉਂਦੇ ਹਨ। ਅਕਾਲ ਪੁਰਖ ਅਗੇ ਅਰਦਾਸ ਹੈ ਕਿ ਇਨ੍ਹਾਂ ਵਿਚ ਇਤਫਾਕ ਤੇ ਅਮਨ ਦੀ ਬਖਸ਼ਿਸ਼ ਕਰਨ।



ਸ੍ਰ: ਭਾਨ ਸਿੰਘ



ਹਾਈਜੈਕਿੰਗ ਦਾ ਦਲ ਖਾਲਸਾ ਤੇ ਅਸਰ

ਹਾਈਜੈਕਿੰਗ ਨਾਲ ਦਲ ਖਾਲਸਾ ਨੂੰ ਦੁਨੀਆਂ ਭਰ ਦੇ ਸਿਖਾਂ ਵਿਚ ਚੋਖੀ ਮਸ਼ਹੂਰੀ ਮਿਲੀ। ਕਈ ਮੁਲਕਾਂ ਦੇ ਸਿਖਾਂ ਵਿਚ ਇਸ ਜਥੇਬੰਦੀ ਦੇ ਹਮਦਰਦ ਪੈਦਾ ਹੋ ਗਏ। ਪਰ ਇਸ ਦਾ ਇਕ ਬੜਾ ਵੱਡਾ ਨੁਕਸਾਨ ਵੀ ਹੋਇਆ। ਇਹ ਨੁਕਸਾਨ ਸੀ ਬਦੇਸ਼ਾਂ ਦੀਆਂ ਸਰਕਾਰਾਂ ਵਲੋਂ ਦਲ ਖਾਲਸਾ ਨੂੰ 'ਦਹਿਸ਼ਤ-ਗਰਦਾਂ ਦੀ ਜਮਾਤ' ਗਰਦਾਨਿਆ ਜਾਣਾ। ਬਿਦੇਸ਼ੀ ਸਰਕਾਰਾਂ ਨੇ ਦਲ ਖਾਲਸਾ ਨੂੰ ਫਿਲਸਤੀਨੀਆਂ ਵਾਂਗ ਇਕ ਟੈਰੋਰਿਸਟ ਆਰਗੇਨਾਈਜ਼ੇਸ਼ਨ ਐਲਾਨ ਕੀਤਾ ਹੈ। ਕਿਸੇ ਵੀ ਮੁਲਕ ਵਿਚ ਦਲ ਖਾਲਸਾ ਦੇ ਮੈਂਬਰ ਨੂੰ ਸਿਆਸੀ ਪਨਾਹ ਨਹੀਂ ਮਿਲ ਸਕਦੀ। ਇਸ ਤੋਂ ਇਲਾਵਾ ਬਹੁਤ ਸਾਰੇ ਮੁਲਕਾਂ ਵਿਚ ਦਲ ਖਾਲਸਾ ਦੇ ਐਕਟਿਵ ਮੈਂਬਰਾਂ ਨੂੰ ਵੀਜ਼ਾ ਨਹੀਂ ਮਿਲ ਸਕਦਾ, ਭਾਵੇਂ ਉਹ ਸੈਰ ਕਰਨ, ਬਿਜਨਸ ਜਾਂ ਪੜ੍ਹਾਈ ਕਰਨ ਵਾਸਤੇ ਵੀ ਜਾਣਾ ਚਾਹੁਣ। ਸੋ ਸਮੁੱਚੇ ਤੌਰ ਤੇ ਹਾਈਜੈਕਿੰਗ ਦਲ ਖਾਲਸਾ ਵਾਸਤੇ ਘਾਟੇ-ਵੰਦੀ ਹੀ ਰਹੀ।



ਜਥੇਦਾਰ ਤਲਵਿੰਦਰ ਸਿੰਘ ਬੱਬਰ ਖਾਲਸਾ



(ਸੰਤ)ਜਰਨੈਲ ਸਿੰਘ ਭਿੰਡਰਾਂਵਾਲੇ

ਸਿਖ ਹਾਈਜੈਕਰਾਂ ਦਾ ਤੁਆਰਫ਼

29-9-1981 ਦੇ ਹਾਈਜੈਕਰ

1. ਸ: ਸਤਨਾਮ ਸਿੰਘ — (ਜਨਮ 29 ਅਗਸਤ 1951) ਪਿਤਾ: ਡਾਕਟਰ ਕਸ਼ਮੀਰ ਸਿੰਘ, ਮਾਤਾ: ਬੀਬੀ ਭਗਵੰਤ ਕੌਰ। ਦੋ ਛੋਟੇ ਭਰਾ ਤੇ ਦੋ ਛੋਟੀਆਂ ਭੈਣਾਂ। ਵਾਸੀ: ਪਾਉਂਟਾ ਸਾਹਿਬ, ਹਿਮਾਚਲ ਪਰਦੇਸ਼। ਮੁਖ ਪੰਚ ਦਲ ਖਾਲਸਾ (6 ਅਗਸਤ 1978 ਤੋਂ ਹੀ)।

2. ਸ: ਕਰਨ ਸਿੰਘ — (ਜਨਮ ਅਪਰੈਲ 1960) ਪਿਤਾ: ਸ: ਬਲਵੰਤ ਸਿੰਘ। ਤਿੰਨ ਭੈਣਾਂ, ਭਰਾ ਹੋਰ ਕੋਈ ਨਹੀਂ। ਵਾਸੀ:(ਪਹਿਲੋਂ ਸੋਦਵਾਨੀ, ਕਸ਼ਮੀਰ) ਨਿਊ ਪਲਾਟ, ਜੰਮੂ। ਮੈਂਬਰ ਵਰਕਿੰਗ ਕਮੇਟੀ ਦਲ ਖਾਲਸਾ।

3. ਸ: ਤੇਜਿੰਦਰਪਾਲ ਸਿੰਘ — (ਜਨਮ 5 ਜੂਨ 1952) ਪਿਤਾ: ਸ: ਹਰਬੰਸ ਸਿੰਘ, ਮਾਤਾ: ਬੀਬੀ ਪੂਰਨ ਕੌਰ। ਤਿੰਨ ਭਰਾ ਤੇ ਪੰਜ ਭੈਣਾਂ, ਸਾਰੇ ਵੱਡੇ ਹਨ। ਸ਼ਾਦੀ 1979 ਵਿਚ ਬੀਬੀ ਅਮਰਜੀਤ ਕੌਰ ਨਾਲ ਹੋਈ ਤੇ 22 ਸਿਤੰਬਰ 1980 ਨੂੰ ਲੜਕਾ ਪੈਦਾ ਹੋਇਆ। ਹਾਈਜੈਕਿੰਗ ਤੋਂ 13 ਦਿਨ ਪਹਿਲਾਂ ਜਲੰਧਰ ਵਿਚ ਸਟੇਸ਼ਨਰੀ ਦੀ ਦੁਕਾਨ ਖੋਹਲੀ ਜੋ ਦੂਜੇ ਦਿਨ ਹੀ ਬੰਦ ਕਰਨੀ ਪਈ। ਪਤਾ: ਆਪ ਜਲੰਧਰ ਸੀ ਪਰ ਪਿਤਾ ਜੀ ਕੈਨੇਡਾ ਵਿਚ ਰਹਿੰਦੇ ਹਨ।

4. ਸ: ਗਜਿੰਦਰ ਸਿੰਘ — (ਜਨਮ 19 ਨਵੰਬਰ 1951) ਪਿਤਾ: ਸ: ਮਨੋਹਰ ਸਿੰਘ ਮਾਤਾ: ਬੀਬੀ ਪੰਜਾਬ ਕੌਰ। ਸ਼ਾਦੀ 1980 ਵਿਚ ਹੋਈ ਤੇ ਇਕ ਬੇਟੀ 1 ਮਈ 1981 ਨੂੰ ਪੈਦਾ ਹੋਈ। ਪਹਿਲੋਂ ਪੰਜਾਬ ਸਰਕਾਰ ਦੇ ਸੈਕਟਰੀਏਟ 'ਚ ਕਲਰਕ ਸੀ ਪਰ ਮਗਰੋਂ ਨੌਕਰੀ ਛੁਟ ਗਈ। ਪਤਾ 3646, ਸੈਕਟਰ 23 ਡੀ ਚੰਡੀਗੜ। ਮੁਖ ਪੰਚ ਦਲ ਖਾਲਸਾ (ਦਿਸੰਬਰ 1978 ਤੋਂ ਬਾਅਦ)।

5. ਸ: ਜਸਬੀਰ ਸਿੰਘ — (ਜਨਮ 24 ਮਾਰਚ 1942) ਪਿਤਾ: ਸ: ਹੀਰਾ ਸਿੰਘ। ਦੋ ਵਡੇ ਤੇ ਇਕ ਛੋਟਾ ਭਰਾ ਅਤੇ ਦੋ ਵੱਡੀਆਂ ਤੇ ਇਕ ਛੋਟੀ ਭੈਣ। ਸ਼ਾਦੀ 1967 ਵਿਚ ਹੋਈ ਅਤੇ 2 ਲੜਕੇ ਤੇ 1 ਲੜਕੀ ਪੈਦਾ ਹੋਏ। ਪੰਜਾਬ ਐਂਡ ਸਿੰਧ ਬੈਂਕ ਮਨੌਲੀ 'ਚ ਗਾਰਡ ਵਜੋਂ ਤਾਈਨਾਤ ਸਨ। ਪਤਾ: ਪਿੰਡ ਤੇਪਲਾ, ਜ਼ਿਲਾ ਅੰਬਾਲਾ, ਹਰਿਆਣਾ।

ਸ: ਗੁਰਬਖ਼ਸ਼ ਸਿੰਘ

6. ਉਨ੍ਹਾਂ ਨੇ ਵੀ 4 ਅਗਸਤ 1982 ਨੂੰ ਹਾਈਜੈਕਿੰਗ ਦੀ ਇਕ ਨਾਕਾਮ ਕੋਸ਼ਿਸ਼ ਕੀਤੀ ਤੇ ਅਜਕਲ ਜੇਲ੍ਹ ਵਿਚ ਹਨ। ਉਨ੍ਹਾਂ ਉੱਤੇ ਪੁਰਾਣੇ, ਕਤਲ ਦੇ, ਦੋ ਮੁਕਦਮੇ ਹੋਰ ਚਲ ਰਹੇ ਹਨ।

ਸ: ਮਨਜੀਤ ਸਿੰਘ ਉਰਫ ਸ: ਮੁਹਿੰਦਰ ਸਿੰਘ:

7. ਉਨ੍ਹਾਂ 20 ਅਗਸਤ 1982 ਨੂੰ ਹਾਈਜੈਕਿੰਗ ਦੀ ਇਕ ਨਾਕਾਮਯਾਬ ਕੋਸ਼ਿਸ਼ ਕੀਤੀ। ਉਹ ਨਾਲ ਪਿਸਤੌਲ ਲਿਜਾਉਣ ਵਿਚ ਵੀ ਕਾਮਯਾਬ ਹੋ ਗਏ ਸਨ। ਰਾਜਾ ਸਾਂਸੀ ਹਵਾਈ ਅੱਡੇ ਤੇ ਵਾਪਸ ਜਹਾਜ਼ ਰੁਕਦਿਆਂ ਹੀ ਪਾਇਲਟ ਨੇ ਲੋਹੇ ਦੀ ਸਲਾਖ ਸਿਰ ਵਿਚ ਮਾਰ ਕੇ ਸ਼ਹੀਦ ਕਰ ਦਿਤਾ। ਮਗਰੋਂ ਸਰਕਾਰ ਨੇ ਪੁਲੀਸ ਦੀ ਗੋਲੀ ਨਾਲ ਮੌਤ ਹੋਣ ਦੀ ਕਹਾਣੀ ਘੜ ਲਈ।

5 ਜੁਲਾਈ 1984 ਦੇ ਹਾਈਜੈਕਰ:

8. **ਸ: ਪਰਮਿੰਦਰ ਸਿੰਘ** (ਉਰਫ ਹਰਦਨ ਮੱਲਾ) — ਜਨਮ 23 ਮਾਰਚ 1963, ਪਿਤਾ ਸ: ਅਰਜਨ ਸਿੰਘ, ਮਾਤਾ: ਬੀਬੀ ਹਰਮੀਤ ਕੌਰ। ਇਕ ਭਰਾ ਛੋਟਾ ਹੈ। ਪੰਜਾਬ ਇੰਜਨੀਅਰਿੰਗ ਕਾਲਜ ਚੰਡੀਗੜ੍ਹ 'ਚ ਪਹਿਲੇ ਸਾਲ 'ਚ ਪੜ੍ਹਦਾ ਸੀ। ਅਜ ਕਲ ਕੂਟ ਦੇ ਆਖਰੀ ਘਰ, ਫਾਂਸੀ ਦੀ ਕੋਠੜੀ ਨੰਬਰ 2, ਲਾਹੌਰ ਜੇਲ ਵਿਚ ਕੈਦ ਹੈ। ਪਤਾ: ਮਕਾਨ ਨੰਬਰ 2118 ਸੈਕਟਰ 19 ਸੀ ਚੰਡੀਗੜ੍ਹ।

9. **ਸ: ਦਲੀਪ ਸਿੰਘ** — (ਜਨਮ 20 ਅਪਰੈਲ 1953) ਪਿਤਾ: ਸ: ਗਿਆਨ ਸਿੰਘ, ਮਾਤਾ: ਬੀਬੀ ਅਮਰ ਕੌਰ। ਭਰਾ ਕੋਈ ਨਹੀਂ 4 ਭੈਣਾਂ ਹਨ। ਸ਼ਾਦੀ ਸ਼ੁਦਾ ਹੈ ਤੇ ਤਿੰਨ ਧੀਆਂ ਹਨ ਪੁੱਤਰ ਕੋਈ ਨਹੀਂ। ਹਾਈਜੈਕਿੰਗ ਵੇਲੇ ਧੀਆਂ ਦੀ ਉਮਰ 5 ਸਾਲ, 3 ਸਾਲ ਤੇ ਅੱਧਾ ਸਾਲ ਸੀ। ਪਿਤਾ ਜ਼ਮੀਂਦਾਰ ਹਨ ਤੇ ਪਿੰਡ ਦੇ ਸਰਪੰਚ ਹਨ। ਕੁਸ਼ਤੀ ਦਾ ਸੋਹਣਾ ਖਿਡਾਰੀ ਇੰਟਰ ਯੂਨੀਵਰਸਿਟੀ ਵਿਚ ਖੇਡ ਚੁਕਾ ਹੈ। ਪਤਾ: ਪਿੰਡ ਰਾਏਪੁਰ ਗੁੱਜਰਾਂ, ਡਾਕਖਾਨਾ ਦਾਵਲੇਹਾਰ, ਤਹਿਸੀਲ ਰਣਬੀਰ ਸਿੰਘ ਪੁਰਾ, ਜੰਮੂ। ਸਿਖ ਸਟੂਡੈਂਟਸ ਫੈਡਰੇਸ਼ਨ ਜੰਮੂ ਦਾ ਆਰਗੇਨਾਇਜ਼ਿੰਗ ਸੈਕਟਰੀ ਸੀ।

10 . **ਸ: ਮਨਜੀਤ ਸਿੰਘ ਬੱਬਰ** — (ਜਨਮ 30 ਅਕਤੂਬਰ 1955) ਪਿਤਾ: ਸ. ਕਰਨੈਲ ਸਿੰਘ, ਮਾਤਾ: ਬੀਬੀ ਰਤਨ ਕੌਰ। ਇਕ ਛੋਟਾ ਭਰਾ ਤੇ ਇਕ ਛੋਟੀ ਭੈਣ। ਸ਼ਾਦੀ ਸ. ਰਤਨ ਸਿੰਘ (ਪਿੰਡ ਚਗਰਾਂ, ਜ਼ਿਲਾ ਹੁਸ਼ਿਆਰਪੁਰ) ਦੇ ਘਰ ਜ. ਤਲਵਿੰਦਰ ਸਿੰਘ ਪਰਮਾਰ ਦੀ ਸਾਲੀ ਨਾਲ 1976 ਵਿਚ ਹੋਈ। ਸੰਨ 1981 ਵਿਚ ਬੱਚੀ ਤੇ 1983 ਵਿਚ ਬੇਟਾ ਪੈਦਾ ਹੋਇਆ। ਫੁਟਬਾਲ ਦਾ ਵਧੀਆ ਖਿਡਾਰੀ ਸੀ। ਪੁਲੀਸ ਵਿਚ ਫੁਟਬਾਲ ਦੀ ਖੇਡ ਕਰਕੇ ਹੀ ਏ.ਐਸ.ਆਈ. ਬਣਿਆ। ਅਖੀਰ ਦਰਬਾਰ ਸਾਹਿਬ ਤੇ ਹਮਲੇ ਮਗਰੋਂ ਨੌਕਰੀ ਨੂੰ ਲੱਤ ਮਾਰ ਕੇ ਹਾਈਜੈਕਿੰਗ 'ਚ ਸ਼ਾਮਲ ਹੋ ਗਿਆ। ਪਤਾ: ਪਿੰਡ ਜਲਵੇਹੜਾ (ਗੜ੍ਹਸ਼ੰਕਰ) ਜ਼ਿਲਾ ਹੁਸ਼ਿਆਰਪੁਰ।

11. **ਸ: ਮਲਾਗਰ ਸਿੰਘ ਬੱਬਰ** — (ਜਨਮ 10 ਮਈ 1965) ਪਿਤਾ: ਸ: ਮੋਹਨ ਸਿੰਘ, ਮਾਤਾ: ਬੀਬੀ ਮਹਿੰਦਰ ਕੌਰ। ਦੋ ਛੋਟੀਆਂ ਭੈਣਾਂ ਹਨ ਭਰਾ ਕੋਈ ਨਹੀਂ। ਹਾਈਜੈਕਿੰਗ ਵੇਲੇ ਬੀ.ਏ. ਪਾਰਟ ਵੰਨ 'ਚ ਪੜ੍ਹਦਾ ਸੀ। ਪਤਾ: ਸਮਾਣਾ ਕਲਾਂ, ਤਹਿਸੀਲ ਤੇ ਜ਼ਿਲਾ ਰੋਪੜ।

12. **ਸ: ਗੁਰਦੀਪ ਸਿੰਘ 'ਪਰਦੇਸੀ'** — (ਜਨਮ 5 ਜੂਨ 1956), ਪਿਤਾ: ਸ: ਅਜੀਤ ਸਿੰਘ, ਮਾਤਾ: ਬੀਬੀ ਗੁਰਬਖਸ਼ ਕੌਰ। ਦੋ ਵੱਡੇ ਤੇ ਇਕ ਛੋਟਾ ਭਰਾ ਅਤੇ 2 ਵੱਡੀਆਂ ਭੈਣਾਂ ਹਨ। ਬਜ਼ੁਰਗਾਂ ਦੀ ਟਰਾਂਸਪੋਰਟ ਦੀ ਬਿਜ਼ਨਸ ਹੈ। ਰੋਅਬ ਦਾਅਬ ਵਾਲਾ ਖਾੜਕੂ ਘਰ ਹੈ। ਪਤਾ: ਸੁੰਦਰਪੁਰ, ਡਾਕਖਾਨਾ ਰਣਬੀਰ ਸਿੰਘ ਪੁਰਾ, ਜੰਮੂ।

13. **ਸ: ਗੁਰਵਿੰਦਰ ਸਿੰਘ** — (ਜਨਮ 15 ਦਿਸੰਬਰ 1966), ਪਿਤਾ: ਸ: ਸਾਧੂ ਸਿੰਘ, ਮਾਤਾ: ਬੀਬੀ ਸੁਰਜੀਤ ਕੌਰ। ਤਿੰਨ ਵੱਡੇ ਤੇ ਇਕ ਛੋਟਾ ਭਰਾ ਅਤੇ ਤਿੰਨ ਵੱਡੀਆਂ ਭੈਣਾਂ ਹਨ। ਹਾਈਜੈਕਿੰਗ ਵੇਲੇ ਗੌਰਮਿੰਟ ਕਾਲਜ ਰੋਪੜ ਵਿਚ ਪ੍ਰੈਪ ਦਾ ਸਟੂਡੈਂਟ ਸੀ। ਪਤਾ: ਪਿੰਡ ਕੁੰਭੜਾ, ਤਹਿਸੀਲ ਖਰੜ। ਕੋਟ ਲਖਪਤ ਲਾਹੌਰ ਜੇਲ ਵਿਚ ਕੈਦ। (ਸਾਰੇ 14

ਹਾਈਜੈਕਰਾਂ ਵਿਚੋਂ ਸਭ ਤੋਂ ਛੋਟੀ ਉਮਰ ਦਾ ਹੈ।)

14. ਸ: ਹਰਭਜਨ ਸਿਘ — (ਜਨਮ 27 ਮਈ 1964), ਪਿਤਾ: ਸ: ਚਤਰ ਸਿਘ, ਮਾਤਾ: ਬੀਬੀ ਦਲਬੀਰ ਕੌਰ। ਦੋ ਛੋਟੇ ਤੇ ਦੋ ਵੱਡੇ ਭਰਾ ਅਤੇ 2 ਵਡੀਆਂ ਭੈਣਾਂ ਹਨ। ਮੈਟਰਿਕ ਪਾਸ ਕਰਨ ਮਗਰੋਂ, ਟੀ.ਵੀ. ਟਰੇਨਿੰਗ ਹਾਸਿਲ ਕੀਤੀ ਸੀ। ਬਜ਼ੁਰਗ ਬਿਜ਼ਨਸ ਕਰਦੇ ਹਨ। ਪਤਾ: 3311 ਸੈਕਟਰ 27 ਡੀ, ਚੰਡੀਗੜ੍ਹ।

15. ਸ: ਰਵਿੰਦਰ ਸਿਘ — (ਜਨਮ 1964) ਪਿਤਾ: ਸ: ਕ੍ਰਿਸਨ ਚੰਦਰ ਸਿਘ। ਇਕ ਭਰਾ ਤੇ ਦੋ ਭੈਣਾਂ ਹਨ। ਹਾਈਜੈਕਿੰਗ ਵੇਲੇ ਬੀ. ਏ. ਫਾਈਨਲ ਵਿਚ ਪੜ੍ਹ ਰਿਹਾ ਸੀ ਪਤਾ: ਜੰਮੂ।

16. ਸ: ਹਰਮਿੰਦਰ ਸਿਘ — (ਜਨਮ 1964) ਪਿਤਾ: ਸ: ਕੁਲਵੰਤ ਸਿਘ। ਹਾਈਜੈਕਿੰਗ ਵੇਲੇ ਰੀਜਨਲ ਇੰਜਨੀਅਰਿੰਗ ਕਾਲਜ ਸ੍ਰੀਨਗਰ 'ਚ ਪੜ੍ਹ ਰਿਹਾ ਸੀ। ਤਿੰਨ ਭਰਾ ਤੇ ਇਕ ਭੈਣ ਹਨ। ਪਤਾ: ਸ੍ਰੀਨਗਰ।

24 ਅਗਸਤ 1984 ਦੀ ਹਾਈਜੈਕਿੰਗ

17. ਸ: ਤੇਜਿੰਦਰ ਸਿਘ — ਉਰਫ ਕੇ. ਸੀ. , ਪਿਤਾ: ਗੌਰਮਿੰਟ ਪ੍ਰੈਸ ਚੰਡੀਗੜ੍ਹ, ਵਿਚ ਨੌਕਰੀ ਕਰਦੇ ਸੀ।

18.ਸ: ਅਮਰਿੰਦਰ ਸਿਘ ਉਰਫ ਮੋਟੂ— ਗੁਰੂ ਗੋਬਿੰਦ ਸਿਘ ਕਾਲਜ ਚੰਡੀਗੜ੍ਹ 'ਚ ਪ੍ਰੀ-ਇੰਜਨੀਅਰਿੰਗ 'ਚ ਪੜ੍ਹ ਰਿਹਾ ਸੀ। ਪਿਤਾ ਸਾਬਕ ਫੌਜੀ ਅਫਸਰ ਹਨ।

19. ਸ: ਕੰਵਲਜੀਤ ਸਿਘ ਸੰਧੂ — ਆਰਟਸ ਕਾਲਜ ਚੰਡੀਗੜ੍ਹ 'ਚ ਦੂਜੇ ਸਾਲ 'ਚ ਪੜ੍ਹ ਰਿਹਾ ਸੀ। ਫੈਡਰੇਸ਼ਨ ਦਾ ਸਰਗਰਮ ਵਰਕਰ ਸੀ।

20. ਸ: ਮਾਨ ਸਿਘ ਬੰਗਾ — ਪਿੰਡ ਸੈਣੀਆਂ (ਨੇੜੇ ਚੰਡੀਗੜ੍ਹ) ਖੇਤੀ ਬਾੜੀ ਕਰਦਾ ਸੀ।

21. ਸ: ਦੇਵਿੰਦਰ ਸਿਘ ਬੰਗਾ ਉਰਫ ਛੋਟੀ — ਬੀ. ਏ. ਫਾਈਨਲ ਦਾ ਇਮਤਿਹਾਨ ਦਿਤਾ ਸੀ।

22. ਸ: ਅਵਤਾਰ ਸਿਘ — ਸੈਕਟਰ 30 ਵਿਚ ਰਾਜਗੀਰੀ ਕਰਦਾ ਸੀ।

23. ਸ: ਸੁਰਿੰਦਰ ਸਿਘ — ਟਰੱਕ ਡਰਾਈਵਰ ਦਾ ਕਿੱਤਾ ਕਰਦਾ ਸੀ।

ਹਾਈਜੈਕਰਾਂ ਦੇ ਮੁਕਦਮੇ ਦਾ ਫ਼ੈਸਲਾ

ਬ - ਅਦਾਲਤ ਚੌਧਰੀ ਫ਼ਜ਼ਲ ਕਰੀਮ, ਜੱਜ,
ਸਪੈਸ਼ਲ ਕੋਰਟ ਪੰਜਾਬ, ਲਾਹੌਰ
ਸਪੈਸ਼ਲ ਕੇਸ ਨੰਬਰ 15, ਸੰਨ 1985

ਫੈਸਲਾ

ਗਜਿੰਦਰ ਸਿੰਘ ਉਮਰ 33 ਸਾਲ, ਜਸਬੀਰ ਸਿੰਘ ਉਮਰ 43 ਸਾਲ, ਕਰਨ ਸਿੰਘ ਉਮਰ 26 ਸਾਲ, ਤਜਿੰਦਰ ਪਾਲ ਸਿੰਘ ਉਮਰ 33 ਸਾਲ, ਸਤਨਾਮ ਸਿੰਘ ਉਮਰ 33 ਸਾਲ — ਸਾਰੇ ਹਿੰਦੁਸਤਾਨੀ ਸ਼ਹਿਰੀਆਂ ਉੱਤੇ ਤਾਜ਼ੀ-ਰਾਤੇ ਪਾਕਿਸਤਾਨ ਦੀ ਦਫ਼ਾ 402 ਬੀ ਅਤੇ ਦਫ਼ਾ 34 ਹੇਠ ਫ਼ਰਦ ਜੁਰਮ ਲਾਕੇ ਮੁਕਦਮਾ ਚਲਾਇਆ ਗਿਆ। ਫਰਦ ਜੁਰਮ ਮੁਤਾਬਿਕ.

'ਤੁਸੀ ਇਕ ਸਾਂਝੇ ਇਰਾਦੇ ਹੇਠ ਸਿਤੰਬਰ 1981 ਨੂੰ ਦੁਪਹਿਰ ਦੇ 12 ਵਜ ਕੇ 45 ਮਿਟ ਤੇ ਭਾਰਤ ਦਾ 737 ਬੋਇੰਗ ਜਹਾਜ਼, ਨਵੀਂ ਦਿੱਲੀ ਤੋਂ ਸਿਰੀ ਨਗਰ ਜਾਂਦਿਆਂ ਹੋਇਆ, ਲਾਹੌਰ ਨੂੰ ਹਾਈਜੈਕ ਕਰਕੇ ਲਿਆਂਦਾ ਅਤੇ ਇਸ ਤਰਾਂ ਤੁਸੀਂ ਤਾਜ਼ੀ-ਰਾਤੇ ਪਾਕਿਸਤਾਨ ਦੀ ਦਫ਼ਾ 402 ਬੀ ਅਤੇ ਦਫ਼ਾ 34 ਹੇਠ ਕਾਲਬੇ-ਸਜ਼ਾ ਜੁਰਮ ਕੀਤਾ।'

2. ਸਾਰੇ ਮੁਲਜ਼ਮਾਂ ਨੇ ਇਸ ਜੁਰਮ ਨੂੰ ਕਬੂਲ ਕਰਨ ਤੋਂ ਇਨਕਾਰ ਕੀਤਾ।

3. ਇਹ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਇਨ੍ਹਾਂ ਸਾਰਿਆਂ ਮੁਲਜ਼ਮਾਂ ਉੱਤੇ ਤਾਜ਼ੀ-ਰਾਤੇ ਪਾਕਿਸਤਾਨ ਦੀ ਦਫ਼ਾ 402 ਬੀ ਅਤੇ ਦਫ਼ਾ 149 ਹੇਠ ਮੁਕਦਮਾ ਚਲਾਇਆ ਗਿਆ ਸੀ। ਪਰ ਮੁਲਜ਼ਮਾਂ ਦੇ ਇਕ ਵਕੀਲ ਮਿਸਟਰ ਵਸੀਮ ਸੱਜਾਦ ਐਡਵੋਕੇਟ ਵਲੋਂ ਦਰਖਾਸਤ ਦਿਤੇ ਜਾਣ ਤੇ ਇਹ ਗੱਲ ਸਾਹਮਣੇ ਆਈ ਕਿ ਤਾਜ਼ੀ-ਰਾਤੇ ਪਾਕਿਸਤਾਨ ਦੀ ਦਫ਼ਾ 149 ਇਕ ਵਿਕੋਲਿਤਰਾ ਅਤੇ ਮਖ਼ਸੂਸ ਜੁਰਮ ਹੈ ਅਤੇ ਇਹ ਦਫ਼ਾ 'ਦਹਿਸ਼ਤ ਵਾਲੀਆਂ ਕਾਰਵਾਈਆਂ ਰੋਕੂ (ਸਪੈਸ਼ਲ ਅਦਾਲਤਾਂ) ਕਾਨੂੰਨ 1975' ਦੀ ਸ਼ਡਿਊਲ ਵਿਚ ਸ਼ਾਮਿਲ ਨਹੀਂ ਹੈ। ਚੂੰਕਿ ਮੁਲਜ਼ਮਾਂ ਉੱਤੇ ਇਸੇ ਕਾਨੂੰਨ ਤਹਿਤ ਮੁਕਦਮਾ ਚਲਾਇਆ ਜਾ ਰਿਹਾ ਹੈ,

In the Court of Ch. [illegible], Judge, Special Court [illegible], Lahore.

Special Case No. 3[illegible] of 198[illegible].

JUDGMENT.

[illegible] Singh, aged 33, Jasbir Singh aged 43, Karan Singh aged 27, Tejinder Pal Singh, aged 31, and Satnam Singh, aged [illegible], all Indian nationals, have been charged with and tried for an offence against section 402-B read with section 34 of the P.P.C. The charge reads as follows:-

"That you in furtherance of the common intention of you all, committed the offence of hijacking at about 12.45 P.M. on 29.9.1981 by hijacking an Indian aircraft Boeing 737 to Lahore when the same was in flight on its way from New Delhi to Srinagar and thereby committed an offence punishable under section 402-B read with section 34 of the Pakistan Penal Code".

2. All the accused persons pleaded not guilty to the charge.

3. It should be mentioned here that the accused persons were sent up to stand their trial under section 402-B read with section 149 of the P.P.C. On the application made by Mr. [illegible], Advocate, one of the counsel for the accused persons, it was, however, found that as section 149 of the P.P.C. was a distinct and specific offence and was not included in the schedule to the Suppression of the Terrorist Activities (Special Courts) Act, 1975, under which all the accused persons are being tried, section 149 was not a

ਇਸ ਕਰਕੇ ਇਸ ਕਾਨੂੰਨ ਦੀ ਦਫਾ 2 ਮੁਤਾਬਿਕ, ਤਾਜ਼ੀ-ਰਾਤੇ ਪਾਕਿਸਤਾਨ ਦੀ ਦਫਾ 149 ਇਸ ਕਾਨੂੰਨ ਦੀ ਜ਼ਦ ਵਿਚ ਨਹੀਂ ਆਉਂਦੀ ਅਤੇ ਅਦਾਲਤ ਦੇ ਦਾਇਰੇ ਤੋਂ ਬਾਹਰ ਹੈ। ਇਸ ਗੱਲ ਨੂੰ ਮੱਦੇ-ਨਜ਼ਰ ਰਖਦਿਆਂ 24 ਅਪਰੈਲ 1985 ਦੇ ਅਦਾਲਤੀ ਹੁਕਮ ਹੇਠ ਮੁਲਜ਼ਮਾਂ ਦੇ ਖਿਲਾਫ਼ ਤਾਜ਼ੀ-ਰਾਤੇ ਪਾਕਿਸਤਾਨ ਦੀ ਦਫਾ 402 ਬੀ ਅਤੇ ਦਫਾ 34 ਹੇਠ ਕਾਰਵਾਈ ਕੀਤੀ ਗਈ।

3 ਇਸ ਵਾਰਦਾਤ ਦੀ ਪਹਿਲੀ ਰਪਟ (ਐਫ. ਆਈ. ਆਰ.) ਲਾਹੌਰ ਹਵਾਈ ਅੱਡੇ ਦੇ ਮੈਨੇਜਰ ਅਤੇ ਸਿਵਲ ਐਵੀਏਸ਼ਨ ਦੇ ਰਿਜਨਲ ਡਾਇਰੈਕਟਰ ਮਿਸਟਰ ਸ਼ਾਹਿਦ ਰਜ਼ਾ ਵਲੋਂ 29 ਸਿਤੰਬਰ 1981 ਨੂੰ ਤਿੰਨ ਵਜੇ ਦੁਪਹਿਰੇ, ਨਾਰਥ ਕੰਟੋਨਮੈਂਟ ਥਾਨੇ ਦੇ ਐਸ. ਐਚ. ਓ. ਨਜ਼ਰ ਹੁਸੈਨ ਨੂੰ ਲਿਖਾਈ ਗਈ। ਇਹ ਰਿਪੋਰਟ ਇਜ ਸੀ

'29 ਸਿਤੰਬਰ 1981 ਨੂੰ ਦੁਪਹਿਰ ਦੇ 12 ਵਜ ਕੇ 35 ਮਿਟ ਤੇ ਲਾਹੌਰ ਹਵਾਈ ਅੱਡੇ ਦੇ ਸਟੇਸ਼ਨ ਏਅਰ ਟਰੈਫਿਕ ਅਫਸਰ ਮਿਸਟਰ ਨੁਸਰਤ ਨੇ ਏਅਰ ਟਰੈਫਿਕ ਕੰਟਰੋਲ ਟਾਵਰ ਤੋਂ ਮਿਸਟਰ ਸ਼ਾਹਿਦ ਰਜ਼ਾ ਨੂੰ ਦਸਿਆ ਕਿ ਇੰਡੀਅਨ ਏਅਰਲਾਈਨਜ਼ ਦਾ ਆਈ. ਸੀ. 423 ਫਲਾਈਟ ਵਾਲਾ ਜਹਾਜ਼ ਲਾਹੌਰ ਹਵਾਈ ਅੱਡੇ ਤੇ ਉਤਰਨ ਦੀ ਇਜਾਜ਼ਤ ਮੰਗ ਰਿਹਾ ਹੈ। ਕਿਉਂ ਕਿ ਜਹਾਜ਼ ਕੋਲ ਤੇਲ ਦੀ ਕਮੀ ਹੈ ਅਤੇ ਅੰਮ੍ਰਿਤਸਰ ਦਾ ਹਵਾਈ ਅੱਡਾ ਬੰਦ ਹੈ। ਉਸਨੇ ਇਹ ਵੀ ਇਤਲਾਹ ਦਿਤੀ ਕਿ ਜਹਾਜ਼ ਵਿਚ ਐਮਰਜੰਸੀ ਦੀ ਇਤਲਾਹ ਦੇ ਦਿਤੀ ਗਈ ਹੈ। ਮਿਸਟਰ ਸ਼ਾਹਿਦ ਰਜ਼ਾ ਨੇ ਮਿਸਟਰ ਨੁਸਰਤ ਨੂੰ ਦਸਿਆ ਕਿ ਪਹਿਲੇ ਇਹ ਪਤਾ ਕੀਤਾ ਜਾਵੇ ਕਿ ਜਹਾਜ਼ ਕਿਥੋਂ ਚਲਿਆ ਸੀ ਅਤੇ ਕਿਥੇ ਪੁਜਣਾ ਸੀ। ਜਨਰਲ ਸਿਵਲ ਐਵੀਏਸ਼ਨ ਦੇ ਡਾਇਰੈਕਟਰ ਤੋਂ ਜ਼ਰੂਰੀ ਇਜਾਜ਼ਤ ਹਾਸਿਲ ਕਰਨ ਵਾਸਤੇ ਇਹ ਵਾਕਫੀ ਹਾਸਿਲ ਕਰਨਾ ਜ਼ਰੂਰੀ ਸਮਝਿਆ ਗਿਆ ਸੀ। ਇਸ ਦੌਰਾਨ ਹੀ ਮਿਸਟਰ ਸ਼ਾਹਿਦ ਰਜ਼ਾ ਨੇ ਜਨਰਲ ਸਿਵਲ ਐਵੀਏਸ਼ਨ ਦੇ ਡਾਇਰੈਕਟਰ ਨਾਲ ਰਾਬਤਾ ਕਰਨ ਦੀ ਕੋਸ਼ਿਸ਼ ਕੀਤੀ ਪਰ ਪਤਾ ਲਗਾ ਕਿ ਉਹ ਕਿਸੇ ਮੀਟਿੰਗ ਵਿਚ ਸ਼ਾਮਿਲ ਹੋਣ ਵਾਸਤੇ ਰਾਵਲਪਿੰਡੀ ਗਿਆ ਹੋਇਆ ਹੈ। ਪੌਣੇ ਇਕ ਵਜੇ ਮਿਸਟਰ ਨੁਸਰਤ ਨੇ ਦੋਬਾਰਾ ਇਤਲਾਹ ਦਿਤੀ ਕਿ ਜਹਾਜ਼ ਪਟੜੀ ਦੇ ਨੇੜੇ, ਉਤਰਨ ਦੇ ਆਖਰੀ ਪੜਾਆ ਦੇ ਕੋਲ ਨਜ਼ਰ ਆ ਰਿਹਾ ਹੈ ਅਤੇ ਉਸ ਨਾਲ ਰਾਬਤਾ ਨਹੀਂ ਬਣ ਰਿਹਾ। ਤਕਰੀਬਨ 12 ਵਜਕੇ 50 ਮਿਟ ਤੇ ਮਿਸਟਰ ਨੁਸਰਤ ਨੇ ਮਿਸਟਰ ਸ਼ਾਹਿਦ ਰਜ਼ਾ ਨੂੰ ਫੇਰ ਇਤਲਾਹ ਦਿਤੀ ਕਿ ਜਹਾਜ਼ ਲਾਹੌਰ ਹਵਾਈ ਅੱਡੇ ਤੇ ਉਤਰ ਚੁਕਾ ਹੈ ਅਤੇ ਉਸ ਨੂੰ ਜਹਾਜ਼ ਤੋਂ ਇਤਲਾਹ ਮਿਲੀ ਹੈ ਕਿ ਜਹਾਜ਼ ਨੂੰ ਹਾਈਜੈਕ ਕੀਤਾ ਗਿਆ ਹੈ। ਤਕਰੀਬਨ ਇਕ ਵਜਕੇ 5 ਮਿਟ ਤੇ ਮਿਸਟਰ ਸ਼ਾਹਿਦ ਰਜ਼ਾ ਦੀ ਜਨਰਲ ਸਿਵਲ ਐਵੀਏਸ਼ਨ ਦੇ ਡਾਇਰੈਕਟਰ ਨਾਲ

ਗੱਲਬਾਤ ਹੋਈ। ਇਕ ਵਜ ਕੇ 23 ਮਿੰਟ ਤੇ ਮਿਸਟਰ ਨੁਸਰਤ ਨੇ ਮਿਸਟਰ ਸ਼ਾਹਿਦ ਰਜ਼ਾ ਨਾਲ ਮੁੜ ਰਾਬਤਾ ਬਣਾਇਆ ਅਤੇ ਦਸਿਆ ਕਿ ਗਜਿੰਦਰ ਸਿੰਘ ਨਾਂ ਦੇ ਇਕ ਸ਼ਖਸ ਨੇ ਉਸ ਨੂੰ ਦਸਿਆ ਹੈ ਕਿ ਉਹ ਜਹਾਜ਼ ਨੂੰ ਲਾਹੌਰ ਲੈਕੇ ਆਏ ਹਨ ਤਾਂ ਜੋ ਦੁਨੀਆਂ ਨੂੰ ਖਾਲਿਸਤਾਨ ਤਹਿਰੀਕ ਬਾਰੇ ਪਤਾ ਲਗ ਸਕੇ। ਗਜਿੰਦਰ ਨੇ ਇਹ ਵੀ ਦਸਿਆ ਕਿ ਉਨ੍ਹਾਂ ਦੇ ਆਗੂ (ਸੰਤ) ਜਰਨੈਲ ਸਿੰਘ ਭਿੰਡਰਾਂਵਾਲਾ ਨੂੰ ਹਿੰਦੁਸਤਾਨ ਦੀ ਸਰਕਾਰ ਨੇ ਕੈਦ ਕਰ ਲਿਆ ਹੈ ਅਤੇ ਹਿੰਦੁਸਤਾਨ ਦੀ ਸਰਕਾਰ ਨੇ ਤਕਰੀਬਨ 100 ਸਿਖਾਂ ਨੂੰ ਕਤਲ ਕਰ ਦਿਤਾ ਹੈ। ਸਾਡਾ ਨਿਸ਼ਾਨਾ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆ ਦੀ ਰਿਹਾਈ ਹੈ। ਜਹਾਜ਼ ਨੂੰ ਇਕ ਨਾ-ਇਸਤੇਮਾਲ ਹੋਣ ਵਾਲੀ ਪਟੜੀ ਤੇ ਪਾਰਕ ਕਰਨ ਦੀ ਇਜਾਜ਼ਤ ਦੇ ਦਿਤੀ ਗਈ। ਮਿਸਟਰ ਨੁਸਰਤ ਦੇ ਮੁਤਾਬਿਕ ਗਜਿੰਦਰ ਅਤੇ ਉਸ ਦੇ ਸਾਥੀਆ ਨੇ ਆਪਣੀਆ ਮੰਗਾਂ ਬਾਰੇ ਪਾਕਿਸਤਾਨ ਦੇ ਕਿਸੇ ਵੱਡੇ ਹਾਕਮ ਨਾਲ ਗਲਬਾਤ ਕੀਤੇ ਬਿਨਾ ਜਹਾਜ਼ ਦੇ ਮੁਸਾਫਿਰਾ ਨੂੰ ਜਹਾਜ਼ ਵਿਚੋਂ ਬਾਹਰ ਨਿਕਲਣ ਦੀ ਇਜਾਜ਼ਤ ਦੇਣੋਂ ਨਾਂਹ ਕਰ ਦਿਤੀ।

4. ਇਸ ਰਿਪੋਰਟ ਦੀ ਬਿਨਾ ਤੇ ਨਜ਼ਰ ਹੁਸੈਨ ਐਸ. ਐਚ. ਓ. ਨੇ ਸੋਚਿਆ ਕਿ ਮੁਲਜ਼ਮਾਂ ਤੇ, ਮਾਰਸ਼ਲ ਲਾਅ ਰੈਗੂਲੇਸ਼ਨ ਨੰਬਰ 29 ਦੀ ਦਫਾ 364, ਪਾਕਿਸਤਾਨ ਪੀਨਲ ਕੋਡ ਦੀ ਦਫਾ 120 ਬੀ, ਐਂਟਰੀ ਇਨ੍ਹੂ ਪਾਕਿਸਤਾਨ ਦੀ ਦਫਾ 4, ਬਦੇਸ਼ੀਆਂ ਬਾਰੇ ਕਾਨੂੰਨ ਦੀ ਦਫਾ 14 ਹੇਠ ਕਈ ਜੁਰਮ ਬਣਦੇ ਹਨ।

5. ਇੰਡੀਅਨ ਏਅਰ ਲਾਈਨਜ਼ ਦਾ ਹਵਾਈ ਜਹਾਜ਼ 30.9.1981 ਸਵੇਰ ਦੇ 8 ਵਜੇ ਤਕ ਉਦੋਂ ਤਕ ਮੁਲਜ਼ਮਾਂ ਦੇ ਇਖਤਿਆਰ ਹੇਠ ਰਿਹਾ ਜਦੋਂ ਤਕ ਬਰਗੇਡੀਅਰ ਤਾਰਿਕ ਮੁਹੰਮਦ (ਜੋ ਇਸਤਗਾਸਾ ਦੇ ਗਵਾਹ ਨੰਬਰ 11 ਵਜੋਂ ਭੁਗਤਿਆ ਹੈ) ਦੀ ਅਗਵਾਈ ਹੇਠ ਕਮਾਂਡੋ ਐਕਸ਼ਨ ਵਿਚ ਮੁਲਜ਼ਮਾਂ ਵਿਚੋਂ ਤਿੰਨ ਜਣਿਆਂ ਨੂੰ ਕਾਬੂ ਕਰ ਲਿਆ ਗਿਆ। ਇਸ ਤਰ੍ਹਾਂ ਮੁਸਾਫਿਰਾਂ ਅਤੇ ਅਮਲੇ ਨੂੰ ਆਜ਼ਾਦ ਕੀਤਾ ਗਿਆ।

6. ਕੇਸ ਦੀ ਛਾਣਬੀਨ ਕੁਝ ਹਦ ਤਕ ਨਜ਼ਰ ਹੁਸੈਨ ਐਸ. ਐਚ. ਓ. (ਇਸਤਗਾਸਾ ਦਾ ਗਵਾਹ ਨੰਬਰ 6) ਅਤੇ ਕੁਝ ਹਦ ਤਕ ਡੀ. ਐਸ. ਪੀ. ਮੁਹੰਮਦ ਸਫਦਰ ਖਾਨ (ਜੋ ਹੁਣ ਨੌਕਰੀ ਤੋਂ ਰਿਟਾਇਰ ਹੋ ਚੁਕੇ ਹਨ) ਨੇ ਕੀਤੀ ਸੀ। ਉਸ ਮੁਤਾਬਿਕ ਵਾਕਿਆਤ ਇਜ ਹਨ:

'ਇੰਡੀਅਨ ਏਅਰ ਲਾਈਨਜ਼ ਦਾ ਬੋਇੰਗ 737 ਫਲਾਈਟ ਨੰਬਰ ਆਈ. ਸੀ. 423 ਹਾਈਜੈਕ ਕੀਤਾ ਗਿਆ। ਇਹ 29-9-1981 ਨੂੰ ਪਾਲਮ ਹਵਾਈ ਅੱਡਾ ਨਵੀਂ ਦਿੱਲੀ

ਤੋਂ ਸ੍ਰੀਨਗਰ ਵਾਸਤੇ ਉਡਿਆ। ਮੁਲਜ਼ਮ ਜਹਾਜ਼ ਵਿਚ ਮੁਸਾਫਿਰਾਂ ਵਜੋਂ ਸਵਾਰ ਹੋਏ। ਜਹਾਜ਼ ਵਿਚ 107 ਬਾਲਗ ਅਤੇ 4 ਬੱਚੇ ਮੁਸਾਫਿਰ ਸਨ ਅਤੇ ਐਸ. ਐਮ. ਡੋਂਬਲਾ ਕੈਪਟਨ ਸੀ. ਟੀ. ਪੀ. ਸਿਨਹਾ (ਇਸਤਗਾਸਾ ਦਾ ਗਵਾਹ ਨੰਬਰ 1) ਕੋ-ਪਾਇਲਟ ਸੀ, ਮਹਿਤਾ ਸਟੂਅਰਡ ਸੀ ਤੇ ਏ-ਕੁਮਾਰ (ਇਸਤਗਾਸਾ ਦਾ ਗਵਾਹ ਨੰਬਰ 2), ਰਜਨੀ (ਇਸਤਗਾਸਾ ਦਾ ਗਵਾਹ ਨੰਬਰ 3) ਤੇ ਮਿਸ ਹਸਕਰ ਏਅਰ ਹੋਸਟੈਸਜ਼ ਜਹਾਜ਼ ਦਾ ਅਮਲਾ ਸਨ। ਜਦੋਂ ਜਹਾਜ਼ 22000 ਫੁਟ ਉਚਾਈ ਤੇ ਉਡ ਰਿਹਾ ਸੀ ਅਤੇ ਭਾਰਤੀ ਹਦੂਦ 'ਚ ਮੰਡੀ ਤੋਂ ਜ਼ਰਾ ਕੁ ਪਿਛੇ ਸੀ ਤਾਂ ਮੁਲਜ਼ਮ ਗਜਿੰਦਰ ਸਿਘ ਤੇ ਜਸਬੀਰ ਸਿਘ ਹੱਥਾਂ ਵਿਚ ਕਿਰਪਾਨਾਂ ਲਹਿਰਾਉਂਦੇ ਹੋਏ ਕਾਕਪਿਟ 'ਚ ਜਬਰੀ ਵੜ ਗਏ। ਉਨ੍ਹਾ ਕੈਪਟਨ ਟੀ. ਪੀ. ਸਿਨਹਾ ਅਤੇ ਡੋਂਬਲਾ ਨੂੰ ਹੁਕਮ ਕੀਤਾ ਕਿ ਉਹ ਜਹਾਜ਼ ਨੂੰ ਲਾਹੌਰ ਵਲ ਮੋੜ ਲਵੇ ਅਤੇ ਕਿਹਾ ਕਿ ਜੇ ਉਨ੍ਹਾ ਨੇ ਉਨ੍ਹਾ ਦੀ ਗੱਲ ਨਾ ਮੰਨੀ ਤਾਂ ਉਹ ਉਹਨਾ ਨੂੰ ਖਤਮ ਕਰ ਦੇਣਗੇ ਅਤੇ ਜਹਾਜ਼ ਉਡਾ ਦੇਣਗੇ। ਜਿਉਂ ਹੀ ਉਹ ਕਾਕਪਿਟ 'ਚ ਵੜੇ, ਉਨ੍ਹਾ ਦੇ ਸਾਥੀ ਮੁਲਜ਼ਮ, ਜਿਹੜੇ ਉਸ ਵਕਤ ਜਹਾਜ਼ ਦੀ ਕੈਬਿਨ ਵਿਚ ਸਨ, ਉਠ ਖੜੇ ਹੋਏ ਅਤੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾਉਣ ਲਗ ਪਏ ਅਤੇ ਹਰ ਇਕ ਨੂੰ ਧਮਕਾਉਣਾ ਸ਼ੁਰੂ ਕਰ ਦਿਤਾ। ਇਉਂ ਮੁਲਜ਼ਮ ਜਹਾਜ਼ ਨੂੰ ਲਾਹੌਰ ਲੈ ਆਏ ਅਤੇ ਲਾਹੌਰ ਦੇ ਹਾਕਮਾਂ ਦੀ ਅਗਾਊਂ ਇਜਾਜ਼ਤ ਤੋਂ ਬਿਨਾ ਧੱਕੇ ਨਾਲ ਇਸ ਨੂੰ ਲਾਹੌਰ ਹਵਾਈ ਅੱਡੇ ਤੇ ਉਤਾਰ ਲਿਆ।

7. ਜਿਵੇਂ ਕਿ ਉਪਰ ਦਸਿਆ ਗਿਆ ਹੈ ਕਿ ਜਦੋਂ ਬਰਗੇਡੀਅਰ ਤਾਰਿਕ ਮੁਹੰਮਦ ਦੀ ਅਗਵਾਈ 'ਚ ਕਮਾਂਡੋ ਐਕਸ਼ਨ ਹੋਇਆ ਉਦੋਂ ਮੁਲਜ਼ਮਾ ਵਿਚੋਂ ਤਿੰਨ ਜਣੇ ਜਹਾਜ਼ ਵਿਚ ਸਵਾਰ ਸਨ। ਉਹ ਸਨ ਸਤਨਾਮ ਸਿਘ, ਜਸਬੀਰ ਸਿਘ, ਗਜਿੰਦਰ ਸਿਘ। ਕਾਰਵਾਈ ਦੌਰਾਨ ਸਤਨਾਮ ਸਿਘ ਤੇ ਜਸਬੀਰ ਸਿਘ ਕਮਾਂਡੋਜ਼ ਨਾਲ ਹਥੋਪਾਈ ਹੋਏ ਤੇ ਉਨ੍ਹਾ ਨੂੰ ਮਾਮੂਲੀ ਜਹੀਆ ਸੱਟਾ ਲਗੀਆ। ਉਸ ਵੇਲੇ ਸਤਨਾਮ ਸਿਘ ਦੇ ਹੱਥ ਵਿਚ ਕਿਰਪਾਨ (ਪੀ. 1) ਅਤੇ ਜਸਬੀਰ ਸਿਘ ਦੇ ਹੱਥ ਵਿਚ ਕਿਰਪਾਨ (ਪੀ. 2) ਸੀ। ਬਰਗੇਡੀਅਰ ਤਾਰਿਕ ਮੁਹੰਮਦ ਨੇ ਇਹ ਦੋਵੇਂ ਕਿਰਪਾਨਾ ਉਨ੍ਹਾ ਤੋਂ ਲੈ ਲਈਆ। ਫਿਰ ਤਾਰਿਕ ਮੁਹੰਮਦ ਇਨਾਂ ਤਿੰਨਾਂ ਮੁਲਜ਼ਮਾ ਨੂੰ ਜਹਾਜ਼ ਤੋਂ ਬਾਹਰ ਲਿਆਇਆ ਅਤੇ ਉਨ੍ਹਾ ਕਿਰਪਾਨਾਂ (ਪੀ.1 ਅਤੇ ਪੀ. 2) ਨੂੰ ਪੁਲੀਸ ਨੂੰ ਸੌਂਪ ਦਿਤਾ। ਕਿਰਪਾਨਾਂ ਨੂੰ ਡੀ. ਐਸ. ਪੀ. ਮੁਹੰਮਦ ਸਫਦਰ ਖਾਨ (ਇਸਤਗਾਸਾ ਦਾ ਗਵਾਹ ਨੰਬਰ 12) ਨੇ ਤਰਤੀਬਵਾਰ ਐਕਸ. ਪੀ ਬੀ. ਅਤੇ ਐਕਸ. ਪੀ. ਸੀ. ਮੀਮੋ ਬਣਾ ਕੇ ਕਬਜ਼ੇ ਵਿਚ ਲੈ ਲਿਆ। ਕਮਾਂਡੋ ਐਕਸ਼ਨ ਤੋਂ ਪਹਿਲਾਂ ਮੁਲਜ਼ਮਾਂ ਤਜਿੰਦਰਪਾਲ ਸਿਘ ਅਤੇ ਕਰਨ ਸਿਘ ਨੇ ਦਰਖਾਸਤ ਕੀਤੀ ਕਿ ਉਹ ਨਹਾਉਣਾ ਚਾਹੁੰਣਗੇ ਤੇ ਉਨ੍ਹਾਂ ਨੂੰ ਡਿਊਟੀ ਸਬ ਡਵੀਜ਼ਨ ਦੇ ਐਸ. ਪੀ.

ਚੌਧਰੀ ਬਸ਼ੀਰ ਅਹਿਮਦ (ਇਸਤਗਾਸਾ ਦਾ ਗਵਾਹ ਨੰਬਰ 10) ਨਹਿਲਾਉਣ ਵਾਸਤੇ ਜਹਾਜ਼ ਤੋਂ ਬਾਹਰ ਲੈ ਗਏ) ਜਿਉਂ ਹੀ ਚੌਧਰੀ ਅਹਿਮਦ ਨੂੰ ਕਮਾਂਡੋ ਐਕਸ਼ਨ ਦੀ ਕਾਮਯਾਬੀ ਦਾ ਪਤਾ ਲਗਾ, ਉਸ ਨੇ ਤਜਿੰਦਰਪਾਲ ਸਿੰਘ ਅਤੇ ਕਰਨ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਅਤੇ ਬਾਅਦ ਵਿਚ ਛਾਉਣੀ ਸਬ ਡਿਵੀਜ਼ਨ ਦੇ ਡੀ. ਐਸ. ਪੀ. ਦੇ ਹਵਾਲੇ ਕਰ ਦਿਤਾ। ਉਸ ਵਕਤ ਮੁਲਜ਼ਮਾਂ ਤੇਜਿੰਦਰਪਾਲ ਸਿੰਘ ਅਤੇ ਕਰਨ ਸਿੰਘ ਕੋਲ ਕੋਈ ਹਥਿਆਰ ਨਹੀਂ ਸੀ।

8. ਡੀ. ਐਸ. ਪੀ. ਮੁਹੰਮਦ ਖਾਨ (ਇਸਤਗਾਸਾ ਦਾ ਗਵਾਹ ਨੰਬਰ 12) ਨੇ ਸਾਰੇ ਮੁਲਜ਼ਮਾ ਨੂੰ ਰਸਮੀ ਤੌਰ ਤੇ ਗ੍ਰਿਫਤਾਰ ਕਰ ਲਿਆ। ਉਸਨੇ ਗਜਿੰਦਰ ਸਿੰਘ ਤੋਂ ਏਅਰ ਟਿਕਟ ਪੀ. 3 ਅਤੇ ਏਅਰ ਕਾਰਡ ਪੀ. 4 ਬਰਾਮਦ ਕੀਤੇ ਅਤੇ ਪੀ. ਕੇ. ਮੀਮੋ ਬਣਾ ਕੇ ਕਬਜ਼ੇ 'ਚ ਲੈ ਲਿਆ। ਜਸਬੀਰ ਸਿੰਘ, ਕਰਨ ਸਿੰਘ, ਸਤਨਾਮ ਸਿੰਘ ਦੇ ਜਿਸਮਾਂ ਤੇ ਜ਼ਖਮ ਸਨ। ਉਸਨੇ ਕਰਨ ਸਿੰਘ ਦੇ ਜ਼ਖਮਾ ਦਾ ਚਿਠਾ ਐਕਸ. ਪੀ ਐਲ, ਜਸਬੀਰ ਸਿੰਘ ਦੇ ਜ਼ਖਮਾਂ ਦਾ ਚਿਠਾ ਐਕਸ ਪੀ ਐਮ ਅਤੇ ਸਤਨਾਮ ਸਿੰਘ ਦੇ ਜ਼ਖਮਾਂ ਦਾ ਐਕਸ ਪੀ. ਐਨ ਤਿਆਰ ਕੀਤਾ। ਡੀ. ਐਸ. ਪੀ. ਮੁਹੰਮਦ ਸਫਦਰ ਖਾਨ ਨੇ ਵਕੂਏ ਦੀ ਜਗਹ ਵੀ ਵੇਖੀ ਅਤੇ ਜਗਹ ਦਾ ਨਕਸ਼ਾ ਐਕਸ. ਪੀ ਓ ਤਿਆਰ ਕੀਤਾ। ਉਸ ਨੇ ਜ਼ਖਮੀ ਮੁਲਜ਼ਮਾਂ ਦੇ ਜ਼ਖਮਾਂ ਦਾ ਡਾਕਟਰੀ ਮੁਆਇਨਾ ਵੀ ਕਰਵਾਇਆ।

9. ਉਪਰਲੇ ਸਬੂਤਾਂ ਦੀ ਰੌਸ਼ਨੀ ਵਿਚ ਮੁਲਜ਼ਮਾਂ ਤੇ ਪਾਕਿਸਤਾਨ ਪੀਨਲ ਕੋਡ ਦੀ ਦਫਾ 402 ਬੀ ਵੀ ਆਇਦ ਹੁੰਦੀ ਜਾਪਦੀ ਸੀ। ਲਿਹਾਜ਼ਾ ਮੁਲਜ਼ਮਾਂ ਦਾ ਚਲਾਨ ਕੀਤਾ ਗਿਆ ਅਤੇ ਮੁਕਦਮਾ ਚਲਾਉਣ ਵਾਸਤੇ ਇਸ ਅਦਾਲਤ ਵਿਚ ਪੇਸ਼ ਕੀਤਾ ਗਿਆ।

10. ਮੁਕਦਮੇ ਦੇ ਦੌਰਾਨ ਇਸਤਗਾਸਾ ਨੇ 12 ਗਵਾਹਾ ਦੀ ਤਹਿਕੀਕਾਤ ਕੀਤੀ।

11. ਇੰਡੀਅਨ ਏਅਰ ਲਾਈਨਜ਼ ਦੇ ਇਕ ਮੁਲਾਜ਼ਮ ਕੈਪਟਨ ਟੀ. ਪੀ. ਸਿਨਹਾ, ਏਅਰਲਾਈਨ ਕਮਾਂਡਰ (ਇਸਤਗਾਸਾ ਦਾ ਗਵਾਹ ਨੰਬਰ 1) ਨੇ ਹੇਠ ਲਿਖੀ ਗਵਾਹੀ ਦਿਤੀ:

ਉਹ 1965 ਤੋਂ ਇੰਡੀਅਨ ਏਅਰ ਲਾਈਨਜ਼ ਦੀ ਮੁਲਾਜ਼ਮਤ ਵਿਚ ਸੀ। 29 ਸਿਤਬਰ 1981 ਨੂੰ ਉਸ ਨੂੰ ਇੰਡੀਅਨ ਏਅਰ ਲਾਈਨਜ਼ ਦੀ ਫਲਾਈਟ ਨੰਬਰ ਆਈ. ਸੀ. 423 ਤੇ ਦਿਲੀ ਤੋਂ ਸ੍ਰੀ ਨਗਰ, ਬਜਰੀਆ ਅੰਮ੍ਰਿਤਸਰ, ਵਾਸਤੇ ਬੋਇੰਗ 737 ਦਾ ਜਹਾਜ਼ ਦੇ ਕੇ ਪਾਇਲਟ ਵਜੋਂ ਤਾਈਨਾਤ ਕੀਤਾ ਗਿਆ। ਜਹਾਜ਼ ਪਾਲਮ ਹਵਾਈ ਅੱਡੇ

ਤੋਂ 12-45 ਤੇ ਉਡਿਆ। ਐਸ. ਐਮ. ਡੋਂਬਲਾ ਕੈਪਟਨ ਵਜੋਂ, ਮਹਿਤਾ ਸਟੂਅਰਡ ਵਜੋਂ, ਏ. ਕੁਮਾਰ, ਏ.ਰਜਨੀ ਤੇ ਮਿਸ ਹਸਕਰ ਏਅਰ ਹੋਸਟੇਸ ਵਜੋਂ ਉਸ ਦੇ ਨਾਲ ਸਨ। ਜਹਾਜ਼ ਤੇ 107 ਬਾਲਗ ਤੇ 4 ਬੱਚੇ ਮੁਸਾਫਿਰ ਸਨ। ਜਦੋਂ ਉਹ ਕੋਈ 2200 ਫੁਟ ਦੀ ਉਚਾਈ ਤੇ ਉਡ ਰਹੇ ਸਨ ਅਤੇ ਮੋਗੇ ਤੋਂ ਜ਼ਰਾਂ ਕੁ ਪਿਛੇ ਸਨ ਤਾਂ ਉਨ੍ਹਾਂ ਨੇ ਇਕ ਔਰਤ ਦੀ ਚੀਕ ਸੁਣੀ। ਇਹ ਕੋਈ ਇਕ ਵਜ ਕੇ 5 ਮਿੰਟ ਦੀ ਗੱਲ ਹੋਵੇਗੀ। ਮੁਸਾਫਿਰਾਂ ਨੂੰ ਕੁਝ ਖਤਰਾ ਮਹਿਸੂਸ ਕਰਦੇ ਹੋਏ, ਕੈਪਟਨ ਡੋਂਬਲਾ ਨੇ ਦਰਵਾਜ਼ਾ ਖੋਲ੍ਹਣ ਵਾਲਾ ਸਵਿਚ ਦਬਿਆ। ਜਿਉਂ ਹੀ ਉਸ ਨੇ ਇਜ ਕੀਤਾ, ਮੁਲਜ਼ਮ ਗਜਿੰਦਰ ਤੇ ਜਸਬੀਰ ਸਿਘ ਆਪਣੇ ਹੱਥਾਂ ਵਿਚ ਕਿਰਪਾਨਾਂ ਲਹਿਰਾਉਂਦੇ ਹੋਏ ਕਾਕਪਿਟ 'ਚ ਦਾਖਿਲ ਹੋਏ। ਮੁਲਜ਼ਮ ਜਸਬੀਰ ਸਿਘ ਨੇ ਆਪਣੀ ਕਿਰਪਾਨ ਉਸਦੀ ਧੌਣ ਤੇ ਅਤੇ ਮੁਲਜ਼ਮ ਗਜਿੰਦਰ ਸਿਘ ਨੇ ਆਪਣੀ ਕਿਰਪਾਨ ਡੋਂਬਲਾ ਦੀ ਧੌਣ ਤੇ ਰਖ ਦਿਤੀ। ਡੋਂਬਲਾ ਦੀ ਧੌਣ ਤੇ ਰਖੀ ਕਿਰਪਾਨ ਤੇ ਤਾਜ਼ਾ ਖੂਨ ਸੀ। ਇਨ੍ਹਾਂ ਮੁਲਜ਼ਮਾਂ ਨੇ ਉਨ੍ਹਾਂ ਨੂੰ ਕਿਹਾ ਕਿ ਜਹਾਜ਼ ਨੂੰ ਲਾਹੌਰ ਵਲ ਮੋੜ ਲੈਣ ਤੇ ਜੇ ਉਨ੍ਹਾਂ ਅਜਿਹਾ ਨਾ ਕੀਤਾ ਤਾਂ ਉਹ ਉਨ੍ਹਾਂ ਸਾਰਿਆਂ ਨੂੰ ਖਤਮ ਕਰ ਦੇਣਗੇ। ਆਪਣੀਆਂ ਜ਼ਿੰਦਗੀਆਂ ਤੇ ਜਹਾਜ਼ ਦੇ ਮੁਸਾਫਿਰਾ ਦੀਆਂ ਜ਼ਿੰਦਗਾਨੀਆਂ ਨੂੰ ਖਤਰਾ ਭਾਂਪਦਿਆਂ ਉਨ੍ਹਾਂ ਜਹਾਜ਼ ਲਾਹੌਰ ਵਲ ਮੋੜ ਲਿਆ। ਇਹ 1 ਵਜ ਕੇ 10 ਮਿੰਟ ਦੀ ਗੱਲ ਹੈ। ਉਸ ਨੇ ਲਾਹੌਰ ਦੇ ਏਅਰ ਟਰੈਫਿਕ ਕੰਟਰੋਲ ਨਾਲ ਰਾਬਤਾ ਕਾਇਮ ਕੀਤਾ। ਲਾਹੌਰ ਦੇ ਹਾਕਮਾ ਨੇ ਉਸ ਤੋਂ (ਜਹਾਜ਼) ਮੋੜਨ ਦੀ ਵਜਾਹ ਪੁਛੀ। ਮੁਲਜ਼ਮਾਂ ਗਜਿੰਦਰ ਸਿਘ ਤੇ ਜਸਬੀਰ ਸਿਘ ਨੇ ਉਸ ਨੂੰ ਕਿਹਾ ਕਿ ਉਹ ਲਾਹੌਰ ਹਵਾਈ ਅੱਡੇ ਦੇ ਹਾਕਮਾਂ ਨੂੰ ਆਖੇ ਕਿ ਅੰਮ੍ਰਿਤਸਰ ਹਵਾਈ ਅੱਡਾ ਬੰਦ ਹੋ ਗਿਆ ਹੈ ਅਤੇ ਉਨ੍ਹਾਂ ਕੋਲ ਤੇਲ ਥੋੜ੍ਹਾ ਹੈ। ਉਨ੍ਹਾਂ ਇਸੇ ਤਰ੍ਹਾਂ ਹੀ ਲਾਹੌਰ ਦੇ ਹਾਕਮਾਂ ਨੂੰ ਦਸ ਦਿਤਾ। ਲਾਹੌਰ ਦੇ ਹਾਕਮਾ ਨੇ ਕੁਝ ਹੋਰ ਵਾਕਫੀ ਦੇਣ ਵਾਸਤੇ ਕਿਹਾ। ਮੁਲਜ਼ਮਾਂ ਨੇ ਉਸ ਨੂੰ ਕਿਹਾ ਕਿ ਉਹ ਹੋਰ ਗੱਲ ਨਾ ਕਰੇ। ਇਸ ਮਗਰੋਂ ਉਨ੍ਹਾਂ ਲਾਹੌਰ ਅੱਡੇ ਦੇ ਹਾਕਮਾਂ ਤੋਂ ਲਾਹੌਰ ਹਵਾਈ ਅੱਡੇ ਤੇ ਜਹਾਜ਼ ਉਤਾਰਣ ਜਾਂ ਨਾ ਉਤਾਰਣ ਦੀ ਇਜਾਜ਼ਤ ਉਡੀਕੇ ਬਿਨਾ ਹੀ, ਲਾਹੌਰ ਵਿਚ ਉਤਰਨਾ ਸ਼ੁਰੂ ਕਰ ਦਿਤਾ। ਜਦੋਂ ਉਹ ਲਾਹੌਰ ਉਤਰ ਰਹੇ ਸਨ ਤਾਂ ਉਪਰ ਜ਼ਿਕਰ ਕੀਤੇ ਦੋਹਾਂ ਮੁਲਜ਼ਮਾਂ ਨੇ ਉਸਨੂੰ ਕਿਹਾ ਕਿ ਉਹ ਇਹ ਯਕੀਨੀ ਬਣਾਏ ਕਿ ਉਹ ਲਾਹੌਰ ਉਤਰ ਰਹੇ ਹਨ ਅਤੇ ਕਿਸੇ ਹੋਰ ਹਵਾਈ ਅੱਡੇ ਤੇ ਨਹੀਂ। ਉਹ 1 ਵਜ ਕੇ 20 ਮਿੰਟ ਤੇ ਲਾਹੌਰ ਉਤਰੇ। ਜਹਾਜ਼ ਰੁਕਦਿਆਂ ਹੀ ਗਜਿੰਦਰ ਸਿਘ ਨੇ ਉਸ ਦੇ ਹਥੋਂ ਮਾਈਕਰੋਫੋਨ ਖੋਹ ਲਿਆ ਅਤੇ ਲਾਹੌਰ ਏਅਰ ਟਰੈਫਿਕ ਕੰਟਰੋਲ ਨੂੰ ਆਪਣਾ ਤੁਆਰਫ ਕਰਵਾਇਆ ਕਿ ਉਹ ਦਲ ਖਾਲਸਾ ਦਾ ਮੁਖ ਪੰਚ ਹੈ ਅਤੇ ਉਨ੍ਹਾਂ ਨੇ ਹਵਾਈ ਜਹਾਜ਼ ਹਾਈਜੈਕ ਕਰਕੇ ਲਾਹੌਰ ਲਿਆਂਦਾ ਹੈ ਤਾਂ ਜੋ (ਸੰਤ) ਜਰਨੈਲ ਸਿਘ ਭਿੰਡਰਾਂਵਾਲਿਆਂ ਅਤੇ (ਭਾਰਤ ਸਰਕਾਰ ਵਲੋਂ) ਗ੍ਰਿਫਤਾਰ ਕੀਤੇ ਹੋਰ ਸਿਖਾਂ ਦੀ ਰਿਹਾਈ ਕਰਵਾਈ ਜਾਵੇ ਤੇ ਚੰਕ ਮਹਿਤਾ ਵਿਚ

ਕਤਲ ਕੀਤੇ ਗਏ ਸਿਖਾਂ ਦਾ ਬਦਲਾ ਲਿਆ ਜਾਵੇ। ਲਾਹੌਰ ਹਵਾਈ ਅੱਡੇ ਤੇ ਹਾਕਮਾਂ ਨੇ ਉਸ ਨੂੰ ਯਕੀਨ ਦਿਵਾਇਆ ਕਿ ਉਹ ਲਾਹੌਰ ਵਿਚ ਹੀ ਹਨ ਅਤੇ ਉਨ੍ਹਾਂ ਇਹ ਵੀ ਆਖਿਆ ਕਿ ਉਹ ਇਕ ਜੀਪ ਭੇਜ ਰਹੇ ਹਨ ਤੇ ਹਵਾਈ ਜਹਾਜ ਇਸ ਜੀਪ ਦੇ ਪਿਛੇ ਲੈ ਆਂਦਾ ਜਾਵੇ। ਜਦੋਂ ਜੀਪ ਆ ਗਈ ਤਾਂ ਗਜਿੰਦਰ ਸਿਘ ਨੇ ਉਸ ਜੀਪ ਦੇ ਪਿਛੇ ਜਹਾਜ ਲਿਜਾਣ ਦੀ ਇਜਾਜਤ ਦੇ ਦਿਤੀ। ਉਸ ਨੇ ਜਹਾਜ 1 ਵਜ ਕੇ 30 ਮਿੰਟ ਤੇ ਪਾਰਕ ਕੀਤਾ। ਇਸ ਸਾਰੇ ਵਕਤ ਦੇ ਦੌਰਾਨ ਉਨ੍ਹਾਂ ਵਿਚੋਂ 2 ਜਾਂ ਘਟੋ ਘਟ ਇਕ ਮੁਲਜਮ ਹਮੇਸ਼ਾ ਕਾਕਪਿਟ ਵਿਚ ਹਾਜਿਰ ਰਹਿੰਦਾ ਸੀ। ਜਦੋਂ ਉਹ ਟਾਇਲਟ ਵੀ ਗਏ ਤਾਂ ਵੀ ਉਹ ਉਨ੍ਹਾ ਦੇ ਨਾਲ ਜਾਂਦੇ ਸਨ। ਜਦੋਂ ਉਨ੍ਹਾ ਵਿਚੋਂ ਕੋਈ ਇਕ ਟਾਇਲਟ ਜਾਂਦਾ ਤਾਂ ਮੁਲਜਮਾਂ ਵਿਚੋਂ ਇਕ ਉਸਦੇ ਨਾਲ ਜਾਂਦਾ ਸੀ ਤੇ ਉਸ ਦੀ ਜਗਾਹ ਇਕ ਹੋਰ ਮੁਲਜਮ ਲੈ ਲੈਂਦਾ ਸੀ। ਉਹ ਕੁਲ 5 ਹਾਈਜੈਕਰ ਸਨ। ਬਾਕੀ ਦੋਹਾ ਹਾਈਜੈਕਰਾ ਦੇ ਨਾਂ ਕਰਨ ਸਿਘ ਤੇ ਤੇਜਿੰਦਰਪਾਲ ਸਿਘ ਸਨ। ਉਸਨੇ ਫਿਰ ਦਰੁਸਤੀ ਕਰਕੇ ਕਿਹਾ ਕਿ ਤੀਜਾ ਮੁਲਜਮ ਸਤਨਾਮ ਸਿਘ ਸੀ। ਇਹ ਹਾਲਤ 30 ਸਿਤਬਰ 1981 ਸਵੇਰੇ 8 ਵਜਕੇ 25 ਮਿੰਟ ਤਕ, ਪਾਕਿਸਤਾਨੀ ਕਮਾਂਡੋਜ ਵਲੋਂ ਮੁਲਜਮਾ ਦੀ ਗ੍ਰਿਫਤਾਰੀ ਤਕ ਜਾਰੀ ਰਹੀ। ਇਸ ਦੌਰਾਨ ਮੁਲਜਮ ਪਾਕਿਸਤਾਨੀ ਹਾਕਮਾ ਨਾਲ ਸੌਦੇਬਾਜੀ ਕਰਨਾ ਚਾਹੁੰਦੇ ਸੀ ਅਤੇ ਧਮਕੀਆਂ ਦੇਂਦੇ ਰਹੇ ਕਿ ਜੇ ਗਲਬਾਤ ਸਿਰੇ ਨਾ ਚੜੀ ਤੇ ਉਨ੍ਹਾ ਦੀਆ ਮੰਗਾਂ ਨਾ ਮੰਨੀਆਂ ਗਈਆ ਤਾਂ ਉਹ ਹਵਾਈ ਜਹਾਜ ਅਤੇ ਇਸ ਤੇ ਸਵਾਰ ਹਰ ਇਕ ਨੂੰ ਖਤਮ ਕਰ ਦੇਣਗੇ।

12. ਟੀ. ਪੀ. ਸਿਨਹਾ ਨੇ ਮੁਲਜਮਾਂ ਦੀ ਹਵਾਈ ਜਹਾਜ ਦੇ ਹਾਈਜੈਕਰਾਂ ਵਜੋਂ ਸ਼ਨਾਖਤ ਕੀਤੀ।

13. ਜਿਰਹ ਦੌਰਾਨ ਉਸਨੇ ਮੰਨਿਆ ਕਿ ਹਵਾਈ ਜਹਾਜ ਤੇ ਕਿਸੇ ਨੂੰ ਹਥਿਆਰ ਲਿਜਾਣ ਦੀ ਇਜਾਜਤ ਨਹੀਂ ਪਰ ਸਿਖਾਂ ਨੂੰ ਹਵਾਈ ਜਹਾਜ ਵਿਚ ਕਿਰਪਾਨ ਲਿਜਾਣ ਦੀ ਇਜਾਜਤ ਹੈ। ਉਸ ਨੂੰ ਇਹ ਨਹੀਂ ਸੀ ਪਤਾ ਕਿ ਸਿਖਾ ਵਾਸਤੇ ਕਿਰਪਾਨ ਮਜ਼ਹਬੀ ਤੌਰ ਤੇ ਜਰੂਰੀ ਹੈ। ਉਸ ਮੁਤਾਬਿਕ ਸਾਰੇ ਮੁਲਜਮਾਂ ਕੋਲ ਕਿਰਪਾਨਾਂ ਸਨ ਤੇ ਉਸਨੇ ਉਨ੍ਹਾਂ ਕੋਲ ਕੋਈ ਹੋਰ ਹਥਿਆਰ ਨਹੀਂ ਸੀ ਵੇਖਿਆ। ਜੋ ਕਿਰਪਾਨਾਂ ਉਨ੍ਹਾਂ ਕੋਲ ਸਨ ਉਹ 9 ਇੰਚ ਲੰਬੀਆਂ ਸਨ। ਉਸਨੇ ਇਹ ਵੀ ਦਸਿਆ ਕਿ ਕਾਕਪਿਟ ਤੇ ਕੋਈ ਸ਼ੀਸ਼ੇ ਦਾ ਦਰਵਾਜਾ ਨਹੀਂ ਜਿਸ ਰਾਹੀਂ ਕੋਈ ਕਾਕਪਿਟ ਦੇ ਅੰਦਰ ਦੀ ਕਾਰਵਾਈ ਵੇਖ ਸਕੇ . ਇਸ ਕਰਕੇ ਜਦੋਂ ਤਕ ਦਰਵਾਜਾ ਨਾ ਖੋਲਿਆ ਜਾਵੇ ਕਾਕਪਿਟ ਦੇ ਅੰਦਰ ਬੈਠਾ ਬੰਦਾ ਕੈਬਿਨ 'ਚ ਹੋਣ ਵਾਲੀ ਕਾਰਵਾਈ ਨਹੀਂ ਦੇਖ ਸਕਦਾ। ਜਦੋਂ ਵਕੂਆ ਸ਼ੁਰੂ ਹੋਇਆ ਉਦੋਂ ਕੈਪਟਨ ਤੇ ਕੋ-ਪਾਇਲਟ ਨੇ ਹੈਡ-ਫੋਨ ਚਾੜ੍ਹੇ ਹੋਏ ਸਨ। ਮੁਲਜਮ ਗਜਿੰਦਰ ਨੇ

ਆਪਣਾ ਹਥ ਕਟ ਲਿਆ ਸੀ, ਪਰ ਉਸਨੇ ਗਜਿੰਦਰ ਸਿਘ ਦੇ ਹੱਥ ਤੇ ਜ਼ਖ਼ਮ ਜਾਂ ਖ਼ੂਨ ਨਹੀਂ ਸੀ ਵੇਖਿਆ। ਉਸਨੇ ਦਸਿਆ ਕਿ ਆਪਣੀ ਹਿਰਾਸਤ ਦੇ ਦੌਰਾਨ ਪੂਰਾ ਵਕਤ ਉਹ ਆਪਣਾ ਸਿਰ ਨਹੀਂ ਸੀ ਮੋੜ ਸਕਿਆ। ਉਸ ਨੇ ਇਸ ਰਾਏ ਤੋਂ ਨਾਹ ਕੀਤੀ ਕਿ ਇਹ ਸਿਰਫ ਡੋਬਲਾ ਹੀ ਸੀ ਜਿਸ ਇਕੱਲੇ ਨੇ ਏਅਰ ਟਰੈਫਿਕ ਲਾਹੌਰ ਨਾਲ ਗੱਲਬਾਤ ਕੀਤੀ ਸੀ। ਉਸ ਮੁਤਾਬਿਕ ਨਾ ਉਸ ਨੇ ਤੇ ਨਾ ਮਿਸਟਰ ਡੋਬਲਾ ਨੇ ਹੀ ਲਾਹੌਰ ਏਅਰ ਟਰੈਫਿਕ ਕੰਟਰੋਲ ਨਾਲ ਉਤਰਣ ਦੇ ਟਿਕਾਣੇ ਬਾਰੇ ਗਲਬਾਤ ਕੀਤੀ ਸੀ।

13. ਉਸ ਨੂੰ ਕੋਈ ਪਤਾ ਨਹੀਂ ਸੀ ਕਿ (ਸੰਤ) ਜਰਨੈਲ ਸਿਘ ਭਿੰਡਰਾਂਵਾਲਾ ਨੂੰ ਇਕ ਕਤਲ ਕੇਸ 'ਚ ਗ੍ਰਿਫਤਾਰ ਕੀਤਾ ਗਿਆ ਸੀ। ਉਸਨੂੰ ਇਹ ਵੀ ਨਹੀਂ ਸੀ ਪਤਾ ਕਿ (ਸੰਤ) ਜਰਨੈਲ ਸਿਘ ਭਿੰਡਰਾਂਵਾਲੇ ਦੇ ਖਿਲਾਫ ਕੇਸ ਝੂਠਾ ਸਾਬਿਤ ਹੋਣ ਮਗਰੋਂ ਕੇਸ ਵਾਪਿਸ ਲੈ ਲਿਆ ਗਿਆ ਸੀ। ਉਸ ਨੇ ਚੌਕ ਮਹਿਤਾ 'ਚ ਸਿਖਾਂ ਦੇ ਕਤਲੇਆਮ ਬਾਰੇ ਪੜ੍ਹਿਆ ਸੀ ਪਰ ਉਸਨੂੰ ਵੇਰਵਾ ਨਹੀਂ ਸੀ ਪਤਾ। ਉਸ ਨੂੰ ਇਹ ਤਜਵੀਜ ਕੀਤਾ ਗਿਆ ਕਿ ਮੁਲਜ਼ਮਾਂ ਨੇ ਹਵਾਈ ਜਹਾਜ ਲਾਹੌਰ ਨੂੰ ਇਸ ਵਾਸਤੇ ਮੋੜਿਆ ਸੀ ਤਾਂ ਜੋ ਸਿਖਾਂ ਤੇ ਹੋ ਰਹੇ ਜ਼ੁਲਮ ਦੇ ਖਿਲਾਫ ਪ੍ਰੋਟੈਸਟ ਕੀਤਾ ਜਾਵੇ ਤੇ ਉਨ੍ਹਾ ਦਾ ਮਕਸਦ ਇਹੀ ਸੀ ਕਿ ਦੁਨੀਆਂ ਦੀ ਤਵੱਜੋ ਇਸ ਪਾਸੇ ਵਲ ਦਿਵਾਈ ਜਾਵੇ ਕਿ ਉਨ੍ਹਾਂ ਦੇ ਬੁਨਿਆਦੀ ਤੇ ਮਜ਼ਹਬੀ ਹੱਕ ਦਬਾਏ ਜਾ ਰਹੇ ਹਨ। ਉਸ ਨੇ ਇਸ ਤਜਵੀਜ ਤੋਂ ਇਨਕਾਰ ਕੀਤਾ। ਉਸਨੂੰ ਇਹ ਕਿਹਾ ਗਿਆ ਕਿ ਮੁਲਜ਼ਮਾਂ ਨੇ ਕਿਸੇ ਮੁਸਾਫਿਰ ਜਾਂ ਅਮਲੇ ਦੇ ਕਿਸੇ ਮੈਂਬਰ ਨਾਲ ਕੋਈ ਬਦਤਮੀਜ਼ੀ ਜਾਂ ਬਦਸਲੂਕੀ ਕੀਤੀ ਤਾਂ ਉਸ ਦਾ ਜਵਾਬ ਸੀ, 'ਮੁਲਜ਼ਮਾਂ ਨੇ ਹਰ ਇਕ ਸ਼ਖਸ ਨੂੰ ਧਮਕੀਆਂ ਦੇ ਡਰ ਹੇਠ ਰਖਿਆ ਤੇ ਮੇਰੀ ਨਿਗਾਹ 'ਚ ਇਹ ਬਦਸਲੂਕੀ ਹੀ ਸੀ ....।' ਉਨ੍ਹਾਂ ਮੁਲਜ਼ਮਾਂ ਵਿਚੋਂ ਇਕ ਨੇ ਆਪਣੀ ਕਿਰਪਾਨ ਮਿਸ ਹਸਕਰ ਦੀ ਧੌਣ ਤੇ ਵੀ ਰਖੀ। ਜਿਥੋਂ ਤਕ ਮੈਨੂੰ ਪਤਾ ਹੈ ਕਿ ਮੁਲਜ਼ਮਾਂ ਨੇ ਕਿਸੇ ਮੁਸਾਫਿਰ ਜਾਂ ਅਮਲੇ ਵਿਚੋਂ ਕਿਸੇ ਨੂੰ ਕੋਈ ਜਿਸਮਾਨੀ ਜ਼ਖਮ ਨਹੀਂ ਕੀਤਾ। ਉਸ ਨੇ ਮੰਨਿਆ ਕਿ ਮੁਲਜ਼ਮਾਂ ਨੇ ਇਹ ਇਜਾਜ਼ਤ ਦਿਤੀ ਸੀ ਕਿ ਜਹਾਜ ਵਿਚ ਖਾਣ ਨੂੰ ਜੋ ਕੁਝ ਵੀ ਹੈ ਉਹ ਮੁਸਾਫਿਰਾਂ ਨੂੰ ਪਰੋਸਿਆ ਜਾਵੇ ਅਤੇ ਉਹ ਮੁਸਾਫਿਰਾਂ ਤੇ ਅਮਲੇ ਨੂੰ ਰਖਵਾਲੀ ਹੇਠ ਟਾਇਲਟ ਜਾਣ ਦੀ ਇਜਾਜ਼ਤ ਵੀ ਦੇਂਦੇ ਰਹੇ ਸਨ। ਉਸਨੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਪੰਜਾਂ ਵਿਚੋਂ ਤਿੰਨਾ ਕੋਲ ਤਾਂ ਕਿਰਪਾਨਾਂ ਵੀ ਨਹੀਂ ਸਨ। ਉਸਨੇ ਇਹ ਵੀ ਕਿਹਾ ਕਿ ਮੁਲਜ਼ਮਾਂ ਨੇ ਭਾਰਤੀ ਸਰਕਾਰ ਵਲੋਂ ਆਪਣੀਆਂ ਮੰਗਾਂ ਮੰਨੇ ਜਾਣ ਵਾਸਤੇ ਵਕਤ ਦੀ ਹਦ ਵੀ ਮੁਕਰਰ ਕੀਤੀ ਸੀ ਪਰ ਉਸ ਨੂੰ ਉਹ ਹੱਦ ਚੇਤੇ ਨਹੀਂ ਸੀ। ਪਰ ਮੁਲਜ਼ਮਾਂ ਨੂੰ ਵਕਤ ਦੀ ਹਦ ਖਤਮ ਹੋਣ ਤੋਂ ਪਹਿਲਾਂ ਹੀ ਕਾਬੂ ਕਰ ਲਿਆ ਗਿਆ। ਉਸ ਨੂੰ ਇਹ ਵੀ ਤਜਵੀਜ ਕੀਤਾ ਗਿਆ ਕਿ ਉਸ ਨੂੰ ਪਹਿਲੋਂ ਹੀ ਹਦਾਇਤ ਦਿਤੀ ਗਈ ਸੀ ਕਿ ਕੁਝ ਸਿਖ ਹਵਾਈ ਜਹਾਜ

ਅਗਵਾ ਕਰਨਗੇ ਅਤੇ ਉਹ ਉਨ੍ਹਾਂ ਨੂੰ ਹਵਾਈ ਜਹਾਜ਼ ਲਾਹੌਰ 'ਚ ਲਿਜਾਣ ਵਿਚ ਸਹੂਲਤ ਦੇਣ। ਉਸ ਨੇ ਇਸ ਤਜਵੀਜ਼ ਅਤੇ ਇਹ ਕਿ ਉਨ੍ਹਾਂ ਦਾ ਨਿਸ਼ਾਨਾ ਭਾਰਤ 'ਚ ਸਿਖ ਤਹਿਰੀਕ ਨੂੰ ਦਬਾਉਣਾ ਹੈ, ਤੋਂ ਇਨਕਾਰ ਕੀਤਾ। ਉਸ ਨੂੰ ਬਾਅਦ 'ਚ ਇਹ ਵੀ ਪਤਾ ਲਗਾ ਕਿ ਮੁਲਜ਼ਮ ਕਰਨ ਸਿੰਘ ਨੇ ਵੀ ਵਾਰਦਾਤ ਦੇ ਦੌਰਾਨ ਆਪਣਾ ਹੱਥ ਕਟਿਆ ਸੀ।

14. ਉਸਨੇ ਇਹ ਵੀ ਦਸਿਆ ਕਿ ਭਾਰਤ ਵਿਚ ਮੋਗਾ ਲਾਹੌਰ ਤੋਂ 58 ਸਮੁੰਦਰੀ ਮੀਲ" ਹੈ ਅਤੇ ਜਦੋਂ ਹਾਈਜੈਕਿੰਗ ਸ਼ੁਰੂ ਹੋਈ ਤਾਂ ਇਹ ਵਕਤ ਅੰਮ੍ਰਿਤਸਰ ਉਤਰਨ ਦਾ ਸੀ। ਅੰਮ੍ਰਿਤਸਰ ਉਤਰਨ ਤੋਂ ਪਹਿਲਾਂ ਚਾਹ-ਪਾਣੀ ਪਰੋਸਿਆ ਗਿਆ ਸੀ। ਆਮ ਤੌਰ ਤੇ ਜਦੋਂ ਮੁਸਾਫਿਰਾਂ ਨੂੰ ਚਾਹ-ਪਾਣੀ ਪਰੋਸਿਆ ਜਾਂਦਾ ਹੈ ਤਾਂ ਉਦੋਂ ਹੀ ਕਾਕਪਿਟ 'ਚ ਪਾਇਲਟਾਂ ਨੂੰ ਵੀ ਦਿਤਾ ਜਾਂਦਾ ਹੈ। ਆਮ ਤੌਰ ਤੇ ਚਾਹ-ਪਾਣੀ ਪਹਿਲਾਂ ਕਾਕਪਿਟ 'ਚ ਪਾਇਲਟ ਨੂੰ ਤੇ ਬਾਅਦ ਵਿਚ ਮੁਸਾਫਿਰਾਂ ਨੂੰ ਦਿਤਾ ਜਾਂਦਾ ਹੈ। ਪਾਲਮ ਹਵਾਈ ਅੱਡੇ ਤੋਂ ਉਡਾਣ ਤੋਂ ਇਕ ਦਮ ਬਾਅਦ ਉਨ੍ਹਾਂ ਨੂੰ ਇਕ ਕਪ ਚਾਹ ਦਿਤੀ ਗਈ ਸੀ। ਦਰਅਸਲ ਕੇਬਿਨ 'ਚ ਮੁਸਾਫਿਰਾਂ ਨੂੰ ਕੋਈ ਵੀ ਚੀਜ਼ ਪਰੋਸਣ ਤੋਂ ਪਹਿਲਾ ਅਦਬ ਵਜੋਂ ਹੀ ਕੈਪਟਨ ਤੋਂ ਇਹ ਪੁਛਿਆ ਜਾਂਦਾ ਹੈ ਕਿ ਉਹ ਕੀ ਲੈਣਾ ਪਸੰਦ ਕਰਨਗੇ। ਚਾਹ ਮਿਲ ਜਾਣ ਪਿਛੋਂ ਉਸ ਨੂੰ ਉਮੀਦ ਨਹੀਂ ਸੀ ਕਿ ਅਮਲੇ ਦਾ ਕੋਈ ਬੰਦਾ ਕਾਕਪਿਟ 'ਚ ਦਾਖਿਲ ਹੋਵੇਗਾ। ਆਮ ਤੌਰ ਤੇ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਸੈਕਟਰ ਵਾਸਤੇ ਅਤੇ ਬਦਲਵੇਂ ਏਅਰਪੋਰਟ ਤੇ ਵਾਪਿਸ ਜਾਣ ਜੋਗਾ ਕਾਫੀ ਤੇਲ ਜਮ੍ਹਾਂ ਸਫ਼ਰ ਵਜੋਂ 10 ਫੀਸਦੀ ਵਾਧੂ ਤੇਲ ਲਿਜਾਏ। ਆਖਰੀ ਨੁਕਤੇ ਤੋਂ ਉਸ ਦੀ ਮੁਰਾਦ ਸੀ ਕਿ ਸੈਕਟਰ ਵਿਚ ਬਲਣ ਵਾਲੇ ਤੇਲ ਅਤੇ ਬਦਲ ਵਾਲੇ ਹਵਾਈ ਅੱਡੇ ਵਾਸਤੇ ਤੇਲ ਤੋਂ ਇਲਾਵਾ 10 ਫੀਸਦੀ ਵਾਧੂ ਤੇਲ । ਇਹ ਏਨਾ ਸੀ ਕਿ ਉਹ ਹਵਾਈ ਅੱਡੇ ਤੇ 30 ਮਿੰਟ ਉਡ ਸਕਦੇ ਸਨ। ਉਸ ਨੇ ਇਹ ਵੀ ਤਸਦੀਕ ਕੀਤਾ ਕਿ ਹਵਾਈ ਜਹਾਜ਼ 'ਚ ਢਾਈ ਘੰਟੇ ਦੀ ਉਡਾਣ ਵਾਸਤੇ ਤੇਲ ਸੀ ਅਤੇ ਜਦੋਂ ਉਹ ਮੋਗੇ ਤੋਂ ਉਡ ਰਹੇ ਸਨ ਤਾਂ ਉਨ੍ਹਾਂ ਸਿਰਫ 25 ਮਿੰਟ ਦੀ ਉਡਾਣ ਹੀ ਕੀਤੀ ਸੀ। ਇਸ ਕਰਕੇ ਉਸ ਵਕਤ ਉਨ੍ਹਾਂ ਕੋਲ ਤਕਰੀਬਨ 2 ਘੰਟੇ ਦੀ ਉਡਾਣ ਜੋਗਾ ਤੇਲ ਸੀ। ਇਕ ਸਵਾਲ ਦੇ ਜਵਾਬ ਵਿਚ ਉਸ ਨੇ ਕਿਹਾ ਕਿ ਦਖਲ-ਅੰਦਾਜ਼ੀ ਤੋਂ ਲਾਹੌਰ ਹਵਾਈ ਅੱਡੇ ਤੇ ਉਤਰਨ ਤਕ ਉਨ੍ਹਾਂ ਨੂੰ ਕੋਈ 10 ਮਿੰਟ ਲਗੇ।

15. ਉਸਨੇ ਜਿਹੜੀ ਚੀਕ ਕੇਬਿਨ ਵਿਚੋਂ ਸੁਣੀ ਸੀ ਉਸ ਬਾਰੇ ਉਸਨੇ ਕਿਹਾ ਕਿ ਉਹ ਇਹ ਪਛਾਣ ਨਹੀਂ ਸੀ ਕਰ ਸਕਿਆ ਕਿ ਚੀਕ ਏਅਰ ਹੋਸਟੈਸਾਂ ਵਿਚੋਂ ਕਿਸੇ ਇਕ ਦੀ ਸੀ ਜਾਂ ਕਿਸੇ ਮੁਸਾਫਿਰ ਦੀ ਜਾਂ ਇਹ ਵੀ ਕਿ ਇਹ ਕਿਸੇ ਔਰਤ ਦੀ ਚੀਕ ਸੀ। ਜਿਵੇਂ ਕਿ

ਉਹ ਪਹਿਲੋਂ ਆਖ ਚੁਕਾ ਸੀ ਕਿ ਇਹ ਚੀਕ ਇਕ ਔਰਤ ਦੀ ਸੀ. ਉਸਨੇ ਇਸ ਬਾਰੇ ਆਪਣੀ ਅੜੀ ਕਾਇਮ ਰਖੀ ਕਿ ਇਹ ਜ਼ਰੂਰ ਇਕ ਔਰਤ ਦੀ ਚੀਕ ਹੋਵੇਗੀ। ਉਸ ਨੇ ਮੰਨਿਆ ਕਿ ਇਹ ਠੀਕ ਹੈ ਕਿ ਜੇਕਰ ਇਕ ਔਰਤ ਦੀ ਚੀਕ ਨਾ ਹੁੰਦੀ ਤਾਂ ਹਾਈਜੈਕਿੰਗ ਨਹੀਂ ਸੀ ਹੋ ਸਕਣੀ ਤੇ ਉਸ ਨੇ ਹੋਰ ਕਿਹਾ ਕਿ ਉਸ ਸੂਰਤ ਵਿਚ ਦਰਵਾਜ਼ਾ ਨਹੀਂ ਸੀ ਖੁਲਣਾ। ਉਸ ਮੁਤਾਬਿਕ ਮੁਲਜ਼ਮਾਂ ਵਿਚੋਂ ਇਕ ਦੇ ਹਥ ਦੇ ਕਟੇ ਜਾਣ ਅਤੇ ਖੂਨ ਦੇ ਦਿਸਣ ਦੇ ਨਾਲ ਔਰਤ ਦੀ ਚੀਕ ਨਿਕਲੀ। ਉਸ ਨੇ ਇਸ ਤਜਵੀਜ਼ ਤੋਂ ਇਨਕਾਰ ਕੀਤੀ ਕਿ ਕਾਕਪਿਟ ਦਾ ਦਰਵਾਜਾ ਪਹਿਲੋਂ ਹੀ ਖੁਲ੍ਹਾ ਸੀ ਅਤੇ ਚੀਕ ਦੀ ਕਹਾਣੀ ਬਾਅਦ 'ਚ ਘੜ ਕੇ ਸ਼ਾਮਿਲ ਕੀਤੀ ਗਈ।

17. ਇਕ ਹੋਰ ਸਵਾਲ ਦੇ ਜਵਾਬ 'ਚ ਉਸ ਨੇ ਕਿਹਾ ਕਿ ਮੁਲਜ਼ਮਾਂ ਨੇ ਕਾਕਪਿਟ 'ਚ ਦਾਖਿਲ ਹੋਣ ਤੇ ਸਭ ਤੋਂ ਪਹਿਲੀ ਹਦਾਇਤ ਇਹ ਕੀਤੀ ਕਿ ਹਵਾਈ ਜਹਾਜ਼ ਨੂੰ ਲਾਹੌਰ ਮੋੜ ਲਿਆ ਜਾਵੇ। ਉਸ ਨੇ ਇਸ ਨੂੰ ਸਹੀ ਮੰਨਿਆ ਕਿ ਮੁਲਜ਼ਮਾਂ ਦੀ ਹਦਾਇਤ ਤੇ ਅਮਲ ਵਜੋਂ ਉਨ੍ਹਾਂ ਜਹਾਜ਼ ਨੂੰ ਲਾਹੌਰ 'ਚ ਉਤਾਰਿਆ।

18. ਇਕ ਹੋਰ ਸਵਾਲ ਦੇ ਜਵਾਬ 'ਚ ਉਸਨੇ ਕਿਹਾ ਕਿ ਮੁਲਜ਼ਮਾਂ ਕੋਲ ਜੋ ਕਿਰਪਾਨਾਂ ਸਨ ਉਹ ਕਾਨੂੰਨ ਮੁਤਾਬਿਕ ਹੀ ਸਨ ਯਾਨਿ ਕਿ ਕਾਇਦੇ ਮੁਤਾਬਿਕ ਸਿਖਾਂ ਨੂੰ ਅਜਿਹੀਆਂ ਕਿਰਪਾਨਾਂ ਲਿਜਾਉਣ ਦੀ ਇਜਾਜ਼ਤ ਹੈ। ਇਸ ਕਰਕੇ ਮੁਲਜ਼ਮਾਂ ਦੇ ਕਬਜ਼ੇ ਵਿਚਲੀਆਂ ਕਿਰਪਾਨਾਂ ਉਨ੍ਹਾਂ ਦਾ ਕਾਨੂੰਨੀ ਹੱਕ ਸੀ। ਉਸਨੂੰ ਇਹ ਨਹੀਂ ਸੀ ਪਤਾ ਕਿ ਹੋਰ ਸਿਖ ਮੁਸਾਫਿਰਾਂ ਕੋਲ ਵੀ ਕਿਰਪਾਨਾਂ ਸਨ।

19. ਉਸਨੇ ਮੰਨਿਆ ਕਿ ਲਾਹੌਰ ਹਵਾਈ ਅੱਡੇ ਦੇ ਅਫਸਰਾਂ ਨੂੰ ਇਹ ਦਸਿਆ ਜਾਣਾ ਗਲਤ ਸੀ ਕਿ ਅੰਮ੍ਰਿਤਸਰ ਹਵਾਈ ਅੱਡਾ ਬੰਦ ਹੋ ਚੁਕਾ ਹੈ ਅਤੇ ਉਨ੍ਹਾਂ ਕੋਲ ਤੇਲ ਦੀ ਕਮੀ ਹੈ। ਇਹ ਸਿਰਫ ਇਕ ਬਹਾਨਾ ਹੀ ਸੀ। 'ਇਸ ਤਰ੍ਹਾਂ ਆਖਣਾ ਹਵਾਈ ਅੱਡੇ ਦੇ ਅਫਸਰਾਂ ਨੂੰ ਇਕ ਇਸ਼ਾਰਾ ਹੈ ਕਿ ਮੁਲਜ਼ਮਾਂ ਨੇ ਉਸ ਨੂੰ ਸਲਾਹ ਦਿਤੀ ਸੀ ਕਿ ਉਹ ਇਹ ਬਹਾਨਾ ਲਾਵੇ ਕਿ ਅੰਮ੍ਰਿਤਸਰ ਹਵਾਈ ਅੱਡਾ ਬੰਦ ਹੋ ਚੁਕਾ ਹੈ ਅਤੇ ਉਨ੍ਹਾਂ ਕੋਲ ਤੇਲ ਦੀ ਕਮੀ ਹੈ। ਉਸ ਨੇ ਇਹ ਵੀ ਆਖਿਆ ਕਿ ਜੇਕਰ ਮੁਲਜ਼ਮ ਅਜਿਹੀ ਸਲਾਹ ਨਾ ਵੀ ਦੇਂਦੇ ਤਾਂ ਵੀ ਮੁਲਜ਼ਮਾਂ ਦੀ ਹਦਾਇਤ ਵਾਲੀ ਗੱਲ ਕਰਨ ਤੋਂ ਸਿਵਾ ਕੋਈ ਚਾਰਾ ਹੀ ਨਹੀਂ ਸੀ ਤੇ ਜੇ ਮੁਲਜ਼ਮਾਂ ਨੇ ਇਹ ਉਸ ਤੇ ਛੱਡ ਦਿਤਾ ਹੁੰਦਾ ਕਿ ਉਹ ਜੋ ਮਰਜ਼ੀ ਆਖੇ ਤਾਂ ਵੀ ਉਸ ਨੇ ਉਹੀ ਬਹਾਨਾ ਬਣਾਉਣਾ ਸੀ ਜਿਸ ਦੀ ਕਿ ਮੁਲਜ਼ਮਾਂ ਨੇ ਸਲਾਹ ਦਿਤੀ ਸੀ।

20. ਅਮਿਤਾ ਕੁਮਾਰ (ਇਸਤਗਾਸਾ ਦਾ ਗਵਾਹ ਨੰਬਰ 2) ਇੰਡੀਅਨ ਹਵਾਈ

ਜਹਾਜ਼ ਦੀਆਂ ਏਅਰ ਹੋਸਟੇਸਜ਼ ਵਿਚੋਂ ਇਕ ਸੀ. ਉਸ ਨੇ ਕੈਬਿਨ 'ਚ ਹੋਈ ਵਾਰਦਾਤ ਦੇ ਇਕ ਹਿੱਸੇ ਦਾ ਚਸ਼ਮਦੀਦ ਹਾਲ ਬਿਆਨ ਕੀਤਾ ਹੈ। ਉਸ ਦੀ ਗਵਾਹੀ ਦਾ ਸਾਰ ਇਹ ਹੈ:

ਉਹ,ਰਜਨੀ ਤੇ ਹਸਕਰ. ਹਵਾਈ ਜਹਾਜ਼ 'ਚ ਏਅਰ ਹੋਸਟੇਸਜ਼ ਵਜੋਂ ਹਾਜ਼ਰ ਸਨ। ਹਵਾਈ ਜਹਾਜ਼ ਦਿੱਲੀ ਤੋਂ ਉੱਡਿਆ ਅਤੇ 20-25 ਮਿੰਟ ਦੀ ਉਡਾਣ ਤੋਂ ਬਾਅਦ, ਹੱਥਾਂ ਵਿਚ ਕਿਰਪਾਨਾਂ ਲਈ 2 ਬੰਦਿਆਂ ਦੇ ਕਾਕਪਿਟ 'ਚ ਦਾਖ਼ਿਲ ਹੋਣ ਵਲ, ਉਸ ਦਾ ਧਿਆਨ ਖਿੱਚਿਆ ਗਿਆ। ਉਹ ਦੋ ਸ਼ਖਸ ਮੁਲਜ਼ਮ ਗਜਿੰਦਰ ਸਿੰਘ ਤੇ ਜਸਬੀਰ ਸਿੰਘ ਸਨ। ਉਸੇ ਵੇਲੇ ਹੀ ਉਸਨੇ ਤਕਿਆ ਕਿ ਬਾਕੀ ਦੇ ਤਿੰਨ ਮੁਲਜ਼ਮ ਨਾਅਰੇ ਲਾ ਰਹੇ ਸਨ ਤੇ ਹਰ ਇਕ ਨੂੰ ਧਮਕੀ ਦੇ ਰਹੇ ਸਨ। ਉਨ੍ਹਾਂ ਕਿਹਾ ਕਿ ਉਹ ਜਹਾਜ਼ ਨੂੰ ਉਡਾ ਦੇਣਗੇ ਤੇ ਜੋ ਵੀ ਹਿੱਲੇਗਾ ਉਸ ਨੂੰ ਖ਼ਤਮ ਕਰ ਦੇਣਗੇ। ਉਹ ਜਦੋਂ ਤਕ ਹਵਾਈ ਜਹਾਜ਼ ਨੂੰ ਲਾਹੌਰ ਤਕ ਨਾ ਲੈ ਆਏ ਉਦੋਂ ਤਕ ਅਜਿਹਾ ਜਾਰੀ ਰਹਿਆ। 29 ਸਿਤੰਬਰ 1981 ਨੂੰ ਸਾਰਾ ਦਿਨ ਤੇ ਪੂਰੀ ਰਾਤ ਤਕ ਉਹ ਬੰਦਿਸ਼ 'ਚ ਰਹੇ। ਅਗਲੇ ਦਿਨ ਜਦੋਂ ਅਖ਼ੀਰ ਪਾਕਿਸਤਾਨੀ ਕਮਾਂਡੋਜ਼ ਦੀ ਮਦਦ ਨਾਲ ਉਹ ਆਜ਼ਾਦ ਕੀਤੇ ਗਏ ਉਦੋਂ ਤਕ ਉਹ ਮੁਲਜ਼ਮਾਂ ਦੇ ਇਖ਼ਤਿਆਰ 'ਚ ਰਹੇ। ਉਸਨੇ ਮੁਲਜ਼ਮਾਂ, ਸਤਨਾਮ ਸਿੰਘ ਤੇ ਜਸਬੀਰ ਸਿੰਘ, ਵਲ ਇਸ਼ਾਰਾ ਕਰਦਿਆਂ ਕਿਹਾ ਕਿ ਇਨਾਂ ਨੂੰ ਕਮਾਂਡੋਜ਼ ਨੇ ਕਿਰਪਾਨਾਂ ਸਮੇਤ ਕਾਬੂ ਕੀਤਾ ਸੀ। ਅਖੌਤੀ ਮੁਲਜ਼ਮਾਂ ਅਤੇ ਕਮਾਂਡੋਜ਼ ਵਿਚ ਹੋਈ ਹੱਥੋਪਾਈ ਦੌਰਾਨ ਮੁਲਜ਼ਮ ਜ਼ਖ਼ਮੀ ਹੋ ਗਏ ਸਨ। ਇਸੇ ਤਰ੍ਹਾਂ ਹੀ ਮੁਲਜ਼ਮ ਗਜਿੰਦਰ ਸਿੰਘ ਨੂੰ ਵੀ ਕਮਾਂਡੋਜ਼ ਨੇ ਕਾਬੂ ਕਰ ਲਿਆ ਸੀ। ਕਮਾਂਡੋ ਐਕਸ਼ਨ ਤੋਂ ਕੁਝ ਚਿਰ ਪਹਿਲੋਂ ਮੁਲਜ਼ਮ ਕਰਨ ਸਿੰਘ ਅਤੇ ਤੇਜਿੰਦਰਪਾਲ ਸਿੰਘ ਇਕ ਪੁਲੀਸ ਅਫਸਰ ਨਾਲ ਹਵਾਈ ਜਹਾਜ਼ 'ਚੋਂ ਬਾਹਰ ਜਾ ਚੁਕੇ ਸਨ।

21. ਜਿਰਹ ਦੇ ਦੌਰਾਨ ਉਸਨੇ ਮੰਨਿਆ ਕਿ ਉਸ ਨੇ ਸ਼ਨਾਖ਼ਤੀ ਪਰੇਡ 'ਚ ਮੁਲਜ਼ਮਾਂ ਦੀ ਸ਼ਨਾਖ਼ਤ ਨਹੀਂ ਸੀ ਕੀਤੀ. ਜਿਥੋਂ ਤਕ ਉਨ੍ਹਾਂ ਦੇ ਨਾਵਾਂ ਦਾ ਸਵਾਲ ਹੈ ਉਹ ਉਨ੍ਹਾਂ ਨੂੰ ਇਸ ਕਰਕੇ ਜਾਣਦੀ ਹੈ ਕਿਉਂਕਿ ਵਾਰਦਾਤ ਦੇ ਦੌਰਾਨ ਉਹ ਇਕ ਦੂਜੇ ਨੂੰ ਨਾਂ ਲੈ ਕੇ ਬੁਲਾਂਦੇ ਰਹੇ ਸਨ। ਉਸ ਨੂੰ ਪਤਾ ਸੀ ਕਿ ਹਾਈਜੈਕਿੰਗ ਦੀ ਵਾਰਦਾਤ ਤੋਂ ਪਹਿਲਾਂ (ਸੰਤ) ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਗ੍ਰਿਫਤਾਰੀ ਕਰਕੇ ਪੰਜਾਬ 'ਚ ਗੜਬੜ ਚਲ ਰਹੀ ਸੀ। ਉਸਨੂੰ ਚੌਕ ਮਹਿਤਾ ਦੀ ਵਾਰਦਾਤ ਬਾਰੇ ਵੀ ਪਤਾ ਸੀ ਜਿਸ ਵਿਚ ਅਖੌਤੀ ਤੌਰ ਤੇ 100 ਸਿਖ ਮਾਰੇ ਗਏ ਸਨ।

21. ਉਸ ਮੁਤਾਬਿਕ ਜਦੋਂ ਵਾਰਦਾਤ ਸ਼ੁਰੂ ਹੋਈ ਤਾਂ ਮੁਲਜ਼ਮ ਚੌਥੀ ਪਾਲ ਵਿਚ ਬੈਠੇ

ਸਨ। ਉਨ੍ਹਾ ਵਿਚੋਂ 3 ਇਕੱਠੇ ਬੈਠੇ ਸਨ. ਉਸਨੇ ਉਨ੍ਹਾਂ ਨੂੰ ਕਾਰਵਾਈ ਕਰਦੇ ਵੇਖਿਆ ਸੀ। ਜਦੋਂ ਉਹ ਸੀਟਾਂ ਤੋਂ ਉੱਠੇ ਉਸਨੇ ਉਨ੍ਹਾਂ ਨੂੰ ਵੇਖਿਆ ਸੀ। ਜਦੋਂ ਉਸ ਨੇ 2 ਮੁਲਜ਼ਮਾਂ ਨੂੰ ਕਾਕਪਿਟ 'ਚ ਵੜਦਿਆਂ ਵੇਖਿਆ ਉਦੋਂ ਉਹ ਚਾਹ-ਪਾਣੀ ਅੱਧਾ ਕੁ ਵਰਤਾ ਚੁਕੀ ਸੀ. ਉਸ ਵਕਤ ਉਹ ਆਪਣੀ ਗੈਲਰੀ ਤੋਂ ਬਾਹਰ ਹਵਾਈ ਜਹਾਜ਼ ਦੇ ਪਿਛਲੇ ਹਿੱਸੇ ਵਿਚ ਸੀ ਅਤੇ ਰਜਨੀ ਤੇ ਹਸਕਰ ਅਗਲੇਰੀ ਗੈਲਰੀ ਵਿਚ ਸਨ। ਜਦੋਂ ਉਹ ਕਾਕਪਿਟ 'ਚ ਦਾਖਿਲ ਹੋਏ ਤਾਂ ਦੂਜੇ ਤਿੰਨ ਮੁਲਜ਼ਮ ਆਪਣੀਆਂ ਸੀਟਾਂ ਤੋਂ ਉਠਕੇ ਲਾਂਘੇ ਵਿਚ ਆ ਖੜੋਏ।ਉਹ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾ ਰਹੇ ਸਨ। ਉਸ ਨੇ ਇਸ ਤਜਵੀਜ਼ ਤੋਂ ਇਨਕਾਰ ਕੀਤਾ ਕਿ ਅਦਾਲਤ ਵਿਚ ਸ਼ਨਾਖਤ ਕਰਵਾਉਣ ਤੋਂ ਇਕ ਦਿਨ ਪਹਿਲਾਂ ਉਸਨੂੰ ਮੁਲਾਜ਼ਮ ਦਿਖਾਏ ਗਏ ਸਨ। ਜਦੋਂ ਉਸਨੂੰ ਇਹ ਤਜਵੀਜ਼ ਕੀਤਾ ਗਿਆ ਕਿ 4 ਸਾਲ ਬਾਅਦ ਮੁਲਜ਼ਮਾਂ ਦੇ ਚਿਹਰੇ ਦੀ ਪਛਾਣ ਕਰਨੀ ਉਸ ਵਾਸਤੇ ਗੈਰ-ਮੁਮਕਿਨ ਹੈ ਤਾਂ ਉਸਨੇ ਕਿਹਾ ਕਿ ਜਿਸ ਸ਼ਖਸ ਨੇ ਉਸ ਨੂੰ ਮਾਰਨ ਦੀ ਧਮਕੀ ਦਿਤੀ ਹੋਵੇ. ਉਹ ਉਸ ਨੂੰ ਕਦੇ ਵੀ ਨਹੀਂ ਭੁਲੇਗੀ ਅਤੇ ਨਾ ਹੀ ਉਸ ਨੂੰ. ਜਿਸ ਨੇ ਉਸ ਦੀ ਜਾਨ ਬਚਾਈ ਹੋਵੇ।

22. ਉਸਨੇ ਹੋਰ ਕਿਹਾ ਕਿ ਮੁਲਜ਼ਮਾਂ ਨੇ ਆਪਣੇ ਹੱਥ ਝੋਲਿਆਂ ਵਿਚ ਪਾਈ ਰਖੇ ਸਨ ਅਤੇ ਕਿਹਾ ਕਿ ਉਨ੍ਹਾ ਕੋਲ ਹੋਰ ਵੀ ਅਸਲਾ ਹੈ ਅਤੇ ਉਨ੍ਹਾਂ ਕੋਲ ਹਵਾਈ ਜਹਾਜ਼ ਉਡਾਉਣ ਵਾਸਤੇ ਸਮੱਗਰੀ ਹੈ। ਉਸ ਨੇ ਆਪਣੀਆਂ ਅੱਖਾਂ ਨਾਲ ਕੋਈ ਅਜਿਹੀ ਚੀਜ਼ ਨਹੀਂ ਵੇਖੀ ਸੀ।

23. ਉਸਨੇ ਮੰਨਿਆ ਕਿ ਮੁਲਜ਼ਮਾਂ ਨੇ ਕੁਝ ਮੁਸਾਫਿਰ ਆਜ਼ਾਦ ਕਰ ਦਿਤੇ ਸਨ। ਸਭ ਤੋਂ ਪਹਿਲਾ ਇਕ ਔਰਤ ਮੁਸਾਫਿਰ ਨੂੰ ਛਡਿਆ ਗਿਆ ਸੀ. ਫਿਰ ਬਿਦੇਸ਼ੀਆ ਤੇ ਸਿਖ ਮੁਸਾਫਿਰਾਂ ਨੂੰ ਆਜ਼ਾਦ ਕੀਤਾ ਗਿਆ। ਅਸਲ ਵਿਚ ਸਭ ਤੋਂ ਪਹਿਲਾਂ ਇਕ ਬੀਮਾਰ ਔਰਤ ਨੂੰ ਆਜ਼ਾਦ ਕੀਤਾ ਗਿਆ ਸੀ।

24. ਜਦੋਂ ਮੁਲਜ਼ਮ ਕਰਨ ਸਿੰਘ ਤੇ ਤੇਜਿੰਦਰਪਾਲ ਸਿੰਘ **ਇਕ** ਪਾਕਿਸਤਾਨੀ ਅਫਸਰ ਨਾਲ ਬਾਹਰ ਗਏ ਤਾਂ ਉਸ ਨੇ ਉਨ੍ਹਾਂ ਨੂੰ ਆਪਣੀਆਂ ਕਿਰਪਾਨਾਂ ਲਿਜਾਂਦਿਆਂ ਨਹੀਂ ਸੀ ਵੇਖਿਆ।

25. ਉਸਨੂੰ ਪਤਾ ਸੀ ਕਿ (ਸੰਤ) ਜਰਨੈਲ ਸਿੰਘ ਭਿੰਡਰਾਂਵਾਲਾ ਇਕ ਆਗੂ ਹੈ ਪਰ ਇਹ ਨਹੀਂ ਸੀ ਕਹਿ ਸਕਦੀ ਕਿ ਉਹ ਸਿਖਾਂ ਦਾ ਇਕ ਰੂਹਾਨੀ ਆਗੂ ਹੈ ਜਾਂ ਸਿਆਸੀ।

26. ਇਕ ਹੋਰ ਸਵਾਲ ਦੇ ਜਵਾਬ 'ਚ ਉਸਨੇ ਕਿਹਾ ਕਿ ਬਤੌਰ ਏਅਰ ਹੋਸਟੇਸ ਉਨ੍ਹਾ

ਨੂੰ ਹਾਈਜੈਕਿੰਗ ਦੀ ਸੂਰਤ ਵਿਚ ਕੀਤੇ ਜਾਣ ਵਾਲੇ ਸਲੂਕ ਬਾਰੇ ਹਦਾਇਤਾ ਦਿਤੀਆ ਗਈਆਂ ਸਨ ਅਤੇ ਉਨ੍ਹਾਂ ਹਦਾਇਤਾਂ ਵਿਚੋਂ ਇਕ ਇਹ ਸੀ ਕਿ ਉਨ੍ਹਾਂ ਨੂੰ ਹਾਈਜੈਕਿੰਗ ਦਾ ਮੁਕਾਬਲਾ ਨਹੀਂ ਕਰਨਾ ਚਾਹੀਦਾ ਅਤੇ ਹਾਈਜੈਕਰ ਜਿਵੇਂ ਆਖਣ ਉਵੇਂ ਹੀ ਕੀਤਾ ਜਾਵੇ।

27. ਉਸ ਨੇ ਮੰਨਿਆ ਕਿ ਲਾਹੌਰ ਹਵਾਈ ਅੱਡੇ ਤੇ ਉਤਰਨ ਮਗਰੋਂ ਉਨ੍ਹਾਂ ਨੂੰ ਇਹ ਇਜਾਜ਼ਤ ਦਿਤੀ ਗਈ ਸੀ ਕਿ ਮੁਸਾਫਿਰਾਂ ਨੂੰ ਚਾਹ ਵਗੈਰਾ ਪਰੋਸ ਲਈ ਜਾਵੇ ਪਰ ਚਾਹ ਵਰਤਾਉਣ ਦੌਰਾਨ ਮੁਲਜ਼ਮ ਹਮੇਸ਼ਾ ਹੀ ਉਨ੍ਹਾਂ ਦੇ ਆਲੇ ਦੁਆਲੇ ਘੁੰਮਦੇ ਰਹੇ ਸਨ। ਉਸਨੇ ਇਸ ਤਜਵੀਜ਼ ਤੋਂ ਇਨਕਾਰ ਕੀਤਾ ਕਿ 29 ਤਾਰੀਖ ਦੀ ਸ਼ਾਮ ਨੂੰ ਉਹ ਨਿਸਲ ਹੋ ਗਈ ਸੀ ਤੇ ਸੌਣਾ ਚਾਹੁੰਦੀ ਸੀ। ਉਸਨੇ ਕਿਹਾ ਕਿ ਅਮਲੇ ਵਿਚੋਂ ਕੋਈ ਮੈਂਬਰ ਵੀ ਸੁੱਤਾ ਨਹੀਂ ਸੀ। ਉਸ ਨੂੰ ਹਰ ਵੇਲੇ ਇਹ ਸੋਚ ਸੀ ਕਿ ਕੁਝ ਨਾ ਕੁਝ ਵਾਪਰਨ ਵਾਲਾ ਹੈ। ਇਸ ਕਰਕੇ ਆਰਾਮ ਦਾ ਸਵਾਲ ਹੀ ਨਹੀਂ ਸੀ। ਉਸਨੇ ਹੋਰ ਕਿਹਾ ਕਿ ਮੁਲਜ਼ਮਾਂ ਨੇ ਰਲ ਕੇ ਨਾਅਰੇ ਲਾਉਣੇ ਸ਼ੁਰੂ ਕਰ ਦਿਤੇ ਸਨ, ਉਨ੍ਹਾਂ ਦੇ ਨਾਅਰੇ ਸਨ: 'ਖਾਲਿਸਤਾਨ ਜ਼ਿੰਦਾਬਾਦ,' 'ਲੈ ਕੇ ਰਹਾਂਗੇ, ਖਾਲਿਸਤਾਨ' ਅਤੇ 'ਖੂਨ ਕਾ ਬਦਲਾ ਖੂਨ'। ਉਸ ਨੇ ਤਜਵੀਜ਼ ਤੋਂ ਇਨਕਾਰ ਕੀਤਾ ਕਿ ਇਸ ਵਾਰਦਾਤ ਨੂੰ ਇਡੀਅਨ ਮੀਡੀਆ ਵਿਚ ਸਿਖਾਂ ਅਤੇ ਉਨ੍ਹਾ ਦੀ ਤਹਿਰੀਕ ਦੇ ਖਿਲਾਫ਼ ਰੰਜਿਸ਼ ਪੈਦਾ ਕਰਨ ਵਾਸਤੇ ਵਰਤਿਆ ਗਿਆ ਸੀ।

28. ਰਜਨੀ ਹਸਰਮ (ਇਸਤਗਾਸਾ ਦਾ ਗਵਾਹ ਨੰਬਰ 3) ਹਵਾਈ ਜਹਾਜ਼ 'ਚ ਸਵਾਰ ਦੂਜੀਆਂ ਦੋ ਏਅਰ ਹੋਸਟੈੱਸਜ਼ ਵਿਚੋਂ ਇਕ ਸੀ। ਉਸ ਨੇ ਹੇਠ ਲਿਖੀ ਗਵਾਹੀ ਦਿਤੀ —

'ਜਦੋਂ ਹਵਾਈ ਜਹਾਜ਼ 20-25 ਮਿੰਟ ਦੀ ਉਡਾਣ ਕਰ ਚੁਕਿਆ ਸੀ ਤਾਂ ਉਸਨੇ ਕਰਨ ਸਿਘ ਨੂੰ ਟਾਇਲਟ ਦੇ ਬਾਹਰ ਹੱਥ 'ਚ ਕਿਰਪਾਨ ਫੜੀ ਵੇਖਿਆ। ਉਸਨੇ ਉਸ ਨਾਲ ਆਪਣੇ ਖੱਬੇ ਹੱਥ ਦੀ ਉਂਗਲ ਕਟੀ। ਫਿਰ ਉਸ ਨੇ ਆਪਣੀ ਕਿਰਪਾਨ ਮੁਲਜ਼ਮ ਗਜਿੰਦਰ ਸਿਘ ਨੂੰ ਦੇ ਦਿਤੀ। ਏਨੇ ਵਿਚ ਹੀ ਮੁਲਜ਼ਮ ਗਜਿੰਦਰ ਸਿਘ ਤੇ ਜਸਬੀਰ ਸਿਘ ਕਾਕਪਿਟ ਵਲ ਦੌੜੇ ਅਤੇ ਕਰਨ ਸਿਘ ਹਵਾਈ ਜਹਾਜ਼ ਦੇ ਪਿਛਲੇਰੇ ਹਿੱਸੇ ਵਲ ਦੌੜਿਆ। ਫਿਰ ਦੂਜੇ ਤਿੰਨ ਮੁਲਜ਼ਮ ਕਰਨ ਸਿਘ, ਤੇਜਿੰਦਰਪਾਲ ਸਿਘ ਤੇ ਸਤਨਾਮ ਸਿਘ ਖੜੇ ਹੋ ਗਏ ਅਤੇ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿਤੇ। ਉਹ ਆਖ ਰਹੇ ਸਨ ਕਿ ਉਨ੍ਹਾਂ ਦਾ ਅਹਿਮ ਮਕਸਦ (ਸੰਤ) ਜਰਨੈਲ ਸਿਘ ਭਿੰਡਰਾਂਵਾਲਿਆਂ, ਜਿਸ ਨੂੰ ਭਾਰਤ ਸਰਕਾਰ ਨੇ ਗ੍ਰਿਫਤਾਰ ਕੀਤਾ ਸੀ, ਦੀ ਰਿਹਾਈ ਹੈ ਅਤੇ ਉਹ 100 ਸਿਖਾਂ ਦੇ ਕਤਲ ਦਾ ਬਦਲਾ ਲੈਣਗੇ। ਉਨ੍ਹਾਂ ਸਾਨੂੰ ਧਮਕੀਆਂ ਦੇਂਦਿਆਂ ਆਖਿਆ ਕਿ ਜੇ ਕਰ ਕੋਈ ਵੀ

ਅਪਣੀ ਜਗਹ ਤੋਂ ਹਿਲਿਆ ਤਾਂ ਉਹ ਜਹਾਜ਼ ਨੂੰ ਉਡਾ ਦੇਣਗੇ। ਜਹਾਜ਼ ਨੂੰ ਲਾਹੌਰ ਮੋੜਿਆ ਗਿਆ ਜਿਥੇ ਕਿ ਇਸ ਨੂੰ ਉਤਾਰਿਆ ਗਿਆ। ਮੁਲਜ਼ਮਾਂ ਨੇ ਉਨ੍ਹਾਂ ਨੂੰ 30 ਸਿਤੰਬਰ 1981 ਤਕ, ਉਦੋਂ ਤਕ ਧਮਕਾਈ ਰਖਿਆ ਜਦੋਂ ਤਕ ਮੁਲਜ਼ਮਾਂ ਗਜਿੰਦਰ ਸਿੰਘ, ਜਸਬੀਰ ਸਿੰਘ, ਸਤਨਾਮ ਸਿੰਘ, ਨੂੰ ਕਮਾਂਡੋਜ਼ ਨੇ ਕਾਬੂ ਨਹੀਂ ਸੀ ਕਰ ਲਿਆ। ਉਸ ਤੋਂ ਕੁਝ ਚਿਰ ਪਹਿਲੋਂ ਹੀ ਕਰਨ ਸਿੰਘ ਤੇ ਤੇਜਿੰਦਰਪਾਲ ਸਿੰਘ ਇਕ ਪੁਲੀਸ ਅਫਸਰ ਨਾਲ ਜਹਾਜ਼ ਵਿਚੋਂ ਬਾਹਰ ਜਾ ਚੁਕੇ ਸਨ।

29. ਜਿਰਹ ਦੌਰਾਨ ਇਕ ਸਵਾਲ ਦੇ ਜਵਾਬ ਵਿਚ ਉਸਨੇ ਕਿਹਾ ਕਿ ਮੁਲਜ਼ਮਾਂ ਵਿਚੋਂ 2 ਜਣੇ ਹਵਾਈ ਜਹਾਜ਼ ਦੇ ਖਬੇ ਪਾਸੇ ਸੀਟ ਨੰਬਰ 8 ਬੀ ਅਤੇ 8 ਸੀ ਤੇ ਬੈਠੇ ਸੀ। ਜਦੋਂ ਹਾਈਜੈਕਿੰਗ ਦੀ ਵਾਰਦਾਤ ਸ਼ੁਰੂ ਹੋਈ ਉਹ ਮੁਸਾਫਿਰਾਂ ਨੂੰ ਚਾਹ ਪਾਣੀ ਦੀਆਂ ਥਾਲੀਆਂ (ਟਰੇਅ) ਫੜਾ ਚੁਕੇ ਸਨ। ਉਸਨੇ ਇਹ ਵੀ ਦਸਿਆ ਕਿ ਜਦੋਂ ਮੁਲਜ਼ਮਾਂ ਨੇ ਉਨ੍ਹਾਂ ਨੂੰ ਆਖਿਆ ਕਿ ਉਹ ਆਪਣੀਆਂ ਸੀਟਾਂ ਤੋਂ ਨਾ ਹਿਲਣ ਤਾਂ ਉਨ੍ਹਾਂ ਨੇ ਇਸ ਹੁਕਮ ਦੀ ਤਾਮੀਲ ਕੀਤੀ ਕਿਉਂ ਕਿ ਉਨ੍ਹਾਂ ਦੇ ਹੁਕਮ ਵਿਚ ਧਮਕੀਆਂ ਸ਼ਾਮਿਲ ਸਨ ਤੇ ਉਨ੍ਹਾਂ ਦੇ ਹੱਥਾਂ ਵਿਚ ਕਿਰਪਾਨਾਂ ਵੀ ਸਨ। ਇਸ ਤੋਂ ਬਾਅਦ ਨਾ ਉਨ੍ਹਾਂ ਵਿਚੋਂ ਕਿਸੇ ਨੇ ਤੇ ਨਾ ਹੀ ਮੁਸਾਫਿਰਾਂ ਵਿਚੋਂ ਕਿਸੇ ਨੇ ਹੀ ਮੁਲਜ਼ਮਾਂ ਦੀ ਮਰਜ਼ੀ ਦੇ ਖਿਲਾਫ ਕੋਈ ਕਾਰਵਾਈ ਕਰਨ ਦੀ ਕੋਸ਼ਿਸ਼ ਕੀਤੀ। ਹਵਾਈ ਜਹਾਜ਼ 'ਚ ਆਪਣੀ ਇਸ ਬੰਦਿਸ਼ ਦੇ ਦੌਰਾਨ ਜਦੋਂ ਵੀ ਮੁਲਜ਼ਮਾਂ ਨੇ ਉਨ੍ਹਾਂ ਨੂੰ ਇਜਾਜ਼ਤ ਦਿਤੀ, ਉਨ੍ਹਾਂ ਮੁਸਾਫਿਰਾਂ ਨੂੰ ਚਾਹ-ਪਾਣੀ ਦਿਤਾ।

30. ਉਸ ਦੇ ਮੁਤਾਬਿਕ ਪਾਲਮ ਹਵਾਈ ਅੱਡੇ ਤੋਂ ਅੰਮ੍ਰਿਤਸਰ ਤਕ ਉਡਾਣ ਦਾ ਵਕਤ 45 ਮਿੰਟ ਹੈ ਅਤੇ ਅੰਮ੍ਰਿਤਸਰ ਤੋਂ ਸ੍ਰੀਨਗਰ ਤਕ 35 ਤੋਂ 40 ਮਿੰਟ ਦੇ ਵਿਚਕਾਰ ਲਗਦੇ ਹਨ। ਉਨ੍ਹਾਂ ਦੀ ਆਜ਼ਾਦੀ ਮਗਰੋਂ ਹਵਾਈ ਅੱਡੇ ਦੇ ਅਫਸਰਾਂ ਨੇ ਉਨ੍ਹਾਂ ਨਾਲ ਬੜਾ ਚੰਗਾ ਸਲੂਕ ਕੀਤਾ ਅਤੇ ਉਨ੍ਹਾਂ ਨੇ ਰੱਬ ਦਾ ਸ਼ੁਕਰ ਕੀਤਾ ਕਿ ਹਾਈਜੈਕਿੰਗ ਖਤਮ ਹੋ ਗਈ ਸੀ ਅਤੇ ਕੋਈ ਅਣਸੁਖਾਵੀਂ ਵਾਰਦਾਤ ਨਹੀਂ ਸੀ ਹੋਈ। ਉਨ੍ਹਾਂ ਨੂੰ ਇਸ ਗੱਲ ਦੀ ਵੀ ਖੁਸ਼ੀ ਹੋਈ ਕਿ ਮੁਲਜ਼ਮਾਂ ਕੋਲ ਕੋਈ ਸਿਕਾ ਬਾਰੂਦ ਨਹੀਂ ਸੀ। ਉਸਨੇ ਦਾਅਵੇ ਨਾਲ ਕਿਹਾ ਕਿ ਉਸ ਨੇ ਪੁਲੀਸ ਕੋਲ ਦਿਤੀ ਗਵਾਹੀ (ਐਕਸ. ਡੀ ਈ) ਵੇਲੇ ਆਖਿਆ ਸੀ ਕਿ ਮੁਲਜ਼ਮਾਂ ਕੋਲ 5 ਕਿਰਪਾਨਾਂ ਸਨ। ਅਸਲ ਵਿਚ ਉਸ ਨੇ ਉਸ ਵਿਚ 2 ਕਿਰਪਾਨਾਂ ਦਾ ਜ਼ਿਕਰ ਕੀਤਾ ਸੀ। ਉਸ ਨੇ ਇਸ ਤੋਂ ਇਨਕਾਰ ਕੀਤਾ ਕਿ ਮੁਲਜ਼ਮਾਂ ਕੋਲ ਸਿਰਫ 2 ਕਿਰਪਾਨਾਂ ਸਨ ਅਤੇ ਪੁਲੀਸ ਕੋਲ ਗਵਾਹੀ ਵਿਚ ਉਸਨੇ ਸਿਰਫ 2 ਕਿਰਪਾਨਾਂ ਦਾ ਜ਼ਿਕਰ ਕੀਤਾ ਸੀ। ਪੁਲੀਸ ਨੇ ਉਸ ਤੋਂ ਜੋ ਪੁਛਿਆ ਸੀ, ਉਸਨੇ ਉਸ ਦਾ ਜਵਾਬ ਦਿਤਾ ਸੀ।

31. ਜਦੋਂ ਉਸ ਤੋਂ ਇਹ ਸਵਾਲ ਪੁਛਿਆ ਗਿਆ ਕਿ ਕੀ ਕਮਾਂਡੋ ਐਕਸ਼ਨ ਤੋਂ ਬਾਅਦ ਮੁਸਾਫਿਰਾਂ ਨੂੰ ਆਪਣਾ ਹਥਲਾ ਸਾਮਾਨ ਤੇ ਹੋਰ ਚੀਜ਼ਾਂ ਪਿਛੇ ਛਡਕੇ ਹਵਾਈ ਜਹਾਜ਼ ਦੀਆਂ ਪੌੜੀਆਂ ਉਤਰ ਕੇ ਫਿਰ ਧਰਨੇ ਲੇਟ ਜਾਣ ਵਾਸਤੇ ਆਖਿਆ ਗਿਆ ਸੀ ਤਾਂ ਉਸ ਨੇ ਹਾਂ ਵਿਚ ਜਵਾਬ ਦਿਤਾ।

32. ਜਦੋਂ ਕਰਨ ਸਿੰਘ ਨੇ ਆਪਣਾ ਹੱਥ ਕਟਿਆ ਤਾਂ ਉਸਨੇ ਉਸ ਵਿਚੋਂ ਕੋਈ ਲਾਲ ਚੀਜ਼ ਨਿਕਲਦੀ ਵੇਖੀ। ਉਸ ਨੇ ਕਿਹਾ ਕਿ ਜਦੋਂ ਉਸ ਨੇ ਕਿਹਾ ਸੀ ਕਿ ਕੋਈ ਲਾਲ ਚੀਜ਼ ਵਗਦੀ ਵੇਖੀ ਸੀ ਤਾਂ ਇਹ ਆਖਣ ਦਾ ਇਕ ਤਰੀਕਾ ਸੀ ਕਿ ਜਦੋਂ ਉਸਨੇ ਆਪਣੀ ਉਂਗਲ ਕੱਟੀ ਤਾਂ ਉਸ ਵਿਚੋਂ ਖ਼ੂਨ ਵਗ ਰਿਹਾ ਸੀ।

33. ਇਸਤਗਾਸਾ ਦੇ ਬਾਕੀ ਗਵਾਹ ਦੋ ਵੱਡੇ ਹਿਸਿਆਂ ਵਿਚ ਵੰਡੇ ਜਾ ਸਕਦੇ ਹਨ ਨੁਸਰਤ ਉਲਾ ਖਾਨ (ਗਵਾਹ ਨੰਬਰ 4) ਤੇ ਸ਼ਾਹਿਦ ਰਜ਼ਾ (ਗਵਾਹ ਨੰਬਰ 5), ਜੋ ਕਿ 29-9-1981 ਨੂੰ ਲਾਹੌਰ ਏਅਰ ਟਰੈਫਿਕ ਕੰਟਰੋਲ ਨਾਲ ਵਾਬਸਤਾ ਸਨ, ਪਹਿਲੇ ਹਿੱਸੇ ਵਿਚ ਰਖੇ ਜਾ ਸਕਦੇ ਹਨ। ਨਜ਼ਰ ਹੁਸੈਨ ਐਸ. ਐਚ. ਓ. (ਗਵਾਹ ਨੰਬਰ 6), ਮੁਹੰਮਦ ਰਫੀਕ ਏ. ਐਸ. ਆਈ. (ਗਵਾਹ ਨੰਬਰ 7), ਚੌਧਰੀ ਬਸ਼ੀਰ ਅਹਿਮਦ ਸੁਪਰਡੰਟ ਪੁਲੀਸ (ਗਵਾਹ ਨੰਬਰ 10), ਮੁਹੰਮਦ ਸਫਦਰ ਖਾਨ ਡੀ. ਐਸ. ਪੀ. (ਗਵਾਹ ਨੰਬਰ 12), ਤੇ ਰਾਏ ਸੁਬੀਰ ਅਹਿਮਦ ਮਜਿਸਟਰੇਟ (ਗਵਾਹ ਨੰਬਰ 9), ਜੋ ਕਿ ਵਖ ਵਖ ਹੈਸੀਅਤ ਵਿਚ ਤੇ ਵਖ ਵਖ ਪੜਾਵਾਂ ਤੇ ਪੜਤਾਲ ਵਾਸਤੇ ਤਾਈਨਾਤ ਕੀਤੇ ਗਏ ਸਨ — ਦੂਜੇ ਹਿੱਸੇ ਵਿਚ ਰਖੇ ਜਾ ਸਕਦੇ ਹਨ। ਪਿਛੇ ਰਹਿ ਜਾਂਦੇ ਹਨ: ਉਮਰ ਖਾਨ ਅਫਰੀਦੀ (ਗਵਾਹ ਨੰਬਰ 8), ਜਿਸ ਨੇ ਲਾਹੌਰ ਡਵੀਜ਼ਨ ਦੇ ਕਮਿਸ਼ਨਰ ਦੀ ਹੈਸੀਅਤ ਵਿਚ, ਜਹਾਜ਼ ਆਜ਼ਾਦ ਹੋਣ ਤੋਂ ਪਹਿਲਾਂ, ਮੁਲਜ਼ਮਾਂ ਨਾਲ ਸਮਝੌਤੇ ਵਾਸਤੇ ਗਲਬਾਤ ਕੀਤੀ ਅਤੇ ਬਰਗੇਡੀਅਰ ਤਾਰਿਕ ਮੁਹੰਮਦ (ਗਵਾਹ ਨੰਬਰ 12), ਜਿਸਨੇ ਕਮਾਂਡੋ ਐਕਸ਼ਨ ਨੂੰ ਕਾਮਯਾਬੀ ਨਾਲ ਸਰਅੰਜਾਮ ਕੀਤਾ।

34. ਨੁਸਰਤ-ਉਲਾ-ਖਾਨ (ਇਸਤਗਾਸਾ ਦਾ ਗਵਾਹ ਨੰਬਰ 4) ਏਅਰ ਟਰੈਫਿਕ ਕੰਟਰੋਲ ਅਫਸਰ ਸੀ ਅਤੇ 29-9-1981 ਨੂੰ ਲਾਹੌਰ ਹਵਾਈ ਅੱਡੇ ਤੇ ਸਟੇਸ਼ਨ ਏਅਰ ਟਰੈਫਿਕ ਕੰਟਰੋਲ ਅਫਸਰ ਵਜੋਂ ਡਿਊਟੀ ਤੇ ਸੀ। ਉਸ ਦੀ ਗਵਾਹੀ ਦਾ ਨਿਚੋੜ ਇਹ ਹੈ:

"ਉਹ, ਅਤੇ ਯਕੂਬ ਸਤੀ ਏਅਰ ਟਰੈਫਿਕ ਕੰਟਰੋਲ ਤੇ ਡਿਊਟੀ ਦੇ ਰਹੇ ਸਨ ਕਿ ਕਰੀਬ ਭਾਰਤੀ ਵਕਤ ਦੇ ਸਾਢੇ ਬਾਰਾਂ ਵਜੇ ਇੰਡੀਅਨ ਏਅਰ ਲਾਈਨ ਦੀ ਫਲਾਈਟ ਨੰਬਰ

ਆਈ. ਸੀ. 423 ਨੇ ਲਾਹੌਰ ਦੇ ਕੰਟਰੋਲ ਟਾਵਰ ਨਾਲ ਰਾਬਤਾ ਬਣਾਇਆ ਤੇ ਕਿਹਾ ਕਿ ਤੇਲ ਦੀ ਕਮੀ ਕਰਕੇ ਹੰਗਾਮੀ ਹਾਲਤ ਵਿਚ ਹਵਾਈ ਜਹਾਜ਼ ਨੂੰ ਲਾਹੌਰ ਲਿਆ ਰਹੇ ਹਨ। ਉਸ ਨੇ ਉਸ ਨੂੰ ਆਖਿਆ ਕਿ ਉਹ ਜਹਾਜ਼ ਨੂੰ ਅੰਮ੍ਰਿਤਸਰ ਵਿਚ ਉਤਾਰੇ। ਉਸ ਦਾ ਜਵਾਬ ਸੀ ਕਿ ਅੰਮ੍ਰਿਤਸਰ ਹਵਾਈ ਅੱਡਾ ਬੰਦ ਹੋ ਚੁਕਾ ਹੈ। ਪੁਛਗਿਛ ਕਰਨ ਤੇ ਪਤਾ ਲਗਾ ਕਿ ਉਨ੍ਹਾਂ ਕੋਲ ਜਹਾਜ਼ ਵਿਚ ਇਕ ਘੰਟੇ ਜੋਗਾ ਤੇਲ ਹੈ। ਉਸ ਨੇ (ਨੁਸਰਤ ਉਲਾ ਖਾਨ ਨੇ) ਏਅਰ ਪੋਰਟ ਮੈਨੇਜਰ ਸ਼ਾਹਿਦ ਰਜ਼ਾ ਨਾਲ ਰਾਬਤਾ ਕਾਇਮ ਕੀਤਾ ਅਤੇ ਸਾਰੀ ਇਤਲਾਹ ਦਿਤੀ। ਉਸ ਦੌਰਾਨ ਜਹਾਜ਼ ਵਾਲਿਆਂ ਨੇ ਉਨ੍ਹਾਂ ਦੇ ਸਵਾਲਾਂ ਦਾ ਜਵਾਬ ਨਾ ਦਿਤਾ। ਪਰ ਉਨ੍ਹਾਂ ਨੇ ਇਤਲਾਹ ਦਿਤੀ ਕਿ ਉਹ ਪਟੜੀ ਨੰਬਰ 36 ਉੱਤੇ ਉਨ੍ਹਾ ਦੀ ਹਰੀ ਝੰਡੀ ਤੋਂ ਬਿਨਾਂ ਉਤਰ ਰਹੇ ਹਨ। ਦੋ ਮਿੰਟ ਬਾਅਦ ਉਹ ਜਹਾਜ਼ ਨਾਲ ਰਾਬਤਾ ਬਣਾ ਲੈਣ ਵਿਚ ਕਾਮਯਾਬ ਹੋ ਗਏ। ਜਦੋਂ ਉਨ੍ਹਾਂ ਪੁਛਿਆ ਕਿ ਉਹ ਉਨ੍ਹਾਂ ਦੀਆਂ ਹਾਕਾਂ ਦਾ ਜਵਾਬ ਕਿਉਂ ਨਹੀਂ ਸੀ ਦੇ ਰਹੇ ਤਾਂ ਇਕ ਜਣੇ, ਜਿਸ ਨੇ ਆਪਣਾ ਨਾਂ ਗਜਿੰਦਰ ਸਿੰਘ ਦਸਿਆ, ਨੇ ਜਵਾਬ ਦਿਤਾ ਕਿ ਉਹ ਖਾਲਿਸਤਾਨ ਦੀ ਤਹਿਰੀਕ ਦਾ ਇਕ ਮੈਂਬਰ ਹੈ ਅਤੇ ਉਹ ਹਵਾਈ ਜਹਾਜ਼ ਲਾਹੌਰ ਨੂੰ ਹਾਈਜੈਕ ਕਰਕੇ ਲੈ ਆਏ ਹਨ। ਉਸਨੇ ਇਹ ਵੀ ਕਿਹਾ ਕਿ ਭਾਰਤ ਸਰਕਾਰ ਨੇ ਉਨ੍ਹਾਂ ਦਾ ਆਗੂ (ਸੰਤ) ਜਰਨੈਲ ਸਿੰਘ ਭਿੰਡਰਾਂਵਾਲਾ ਗ੍ਰਿਫਤਾਰ ਕਰ ਲਿਆ ਹੈ ਅਤੇ ਕਰੀਬ 100 ਸਿਖ ਮਾਰ ਦਿਤੇ ਹਨ ਤੇ ਉਨ੍ਹਾ ਦਾ ਮਕਸਦ ਦੁਨੀਆਂ ਨੂੰ ਭਾਰਤ ਵਿਚ ਸਿਖਾਂ ਉੱਤੇ ਹੋ ਰਹੇ ਜ਼ੁਲਮ ਬਾਰੇ ਦਸਣਾ ਹੈ। ਉਨ੍ਹਾਂ ਭਾਰਤੀ ਹਵਾਈ ਜਹਾਜ਼ ਨੂੰ ਪਾਕਿਟ 23 ਤੇ ਪਾਰਕ ਕਰਨ ਦੀ ਇਜਾਜ਼ਤ ਦੇ ਦਿਤੀ। ਤਕਰੀਬਨ ਦੁਪਹਿਰ ਇਕ ਵਜੇ ਮੁਲਜ਼ਮ ਗਜਿੰਦਰ ਸਿੰਘ ਨੇ ਉਸ ਨੂੰ ਦੋਬਾਰਾ ਆਖਿਆ ਕਿ ਉਹ ਕਿਸੇ ਸੀਨੀਅਰ ਅਫਸਰ ਨਾਲ ਗਲਬਾਤ ਕਰਨੀ ਚਾਹਵੇਗਾ। ਉਸ ਨੇ ਇਸ ਬਾਰੇ ਏਅਰ ਪੋਰਟ ਮੈਨੇਜਰ ਸ਼ਾਹਿਦ ਰਜ਼ਾ ਨੂੰ ਇਤਲਾਹ ਦੇ ਦਿਤੀ।

35. ਜਿਰਹ ਦੇ ਇਕ ਸਵਾਲ ਦੇ ਜਵਾਬ ਵਿਚ ਉਸ ਨੇ ਕਿਹਾ ਕਿ ਜਹਾਜ਼ ਵਿਚੋਂ ਪਹਿਲੋਂ ਜਿਸ ਨੇ ਗੱਲ ਕੀਤੀ ਸੀ, ਉਸ ਨੇ ਆਪਣਾ ਤੁਆਰਫ ਨਹੀਂ ਸੀ ਕਰਾਇਆ ਤੇ ਉਸ ਵੇਲੇ ਉਹ ਭਾਰਤੀ ਹਦੂਦ ਵਿਚ ਸੀ। ਜਿਸ ਅਜੀਬ ਲੱਫਾਜ਼ੀ 'ਚ ਉਹ ਸ਼ਖਸ ਬੋਲ ਰਿਹਾ ਸੀ ਉਸ ਤੋਂ ਇਹ ਜਾਪਦਾ ਸੀ ਕਿ ਉਹ ਹਵਾਈ ਜਹਾਜ਼ ਦਾ ਪਾਇਲਟ ਜਾਂ ਕੋਈ ਵੱਡਾ ਅਫਸਰ ਸੀ। ਉਸ ਨੇ ਇਹ ਵੀ ਦਸਿਆ ਕਿ ਇਸ ਤੋਂ ਪਹਿਲਾਂ ਕਿ ਹਾਈਜੈਕ ਕੀਤਾ ਜਹਾਜ਼ ਲਾਹੌਰ ਉਤਰਦਾ, ਉਨ੍ਹਾ ਨੇ ਨਵੀਂ ਦਿਲੀ ਦੇ ਏਅਰਪੋਰਟ ਅਫਸਰਾਂ ਨਾਲ ਰਾਬਤਾ ਕਾਇਮ ਕਰਕੇ ਪਤਾ ਕਰ ਲਿਆ ਸੀ ਕਿ ਅੰਮ੍ਰਿਤਸਰ ਹਵਾਈ ਅੱਡਾ, ਦਰਅਸਲ, ਬੰਦ ਨਹੀਂ ਸੀ ਹੋਇਆ। 'ਹਵਾਈ ਜਹਾਜ਼ ਕੋਲ ਕਾਫੀ ਤੇਲ ਨਹੀਂ ਹੈ ਤੇ ਅੰਮ੍ਰਿਤਸਰ ਹਵਾਈ ਅੱਡਾ ਬੰਦ ਹੈ' ਵਾਲੀ ਇਤਲਾਹ ਨੇ ਉਨ੍ਹਾ ਦੇ ਦਿਲ 'ਚ ਸ਼ੰਕਾ ਭਰ ਦਿਤਾ ਸੀ ਕਿ ਇਹ

ਸਹੀ ਨਹੀਂ ਸੀ। ਅਜਿਹੀ ਸੂਰਤ ਵਿਚ, ਆਮ ਤੌਰ ਤੇ ਜਹਾਜ਼ ਉਤਾਰਣ ਦੀ ਇਜਾਜ਼ਤ ਨਹੀਂ ਦਿਤੀ ਜਾਂਦੀ। ਉਸਨੇ ਇਸ ਤਜਵੀਜ਼ ਤੋਂ ਨਾਂਹ ਕੀਤੀ ਕਿ ਹਵਾਈ ਜਹਾਜ਼ ਇਕ ਨਾ ਵਰਤੀ ਜਾਣ ਵਾਲੀ ਪਟੜੀ ਤੇ ਉਤਰਿਆ ਸੀ। ਉਸ ਨੇ ਇਹ ਤਜਵੀਜ਼ ਮੰਨ ਲਈ ਕਿ ਹਾਈਜੈਕ ਕੀਤੇ ਜਹਾਜ਼ ਦੇ ਕਮਾਂਡਰ ਨੇ ਉਨ੍ਹਾਂ ਨੂੰ ਏਨਾ ਵਕਤ ਹੀ ਨਹੀਂ ਦਿਤਾ ਕਿ ਉਹ ਇਹ ਫੈਸਲਾ ਕਰ ਸਕਣ ਕਿ ਇਸ ਨੂੰ ਉਤਰਨ ਦੇਣਾ ਹੈ ਜਾਂ ਨਹੀਂ। ਜੇ ਕਰ ਉਨ੍ਹਾਂ ਕੋਲ ਕਾਫੀ ਟਾਈਮ ਹੁੰਦਾ ਅਤੇ ਫੈਸਲਾ ਇਹ ਹੁੰਦਾ ਕਿ ਜਹਾਜ਼ ਨੂੰ ਉਤਰਨ ਨਹੀਂ ਦੇਣਾ ਪਟੜੀ ਤੇ ਰੋਕਾਂ ਖੜੀਆਂ ਕਰ ਦਿਤੀਆਂ ਜਾਣੀਆਂ ਸਨ। ਉਸ ਨੇ ਇਹ ਵੀ ਮੰਨਿਆ ਕਿ ਇਸ ਕਰਕੇ ਇਹ ਕਹਿਣਾ ਸਹੀ ਹੈ ਕਿ ਭਾਰਤੀ ਪਾਇਲਟ ਨੇ ਉਨ੍ਹਾਂ ਦੇ ਫੈਸਲੇ ਤੋਂ ਪਹਿਲਾਂ ਹੀ ਪਹਿਲ ਲੈ ਲਈ ਅਤੇ ਬਿਨਾ ਇਜਾਜ਼ਤ ਤੋਂ ਜਹਾਜ਼ ਉਤਾਰ ਦਿਤਾ।

36. ਸ਼ਾਹਿਦ ਰਜ਼ਾ (ਇਸਤਗਾਸਾ ਦਾ ਗਵਾਹ ਨੰਬਰ 5) ਨੇ ਪਹਿਲੀ ਇਤਲਾਹ ਦਿਤੀ ਸੀ। ਵਕੂਏ ਵੇਲੇ ਉਹ ਨਾਰਥ ਲਾਹੌਰ ਦੀ ਸਿਵਲ ਐਵੀਏਸ਼ਨ ਦਾ ਰੀਜਨਲ ਡਾਇਰੈਕਟਰ ਸੀ ਅਤੇ ਏਅਰ ਪੋਰਟ ਮੈਨੇਜਰ ਵਜੋਂ ਡਿਊਟੀ ਤੇ ਸੀ। ਉਸ ਨੇ ਵਕੂਏ ਨੂੰ ਇਜ ਬਿਆਨ ਕੀਤਾ ਹੈ:

'29 ਸਿਤੰਬਰ 1981 ਨੂੰ ਦੁਪਹਿਰ ਦੇ ਕਰੀਬ ਸਾਢੇ 12 ਵਜੇ ਗਵਾਹ ਨੁਸਰਤ ਉਲਾਖਾਨ ਨੇ ਉਸਨੂੰ ਫੋਨ ਕੀਤਾ ਕਿ ਭਾਰਤੀ ਜਹਾਜ਼ ਫਲਾਈਟ ਨੰਬਰ ਆਈ. ਸੀ. 423 ਲਾਹੌਰ ਉਤਰਨਾ ਚਾਹੁੰਦਾ ਹੈ ਕਿਉਂਕਿ ਉਨ੍ਹਾਂ ਕੋਲ ਤੇਲ ਦੀ ਕਮੀ ਹੈ ਅਤੇ ਅੰਮ੍ਰਿਤਸਰ ਏਅਰਪੋਰਟ ਬੰਦ ਹੋ ਚੁਕਾ ਹੈ। ਉਸ ਨੇ ਗਵਾਹ ਨੁਸਰਤ ਉਲਾ-ਖਾਨ ਨੂੰ ਹਦਾਇਤ ਦਿਤੀ ਕਿ ਉਹ ਜਹਾਜ਼ ਤੋਂ ਉਸ ਦੇ ਚਲਣ ਅਤੇ ਉਸ ਦੀ ਮੰਜ਼ਿਲ ਅਤੇ ਹੋਰ ਜ਼ਰੂਰੀ ਵਾਕਫੀ ਹਾਸਿਲ ਕਰੇ। ਉਸ ਦੌਰਾਨ ਉਸਨੇ ਸਿਵਲ ਐਵੀਏਸ਼ਨ ਦੇ ਡਾਇਰੈਕਟਰ ਜਨਰਲ ਨਾਲ ਰਾਬਤਾ ਕਾਇਮ ਕਰਨ ਦੀ ਕੋਸ਼ਿਸ਼ ਕੀਤੀ। ਉਹ ਉਸ ਵੇਲੇ ਰਾਵਲਪਿੰਡੀ ਵਿਚ ਸੀ। ਕਰੀਬ 12-45 ਤੇ ਗਵਾਹ ਨੁਸਰਤ ਉਲਾ ਖਾਨ ਨੇ ਫਿਰ ਉਸ ਨਾਲ ਰਾਬਤਾ ਕਾਇਮ ਕੀਤਾ ਤੇ ਦਸਿਆ ਕਿ ਭਾਰਤੀ ਹਵਾਈ ਜਹਾਜ਼ ਨਾਲ ਉਸ ਦਾ ਰਾਬਤਾ ਨਹੀਂ ਬਣ ਸਕਿਆ ਪਰ ਜਹਾਜ਼ ਲਾਹੌਰ ਹਵਾਈ ਅੱਡੇ ਦੀ ਨੇੜੇ ਹੀ ਪਹੁੰਚ ਚੁੱਕਾ ਹੈ ਤੇ ਨਜ਼ਰ ਆ ਰਿਹਾ ਹੈ। ਉਸ ਨੇ ਗਵਾਹ ਨੁਸਰਤ ਉਲਾ ਨੂੰ ਹਦਾਇਤ ਦਿਤੀ ਕਿ ਜਹਾਜ਼ ਨਾਲ ਰਾਬਤਾ ਬਣਾਉਣ ਦੀ ਕੋਸ਼ਿਸ਼ ਜਾਰੀ ਰਖੇ। ਕਰੀਬ 12-50 ਤੇ ਨੁਸਰਤ ਉਲਾ ਨੇ ਉਸ ਨੂੰ ਖਬਰ ਦਿਤੀ ਕਿ ਭਾਰਤੀ ਜਹਾਜ਼ ਉਤਰ ਚੁਕਾ ਹੈ। ਜਹਾਜ਼ ਉਤਰਨ ਮਗਰੋਂ ਨੁਸਰਤ ਉਲਾ ਨੂੰ ਪਤਾ ਲਗਾ ਕਿ ਜਹਾਜ਼ ਨੂੰ ਲਾਹੌਰ ਹਾਈਜੈਕ ਕੀਤਾ ਗਿਆ ਸੀ। ਕਰੀਬ 1-05 ਤੇ ਡਾਇਰੈਕਟਰ ਜਨਰਲ ਨਾਲ ਮੇਲ ਹੋ ਗਿਆ। ਉਸ ਨੇ ਪੰਜਾਬ ਸਰਕਾਰ ਦੇ ਚੀਫ ਸੈਕਟਰੀ

ਚੌਧਰੀ ਮੁਹੰਮਦ ਸਦੀਕੀ ਨੂੰ ਵੀ ਵਾਰਦਾਤ ਬਾਰੇ ਖ਼ਬਰ ਦਿਤੀ। ਕੋਈ 15-20 ਮਿੰਟ ਬਾਅਦ ਨੁਸਰਤ ਉਲਾ ਨੇ ਦੋਬਾਰਾ ਦਸਿਆ ਕਿ ਇਕ ਗਜਿੰਦਰ ਸਿੰਘ ਨਾਂ ਦੇ ਬੰਦੇ ਨੇ ਜਹਾਜ਼ ਤੋਂ ਉਸ ਨਾਲ ਗਲਬਾਤ ਕੀਤੀ ਹੈ ਕਿ ਉਨ੍ਹਾਂ ਨੇ ਹਵਾਈ ਜਹਾਜ਼ ਇਸ ਕਰਕੇ ਹਾਈਜੈਕ ਕੀਤਾ ਹੈ ਕਿ ਉਹ (ਹਾਈਜੈਕਰ) ਖ਼ਾਲਿਸਤਾਨ ਬਾਰੇ ਆਪਣੇ ਨੁਕਤੇ ਨਿਗਾਹ ਬਾਰੇ ਦੁਨੀਆਂ ਨੂੰ ਦਸਣਾ ਚਾਹੁੰਦੇ ਹਨ ਤੇ (ਸੰਤ) ਜਰਨੈਲ ਸਿੰਘ ਭਿੰਡਰਾਂਵਾਲਾ ਦੀ ਗ੍ਰਿਫਤਾਰੀ ਅਤੇ 100 ਸਿਖਾਂ ਦੇ ਕਤਲ ਦੇ ਖਿਲਾਫ ਪਰੋਟੈਸਟ ਵੀ ਕਰਨਾ ਚਾਹੁੰਦੇ ਹਨ। ਨੁਸਰਤ ਉਲਾ ਨੇ ਉਸ ਨੂੰ ਹੋਰ ਦਸਿਆ ਕਿ ਮੁਲਜ਼ਮ ਗਜਿੰਦਰ ਸਿੰਘ ਕਿਸੇ ਸੀਨੀਅਰ ਅਫਸਰ ਨਾਲ ਗਲਬਾਤ ਕਰਨੀ ਚਾਹੁੰਦਾ ਹੈ ਤਾਂ ਜੋ ਉਹ ਆਪਣੇ ਆਗੂ ਦੀ ਰਿਹਾਈ ਕਰਵਾ ਸਕੇ ਅਤੇ ਉਸ ਨੇ ਕਿਹਾ ਕਿ ਜਦੋਂ ਤਕ ਉਹ ਕਿਸੇ ਸੀਨੀਅਰ ਪਾਕਿਸਤਾਨੀ ਅਫਸਰ ਨਾਲ ਗਲਬਾਤ ਨਹੀਂ ਕਰ ਲੈਂਦਾ ਉਹ ਕਿਸੇ ਨੂੰ ਜਹਾਜ਼ 'ਚੋਂ ਉਤਰਨ ਨਹੀਂ ਦੇਵੇਗਾ।

37. ਬਾਅਦ 'ਚ ਉਸਨੇ ਵਾਰਦਾਤ ਦੀ ਇਤਲਾਹ, ਬਜ਼ਰੀਆ ਐਕਸ ਪੀ ਏ ਬਿਆਨ ਕੀਤੀ ਜਿਹੜੀ ਕਿ ਉਸ ਦੇ ਹੁਕਮ ਤੇ ਐਸ. ਐਚ. ਓ. ਨੇ ਠੀਕ ਰਿਕਾਰਡ ਕੀਤੀ।

38. ਉਸ ਨੇ ਮੰਨਿਆ ਕਿ ਲਾਹੌਰ ਵਿਚ ਭਾਰਤੀ ਹਵਾਈ ਜਹਾਜ਼ ਉਨ੍ਹਾਂ ਦੀ ਇਜਾਜ਼ਤ ਤੋਂ ਬਿਨਾ ਉਤਰਿਆ ਸੀ ਅਤੇ ਜਿਸ ਤਰੀਕੇ ਨਾਲ ਭਾਰਤੀ ਜਹਾਜ਼ ਉਤਰਿਆ ਸੀ ਉਸ ਵਿਚ ਚੋਖਾ ਖ਼ਤਰਾ ਸੀ। ਫਿਰ ਉਸ ਨੇ ਆਪਣੇ ਆਪ ਕਿਹਾ ਕਿ 'ਜਦੋਂ ਤਕ ਹੰਗਾਮੀ ਹਾਲਤ ਨਾ ਹੋਵੇ, ਕੋਈ ਵੀ ਪਾਇਲਟ ਇਜ ਜਹਾਜ਼ ਨਹੀਂ ਉਤਾਰੇਗਾ।' ਮਗਰੋਂ ਉਨ੍ਹਾਂ ਵੇਖਿਆ ਕਿ ਜਹਾਜ਼ ਕੋਲ ਚੋਖੀ ਦੇਰ ਹਵਾ 'ਚ ਰਹਿਣ ਵਾਸਤੇ ਤੇਲ ਸੀ। ਉਸ ਨੇ ਇਹ ਤਜਵੀਜ਼ ਵੀ ਮੰਨੀ ਕਿ ਭਾਰਤੀ ਹਵਾਈ ਜਹਾਜ਼ ਨੇ ਉਨ੍ਹਾਂ ਨੂੰ ਏਨਾ ਵਕਤ ਨਹੀਂ ਦਿਤਾ ਕਿ ਉਹ ਹਵਾਈ ਜਹਾਜ਼ ਦੇ ਗੈਰ-ਕਾਨੂੰਨੀ ਦਾਖਲੇ ਦੇ ਖਿਲਾਫ ਕਦਮ ਚੁਕ ਸਕਦੇ।

39. ਵਾਰਦਾਤ ਵੇਲੇ ਲਾਹੌਰ ਡਵੀਜ਼ਨ ਦੇ ਕਮਿਸ਼ਨਰ ਉਮਰ ਖਾਨ ਅਫਰੀਦੀ ਸਨ। ਉਨ੍ਹਾਂ ਨੂੰ ਵਾਇਰਲੈਸ ਰਾਹੀਂ ਸੁਨੇਹਾ ਪੁਜਾ ਕਿ ਇਕ ਭਾਰਤੀ ਹਵਾਈ ਜਹਾਜ਼ ਹਾਈਜੈਕ ਹੋ ਗਿਆ ਹੈ ਅਤੇ ਲਾਹੌਰ ਹਵਾਈ ਅੱਡੇ ਤੇ ਉਤਰਿਆ ਹੈ. ਇਸ ਤੇ ਉਹ ਹਵਾਈ ਅੱਡੇ ਤੇ ਪੁਜ ਗਏ। ਹਵਾਈ ਅੱਡੇ ਤੇ ਪੁਜੇ ਤੇ ਉਨ੍ਹਾਂ ਨੇ ਹਵਾਈ ਅੱਡੇ ਦੇ ਅਮਲੇ ਅਤੇ ਪੁਲੀਸ ਨੂੰ ਜ਼ਰੂਰੀ ਹਦਾਇਤਾਂ ਦਿਤੀਆਂ। ਉਸ ਦੌਰਾਨ ਉਨ੍ਹਾਂ ਨੂੰ ਖ਼ਬਰ ਮਿਲੀ ਕਿ ਹਾਈਜੈਕਰ ਕਿਸੇ ਸੀਨੀਅਰ ਅਫਸਰ ਨਾਲ ਗਲਬਾਤ ਕਰਨੀ ਚਾਹੁੰਦੇ ਹਨ। ਉਹਨਾਂ ਨੇ ਉਚੇ ਅਫਸਰਾਂ

ਨਾਲ ਰਾਬਤਾ ਕਾਇਮ ਕੀਤਾ ਤੇ ਉਨ੍ਹਾਂ ਦੀ ਇਜਾਜ਼ਤ ਨਾਲ ਉਸਨੇ ਅਤੇ ਸਬ-ਮਾਰਸ਼ਲ ਲਾਅ ਐਡਮਿਨਸਟਰੇਟਿਵ ਬਰਗੇਡੀਅਰ ਮੁੰਹਮਦ ਅਮੀਨ ਬੱਟ ਨੇ ਏਅਰ ਟਰੈਫਿਕ ਕੰਟਰੋਲ ਤੇ ਪੁਜ ਕੇ ਉਨ੍ਹਾਂ ਹਾਈਜੈਕਰਾਂ ਨਾਲ ਗਲਬਾਤ ਕੀਤੀ। ਉਨ੍ਹਾਂ ਹਾਈਜੈਕਰਾਂ ਦੇ 'ਆਗੂ' ਗਜਿੰਦਰ ਨੂੰ ਦਸਿਆ ਕਿ ਉਹ ਹਵਾਈ ਜਹਾਜ਼ ਤੇ ਉਨ੍ਹਾਂ ਨਾਲ ਗਲਬਾਤ ਕਰਨ ਆ ਰਹੇ ਹਨ। ਫਿਰ ਉਹ ਅਤੇ ਬਰਗੇਡੀਅਰ ਮੁੰਹਮਦ ਅਮੀਨ ਬੱਟ ਜਹਾਜ਼ ਤੇ ਗਏ। ਮੁਲਜ਼ਮ ਗਜਿੰਦਰ ਸਿੰਘ ਨੇ ਆਪਣਾ ਤੁਆਰਫ ਹਾਈਜੈਕਰਾਂ ਦੇ 'ਲੀਡਰ' ਵਜੋਂ ਕਰਾਇਆ ਅਤੇ ਉਨ੍ਹਾਂ ਨੂੰ ਦਸਿਆ ਕਿ ਉਨ੍ਹਾਂ ਵਲੋਂ ਹਵਾਈ ਜਹਾਜ਼ ਹਾਈਜੈਕ ਕਰਨ ਦਾ ਮਕਸਦ ਖਾਲਿਸਤਾਨ ਦੀ ਕਾਇਮੀ ਹੈ ਅਤੇ ਉਨ੍ਹਾਂ ਦੀਆਂ ਮੰਗਾਂ ਹਨ:—

1. (ਸੰਤ) ਜਰਨੈਲ ਸਿੰਘ ਭਿੰਡਰਾਂਵਾਲਾ ਨੂੰ ਰਿਹਾ ਕੀਤਾ ਜਾਵੇ
2. ਇਕ ਪ੍ਰੈਸ ਕਾਨਫਰੰਸ ਕਰਨ ਦੀ ਇਜਾਜ਼ਤ ਦਿਤੀ ਜਾਵੇ
3. ਉਨ੍ਹਾਂ ਨੂੰ ਇਕ ਸਟੇਨ ਗੰਨ ਅਤੇ 5 ਲਖ ਡਾਲਰ ਦਿਤੇ ਜਾਣ

ਗਜਿੰਦਰ ਸਿੰਘ ਨੇ ਜਹਾਜ਼ ਤੇ ਸਵਾਰ ਆਪਣੇ ਦੂਜੇ ਸਾਥੀਆਂ ਦੇ ਨਾ ਵੀ ਦਿਤੇ। ਮੁਲਜ਼ਮ ਗਜਿੰਦਰ ਨੂੰ ਮਿਲਣ ਮਗਰੋਂ ਉਹ ਜਹਾਜ਼ ਤੋਂ ਬਾਹਰ ਆਏ ਅਤੇ ਉਨ੍ਹਾਂ ਨੇ ਉਚੇ ਅਫਸਰਾਂ ਨੂੰ ਇਨ੍ਹਾਂ ਮੰਗਾਂ ਬਾਰੇ ਇਤਲਾਹ ਦੇ ਦਿਤੀ। ਇਸ ਤੋਂ ਮਗਰੋਂ ਉਨ੍ਹਾਂ ਦਾ ਤਅੱਲਕ ਮੁਸਾਫਿਰਾਂ ਦੀ ਹਿਫਾਜ਼ਤ ਤੇ ਉਨ੍ਹਾਂ ਦੀ ਰਿਹਾਈ ਸੀ ਅਤੇ ਇਸ ਮਕਸਦ ਵਾਸਤੇ ਉਨ੍ਹਾਂ ਮੁਲਜ਼ਮਾਂ ਨਾਲ ਗਲਬਾਤ ਸ਼ੁਰੂ ਕੀਤੀ। ਹਾਈਜੈਕਰਾਂ ਨੇ ਉਨ੍ਹਾਂ ਨੂੰ ਦਸਿਆ ਕਿ ਹਵਾਈ ਜਹਾਜ਼ 'ਚ ਦੋ ਮਰੀਜ਼ ਹਨ ਅਤੇ ਉਨ੍ਹਾਂ ਦੋਹਾਂ ਨੂੰ ਕੱਢ ਕੇ ਲਿਜਾਇਆ ਜਾ ਸਕਦਾ ਹੈ ਅਤੇ ਇਜ ਉਹ ਦੋ ਮੁਸਾਫਿਰ ਲਿਜਾਏ ਗਏ। ਇਸ ਤੋਂ ਬਾਅਦ ਗਜਿੰਦਰ ਸਿੰਘ ਗਲਬਾਤ ਕਰਨ ਵਾਸਤੇ ਜਹਾਜ਼ ਤੋਂ ਬਾਹਰ ਨਿਕਲਿਆ। ਫਿਰ ਔਰਤਾਂ ਅਤੇ ਬੱਚਿਆਂ ਨੂੰ ਰਿਹਾ ਕਰ ਦਿਤਾ ਗਿਆ। ਇਜ ਥੋੜੇ ਥੋੜੇ ਕਰਕੇ 50 ਤੋਂ ਵਧ ਮੁਸਾਫਿਰਾਂ ਨੂੰ ਰਿਹਾ ਕਰ ਦਿਤਾ ਗਿਆ। ਅਗਲੀ ਸਵੇਰ ਮੁਲਜ਼ਮ ਗਜਿੰਦਰ ਸਿੰਘ ਨੇ ਦਸਿਆ ਕਿ ਉਹ ਨਹਾਉਣਾ ਚਾਹੁੰਦਾ ਹੈ। ਉਨ੍ਹਾਂ ਉਸ ਦੇ ਨਹਾਉਣ ਦਾ ਇੰਤਜ਼ਾਮ ਕੀਤਾ ਤੇ ਉਹ ਜਹਾਜ਼ ਤੋਂ ਬਾਹਰ ਚਲਾ ਗਿਆ। 30 ਸਿਤੰਬਰ 1981 ਦੀ ਸਵੇਰ ਨੂੰ, ਸਫਾਈ ਕਰਨ ਵਾਲੇ ਅਤੇ ਕੰਡਕਟਰਾਂ ਦੀ ਪੁਸ਼ਾਕ ਵਿਚ, ਕਮਾਂਡੋਜ਼ ਜਹਾਜ਼ ਵਿਚ ਦਾਖਿਲ ਹੋਏ ਅਤੇ ਜਹਾਜ਼ ਨੂੰ ਹਾਈਜੈਕਰਾਂ ਤੋਂ ਖਲਾਸ ਕਰਵਾਉਣ 'ਚ ਕਾਮਯਾਬੀ ਹਾਸਿਲ ਕੀਤੀ। ਕਮਾਂਡੋ ਐਕਸ਼ਨ ਵੇਲੇ ਜਹਾਜ਼ ਵਿਚ ਤਿੰਨ ਹਾਈਜੈਕਰ ਸਨ; ਉਨ੍ਹਾਂ ਨੂੰ ਕਾਬੂ ਕਰ ਲਿਆ ਗਿਆ। ਇਜ ਮੁਸਾਫਿਰਾਂ ਤੇ ਅਮਲੇ ਨੂੰ ਜਹਾਜ਼ ਵਿਚੋਂ ਕਢ ਲਿਆ ਗਿਆ। ਫਿਰ ਉਸ ਨੇ ਗਜਿੰਦਰ ਸਿੰਘ ਤੋਂ

ਇਲਾਵਾ ਉਸਦੇ ਦੂਜੇ ਸਾਥੀ ਮੁਲਜ਼ਮਾਂ ਵਲ ਇਸ਼ਾਰਾ ਕਰਕੇ ਦਸਿਆ ਕਿ ਮੁਲਜ਼ਮ ਗਜਿੰਦਰ ਸਿੰਘ ਦੇ ਇਹੀ ਸਾਥੀ ਸਨ।

40. ਜਿਰਹ ਦੌਰਾਨ ਉਸਨੇ ਮੰਨਿਆ ਕਿ ਜਿਹੜੇ ਮੁਲਜ਼ਮਾਂ ਨੇ ਉਸਦੇ ਜਹਾਜ਼ 'ਚ ਜਾਣ ਤੇ ਗਲਬਾਤ ਕੀਤੀ ਸੀ ਉਨ੍ਹਾਂ ਨੇ ਕਿਸੇ ਇਹਤਿਆਤ ਲਏ ਜਾਣ ਬਾਰੇ ਕੋਈ ਸ਼ਰਤ ਨਹੀਂ ਕੀਤੀ। ਉਨ੍ਹਾਂ ਨੇ ਇਹ ਵੀ ਨਹੀਂ ਕਿਹਾ ਕਿ ਉਹ ਆਪਣੇ ਨਾਲ ਕੋਈ ਹਥਿਆਰ ਨਾ ਲਿਆਉਣ। ਅਸਲ ਵਿਚ ਮੁਲਜ਼ਮਾਂ ਨੇ ਉਨ੍ਹਾਂ ਦੇ ਜਹਾਜ਼ 'ਚ ਆਉਣ ਬਾਰੇ ਕੋਈ ਵੀ ਸ਼ਰਤ ਨਹੀਂ ਸੀ ਲਾਈ। ਉਸਨੇ ਹੋਰ ਦਸਿਆ ਕਿ ਉਹ ਮੁਲਜ਼ਮ ਗਜਿੰਦਰ ਨੂੰ ਹਾਈਜੈਕਰਾਂ ਦਾ ਆਗੂ ਸਮਝਦਾ ਸੀ ਕਿਉਂ ਕਿ ਜੇ ਮੈਨੂੰ ਠੀਕ ਯਾਦ ਹੋਵੇ ਉਸਨੇ ਖੁਦ ਕਿਹਾ ਸੀ ਉਹ ਹਾਈਜੈਕਰਾਂ ਦਾ ਆਗੂ ਹੈ।' ਜਦੋਂ ਉਹ ਹਵਾਈ ਜਹਾਜ਼ ਵਿਚ ਗਿਆ ਤਾਂ ਉਸ ਨੇ 'ਆਗੂ' ਤੋਂ ਇਲਾਵਾ ਹੋਰ ਮੁਲਜ਼ਮ ਵੀ ਦੇਖੇ ਸਨ। ਉਸ ਨੇ ਮੁਲਜ਼ਮਾਂ ਕੋਲ ਕਿਰਪਾਨਾਂ ਵੇਖੀਆਂ ਸਨ ਅਤੇ ਉਨ੍ਹਾਂ ਵਿਚੋਂ ਦੋ ਦੇ ਮੌਢਿਆਂ ਤੇ ਝੋਲੇ ਲਟਕ ਰਹੇ ਸਨ। ਜਿਹੜੇ ਮੁਲਜ਼ਮਾਂ ਦੇ ਮੌਢਿਆਂ ਤੇ ਝੋਲੇ ਸਨ ਉਨ੍ਹਾਂ ਦੇ ਹਥ ਝੋਲਿਆਂ ਵਿਚ ਸਨ ਅਤੇ ਉਨ੍ਹਾਂ ਦਾ ਦਾਅਵਾ ਸੀ ਕਿ ਉਨ੍ਹਾਂ ਦੇ ਝੋਲਿਆਂ ਵਿਚ ਹੈਂਡ ਗਰਨੇਡ ਸਨ। ਜਦ ਉਹ ਜਹਾਜ਼ ਤੇ ਗਿਆ ਤਾਂ ਇਕ ਵਾਰੀ ਮੁਲਜ਼ਮਾਂ ਨੇ ਉਸ ਕੋਲ ਇਹ ਦਾਅਵਾ ਕੀਤਾ ਸੀ।

41. ਇਕ ਹੋਰ ਸਵਾਲ ਦੇ ਜਵਾਬ ਵਿਚ ਉਸਨੇ ਦਸਿਆ ਕਿ ਮੁਲਜ਼ਮਾਂ ਨੇ ਉਸ ਨੂੰ ਦਸਿਆ ਸੀ ਕਿ ਉਹ ਇਕ ਪ੍ਰੈਸ ਕਾਨਫਰੰਸ ਕਰਨਾ ਚਾਹੁੰਦੇ ਹਨ ਤਾਂ ਜੋ ਉਹ ਲਾਹੌਰ 'ਚ ਹਵਾਈ ਜਹਾਜ਼ ਲਿਆਉਣ ਦਾ ਮਕਸਦ ਦਸ ਸਕਣ।

42. ਉਸਨੇ ਮੰਨਿਆ ਕਿ ਬੀਮਾਰ ਮੁਸਾਫਿਰਾਂ ਅਤੇ ਦੂਜਿਆਂ ਨੂੰ ਬਿਨਾ ਕਿਸੇ ਸ਼ਰਤ ਦੇ ਰਿਹਾ ਕੀਤਾ ਗਿਆ ਸੀ ਅਤੇ ਉਨ੍ਹਾਂ ਦੀ ਰਿਹਾਈ ਵਾਸਤੇ ਮੁਲਜ਼ਮਾਂ ਨੂੰ ਕਾਇਲ ਕਰਨ ਦੀ ਕੋਸ਼ਿਸ਼ ਬਿਲਕੁਲ ਨਹੀਂ ਕਰਨੀ ਪਈ।

43. ਹਵਾਈ ਜਹਾਜ਼ ਨੂੰ ਹਾਈਜੈਕ ਕੀਤੇ ਜਾਣ ਦੀ ਇਤਲਾਹ ਮਿਲਦਿਆਂ ਹੀ ਬਰਗੇਡੀਅਰ ਤਾਰਿਕ ਮੁਹੰਮਦ (ਇਸਤਗਾਸਾ ਦਾ ਗਵਾਹ ਨੰਬਰ 11) ਲਾਹੌਰ ਹਵਾਈ ਅੱਡੇ ਤੇ ਪੁਜ ਗਿਆ ਸੀ। ਉਸ ਨੇ ਹਵਾਈ ਜਹਾਜ਼ ਅਤੇ ਇਸ ਦੇ ਆਲੇ ਦੁਆਲੇ ਦਾ ਸਰਵੇ ਕੀਤਾ ਅਤੇ ਵੇਖਿਆ ਕਿ ਹਾਈਜੈਕਰ 5 ਸਨ, ਚਾਰ ਹਵਾਈ ਜਹਾਜ਼ ਵਿਚ ਸਨ ਤੇ ਪੰਜਵਾਂ ਹਾਈਜੈਕ ਕੀਤੇ ਹਵਾਈ ਜਹਾਜ਼ ਦੀ ਕਾਕਪਿਟ ਦੀਆਂ ਪੌੜੀਆਂ ਤੋਂ 20 ਮੀਟਰ ਦੇ ਫਾਸਲੇ ਤੇ ਸੀ। ਉਨ੍ਹਾਂ ਨੇ ਜਹਾਜ਼ ਅਤੇ ਮੁਸਾਫਿਰਾਂ ਨੂੰ ਹਾਈਜੈਕਰਾਂ ਤੋਂ ਆਜ਼ਾਦ ਕਰਵਾਉਣ ਦੀ ਤਰਕੀਬ ਬਣਾਈ।

30-9-81 ਨੂੰ ਸਵੇਰ ਦੇ ਕਰੀਬ 8 ਵਜੇ ਉਸਨੇ ਤਿੰਨ ਹੋਰ ਬੰਦੇ ਲਏ ਅਤੇ ਮਕੈਨਿਕਾਂ ਦੇ ਪਹਿਰਾਵੇ ਵਿਚ ਹਵਾਈ ਜਹਾਜ਼ 'ਚ ਦਾਖਿਲ ਹੋਏ। ਹਾਈਜੈਕਰਾਂ ਵਿਚੋਂ 2 ਨਹਾਉਣ ਵਾਸਤੇ ਪਹਿਲੋਂ ਹੀ ਜਹਾਜ਼ 'ਚੋਂ ਬਾਹਿਰ ਜਾ ਚੁਕੇ ਸਨ। ਕਮਾਂਡੋ ਐਕਸ਼ਨ ਵਿਚ ਉਨ੍ਹਾਂ ਮੁਲਜ਼ਮ ਸਤਨਾਮ ਸਿਘ, ਜੋ ਉਦੋਂ ਜਹਾਜ਼ ਦੀ ਕਾਕਪਿਟ ਵਿਚ ਸੀ। ਮੁਲਜ਼ਮ ਜਸਬੀਰ ਸਿਘ ਜੋ ਜਹਾਜ਼ ਦੇ ਪਿਛਲੇ ਹਿਸੇ ਵਿਚ ਸੀ, ਅਤੇ ਮੁਲਜ਼ਮ ਗਜਿੰਦਰ ਸਿਘ ਜੋ ਜਹਾਜ਼ ਦੀਆਂ ਪੌੜੀਆਂ ਨੇੜੇ ਬੈਠਾ ਸੀ, ਨੂੰ ਕਾਬੂ ਕਰ ਲਿਆ। ਇਸ ਕਾਰਵਾਈ ਵਿਚ ਮਸਾਂ 5 ਸੈਕੰਡ ਲਗੇ। ਇਸ ਕਾਰਵਾਈ ਦੌਰਾਨ ਹੱਥੋਪਾਈ 'ਚ ਮੁਲਜ਼ਮ ਸਤਨਾਮ ਸਿਘ ਤੇ ਜਸਬੀਰ ਸਿਘ ਨੂੰ ਜ਼ਰਾ ਕੁ ਸੱਟਾਂ ਲਗੀਆਂ। ਮੁਲਜ਼ਮਾਂ ਨੂੰ ਕਾਬੂ ਕੀਤੇ ਜਾਣ ਮਗਰੋਂ ਉਸਨੇ ਮੁਲਜ਼ਮ ਸਤਨਾਮ ਸਿਘ ਤੋਂ ਕਿਰਪਾਨ ਨੰਬਰ 1 ਤੇ ਮੁਲਜ਼ਮ ਜਸਬੀਰ ਸਿਘ ਤੋਂ ਕਿਰਪਾਨ ਨੰਬਰ 2 ਖੋਹ ਲਈਆਂ। ਇਞ ਕਰਨ ਮਗਰੋਂ ਉਹ ਮੁਲਜ਼ਮਾਂ ਨੂੰ ਹਵਾਈ ਜਹਾਜ਼ 'ਚੋਂ ਬਾਹਰ ਲੈ ਆਏ ਅਤੇ ਉਨ੍ਹਾਂ ਕਿਰਪਾਨਾਂ ਨੂੰ ਪੁਲੀਸ ਦੇ ਹਵਾਲੇ ਕਰ ਦਿਤਾ।

44. ਸਿਤੰਬਰ 1981 'ਚ ਚੌਧਰੀ ਬਸ਼ੀਰ ਅਹਿਮਦ (ਇਸਤਗਾਸਾ ਦਾ ਗਵਾਹ ਨੰਬਰ 10) ਛਾਵਣੀ ਸਬ ਡਿਵੀਜ਼ਨ ਦਾ ਸੁਪਰਡੈਂਟ ਪੁਲੀਸ ਸੀ। ਇਹ ਇਤਲਾਹ ਮਿਲਣ ਤੇ ਕਿ ਇਕ ਭਾਰਤੀ ਹਵਾਈ ਜਹਾਜ਼, ਲਾਹੌਰ ਨੂੰ ਹਾਈਜੈਕ ਕੀਤਾ ਗਿਆ ਹੈ, ਉਹ 29-9-81 ਨੂੰ ਹਵਾਈ ਅੱਡੇ ਤੇ ਪੁਲੀਸ ਅਤੇ ਭਾਰਤੀ ਜਹਾਜ਼ ਨੂੰ ਇਕ ਨਾ ਵਰਤੀ ਜਾਣ ਵਾਲੀ ਪਟੜੀ ਤੇ ਪਾਰਕ ਕੀਤਿਆਂ ਵੇਖਿਆ। 30 ਸਿਤੰਬਰ 1981 ਦੀ ਸਵੇਰ ਨੂੰ ਉਹ ਕਰਨ ਸਿਘ ਤੇ ਤੇਜਿੰਦਰਪਾਲ ਸਿਘ ਨੂੰ ਨਹਾਉਣ ਵਾਸਤੇ ਜਹਾਜ਼ 'ਚੋਂ ਬਾਹਰ ਲੈ ਗਿਆ। ਇਸ ਦੌਰਾਨ ਉਸ ਨੂੰ ਪਤਾ ਲਗਾ ਕਿ ਕਮਾਂਡੋ ਐਕਸ਼ਨ ਵਿਚ, ਹਵਾਈ ਜਹਾਜ਼ ਅੰਦਰਲੇ ਹਾਈਜੈਕਰਾਂ ਨੂੰ ਕਾਬੂ ਕਰ ਲਿਆ ਗਿਆ ਹੈ। ਇਸ ਕਰਕੇ ਉਸ ਨੇ ਮੁਲਜ਼ਮਾਂ ਕਰਨ ਸਿਘ ਤੇ ਤੇਜਿੰਦਰਪਾਲ ਸਿਘ ਨੂੰ ਛਾਵਣੀ ਸਬ ਡਵੀਜ਼ਨ ਦੇ ਡੀ. ਐਸ. ਪੀ., ਜਿਹੜਾ ਕਿ ਕੇਸ ਦੀ ਤਫਤੀਸ਼ ਕਰ ਰਿਹਾ ਸੀ, ਦੇ ਹਵਾਲੇ ਕਰ ਦਿਤਾ।

45. ਜਿਰਹ ਦੌਰਾਨ ਉਸ ਨੇ ਮੰਨਿਆ ਕਿ ਜਦੋਂ ਉਹ ਮੁਲਜ਼ਮਾਂ ਕਰਨ ਸਿਘ ਅਤੇ ਤੇਜਿੰਦਰਪਾਲ ਸਿਘ ਨੂੰ ਨਹਾਉਣ ਵਾਸਤੇ ਲੈ ਗਿਆ ਤਾਂ ਉਨ੍ਹਾਂ ਕੋਲ ਕੋਈ ਹਥਿਆਰ ਨਹੀਂ ਸੀ, ਉਨ੍ਹਾਂ ਕੋਲ ਕੋਈ ਝੋਲਾ ਵੀ ਨਹੀਂ ਸੀ। ਉਹ ਹਵਾਈ ਜਹਾਜ਼ ਦੇ ਅੰਦਰ ਦਾਖਿਲ ਨਹੀਂ ਹੋਇਆ ਸੀ ਸੋ ਉਸ ਨੂੰ ਇਹ ਨਹੀਂ ਪਤਾ ਕਿ ਉਨ੍ਹਾਂ ਕੋਲ ਕੀ ਸਮਾਨ ਸੀ। ਮੁਲਜ਼ਮ ਕਰਨ ਸਿਘ ਤੇ ਤੇਜਿੰਦਪਾਲ ਸਿਘ ਨੂੰ ਨਹਾਉਣ ਲਿਜਾਣ ਤੋਂ ਪਹਿਲਾਂ ਉਹ ਇਕ ਹੋਰ ਮੁਲਜ਼ਮ ਨੂੰ ਏਸੇ ਮਕਸਦ ਵਾਸਤੇ ਲੈ ਕੇ ਗਿਆ ਸੀ। ਉਸ ਦਾ ਨਾਂ ਗਜਿੰਦਰ ਸਿਘ ਸੀ ਤੇ ਜਦੋਂ ਉਹ ਨਹਾਉਣ ਵਾਸਤੇ ਗਿਆ ਉਸ ਕੋਲ ਵੀ ਕੋਈ ਹਥਿਆਰ ਨਹੀਂ ਸੀ।

46. ਜਿਵੇਂ ਕਿ ਉਪਰ ਕਿਹਾ ਗਿਆ ਹੈ ਐਸ. ਐਚ. ਓ. ਨਜ਼ਰ ਹੁਸੈਨ (ਇਸਤਗਾਸਾ ਦਾ ਗਵਾਹ ਨੰਬਰ 6) ਨੇ ਸ਼ਾਹਿਦ ਰਜ਼ਾ ਦਾ ਉਹ ਬਿਆਨ ਜਿਹੜਾ ਬਿਆਨ ਇਸ ਕੇਸ ਦੀ ਐਫ. ਆਈ. ਆਰ. ਵਜੋਂ ਵਰਤਿਆ ਗਿਆ ਹੈ, ਰਿਕਾਰਡ ਕੀਤਾ ਸੀ। ਇਸ ਕੇਸ ਦੀ ਕੁਝ ਤਫਤੀਸ਼ ਉਸ ਨੇ ਵੀ ਕੀਤੀ ਸੀ। 30 ਸਤੰਬਰ 1981 ਨੂੰ ਤਾਰਿਕ ਮੁੰਹਮਦ ਨੇ ਕਿਰਪਾਨਾਂ ਪੀ. 1 ਅਤੇ ਪੀ. 2 ਆਗਾ ਮੁੰਹਮਦ ਸਫਦਰ ਖਾਨ ਡੀ. ਐਸ. ਪੀ. ਕੋਲ ਪੇਸ਼ ਕੀਤੀਆਂ ਸਨ ਅਤੇ ਉਸਨੇ ਇਨ੍ਹਾਂ ਨੂੰ ਤਰਤੀਬਵਾਰ ਮੈਮੋ ਪੀ ਬੀ ਅਤੇ ਪੀ ਸੀ ਰਾਹੀਂ ਕਬਜ਼ੇ ਵਿਚ ਲੈ ਲਿਆ ਸੀ। ਉਸ ਨੇ ਮੈਮੋਜ਼ ਤੇ ਦਸਤਖਤ ਕੀਤੇ ਸਨ। 7 ਅਕਤੂਬਰ 1981 ਨੂੰ ਉਸਨੇ ਮੁਲਜ਼ਮਾਂ ਨੂੰ ਛਾਵਣੀ ਸਬ ਡਿਵੀਜ਼ਨ ਦੇ ਅਸਿਸਟੈਂਟ ਕਮਿਸ਼ਨਰ ਅਗੇ ਪੇਸ਼ ਕੀਤਾ। ਉਸ ਨੇ ਉਸਨੂੰ ਹਦਾਇਤ ਦਿਤੀ ਕਿ ਉਨ੍ਹਾਂ ਨੂੰ ਲਾਹੌਰ ਛਾਵਣੀ ਦੇ ਮਜਿਸਟਰੇਟ ਇਚਾਰਜ ਰਾਇ ਸ਼ਬੀਰ ਅਹਿਮਦ ਅਗੇ ਪੇਸ਼ ਕੀਤਾ ਅਤੇ ਉਸਨੇ ਸੀ-ਆਰ. ਪੀ. ਸੀ. ਦੀ ਦਫਾ 164 ਹੇਠ ਉਨ੍ਹਾਂ ਦੇ ਬਿਆਨ ਰਿਕਾਰਡ ਕੀਤੇ।

47. ਉਸਨੇ ਮੰਨਿਆ ਕਿ ਕਿਰਪਾਨ ਪੀ 1 ਅਤੇ ਪੀ 2 ਉਤੇ ਖੂਨ ਨਹੀਂ ਸੀ ਲਗਾ ਹੋਇਆ ਅਤੇ ਉਨ੍ਹਾਂ ਨੂੰ ਪਾਰਸਲ ਵਿਚ ਸੀਲ ਨਹੀਂ ਸੀ ਕੀਤਾ ਗਿਆ। ਜਿਰਹ ਦੌਰਾਨ ਇਕ ਹੋਰ ਸਵਾਲ ਦੇ ਜਵਾਬ ਵਿਚ ਉਸ ਨੇ ਮੰਨਿਆ ਕਿ ਇਹ ਸਹੀ ਹੈ ਕਿ 2-10-1981 ਨੂੰ ਮੁਲਜ਼ਮਾਂ ਕਰਨ ਸਿੰਘ ਅਤੇ ਜਸਬੀਰ ਸਿੰਘ ਨੇ ਆਪਣੇ ਪਹਿਲੇ ਦਿਤੇ ਬਿਆਨ ਵਿਚ ਉਸ ਨੂੰ ਆਖਿਆ ਸੀ ਕਿ ਭਾਰਤ 'ਚ ਸਿਖਾਂ ਤੇ ਜ਼ੁਲਮ ਢਾਹੇ ਜਾ ਰਹੇ ਸਨ, ਉਨ੍ਹਾਂ ਦਾ ਆਗੂ ਗ੍ਰਿਫਤਾਰ ਕੀਤਾ ਗਿਆ ਸੀ ਅਤੇ 100 ਸਿਖ ਮਾਰੇ ਗਏ ਸਨ ਤੇ ਸਿਖਾਂ ਨਾਲ ਹੋ ਰਹੇ ਅਜਿਹੇ ਸਲੂਕ ਨੂੰ ਦੁਨੀਆਂ ਭਰ ਦੀ ਨਿਗਾਹ 'ਚ ਲਿਆਉਣ ਵਾਸਤੇ ਉਨ੍ਹਾਂ ਨੇ ਭਾਰਤੀ ਹਵਾਈ ਜਹਾਜ਼ ਨੂੰ ਲਾਹੌਰ ਵਲ ਇਸ ਕਰਕੇ ਮੋੜਿਆ ਸੀ ਕਿਉਂਕਿ ਉਨ੍ਹਾਂ ਕੋਲ ਆਪਣੇ ਦੁਖੜੇ ਪੇਸ਼ ਕਰਨ ਦਾ ਕੋਈ ਹੋਰ ਰਾਹ ਨਹੀਂ ਸੀ। ਜਿਥੋਂ ਤਕ ਮੁਲਜ਼ਮਾਂ ਦੇ ਸੀ-ਆਰ. ਪੀ. ਸੀ. ਦੀ ਦਫਾ 164 ਦੇ ਬਿਆਨ ਹਨ, ਉਸਨੇ ਮੰਨਿਆ ਕਿ ਮੁਲਜ਼ਮਾਂ ਨੇ ਉਸ ਨੂੰ ਬਿਆਨ ਰਿਕਾਰਡ ਕਰਨ ਵਾਸਤੇ ਲਿਖਤੀ ਦਰਖਾਸਤ ਨਹੀਂ ਸੀ ਕੀਤੀ। ਉਨ੍ਹਾਂ ਸਿਰਫ ਜ਼ਬਾਨੀ ਦਰਖਾਸਤ ਹੀ ਕੀਤੀ ਸੀ। ਉਸ ਮੁਤਾਬਿਕ ਉਸਨੇ ਮੁਲਜ਼ਮਾਂ ਨੂੰ ਰਾਏ ਸ਼ਬੀਰ ਅਹਿਮਦ ਮਜਿਸਟਰੇਟ ਦਰਜਾ ਅੱਵਲ ਕੋਲ 7-10-1981 ਨੂੰ ਸਵੇਰੇ ਸਵਾ ਨੌਂ ਜਾਂ ਸਾਢੇ 9 ਵਜੇ ਪੇਸ਼ ਕੀਤਾ ਸੀ। ਗ੍ਰਿਫਤਾਰੀ ਦੇ ਵੇਲੇ ਤੋਂ ਹੀ ਉਹ ਲਾਹੌਰ ਕਿਲੇ ਦੀ ਸਾਂਝੀ ਤਫਤੀਸ਼ ਟੀਮ (ਜਾਇੰਟ ਇੰਟੈਰੋਗੇਸ਼ਨ ਟੀਮ) ਕੋਲ ਰਹੇ ਸਨ ਅਤੇ ਉਨ੍ਹਾਂ ਨੂੰ ਪੁਲੀਸ ਥਾਨੇ ਵਿਚ ਨਹੀਂ ਰਖਿਆ ਗਿਆ ਸੀ। 7-10-1981 ਨੂੰ ਰਾਇ ਸ਼ਬੀਰ ਅਹਿਮਦ ਡਿਊਟੀ ਮਜਿਸਟਰੇਟ ਸੀ। ਉਹ ਮੁਲਜ਼ਮਾਂ ਨੂੰ 2 ਸਰਕਾਰੀ ਗੱਡੀਆਂ ਵਿਚ ਰਾਏ ਸ਼ਬੀਰ ਅਹਿਮਦ ਦੀ ਅਦਾਲਤ ਵਿਚ ਲੈ ਗਏ ਸਨ। ਜਦੋਂ ਇਕ ਮੁਲਜ਼ਮ ਦਾ ਬਿਆਨ ਰਿਕਾਰਡ ਕੀਤਾ ਜਾ

ਰਿਹਾ ਸੀ ਉਦੋਂ ਬਾਕੀ ਮੁਲਜ਼ਮਾਂ ਨੂੰ ਅਦਾਲਤ ਤੋਂ ਬਾਹਰ ਰਖਿਆ ਗਿਆ ਸੀ। ਉਸ ਨੂੰ ਯਾਦ ਨਹੀਂ ਕਿ ਪਹਿਲੇ ਮੁਲਜ਼ਮ ਦਾ ਬਿਆਨ ਰਿਕਾਰਡ ਕਰਨ 'ਚ ਕਿੰਨਾ ਵਕਤ ਲਗਾ ਸੀ। ਜਦੋਂ ਮੁਲਜ਼ਮ ਦਾ ਬਿਆਨ ਪੂਰਾ ਹੋ ਗਿਆ ਤਾਂ ਉਸ ਨੂੰ ਅਦਾਲਤ ਤੋਂ ਬਾਹਰ ਲਿਆਂਦਾ ਗਿਆ ਅਤੇ ਉਸਨੂੰ ਉਹ ਪੁਲੀਸ ਦੇ ਹਵਾਲੇ ਕਰ ਆਏ। ਮਜਿਸਟਰੇਟ ਨੇ ਉਨਾਂ ਨੂੰ ਕੋਈ ਹਦਾਇਤ ਨਹੀਂ ਦਿਤੀ ਕਿ ਹਰ ਮੁਲਜ਼ਮ, ਜਿਸ ਦੇ ਬਿਆਨ ਰਿਕਾਰਡ ਹੋ ਚੁਕੇ ਹਨ, ਨੂੰ ਜੁਡੀਸ਼ੀਅਲ ਹਵਾਲਾਤ 'ਚ ਭੇਜਿਆ ਜਾਵੇ, ਅਤੇ ਜਿਸ ਦੇ ਬਿਆਨ ਰਿਕਾਰਡ ਹੋ ਚੁਕੇ ਹੋਣ ਉਸ ਨੂੰ ਦੋਬਾਰਾ ਪੁਲੀਸ ਦੇ ਹਵਾਲੇ ਨਾ ਕੀਤਾ ਜਾਵੇ। ਮੁਲਜ਼ਮਾਂ ਦੇ ਬਿਆਨ ਰਿਕਾਰਡ ਹੋਣ ਮਗਰੋਂ ਉਨਾਂ ਨੂੰ ਇਕ **ਆਰਮੀ** ਮੇਜਰ ਦੇ ਹਵਾਲੇ ਕੀਤਾ ਗਿਆ ਅਤੇ ਉਹ ਉਨਾਂ ਨੂੰ ਲੈ ਗਿਆ। ਉਸ ਨੇ ਇਹ ਵੀ ਮੰਨਿਆ ਕਿ ਮੁਲਜ਼ਮ 11-10-1981 ਤਕ ਪੁਲੀਸ ਦੀ ਹਿਰਾਸਤ ਵਿਚ ਰਹੇ।

48. ਜਦੋਂ ਜਹਾਜ਼ ਦੇ ਮੁਸਾਫਿਰ ਰਿਹਾਈ ਤੋਂ ਬਾਅਦ ਵੀ, ਆਈ. ਪੀ. ਲਾਊਂਜ ਵਿਚ ਬੈਠੇ ਸਨ, ਉਹ ਉਨਾਂ ਨੂੰ ਮਿਲਿਆ ਸੀ। ਉਦੋਂ ਉਹ ਵਰਦੀ ਵਿਚ ਸੀ। ਮਗਰ ਮੁਸਾਫਿਰਾਂ ਵਿਚੋਂ ਕਿਸੇ ਨੇ ਵੀ ਮੁਲਜ਼ਮਾਂ ਦੇ ਵਤੀਰੇ ਦੇ ਖਿਲਾਫ ਉਸ ਕੋਲ ਕੋਈ ਸ਼ਿਕਾਇਤ ਨਹੀਂ ਕੀਤੀ ਸੀ।

49. ਸ਼ਾਹਿਦ ਰਜ਼ਾ ਦੇ ਬਿਆਨ (ਐਕਸ ਪੀ.ਏ) ਮਿਲਣ ਮਗਰੋਂ ਮੁਹੰਮਦ ਰਫੀਕ (ਇਸਤਗਾਸਾ ਦਾ ਗਵਾਹ ਨੰਬਰ 7) ਨੇ ਬਾਕਾਇਦਾ ਐਫ. ਆਈ. ਆਰ. (ਐਕਸ. ਪੀਏ 1) ਤਿਆਰ ਕੀਤੀ ਸੀ। 30-9-1981 ਨੂੰ ਮੁਹੰਮਦ ਸਫਦਰ ਡੀ. ਐਸ. ਪੀ. ਨੇ ਉਸ ਨੂੰ 2 ਕਿਰਪਾਨਾ ਪੀ 1 ਅਤੇ ਪੀ 2 ਜਮਾ ਕਰਵਾਈਆਂ ਅਤੇ ਉਸ ਨੇ ਉਨਾਂ ਨੂੰ ਹਿਫਾਜ਼ਤ ਨਾਲ ਰਖ ਲਿਆ।

50. ਮੁਹੰਮਦ ਸਫਦਰ ਖਾਨ, ਰਿਟਾਇਰਡ ਡੀ. ਐਸ. ਪੀ. (ਇਸਤਗਾਸਾ ਦਾ ਗਵਾਹ ਨੰਬਰ 12) ਨੂੰ ਸਿਤੰਬਰ-ਅਕਤੂਬਰ 1981 ਵਿਚ ਲਾਹੌਰ ਛਾਉਣੀ ਦਾ ਡੀ. ਐਸ. ਪੀ. ਲਾਇਆ ਗਿਆ ਸੀ ਤੇ ਉਸਨੇ ਇਸ ਕੇਸ ਦੀ ਤਫਤੀਸ਼ ਕੀਤੀ ਸੀ। 30-9-1981 ਨੂੰ ਕਰਨਲ ਤਾਰਿਕ ਮਹਿਮੂਦ (ਗਵਾਹ) ਨੇ ਮੁਲਜ਼ਮਾਂ ਗਜਿੰਦਰ ਸਿੰਘ, ਸਤਨਾਮ ਸਿੰਘ ਅਤੇ ਜਸਬੀਰ ਸਿੰਘ, ਨੂੰ 2 ਕਿਰਪਾਨਾਂ ਪੀ1 ਅਤੇ ਪੀ2, ਜੋ ਅਖੌਤੀ ਤੌਰ ਤੇ ਮੁਲਜ਼ਮਾਂ ਸਤਨਾਮ ਸਿੰਘ ਅਤੇ ਜਸਬੀਰ ਸਿੰਘ ਕੋਲੋਂ ਖੋਹੀਆਂ ਗਈਆਂ ਸਨ, ਸਮੇਤ, ਉਸ ਕੋਲ ਪੇਸ਼ ਕੀਤਾ। ਉਸ ਨੇ ਕਿਰਪਾਨਾ ਨੂੰ ਤਰਤੀਬਵਾਰ ਮੇਮੋਜ਼ ਐਕਸ. ਪੀ ਬੀ ਅਤੇ ਐਕਸ. ਪੀ ਸੀ ਰਾਹੀਂ ਕਬਜ਼ੇ ਵਿਚ ਲੈ ਲਿਆ। ਚੌਧਰੀ ਬਸ਼ੀਰ ਅਹਿਮਦ ਐਸ. ਪੀ. ਲਾਹੌਰ ਛਾਵਣੀ ਨੇ ਉਸ

ਨੋਟ: ਐਕਸ. = Exhibit

ਕੋਲ ਮੁਲਜ਼ਮ ਤੇਜਿੰਦਰਪਾਲ ਸਿੰਘ ਅਤੇ ਕਰਨ ਸਿੰਘ ਪੇਸ਼ ਕੀਤੇ ਅਤੇ ਉਸਨੇ ਬਾਕਾਇਦਾ ਤੌਰ ਤੇ ਉਨ੍ਹਾਂ ਦੋਹਾਂ ਨੂੰ ਗ੍ਰਿਫਤਾਰ ਕਰ ਲਿਆ। ਉਸਨੂੰ ਮੁਲਜ਼ਮ ਗਜਿੰਦਰ ਸਿੰਘ ਕੋਲੋਂ ਹਵਾਈ ਜਹਾਜ਼ ਦੀ ਟਿਕਟ ਪੀ 3 ਅਤੇ ਏਅਰ ਕਾਰਡ ਪੀ 4 ਮਿਲੇ ਅਤੇ ਉਸ ਨੇ ਉਨ੍ਹਾਂ ਨੂੰ ਮੀਮੋ ਐਕਸ. ਪੀ ਕੇ ਰਾਹੀਂ ਕਬਜ਼ੇ ਵਿਚ ਲੈ ਲਿਆ। ਮੁਲਜ਼ਮਾਂ ਜਸਬੀਰ ਸਿੰਘ, ਕਰਨ ਸਿੰਘ, ਸਤਨਾਮ ਸਿੰਘ ਦੇ ਜਿਸਮਾਂ ਤੇ ਕੁਝ ਜ਼ਖਮ ਸਨ। ਉਸਨੇ ਕਰਨ ਸਿੰਘ, ਦੇ ਜ਼ਖਮਾਂ ਦਾ ਚਿਠਾ ਐਕਸ. ਪੀ ਐਨ, ਜਸਬੀਰ ਸਿੰਘ ਦੇ ਜ਼ਖਮਾਂ ਦਾ ਚਿਠਾ ਐਕਸ. ਪੀ ਐਮ ਅਤੇ ਸਤਨਾਮ ਸਿੰਘ ਦੇ ਜ਼ਖਮਾਂ ਦਾ ਚਿਠਾ ਐਕਸ. ਪੀ ਐਨ ਤਿਆਰ ਕੀਤਾ। ਉਸ ਨੇ ਜ਼ਖਮੀ ਮੁਲਜ਼ਮਾਂ ਦਾ ਡਾਕਟਰੀ ਮੁਆਇਨਾ ਵੀ ਕਰਵਾਇਆ।

51. ਜਿਰਹ ਦੌਰਾਨ ਉਸਨੇ ਆਖਿਆ ਕਿ ਉਸ ਨੂੰ ਤੇਜਿੰਦਰਪਾਲ ਸਿੰਘ ਨੂੰ ਛੱਡ ਕੇ, ਬਾਕੀ ਮੁਲਜ਼ਮਾਂ ਤੋਂ ਕੁਝ ਵੀ ਨਹੀਂ ਮਿਲਿਆ। ਉਸ ਨੇ ਮੁਲਜ਼ਮਾਂ ਦੀ ਕੋਈ ਵੀ ਚੀਜ਼, ਜਹਾਜ਼ ਵਿਚੋਂ, ਕਬਜ਼ੇ ਵਿਚ ਨਹੀਂ ਲਈ, ਨਾ ਹੀ ਅਮਲੇ ਵਿਚੋਂ ਕਿਸੇ ਨੇ ਮੁਲਜ਼ਮਾਂ ਦੀ ਕੋਈ ਚੀਜ਼ ਉਸ ਕੋਲ ਪੇਸ਼ ਕੀਤੀ। ਇਕ ਹੋਰ ਸਵਾਲ ਦੇ ਜਵਾਬ ਵਿਚ ਉਸਨੇ ਕਿਹਾ ਕਿ ਉਸਨੇ ਹਾਈਜੈਕ ਕੀਤੇ ਹਵਾਈ ਜਹਾਜ਼ ਦੇ ਮੁਸਾਫਿਰਾਂ ਤੋਂ ਜ਼ਬਾਨੀ ਤਫਤੀਸ਼ ਕੀਤੀ ਸੀ ਪਰ ਉਸ ਨੇ ਇਸਤਗਾਸਾ ਦੇ ਗਵਾਹ ਵਜੋਂ ਕਿਸੇ ਦਾ ਵੀ ਕੋਈ ਬਿਆਨ ਰਿਕਾਰਡ ਨਹੀਂ ਕੀਤਾ। ਫਿਰ ਉਸ ਨੇ ਆਪ ਆਖਿਆ ਕਿ ਉਨ੍ਹਾਂ ਵਿਚੋਂ ਕੋਈ ਵੀ ਗਵਾਹ ਬਣਨ ਵਾਸਤੇ ਤਿਆਰ ਨਹੀਂ ਸੀ। ਉਸਨੇ ਹੋਰ ਦਸਿਆ ਕਿ ਉਸਨੇ ਜਹਾਜ਼ 'ਚ ਜਾਕੇ ਉਸਦਾ ਮੁਆਇਨਾ ਕਰਨ ਦੀ ਇਜਾਜ਼ਤ ਮੰਗੀ ਸੀ ਪਰ ਇਸ ਦੇ ਬਾਵਜੂਦ ਉਸ ਨੂੰ ਜਹਾਜ਼ ਵਿਚ ਦਾਖਿਲ ਨਹੀਂ ਹੋਣ ਦਿਤਾ ਗਿਆ।

52. ਰਾਏ ਸ਼ਬੀਰ ਅਹਿਮਦ (ਇਸਤਗਾਸਾ ਦਾ ਗਵਾਹ ਨੰਬਰ 9) ਨੂੰ 7-10-1981 ਨੂੰ ਫਾਊਂਟੀ ਡਵੀਜ਼ਨ ਦਾ ਮੈਜਿਸਟਰੇਟ ਲਾਇਆ ਗਿਆ ਅਤੇ ਤਦੋਂ ਹੀ ਮੁਲਜ਼ਮਾਂ ਨੂੰ ਉਸ ਕੋਲ ਸੀ-ਆਰ. ਪੀ. ਸੀ. ਦੀ ਦਫਾ 164 ਦੇ ਬਿਆਨਾਂ ਵਾਸਤੇ ਪੇਸ਼ ਕੀਤਾ ਗਿਆ। ਉਨ੍ਹਾਂ ਨੇ ਇਹ ਸ਼ਾਹਦੀ ਦਿਤੀ:

ਉਸ ਕੋਲ ਸਭ ਤੋਂ ਪਹਿਲਾਂ ਗਜਿੰਦਰ ਸਿੰਘ ਨੂੰ ਪੇਸ਼ ਕੀਤਾ ਗਿਆ। ਉਸਨੇ ਉਸਦੀਆਂ ਹਥਕੜੀਆਂ ਉਤਰਵਾਈਆਂ ਅਤੇ ਸਾਰੇ ਪੁਲਸੀਆਂ ਨੂੰ ਅਦਾਲਤ ਵਿਚੋਂ ਬਾਹਰ ਭੇਜ ਦਿਤਾ। ਫਿਰ ਉਸਨੇ ਮੁਲਜ਼ਮ ਗਜਿੰਦਰ ਸਿੰਘ ਨੂੰ ਦਸਿਆ ਕਿ ਉਸ ਤੇ ਕੋਈ ਪਾਬੰਦੀ ਨਹੀਂ ਕਿ ਉਹ ਇਕਬਾਲ ਕਰੇ ਅਤੇ ਜੇ ਉਸ ਨੇ ਅਜਿਹਾ ਕੀਤਾ ਤਾਂ ਇਹ ਉਸ ਦੇ ਖਿਲਾਫ ਵਰਤਿਆ ਵੀ ਜਾ ਸਕਦਾ ਹੈ। ਇਹ ਤਸੱਲੀ ਕਰਨ ਵਾਸਤੇ ਕਿ ਉਹ ਆਪਣੀ ਮਰਜ਼ੀ ਨਾਲ ਇਕਬਾਲ ਕਰਨਾ ਚਾਹੁੰਦਾ ਹੈ, ਉਸ ਨੇ ਮੁਲਜ਼ਮ ਗਜਿੰਦਰ ਸਿੰਘ ਨੂੰ ਇਸ ਵਾਸਤੇ

ਅਦਾਲਤ 'ਚ ਬੈਠ ਕੇ ਸੋਚਣ ਵਾਸਤੇ ਅੱਧਾ ਘੰਟਾ ਵਕਤ ਦਿਤਾ। ਅੱਧੇ ਘੰਟੇ ਬਾਅਦ ਮੁਲਜ਼ਮ ਗਜਿੰਦਰ ਸਿੰਘ ਨੇ ਕਿਹਾ ਕਿ ਉਹ ਇਕਬਾਲੀਆ ਬਿਆਨ ਦੇਣ ਵਾਸਤੇ ਤਿਆਰ ਹੈ। ਉਸ ਨੇ ਉਸ ਨੂੰ ਹੋਰ 10 ਮਿੰਟ ਦਿਤੇ ਅਤੇ ਉਸਨੂੰ ਯਕੀਨ ਦਿਵਾਇਆ ਕਿ ਜੇ ਕਰ ਉਹ ਇਕਬਾਲੀਆ ਬਿਆਨ ਦੇ ਦੇਵੇਗਾ ਤਾਂ ਉਸ ਨੂੰ ਦੋਬਾਰਾ ਪੁਲੀਸ ਦੀ ਹਿਰਾਸਤ ਵਿਚ ਨਹੀਂ ਭੇਜਿਆ ਜਾਵੇਗਾ। ਫਿਰ ਉਸਨੇ ਮੁਲਜ਼ਮ ਗਜਿੰਦਰ ਸਿੰਘ ਨੂੰ ਵਖ ਵਖ ਤਰਾਂ ਦੇ ਸਵਾਲ ਪੁਛੇ ਜਿਵੇਂ ਕਿ ਕੀ ਉਹ ਕਿਸੇ ਮਜਬੂਰੀ ਜਾਂ ਦਬਾਅ ਹੇਠਾਂ ਇਕਬਾਲੀਆ ਬਿਆਨ ਦੇ ਰਿਹਾ ਹੈ? ਅਤੇ ਇਹ ਤਸੱਲੀ ਹਾਸਿਲ ਕਰਕੇ ਕਿ ਉਹ ਆਪਣੀ ਮਰਜ਼ੀ ਨਾਲ ਇਕਬਾਲੀਆ ਬਿਆਨ ਦੇ ਰਿਹਾ ਹੈ, ਉਸ ਨੇ ਉਸਨੂੰ ਪੁਛਿਆ ਕਿ ਉਹ ਇਕਬਾਲੀਆ ਬਿਆਨ ਕਿਉਂ ਦੇਣਾ ਚਾਹੁੰਦਾ ਹੈ? ਉਸ ਨੇ ਕਿਹਾ ਕਿ ਉਹ ਇਸ ਦੀ ਵਜਹ ਆਪਣੇ ਬਿਆਨ ਵਿਚ ਦਸੇਗਾ। ਇਸ ਕਰਕੇ ਉਸ ਕੋਲ ਇਹ ਮੰਨਣ ਦੀ ਵਜਹ ਸੀ ਕਿ ਮੁਲਜ਼ਮ ਆਪਣੀ ਮਰਜ਼ੀ ਨਾਲ ਇਕਬਾਲੀਆ ਬਿਆਨ ਦੇ ਰਿਹਾ ਹੈ, ਤੇ ਉਸ ਨੇ ਮੁਲਜ਼ਮ ਦਾ ਇਕਬਾਲੀਆ ਬਿਆਨ ਲਿਖਣਾ ਸ਼ੁਰੂ ਕਰ ਦਿਤਾ। ਇਸ ਨੂੰ ਰਿਕਾਰਡ ਕਰਨ ਮਗਰੋਂ ਉਸ ਨੇ ਗਜਿੰਦਰ ਸਿੰਘ ਨੂੰ ਇਹੀ ਪੜ੍ਹ ਕੇ ਸੁਣਾਇਆ ਅਤੇ ਉਸ ਨੇ ਇਸ ਨੂੰ ਸਹੀ ਮੰਨ ਕੇ ਦਸਤਖਤ ਕੀਤੇ। ਗਜਿੰਦਰ ਸਿੰਘ ਦਾ ਇਕਬਾਲੀਆ ਬਿਆਨ ਐਕਸ. ਪੀ ਡੀ ਅਤੇ ਇਸ ਦੇ ਦਸਤਖਤ ਐਕਸ. ਪੀ ਡੀ 1-2 ਮੌਜੂਦ ਹਨ। ਮੁਲਜ਼ਮ ਗਜਿੰਦਰ ਸਿੰਘ ਦਾ ਬਿਆਨ ਲਿਖਣ ਮਗਰੋਂ ਉਸ ਨੇ ਉਸ ਨੂੰ ਆਪਣੀ ਅਦਾਲਤ ਦੇ ਨਾਇਬ-ਕੋਰਟ ਦੇ ਹਵਾਲੇ ਕਰ ਦਿਤਾ ਤੇ ਉਹ ਉਸ ਨੂੰ ਅਦਾਲਤ 'ਚੋਂ ਬਾਹਰ ਲੈ ਗਿਆ। ਮਗਰੋਂ ਉਸ ਨੇ ਬਾਕੀ ਮੁਲਜ਼ਮਾਂ, ਯਾਨਿ ਸਤਨਾਮ ਸਿੰਘ, ਕਰਨ ਸਿੰਘ, ਤੇਜਿੰਦਰਪਾਲ ਸਿੰਘ ਅਤੇ ਜਸਬੀਰ ਸਿੰਘ ਦੇ ਇਕਬਾਲੀਆ ਬਿਆਨ ਲੈਣ ਵੇਲੇ ਵੀ ਇਹੀ ਕਾਰਵਾਈ ਦੋਹਰਾਈ; ਉਨ੍ਹਾਂ ਸਾਰਿਆਂ ਨੇ ਆਪਣੀ ਮਰਜ਼ੀ ਨਾਲ, ਆਪਣੇ ਇਕਬਾਲੀਆ ਬਿਆਨ ਦਿਤੇ ਜਿਹੜੇ ਕਿ ਤਰਤੀਬਵਾਰ, ਐਕਸ ਪੀ ਈ, ਐਕਸ ਪੀ ਐਫ, ਐਕਸ ਪੀ ਜੀ, ਐਕਸ ਪੀ ਐਚ ਹਨ। ਹਰ ਮੁਲਜ਼ਮ ਨੇ ਆਪਣੇ ਬਿਆਨ ਦੇ ਦਸਤਖਤ ਕੀਤੇ ਅਤੇ ਜਦੋਂ ਉਸ ਨੂੰ ਪੜ੍ਹ ਕੇ ਸੁਣਾਇਆ ਗਿਆ ਤਾਂ ਉਸ ਨੇ ਇਸ ਨੂੰ ਠੀਕ ਮੰਨਿਆ।

53. ਉਸਨੇ ਜਿਰਹ ਦੌਰਾਨ ਇਕ ਸਵਾਲ ਦੇ ਜਵਾਬ ਵਿਚ ਮੰਨਿਆ ਕਿ ਉਸ ਨੇ ਆਪਣੀ ਕਾਰਵਾਈ ਵਿਚ ਇਹ ਜ਼ਿਕਰ ਨਹੀਂ ਕੀਤਾ ਸੀ ਕਿ ਮੁਲਜ਼ਮ ਉਸ ਕੋਲ ਹਿਰਾਸਤ 'ਚ ਲਿਆਂਦੇ ਗਏ ਸਨ ਜਾਂ ਉਸਨੂੰ ਉਨ੍ਹਾਂ ਦਾ ਬਿਆਨ ਲੈਣ ਤੋਂ ਪਹਿਲਾਂ ਉਨ੍ਹਾਂ ਦੀਆਂ ਹਥਕੜੀਆਂ ਖੁਲ੍ਹਵਾ ਦਿਤੀਆਂ ਸਨ. ਉਸਨੇ ਇਹ ਜ਼ਿਕਰ ਕਰਨਾ ਜ਼ਰੂਰੀ ਨਹੀਂ ਸਮਝਿਆ ਸੀ। ਉਸਨੇ ਇਹ ਗੱਲ ਦਾ ਵੀ ਲਿਖਤੀ ਤੌਰ ਤੇ ਜ਼ਿਕਰ ਨਹੀਂ ਕੀਤਾ ਕਿ

ਉਸਨੇ ਪੁਲੀਸ ਨੂੰ ਅਦਾਲਤ 'ਚੋਂ ਬਾਹਰ ਭੇਜ ਦਿਤਾ ਸੀ। ਉਸਨੇ ਆਪਣੀ ਕਾਰਵਾਈ ਵਿਚ ਇਹ ਵੀ ਰਿਕਾਰਡ ਨਹੀਂ ਕੀਤਾ ਕਿ ਉਸ ਨੇ ਮੁਲਜ਼ਮਾਂ ਨੂੰ ਇਹ ਦਸਿਆ ਸੀ ਕਿ ਉਹ ਮੈਜਿਸਟਰੇਟ ਹੈ। ਉਸ ਨੇ ਇਹ ਦਸਿਆ ਕਿ ਉਸਨੇ ਮੁਲਜ਼ਮਾਂ ਦੇ ਬਿਆਨ ਸਵਾ 9 ਵਜੇ ਲਿਖਣੇ ਸ਼ੁਰੂ ਕੀਤੇ ਅਤੇ ਸਾਰੇ ਮੁਲਜ਼ਮਾਂ ਦੇ ਬਿਆਨ ਲਿਖਣ ਦੀ ਕਾਰਵਾਈ ਕਰੀਬ 5 ਵਜੇ ਤਕ ਖ਼ਤਮ ਹੋ ਚੁਕੀ ਸੀ।

55. ਇਥੇ ਇਹ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਚਲਾਨ ਨਾਲ ਨੱਥੀ ਕੀਤੀ ਗਵਾਹਾਂ ਦੀ ਲਿਸਟ ਵਿਚ 24 ਜਣਿਆਂ ਨੂੰ ਇਸਤਗਾਸਾ ਦੇ ਗਵਾਹਾਂ ਵਜੋਂ ਬੁਲਾਏ ਜਾਣ ਦਾ ਜ਼ਿਕਰ ਕੀਤਾ ਗਿਆ ਸੀ। ਪਰ 13-5-1985 ਨੂੰ ਫਾਜ਼ਿਲ ਐਡਵੋਕੇਟ ਜਨਰਲ ਨੇ ਆਪਣੇ ਬਿਆਨ ਵਿਚ ਮਿਸ ਹਸਕਰ ਅਤੇ ਚੌਧਰੀ ਮੁਹੰਮਦ ਸਦੀਕ ਗਵਾਹਾਂ ਨੂੰ 'ਮਿਲ ਨਹੀਂ ਰਹੇ' ਆਖ ਕੇ ਅਤੇ ਬਾਕੀ ਗਵਾਹਾਂ ਨੂੰ ਗੈਰ-ਜ਼ਰੂਰੀ ਆਖ ਕੇ ਛੱਡ ਦਿਤਾ ਸੀ ਅਤੇ ਇਸਤਗਾਸਾ ਵਲੋਂ ਕੇਸ ਮੁਕਾ ਦਿਤਾ ਸੀ।

55. ਇਸ ਮਗਰੋਂ ਅਸੀਂ ਮੁਲਜ਼ਮਾਂ ਦੇ ਸੀ. ਆਰ. ਪੀ. ਸੀ. ਦੀ ਦਫ਼ਾ 342 ਦੇ ਬਿਆਨਾਂ ਵਲ ਆਉਂਦੇ ਹਾਂ। ਸਾਰੇ ਮੁਲਜ਼ਮਾਂ ਨੇ ਮੰਨਿਆ ਹੈ ਕਿ ਉਹ ਭਾਰਤੀ ਹਵਾਈ ਜਹਾਜ਼ ਦੀ ਉਸ ਫਲਾਈਟ ਨੰਬਰ ਆਈ. ਸੀ. 423 ਦੇ ਮੁਸਾਫ਼ਿਰ ਸਨ, ਜਿਹੜਾ ਕਿ ਪਾਲਮ ਹਵਾਈ ਅੱਡਾ ਨਵੀਂ ਦਿਲੀ ਤੋਂ 29-9-1981 ਨੂੰ 12-45 ਤੇ ਚਲਿਆ ਸੀ ਅਤੇ ਇਸ ਦਾ ਕੈਪਟਨ ਐਸ. ਐਮ. ਡੋਂਬਲਾ, ਕੋ ਪਾਇਲਟ ਟੀ. ਪੀ. ਸਿਨਹਾ, ਸਟੂਅਰਡ ਮਹਿਤਾ, ਏਅਰ ਹੋਸਟੇਸਜ਼ ਏ. ਕੁਮਾਰ, ਰਜਨੀ ਅਤੇ ਹਸਕਰ ਸਨ। ਇਸ ਵਿਚ 107 ਬਾਲਗ ਅਤੇ 4 ਬੱਚੇ ਮੁਸਾਫ਼ਿਰ ਸਵਾਰ ਸਨ।

56. ਇਸ ਸਵਾਲ ਕਿ 'ਜਦੋਂ ਜਹਾਜ਼ 22000 ਫੁਟ ਦੀ ਉਚਾਈ ਤੇ ਭਾਰਤੀ ਸਰਹੱਦ ਵਿਚ ਮੋਗੇ ਤੋਂ ਕੁਝ ਪਿਛੇ ਉਡ ਰਿਹਾ ਸੀ ਤਾਂ ਕੀ ਕਰਨ ਸਿੰਘ ਮੁਲਜ਼ਮ ਹਵਾਈ ਜਹਾਜ਼ ਦੇ ਪਾਇਲਟ ਦੇ ਬਾਹਰ ਖੜਾ ਸੀ, ਉਸਨੇ ਕਿਰਪਾਨ ਨਾਲ ਆਪਣੇ ਖੱਬੇ ਹੱਥ ਦੀ ਉਂਗਲ ਕੱਟੀ, ਦੇ ਜਵਾਬ ਵਿਚ ਗਜਿੰਦਰ ਸਿੰਘ ਨੇ ਇਹ ਇਨਕਾਰ ਕੀਤਾ ਕਿ ਕਰਨ ਸਿੰਘ ਟਾਇਲਟ ਕੋਲ ਮੌਜੂਦ ਸੀ। ਉਸ ਨੇ ਕਰਨ ਸਿੰਘ ਨੂੰ ਸੱਜੇ ਹਥ ਦੀ ਉਂਗਲ ਕਟਦਿਆਂ ਨਹੀਂ ਵੇਖਿਆ। ਉਸਨੇ ਇਸ ਤੋਂ ਵੀ ਇਨਕਾਰ ਕੀਤਾ ਕਿ ਮੁਲਜ਼ਮ ਕਰਨ ਸਿੰਘ ਨੇ ਉਸ ਨੂੰ ਆਪਣੀ ਕਿਰਪਾਨ ਫੜਾਈ। ਉਸ ਨੇ ਇਸ ਤੋਂ ਇਨਕਾਰ ਕੀਤਾ ਹੈ ਕਿ ਕਿਸੇ ਮੁਸਾਫ਼ਿਰ ਨੇ ਚੀਕ ਮਾਰੀ ਸੀ ਤੇ ਇਸ ਚੀਕ ਨੂੰ ਸੁਣ ਕੇ, ਕਿਸੇ ਮੁਸਾਫ਼ਿਰ ਨੂੰ ਖ਼ਤਰਾ ਭਾਂਪਦਿਆਂ ਡੋਂਬਲਾ ਨੇ ਦਰਵਾਜ਼ਾ ਖੋਲਿਆ ਅਤੇ ਉਹ ਅਤੇ ਜਸਬੀਰ ਸਿੰਘ ਕਿਰਪਾਨਾਂ ਲਹਿਰਾਉਂਦੇ ਕਾਕਪਿਟ ਵਿਚ ਦਾਖ਼ਲ ਹੋਏ। ਉਸ ਮੁਤਾਬਿਕ ਵਾਰਦਾਤ ਇੰਜ ਹੋਈ ਕਿ ਇਕ ਏਅਰ

ਹੋਸਟੈਸ ਅਮਲੇ ਨੂੰ ਚਾਹ ਦੇਣ ਵਾਸਤੇ ਉਥੇ ਕਾਕਪਿਟ ਵਿਚ ਵੜੀ ਅਤੇ ਉਹ ਦਰਵਾਜ਼ਾ ਖੁਲ੍ਹਾ ਸੀ। ਉਸ ਨੇ ਅਤੇ ਜਸਬੀਰ ਸਿਘ ਮੌਕੇ ਦਾ ਫਾਇਦਾ ਉਠਾਇਆ ਅਤੇ ਜਦੋਂ ਏਅਰ ਹੋਸਟੈਸ ਬਾਹਰ ਆਈ ਤਾਂ ਉਹ ਹੱਥਾਂ ਵਿਚ ਕਿਰਪਾਨਾਂ ਫੜੀ ਕਾਕਪਿਟ 'ਚ ਵੜ ਗਏ। ਉਸਨੇ ਇਸ ਤੋਂ ਵੀ ਇਨਕਾਰ ਕੀਤਾ ਕਿ ਉਸਨੇ ਡੋਂਬਲ ਦੀ ਧੌਣ ਤੇ ਅਤੇ ਜਸਬੀਰ ਸਿਘ ਨੇ ਸਿਨਹਾ ਦੀ ਧੌਣ ਤੇ ਕਿਰਪਾਨ ਰਖੀ ਸੀ ਅਤੇ ਉਸ ਤੇ ਤਾਜ਼ਾ ਖ਼ੂਨ ਲਗਾ ਹੋਇਆ ਸੀ ਤੇ ਉਸਨੇ ਕੈਪਟਨ ਟੀ. ਪੀ. ਸਿਨਹਾ ਤੇ ਡੋਂਬਲ ਨੂੰ ਜਹਾਜ਼ ਲਾਹੌਰ ਮੋੜਨ ਵਾਸਤੇ ਕਿਹਾ ਤੇ ਇਹ ਕਿਹਾ ਕਿ ਜੇ ਉਹ ਨਾ ਮੰਨਿਆਂ ਤਾਂ ਸਭ ਨੂੰ ਖਤਮ ਕਰ ਦਿਤਾ ਜਾਵੇਗਾ। ਉਸ ਮੁਤਾਬਿਕ ਅਸਲ ਹਾਲਾਤ ਇਹ ਸਨ ਕਿ ਜਦੋਂ ਉਹ ਕਿਰਪਾਨਾਂ ਲੈ ਕੇ ਕਾਕਪਿਟ 'ਚ ਵੜੇ ਤਾਂ ਉਹ ਟੀ. ਪੀ. ਸਿਨਹਾ ਦੇ ਪਿਛੇ ਅਤੇ ਜਸਬੀਰ ਸਿਘ ਡੋਂਬਲ ਦੇ ਪਿਛੇ ਖੜ੍ਹ ਗਿਆ। ਉਸ ਨੇ ਟੀ. ਪੀ. ਸਿਨਹਾ ਨੂੰ ਕਿਹਾ ਕਿ 'ਕਿਉਂ ਕਿ (ਸੰਤ) ਜਰਨੈਲ ਸਿਘ ਭਿੰਡਰਾਂਵਾਲਾ ਨੂੰ ਭਾਰਤ ਸਰਕਾਰ ਨੇ ਗ੍ਰਿਫਤਾਰ ਕਰ ਲਿਆ ਹੈ ਅਤੇ ਚੌਕ ਮਹਿਤਾ ਵਿਚ 100 ਸਿਖ ਮਾਰ ਦਿਤੇ ਗਏ ਹਨ, ਅਸੀ ਪ੍ਰੋਟੈਸਟ ਵਜੋਂ ਜਹਾਜ਼ ਨੂੰ ਲਾਹੌਰ ਲਿਜਾਣਾ ਚਾਹੁੰਦੇ ਹਾਂ ਤਾਂ ਜੋ ਦੁਨੀਆ ਦੀ ਤਵਜੋ ਸਿਖਾਂ ਤੇ ਹੋ ਰਹੇ ਜ਼ੁਲਮ ਵਲ ਖਿਚੀ ਜਾਵੇ। ਸਾਨੂੰ ਉਨ੍ਹਾਂ ਨੂੰ ਇਹ ਨਹੀਂ ਕਹਿਣਾ ਪਿਆ ਕਿ ਜੇ ਉਹ ਸਾਡੀ ਗੱਲ ਨਾ ਮੰਨਣਗੇ ਤਾਂ ਅਸੀਂ ਉਨ੍ਹਾਂ ਨੂੰ ਖਤਮ ਕਰ ਦੇਵਾਂਗੇ। ਉਸਨੇ ਹੋਰ ਦਸਿਆ ਕਿ ਜਦੋਂ ਉਹ ਤੇ ਜਸਬੀਰ ਸਿਘ ਕਾਕਪਿਟ ਵਿਚ ਵੜੇ ਤਾਂ ਕਰਨ ਸਿਘ ਆਪਣੀ ਸੀਟ ਤੇ ਬੈਠਾ ਸੀ। ਉਸ ਦੇ ਸਾਥੀ ਮੁਲਜ਼ਮ ਕੈਬਿਨ 'ਚ ਖੜੇ ਹੋ ਗਏ ਸਨ ਅਤੇ ਨਾਅਰੇ ਲਾਉਣੇ ਸ਼ੁਰੂ ਕਰ ਦਿਤੇ ਸਨ ਤੇ ਉਸ ਦੇ ਸਾਥੀ ਮੁਲਜ਼ਮ ਸਤਨਾਮ ਸਿਘ ਨੇ ਮੁਸਾਫਿਰਾਂ ਨੂੰ ਸਿਰਫ ਏਨਾ ਆਖਿਆ ਸੀ ਕਿ 'ਭਾਰਤੀ ਸਰਕਾਰ ਦੇ ਜ਼ੁਲਮਾਂ ਦੇ ਪਰੋਟੈਸਟ ਵਜੋਂ' ਉਹ ਜਹਾਜ਼ ਨੂੰ ਲਾਹੌਰ ਲਿਜਾ ਰਹੇ ਹਨ। ਸਾਡੇ ਵਿਚੋਂ ਕਿਸੇ ਨੇ ਵੀ ਮੁਸਾਫਿਰਾਂ ਵਿਚੋਂ ਕਿਸੇ ਨੂੰ ਕੋਈ ਧਮਕੀ ਨਹੀਂ ਦਿਤੀ ਸੀ। ਇਸ ਸਵਾਲ, ਕਿ ਜਦੋਂ ਉਸਨੇ ਟੀ. ਪੀ. ਸਿਨਹਾ ਅਤੇ ਡੋਂਬਲਾ ਨੂੰ ਜਹਾਜ਼ ਲਾਹੌਰ ਵਲ ਮੋੜਨ ਵਾਸਤੇ ਆਖਿਆ ਅਤੇ ਉਨ੍ਹਾਂ ਇਹ ਇਸ ਕਰ ਕੇ ਮੰਨਿਆ ਕਿ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਅਤੇ ਜਹਾਜ਼ ਅਤੇ ਮੁਸਾਫਿਰਾਂ ਦੀ ਜ਼ਿੰਦਗੀ ਨੂੰ ਖਤਰਾ ਭਾਸਿਆ ਸੀ, ਉਸਨੇ ਆਖਿਆ ਕਿ ਉਸ ਨੂੰ ਟੀ. ਪੀ. ਸਿਨਹਾ ਅਤੇ ਡੋਂਬਲਾ ਦੇ ਜਵਾਬੀ-ਅਮਲ ਦਾ ਪਤਾ ਨਹੀਂ ਸੀ। ਉਸ ਨੂੰ ਬਸ ਏਨਾ ਪਤਾ ਹੈ ਕਿ ਜਦੋਂ ਉਨ੍ਹਾਂ, ਉਨ੍ਹਾਂ ਨੂੰ, ਜਹਾਜ਼ ਲਾਹੌਰ ਵਲ ਮੋੜਨ ਵਾਸਤੇ ਕਿਹਾ ਤਾਂ ਉਨ੍ਹਾਂ ਇਕ ਦੂਜੇ ਨਾਲ ਨਜ਼ਰ ਮਿਲਾਈ ਅਤੇ ਜਹਾਜ਼ ਲਾਹੌਰ ਨੂੰ ਮੋੜ ਦਿਤਾ। ਉਸ ਨੇ ਇਸ ਤੋਂ ਵੀ ਇਨਕਾਰ ਕੀਤਾ ਕਿ ਉਸ ਨੇ ਅਤੇ ਉਸ ਦੇ ਸਾਥੀ ਮੁਲਜ਼ਮ ਜਸਬੀਰ ਸਿਘ ਨੇ ਟੀ. ਪੀ. ਸਿਨਹਾ ਨੂੰ ਕਿਹਾ ਸੀ ਕਿ ਉਹ ਲਾਹੌਰ ਹਵਾਈ ਅੱਡੇ ਦੇ

ਹਾਕਮਾਂ ਨੂੰ ਆਖੇ ਕਿ ਅੰਮ੍ਰਿਤਸਰ ਹਵਾਈ ਅੱਡਾ ਬੰਦ ਹੈ ਤੇ ਉਨ੍ਹਾਂ ਕੋਲ ਤੇਲ ਦੀ ਕਮੀ ਹੈ ਅਤੇ ਟੀ. ਪੀ. ਸਿਨਹਾ ਨੇ ਇਂਜ ਹੀ ਲਾਹੌਰ ਹਵਾਈ ਅੱਡੇ ਦੇ ਹਾਕਮਾਂ ਨੂੰ ਆਖਿਆ ਅਤੇ ਇਹ ਕਿ ਜਦੋਂ ਲਾਹੌਰ ਹਵਾਈ ਅੱਡੇ ਦੇ ਹਾਕਮਾਂ ਨੇ ਹੋਰ ਵਾਕਫੀ ਮੰਗੀ ਤਾਂ ਉਸਨੇ ਅਤੇ ਉਸਦੇ ਸਾਥੀ ਮੁਲਜ਼ਮ ਨੇ ਟੀ. ਪੀ. ਸਿਨਹਾ ਤੇ ਡੋਂਥਲ ਨੂੰ ਹੋਰ ਕੁਝ ਨਾ ਆਖਣ ਵਾਸਤੇ ਕਿਹਾ ਸੀ। ਉਸ ਮੁਤਾਬਿਕ ਹਕੀਕਤ ਦਰਅਸਲ ਇਹ ਹੈ ਕਿ ਜਦੋਂ ਟੀ. ਪੀ. ਸਿਨਹਾ ਨੇ ਲਾਹੌਰ ਹਵਾਈ ਅੱਡੇ ਦੇ ਹਾਕਮਾਂ ਨਾਲ ਰਾਬਤਾ ਕਾਇਮ ਕੀਤਾ ਤਾਂ ਉਨ੍ਹਾਂ ਨੇ ਸਿਨਹਾ ਤੋਂ ਜਹਾਜ਼ ਨੂੰ ਮੋੜਨ ਦੀ ਵਜਹ ਪੁੱਛੀ ਤਾਂ ਸਿਨਹਾ ਨੇ ਪੁੱਛਿਆ ਕਿ ਉਹ ਕੀ ਵਜਹ ਦੱਸੇ। ਉਸ ਨੇ ਉਸ ਨੂੰ ਆਖਿਆ ਕਿ ਇਹ ਉਸ ਦੀ ਮਰਜ਼ੀ ਹੈ ਕਿ ਉਹ ਜੋ ਮਰਜ਼ੀ ਵਜਹ ਦੱਸੇ ਅਤੇ ਇਸ ਤੇ ਸਿਨਹਾ ਨੇ ਲਾਹੌਰ ਦੇ ਹਾਕਮਾਂ ਨੂੰ ਦੱਸਿਆ ਕਿ ਅੰਮ੍ਰਿਤਸਰ ਹਵਾਈ ਅੱਡਾ ਬੰਦ ਹੈ ਤੇ ਉਨ੍ਹਾਂ ਕੋਲ ਤੇਲ ਦੀ ਕਮੀ ਹੈ। ਉਸ ਨੇ ਇਹ ਆਖਿਆ ਕਿ ਸਿਨਹਾ ਨੇ ਲਾਹੌਰ ਹਵਾਈ ਅੱਡੇ ਦੇ ਹਾਕਮਾਂ ਨੂੰ ਜੋ ਕੁਝ ਵੀ ਆਖਿਆ ਉਹ ਉਸ ਦੀ ਆਪਣੀ ਘੜਤ ਸੀ। ਉਸ ਨੇ ਮੰਨਿਆ ਕਿ ਜਹਾਜ਼ ਲਾਹੌਰ ਹਵਾਈ ਅੱਡੇ ਦੇ ਹਾਕਮਾਂ ਦੀ ਇਜਾਜ਼ਤ ਤੋਂ ਬਿਨਾਂ ਲਾਹੌਰ ਤੇ ਉਤਾਰਿਆ ਸੀ ਅਤੇ ਇਸ ਦੇ ਉਤਰਨ ਦਾ ਵਕਤ ਸ਼ਾਇਦ ਦੁਪਹਿਰ ਡੇਢ ਵਜੇ ਸੀ। ਪਰ ਉਸ ਨੇ ਇਸ ਤੋਂ ਇਨਕਾਰ ਕੀਤਾ ਕਿ ਲਾਹੌਰ ਹਵਾਈ ਅੱਡੇ ਤੇ ਉਤਰਦਿਆਂ ਹੀ ਉਸਨੇ ਟੀ. ਪੀ. ਸਿਨਹਾ ਤੋਂ ਮਾਈਕਰੋਫੋਨ ਖੋਹ ਲਿਆ। ਉਸ ਮੁਤਾਬਿਕ ਉਸਨੇ ਟੀ. ਪੀ. ਸਿਨਹਾ ਨੂੰ ਆਖਿਆ ਕਿ ਉਹ ਲਾਹੌਰ ਦੇ ਹਾਕਮਾਂ ਨਾਲ ਗੱਲ ਕਰਨੀ ਚਾਹੁੰਦਾ ਹੈ ਅਤੇ ਟੀ. ਪੀ. ਸਿਨਹਾ ਨੇ ਆਪਣਾ ਮਾਈਕਰੋਫੋਨ ਉਸ ਦੇ ਹਵਾਲੇ ਕੀਤਾ ਸੀ ਤੇ ਇਸ ਨੂੰ ਵਰਤਣ ਦਾ ਤਰੀਕਾ ਦੱਸਿਆ ਸੀ। ਉਸ ਨੇ ਜੋ ਕੁਝ ਲਾਹੌਰ ਦੇ ਹਾਕਮਾਂ ਨੂੰ ਦੱਸਿਆ ਸੀ, ਉਹ ਇਹ ਹੈ:

"ਮੈਂ ਖਾਲਸਾ ਦਲ ਦੀ ਸੁਪਰੀਮ ਪੰਚਾਇਤ ਦਾ ਇਕ ਮੈਂਬਰ ਹਾਂ ਤੇ ਅਸੀਂ ਜਹਾਜ਼ ਨੂੰ ਲਾਹੌਰ ਲਿਆਏ ਹਾਂ ਤਾਂ ਜੋ ਭਾਰਤ 'ਚ ਸਿਖਾਂ ਉਤੇ ਹੋਣ ਵਾਲੇ ਜ਼ੁਲਮ, ਸਣੇ (ਸੰਤ) ਜਰਨੈਲ ਸਿੰਘ ਭਿੰਡਰਾਂਵਾਲਾ ਦੀ ਗ੍ਰਿਫਤਾਰੀ ਅਤੇ ਚੌਕ ਮਹਿਤਾ ਵਿਚ 100 ਸਿਖਾਂ ਦੇ ਕਤਲ, ਵਲ ਦੁਨੀਆਂ ਦੀ ਤਵੱਜੋ ਖਿਚੀ ਜਾ ਸਕੇ।" ਉਸ ਨੇ ਮੰਨਿਆ ਕਿ 29-9-1981 ਨੂੰ ਕਰੀਬ ਇਕ ਵਜੇ ਲਾਹੌਰ ਉਤਰਨ ਮਗਰੋਂ ਉਸਨੇ ਕੰਟਰੋਲ ਟਾਵਰ ਨੂੰ ਦੱਸਿਆ ਸੀ ਕਿ ਉਹ ਕਿਸੇ ਇਕ ਸੀਨੀਅਰ ਅਫਸਰ ਨਾਲ ਗਲਬਾਤ ਕਰਨੀ ਚਾਹੇਗਾ। ਜਿਥੋਂ ਤਕ ਉਮਰ ਖਾਨ ਅਫਰੀਦੀ ਅਤੇ ਬਰਗੇਡੀਅਰ ਮੁਹੰਮਦ ਅਮੀਨ ਬੱਟ ਨਾਲ ਉਸ ਦੀ ਮੁਲਾਕਾਤ ਅਤੇ ਸਮਝੌਤਾ-ਟੀਮ ਸਾਹਵੇਂ ਰਖੀਆਂ ਮੰਗਾਂ ਦਾ ਸਵਾਲ ਹੈ; ਉਸ ਨੇ ਇਨਕਾਰ ਕੀਤਾ ਕਿ ਉਸਨੇ ਸਮਝੌਤਾ ਟੀਮ ਨੂੰ ਇਹ ਕਿਹਾ ਸੀ ਕਿ ਉਨ੍ਹਾਂ ਵਲੋਂ ਹਾਈਜੈਕਿੰਗ ਦਾ ਅਹਿਮ ਮਕਸਦ ਖਾਲਿਸਤਾਨ ਦੀ ਕਾਇਮੀ ਹੈ ਅਤੇ ਉਸ ਦੀਆਂ ਮੰਗਾਂ ਹਨ: — (ਸੰਤ) ਜਰਨੈਲ

ਸਿਘ ਭਿੰਡਰਾਂਵਾਲਾ ਦੀ ਰਿਹਾਈ ਤੇ ਇਕ ਪ੍ਰੈਸ ਕਾਨਫਰੰਸ ਨੂੰ ਮੁਖਾਤਿਬ ਕਰਨਾ ਅਤੇ ਉਸ ਨੂੰ ਇਕ ਸਟੇਂਨ ਗੰਨ ਅਤੇ 5 ਲਖ ਅਮੀਰਕੀ ਡਾਲਰ ਦਿਤੇ ਜਾਣਾ। ਉਸ ਮੁਤਾਬਿਕ ਉਸਨੇ ਸਮਝੌਤਾ-ਟੀਮ ਨਾਲ ਇਕ ਮੁਲਾਕਾਤ ਦੌਰਾਨ ਕਿਹਾ ਸੀ ਕਿ ਜਹਾਜ ’ਚ ਮੌਜੂਦ ਉਸ ਦੇ ਸਾਥੀਆਂ ਦੀ ਹਿਫਾਜਤ ਵਾਸਤੇ ਇਕ ਸਟੇਨ-ਗੰਨ ਦਿਤੀ ਜਾਵੇ ਅਤੇ ਉਸਨੂੰ ਪ੍ਰੈਸ ਕਾਨਫਰੰਸ ਕਰਨ ਦੀ ਇਜਾਜ਼ਤ ਦਿਤੀ ਜਾਵੇ। ਮਗਰੋਂ ਪਾਕਿਸਤਾਨ ’ਚ ਭਾਰਤੀ ਅੰਬੈਸਡਰ ਨਰਿੰਦਰ ਸਿਂਘ ਨਾਲ 29-9-1981 ਦੀ ਸ਼ਾਮ ਨੂੰ ਹੋਈ ਗਲਬਾਤ ਵਿਚ ਉਸਨੇ ਮੰਗ ਕੀਤੀ ਸੀ ਕਿ (ਸੰਤ) ਜਰਨੈਲ ਸਿਘ ਭਿੰਡਰਾਂਵਾਲਾ ਨੂੰ ਰਿਹਾ ਕੀਤਾ ਜਾਵੇ ਅਤੇ ਚੌਕ ਮਹਿਤਾ ’ਚ ਮਰਨ ਵਾਲਿਆਂ ਦੇ ਵਾਰਸਾਂ ਨੂੰ 5 ਲਖ ਅਮਰੀਕੀ ਡਾਰਲ ਦੀ ਰਕਮ ਦੇ ਬਰਾਬਰ ਮੁਆਵਜ਼ਾ ਦਿਤਾ ਜਾਵੇ। ਇਸ ਸਵਾਲ ਕਿ ਕੀ ਉਨ੍ਹਾਂ ਦੇ 30-9-1981 ਸਵੇਰ ਦੇ 8 ਵਜੇ ਤਕ ਜਹਾਜ਼, ਇਸ ਦੇ ਮੁਸਾਫਿਰਾ ਤੇ ਅਮਲੇ ਨੂੰ ਆਪਣੀਆਂ ਧਮਕੀਆਂ ਅਤੇ ਇਖਤਿਆਰ ਹੇਠ ਰਖਿਆ — ਦੇ ਜਵਾਬ ਵਿਚ ਉਸ ਨੇ ਕਿਹਾ ਕਿ ’ਹਵਾਈ ਜਹਾਜ਼ 30-9-1981 ਸਵੇਰ ਦੇ 8 ਵਜੇ ਤਕ ਸਾਡੇ ਇਖਤਿਆਰ ਹੇਠ ਰਿਹਾ। ਲਾਹੌਰ ਉਤਰਣ ਮਗਰੋਂ ਸਭ ਤੋਂ ਪਹਿਲੀ ਗੱਲ ਅਸੀਂ ਇਹ ਕੀਤੀ ਕਿ ਅਸੀ ਮੁਸਾਫਿਰਾਂ ਨੂੰ ਠੰਡੀ ਡਰਿਂਕ ਵਰਤਾਉਣ ਵਾਸਤੇ ਆਖਿਆ। ਅਸੀਂ ਮੁਸਾਫਿਰਾਂ ਨੂੰ ਯਕੀਨ ਦਿਵਾਇਆ ਕਿ ਉਨ੍ਹਾਂ ਨੂੰ ਕੋਈ ਨੁਕਸਾਨ ਨਹੀਂ ਪੁਜੇਗਾ ਤੇ ਸਾਡਾ ਮਕਸਦ ਕਿਸੇ ਨੂੰ ਵੀ ਨੁਕਸਾਨ ਪਹੁੰਚਾਉਣਾ ਨਹੀਂ। ਸਾਡਾ ਇਸ (ਜਹਾਜ਼) ਨੂੰ ਏਥੇ ਲਿਆਣ ਦਾ ਮਕਸਦ ਭਾਰਤ ’ਚ ਸਿਖਾਂ ਤੇ ਹੋ ਰਹੇ ਜ਼ੁਲਮ ਵਲ ਦੁਨੀਆਂ ਦੀ ਤਵੱਜੋ ਦਿਵਾਉਣਾ ਹੈ। ਅਸੀਂ ਮੁਸਾਫਿਰਾਂ ਨੂੰ ਤੰਬਾਕੂ-ਨੋਸ਼ੀ ਵਾਸਤੇ ਜਹਾਜ਼ ਚੋਂ ਬਾਹਰ ਆਉਣ ਦੀ ਇਜਾਜ਼ਤ ਦਿਤੀ। ਅਸੀਂ ਟਾਇਲਟ ਦੀ ਖੁਲ੍ਹੀ ਵਰਤੋਂ ਦੀ ਇਜਾਜ਼ਤ ਵੀ ਦਿਤੀ ਹੋਈ ਸੀ। ਪੂਰਾ ਵਕਤ ਸਾਡਾ ਵਤੀਰਾ ਦੋਸਤਾਨਾ ਸੀ। ਜਹਾਜ਼ ’ਚ ਇਕ ਬੀਮਾਰ ਔਰਤ ਮੁਸਾਫਿਰ ਸੀ। ਅਸੀਂ ਮਿਸਟਰ ਅਫਰੀਦੀ ਨੂੰ ਕਿਹਾ ਕਿ ਉਸ ਨੂੰ ਜਹਾਜ਼ ਵਿਚੋਂ ਬਾਹਰ ਲੈ ਜਾਇਆ ਜਾਵੇ। ਉਸ ਨਾਲ ਇਕ ਮਰਦ ਮੁਸਾਫਿਰ ਵੀ ਸੀ। ਤੇ ਉਹ ਬਿਮਾਰ ਨਹੀਂ ਸੀ। ਅਸੀਂ ਉਸ ਨੂੰ ਵੀ ਨਾਲ ਜਾਣ ਦੀ ਇਜਾਜ਼ਤ ਦਿਤੀ ਸੀ। ਸ਼ਾਮ ਤਕ ਅਸੀਂ ਸਾਰੀਆਂ ਔਰਤਾਂ ਤੇ ਬੱਚਿਆਂ ਨੂੰ ਬਿਨਾ ਸ਼ਰਤ, ਆਪਣੀ ਮਰਜ਼ੀ ਨਾਲ ਤੇ ਕਿਸੇ ਦੀ ਪਰੇਰਣਾ ਤੋਂ ਬਿਨਾ ਰਿਹਾ ਕਰ ਦਿਤਾ ਸੀ। ਉਸ ਤੋਂ ਕੁਝ ਚਿਰ ਮਗਰੋਂ ਹੀ ਅਸੀਂ ਜਹਾਜ਼ ’ਚ ਸਵਾਰ ਗੈਰ-ਮੁਲਕੀਆਂ ਨੂੰ ਵੀ ਜਹਾਜ਼ ’ਚੋਂ ਜਾਣ ਦੀ ਇਜਾਜ਼ਤ ਦੇ ਦਿਤੀ ਤੇ ਫਿਰ ਅਸੀ ਕੁਝ ਸਿਖ ਮੁਸਾਫਿਰਾਂ ਨੂੰ ਵੀ ਬਾਹਰ ਜਾਣ ਦੀ ਇਜਾਜ਼ਤ ਦੇ ਦਿਤੀ। ਸ਼ਾਮ ਨੂੰ ਅਸੀ ਮੁਸਾਫਿਰਾ ਦੇ ਖਾਣੇ ਵਾਸਤੇ ਆਖਿਆ ਤੇ ਮੁਸਾਫਿਰਾਂ ਨੂੰ ਖਾਣਾ ਪਰੋਸਿਆ ਗਿਆ।

57. ਕਮਾਂਡੋ ਐਕਸ਼ਨ ਬਾਰੇ ਉਸ ਨੇ ਕਿਹਾ ਕਿ ਜਦੋਂ ਕਮਾਂਡੋ ਐਕਸ਼ਨ ਸ਼ੁਰੂ ਹੋਇਆ,

ਉਦੋਂ ਉਨ੍ਹਾਂ ਵਿਚ ਅਤੇ ਮਿਸਟਰ ਅਫਰੀਦੀ ਵਿਚ ਬੜਾ ਦੋਸਤਾਨਾ ਮਾਹੌਲ ਸੀ। ਉਸ ਵਕਤ ਉਹ ਜਹਾਜ ਦੇ ਬਾਹਰ ਪੌੜੀਆਂ ਵਿਚ ਬੈਠਾ ਹੋਇਆ ਸੀ ਅਤੇ ਉਮਰ ਅਫਰੀਦੀ ਨਾਲ ਗਲਬਾਤ ਕਰ ਰਿਹਾ ਸੀ। ਉਸ ਦੇ ਸਾਥੀਆਂ ਵਿਚੋਂ 2 ਨਹਾਉਣ ਗਏ ਹੋਏ ਸਨ ਅਤੇ ਜਸਬੀਰ ਸਿੰਘ ਤੇ ਸਤਨਾਮ ਸਿੰਘ ਜਹਾਜ ਵਿਚ ਸਨ, ਜਦੋਂ ਕਮਾਂਡੋਜ ਨੇ ਉਨ੍ਹਾਂ ਨੂੰ ਕਾਬੂ ਕਰ ਲਿਆ। ਉਸਨੇ ਮੰਨਿਆ ਕਿ ਕਮਾਂਡੋ ਐਕਸ਼ਨ ਦੌਰਾਨ ਬਰਗੇਡੀਅਰ ਤਾਰਿਕ ਮੁਹੰਮਦ ਨੇ ਸਤਨਾਮ ਸਿੰਘ ਤੋਂ ਕਿਰਪਾਨ ਪੀ 1 ਤੇ ਜਸਬੀਰ ਸਿੰਘ ਤੋਂ ਕਿਰਪਾਨ ਪੀ 2 ਖੋਹੀਆਂ ਸਨ ਅਤੇ ਇਸ ਕਮਾਂਡੋ ਐਕਸ਼ਨ ਦੌਰਾਨ ਇਨ੍ਹਾਂ ਦੋਹਾਂ ਨਾਲ ਹਥੋਪਾਈ ਦੌਰਾਨ ਇਹ ਦੋਵੇਂ ਮੁਲਜਮ ਜ਼ਖ਼ਮੀ ਹੋ ਗਏ। ਉਸਨੇ ਇਸ ਨੂੰ ਪੂਰੀ ਤਰ੍ਹਾਂ ਗਲਤ ਕਰਾਰ ਦਿਤਾ ਕਿ ਉਸਨੇ ਜਾਂ ਉਸ ਦੇ ਸਾਥੀ ਮੁਲਜਮਾਂ ਨੇ ਰਾਇ ਸ਼ਬੀਰ ਅਹਿਮਦ ਕੋਲ ਕੋਈ ਇਕਬਾਲੀਆ ਬਿਆਨ ਦਿਤਾ ਸੀ। ਉਸ ਮੁਤਾਬਿਕ ਇੰਜ ਹੋਇਆ ਕਿ ਇਕ ਰਾਤ ਤੜਕੇ ਦੋ ਵਜੇ ਉਸ ਨੂੰ ਸੁਤੇ ਨੂੰ ਉਠਾਇਆ ਗਿਆ ਅਤੇ ਇਕ ਜਗਹ ਤੇ ਲਿਜਾਇਆ ਗਿਆ ਜਿਥੇ ਮਜਿਸਟਰੇਟ ਬੈਠਾ ਸੀ। ਉਸ ਨੇ ਉਸ ਨੂੰ ਇਹ ਨਹੀਂ ਦਸਿਆ ਕਿ ਉਹ ਮਜਿਸਟਰੇਟ ਹੈ ਅਤੇ ਉਹ ਉਸ ਦਾ ਇਕਬਾਲੀਆ ਬਿਆਨ ਲਿਖਣਾ ਚਾਹੁੰਦਾ ਹੈ। ਮਜਿਸਟਰੇਟ ਕੁਝ ਲਿਖੀ ਜਾ ਰਿਹਾ ਸੀ ਅਤੇ ਉਸਨੂੰ ਇਹ ਨਹੀਂ ਪਤਾ ਕਿ ਉਹ ਕੀ ਲਿਖ ਰਿਹਾ ਹੈ। ਮਜਿਸਟਰੇਟ ਨੇ ਉਸ ਤੋਂ ਤਫਤੀਸ਼ ਵਜੋਂ ਕੁਝ ਸਵਾਲ ਵੀ ਪੁੱਛੇ। ਉਸ ਨੇ ਅਖੌਤੀ ਇਕਬਾਲੀਆ ਬਿਆਨ ਐਕਸ ਪੀ ਡੀ ਤੇ ਆਪਣੇ ਦਸਤਖਤ ਮੰਨੇ ਅਤੇ ਕਿਹਾ ਕਿ ਜਦੋਂ ਉਸਨੂੰ ਦਸਤਖਤ ਕਰਨ ਵਾਸਤੇ ਕਿਹਾ ਗਿਆ ਤਾਂ ਉਸ ਨੇ ਕਰ ਦਿਤੇ ਸੀ।

57. ਉਸਨੇ 'ਭਾਰਤੀ ਹਵਾਈ ਜਹਾਜ ਨੂੰ ਲਾਹੌਰ ਲਿਆਉਣ ਦੀ ਕਾਰਵਾਈ ਕਰਨ' ਵਾਸਤੇ ਮਜਬੂਰ ਕਰਨ ਵਾਲੇ ਹਾਲਾਤ ਬਾਰੇ ਲਿਖਤੀ ਬਿਆਨ ਅਦਾਲਤ ਨੂੰ ਦਿਤਾ। ਉਹ ਬਿਆਨ ਐਕਸ ਡੀ ਜੇ ਹੈ। ਇਹ ਗੁਰਮੁਖੀ ਵਿਚ ਹੈ ਅਤੇ ਇਸ ਦਾ ਉਰਦੂ ਤਰਜਮਾ ਐਕਸ ਡੀ ਜੇ/1 ਹੈ।

58. ਉਸ ਨੇ ਇਸ ਤੋਂ ਇਨਕਾਰ ਕੀਤਾ ਕਿ ਉਸ ਕੋਲ ਜਾਂ ਉਸਦੇ ਕਿਸੇ ਸਾਥੀ ਮੁਲਜਮ ਕੋਲ, ਉਸ ਦੇ ਜਾਂ ਕਿਸੇ ਸਾਥੀ ਮੁਲਜਮ ਦੇ ਮੋਢੇ ਤੇ ਕੋਈ ਥੈਲਾ ਲਟਕਦਾ ਸੀ ਜਾਂ ਕਿ ਉਸ ਨੇ ਜਾਂ ਉਸ ਦੇ ਕਿਸੇ ਸਾਥੀ ਮੁਲਜਮ ਨੇ ਇਹ ਐਲਾਨ ਕੀਤਾ ਸੀ ਕਿ ਉਸ ਕੋਲ ਜਹਾਜ ਨੂੰ ਉਡਾਉਣ ਵਾਸਤੇ ਬਾਰੂਦ ਹੈ।

59. ਮੁਲਜਮ ਜਸਬੀਰ ਸਿੰਘ ਦਾ ਬਿਆਨ ਵੀ ਮੂਲ-ਮੁਦਾਅ ਵਿਚ ਉਸੇ ਤਰਜ ਤੇ ਹੈ। ਜਿਵੇਂ ਮੁਲਜਮ ਗਜਿੰਦਰ ਸਿੰਘ ਦਾ ਹੈ। ਮੁਲਜਮ ਗਜਿੰਦਰ ਸਿੰਘ ਵਲੋਂ ਦਿਤੇ ਗਏ ਬਹੁਤੇ ਜਵਾਬ ਉਸਨੇ ਤਸਲੀਮ ਕੀਤੇ ਹਨ। ਕਮਾਂਡੋ ਐਕਸ਼ਨ ਵਿਚ ਜ਼ਖ਼ਮੀ ਹੋਣ

ਵਾਲਿਆਂ ਮੁਲਜ਼ਮਾਂ ਵਿਚੋਂ ਉਹ ਇਕ ਸੀ। ਉਸਨੇ ਮੰਨਿਆ ਕਿ ਉਹ ਕਮਾਂਡੋ ਐਕਸ਼ਨ ਵਿਚ ਜ਼ਖਮੀ ਹੋਇਆ ਸੀ। ਮਗਰ ਉਸ ਦਾ ਕਹਿਣਾ ਹੈ ਕਿ ਜਦੋਂ ਕਮਾਂਡੋ ਐਕਸ਼ਨ ਵਿਚ ਉਸ ਨੂੰ ਕਾਬੂ ਕੀਤਾ ਗਿਆ ਅਤੇ ਉਸ ਦੀ ਕਿਰਪਾਨ ਖੋਹੀ ਗਈ ਉਦੋਂ ਉਹ ਜਹਾਜ਼ ਦੇ ਅੰਦਰ ਦੇ ਦਰਵਾਜ਼ਿਆਂ ਦੇ ਵਿਚਕਾਰ ਖੜਾ ਸੀ। ਇਸ ਤੋਂ ਬਾਅਦ ਉਸਨੂੰ ਜਹਾਜ਼ ਤੋਂ ਬਾਹਰ ਲਿਜਾਇਆ ਗਿਆ ਅਤੇ ਉਥੇ ਉਸ ਨੂੰ ਕਮਾਂਡੋ ਨੇ ਜ਼ਖਮੀ ਕੀਤਾ। 'ਸਾਡੇ ਵਲੋਂ ਭਾਰਤੀ ਹਵਾਈ ਜਹਾਜ਼ ਨੂੰ ਲਾਹੌਰ ਲਿਆਏ ਜਾਣ ਦੀ ਕਾਰਵਾਈ ਕਰਵਾਉਣ ਵਾਲੇ' ਹਾਲਾਤ ਬਾਰੇ ਉਸਨੇ ਵੀ ਇਕ ਲਿਖਤੀ ਬਿਆਨ ਐਕਸ ਡੀ ਕੇ ਪੇਸ਼ ਕੀਤਾ। (ਇਸ ਦਾ ਉਰਦੂ ਤਰਜਮਾ ਐਕਸ ਡੀ ਕੇ 1 ਹੈ)।

60. ਮੁਲਜ਼ਮ ਸਰਦਾਰ ਸਤਨਾਮ ਸਿੰਘ ਪਾਉਂਟਾ ਸਾਹਿਬ ਨੇ ਮੰਨਿਆ ਹੈ ਕਿ ਉਹ ਹਾਈਜੈਕਿੰਗ ਦੌਰਾਨ ਕੈਬਿਨ 'ਚ ਰਿਹਾ ਸੀ। ਉਸ ਵਲੋਂ ਕੀਤੇ ਗਏ ਰੋਲ ਬਾਰੇ ਉਸਨੇ ਕਿਹਾ ਕਿ ਮੁਲਜ਼ਮ ਗਜਿੰਦਰ ਸਿੰਘ ਤੇ ਜਸਬੀਰ ਸਿੰਘ ਦੇ ਕਾਕਪਿਟ 'ਚ ਦਾਖਿਲ ਹੋਣ ਮਗਰੋਂ, ਉਹ ਆਪਣੇ ਸਾਥੀ ਮੁਲਜ਼ਮਾਂ ਕਰਨ ਸਿੰਘ ਤੇ ਤੇਜਿੰਦਰ ਸਿੰਘ ਨਾਲ, ਆਪਣੀਆਂ ਸੀਟਾਂ ਤੋਂ ਉਠੇ ਅਤੇ ਕਾਕਪਿਟ ਕੋਲ ਖੜੇ ਹੋ ਕੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਾਉਣ ਲਗ ਪਏ। ਉਸ ਨੇ ਇਸ ਤੋਂ ਇਨਕਾਰ ਕੀਤਾ ਕਿ ਉਸਨੇ ਕਿਸੇ ਨੂੰ ਧਮਕੀ ਦਿਤੀ ਸੀ, ਦਰ-ਅਸਲ ਉਨ੍ਹਾਂ ਨੇ ਮੁਸਾਫਿਰਾਂ ਨੂੰ ਤਸੱਲੀ ਦਿਵਾਈ ਸੀ ਕਿ ਉਨ੍ਹਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਜਾਵੇਗਾ ਅਤੇ ਉਨ੍ਹਾਂ ਦਾ ਮਕਸਦ ਇਹ ਹੈ ਕਿ 'ਦੁਨੀਆ ਦੀ ਤਵੱਜੋ ਇਸ ਗੱਲ ਵਲ ਖਿਚੀ ਜਾਵੇ ਕਿ ਭਾਰਤ ਸਰਕਾਰ ਨੇ ਸਾਡੇ ਆਗੂ (ਸੰਤ) ਜਰਨੈਲ ਸਿੰਘ ਭਿੰਡਰਾਂਵਾਲਾ ਅਤੇ ਹੋਰ ਬਹੁਤ ਸਾਰੇ ਸਿਖ ਆਗੂਆਂ ਨੂੰ ਬੇਵਜਹ ਗ੍ਰਿਫਤਾਰ ਕਰ ਲਿਆ ਹੈ ਅਤੇ ਬਿਨਾ ਕਿਸੇ ਵਜਹ ਤੋਂ ਮਹਿਤਾ ਚੌਂਕ ਵਿਚ 100 ਸਿਖ ਕਤਲ ਕਰ ਦਿਤੇ ਹਨ ਅਤੇ ਸਾਡਾ ਨਿਸ਼ਾਨਾ ਭਾਰਤ ਸਰਕਾਰ ਵਲੋਂ ਆਮ ਸਿਖਾਂ ਉਤੇ ਕੀਤੇ ਜਾ ਰਹੇ ਜ਼ੁਲਮ ਨੂੰ ਤਵੱਜੋ ਵਿਚ ਲਿਆਉਣਾ ਹੈ।'

ਅਸੀਂ ਮੁਸਾਫਿਰਾਂ ਨੂੰ ਆਖਿਆ ਕਿ ਉਹ ਆਪਣੀਆਂ ਸੀਟਾਂ ਤੇ ਬੈਠੇ ਰਹਿਣ ਅਤੇ ਸਾਡੇ ਮਕਸਦ ਦੀ ਕਾਮਯਾਬੀ ਵਾਸਤੇ ਤੁਆਵਨ ਦੇਣਾ ਮੁਸਾਫਿਰਾਂ ਨੇ ਅਖੀਰ ਤਕ ਸਾਡੇ ਨਾਲ ਪੂਰਾ ਤੁਆਵਨ ਕੀਤਾ। ਅਸੀਂ ਕਿਸੇ ਮੁਸਾਫਿਰ ਨੂੰ ਕੋਈ ਧਮਕੀ ਨਹੀਂ ਦਿਤੀ। ਕਿਉਂਕਿ ਉਹ ਕੈਬਿਨ 'ਚ ਰਿਹਾ ਸੀ ਇਸ ਕਰਕੇ ਉਸਨੂੰ ਨਹੀਂ ਪਤਾ ਸੀ ਕਿ ਕਾਕਪਿਟ ਵਿਚ ਕੀ ਹੋਇਆ ਸੀ। ਜਿਥੋਂ ਤਕ ਬਾਕੀ ਨੁਕਤਿਆਂ ਦਾ ਸਵਾਲ ਹੈ ਉਸ ਦੀ ਉਹੀ ਪੁਜੀਸ਼ਨ ਹੈ ਜੋ ਮੁਲਜ਼ਮ ਗਜਿੰਦਰ ਸਿੰਘ ਦੀ ਸੀ। ਉਸਨੇ ਇਸ ਤੋਂ ਇਨਕਾਰ ਕੀਤਾ ਕਿ ਉਸ ਨੇ ਰਾਹ

ਸਬੀਰ ਅਹਿਮਦ ਮਜਿਸਟਰੇਟ ਨੂੰ ਇਕਬਾਲੀਆ ਬਿਆਨ ਦਿਤਾ ਸੀ ਤੇ ਉਸ ਨੇ ਠੀਕ ਹੋਣ ਬਾਰੇ ਇਸ ਤੇ ਦਸਤਖਤ ਕੀਤੇ ਸਨ। ਇਸ ਸਵਾਲ ਕਿ ਉਸ ਤੇ ਇਹ ਮੁਕਦਮਾ ਕਿਉਂ ਚਲਾਇਆ ਜਾ ਰਿਹਾ ਹੈ, ਉਸਨੇ ਹੇਠ ਲਿਖਿਆ ਲੰਬਾ ਬਿਆਨ ਦਿਤਾ:

ਖਾਲਿਸਤਾਨ ਦੀ ਤਹਿਰੀਕ ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਅਤੇ ਸਿਖਿਆਵਾਂ ਦੀ ਨੀਂਹ ਤੇ ਹੈ। ਬੰਦਾ ਸਿੰਘ ਬਹਾਦਰ ਗੁਰੂ ਗੋਬਿੰਦ ਸਿੰਘ ਦਾ ਪਹਿਲਾ ਸਿਆਸੀ ਚੇਲਾ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਮੁਤਾਬਿਕ 1708 'ਚ ਪੰਜਾਬ 'ਚ ਪਹਿਲੀ ਵਾਰੀ ਖਾਲਸਾ ਰਾਜ ਕਾਇਮ ਕੀਤਾ ਗਿਆ ਸੀ। 1716 ਵਿਚ ਗੁਰਦਾਸਪੁਰ 'ਚੋਂ ਗ੍ਰਿਫਤਾਰ ਹੋਣ ਮਗਰੋਂ ਉਸਨੂੰ ਤੇ ਉਸ ਦੇ 700 ਸਾਥੀਆਂ ਨੂੰ ਕਤਲ ਕੀਤਾ ਗਿਆ ਸੀ। 1716 ਤੋਂ 1799 ਤਕ ਸਿਖਾਂ ਵਲੋਂ ਸਿਖ ਰਾਜ ਦੀ ਜਦੋਜਹਿਦ ਦਾ ਵੇਲਾ ਸੀ। ਇਸ ਵੇਲੇ ਦੌਰਾਨ ਉਨ੍ਹਾਂ ਜ਼ੁਲਮ ਦੇ ਖਿਲਾਫ ਬੜੀਆਂ ਕੁਰਬਾਨੀਆਂ ਦਿਤੀਆਂ। ਇਸ ਵੇਲੇ ਦੌਰਾਨ 53000 ਸਿਖ ਸ਼ਹੀਦ ਹੋਏ। ਇਕ ਵਕਤ ਆਇਆ ਜਦੋਂ ਲਾਹੌਰ ਦਰਬਾਰ ਦੇ ਵਜ਼ੀਰ ਲਖਪਤ ਰਾਏ ਨੇ ਐਲਾਨ ਕੀਤਾ ਕਿ ਖਤਰੀ 'ਬਾਬਾ ਗੁਰੂ ਨਾਨਕ ਜੀ' ਵਲੋਂ ਸ਼ੁਰੂ ਕੀਤਾ ਗਿਆ ਇਕ ਮਜ਼ਹਬ ਇਕ ਖਤਰੀ 'ਲਾਲਾ ਲਖਪਤ ਰਾਏ' ਹਥੋਂ ਹੀ ਖਤਮ ਹੋਵੇਗਾ। ਸਿਖਾਂ ਨੇ ਇਸ ਚੈਲਿੰਜ ਨੂੰ ਕਬੂਲ ਕਰ ਲਿਆ ਅਤੇ ਆਪਣਾ ਵਜੂਦ ਕਾਇਮ ਰਖਣ ਵਾਸਤੇ ਖਾਲਸਾ ਰਾਜ ਦੀ ਕਾਇਮੀ ਵਾਸਤੇ ਜਦੋਜਹਿਦ ਤੇਜ਼ ਕਰ ਦਿਤੀ। 1799 ਵਿਚ ਮਹਾਨ ਜਰਨੈਲ ਰਣਜੀਤ ਸਿੰਘ ਨੇ ਲਾਹੌਰ ਕਿਲੇ ਤੇ ਮਜ਼ਹਬੀ ਨਿਸ਼ਾਨ ਝੁਲਾ ਦਿਤਾ ਅਤੇ ਖਾਲਸਾ ਰਾਜ ਦੀ ਨੀਂਹ ਰਖੀ। ਸਿਖ ਰਾਜ ਦੀਆਂ ਹੱਦਾਂ ਰਾਵੀ ਤੇ ਸਤਲੁਜ ਦੇ ਕੰਢਿਆਂ ਤੋਂ ਜਮਰੌਦ ਤਕ, ਸਣੇ ਤਿਬਤ ਤੇ ਕਸ਼ਮੀਰ ਤਕ ਫੈਲੀਆਂ ਹੋਈਆਂ ਸਨ। ਉਸ ਵਕਤ ਸਿਖਾਂ ਦੀ ਆਬਾਦੀ 80 ਲਖ ਦੇ ਕਰੀਬ ਸੀ। ਸਿਖਾਂ ਦਾ ਇਹ ਪੱਕਾ ਯਕੀਨ ਸੀ ਕਿ ਇਹ ਰਾਜ ਉਨ੍ਹਾਂ ਨੂੰ ਅਕਾਲ ਪੁਰਖ ਨੇ ਬਖਸ਼ਿਆ ਹੈ। ਸਰਦਾਰ ਸ਼ਾਮ ਸਿੰਘ ਅਟਾਰੀ ਦੀ 1845 ਵਿਚ ਮੌਤ ਨਾਲ ਸਿਖ ਰਾਜ ਦਾ ਅੰਤ ਹੋ ਗਿਆ। ਅੰਗਰੇਜ਼ਾਂ ਨੇ ਸਿਖ ਰਾਜ ਮਹਾਰਾਜਾ ਦਲੀਪ ਸਿੰਘ, ਜੋ ਉਸ ਵਕਤ ਨਾਬਾਲਿਗ ਸੀ, ਤੋਂ ਇਕ ਟਰਸਟੀ ਵਜੋਂ ਲਿਆ ਸੀ ਅਤੇ ਇਹ ਸਮਝੌਤਾ ਕੀਤਾ ਸੀ ਕਿ ਜਦੋਂ ਮਹਾਰਾਜਾ ਬਾਲਗ ਹੋ ਜਾਵੇਗਾ ਸਿਖਾਂ ਨੂੰ ਇਹ ਰਾਜ ਮੋੜ ਦਿਤਾ ਜਾਵੇਗਾ। ਬਾਅਦ 'ਚ 1849 'ਚ ਬੇਈਮਾਨੀ ਕਰਕੇ ਅੰਗਰੇਜ਼ਾਂ ਨੇ ਇਹ ਰਾਜ ਭਾਰਤ ਰਾਜ 'ਚ ਸ਼ਾਮਿਲ ਕਰ ਦਿਤਾ। ਇਸ ਮੁਕਾਮ ਤੋਂ ਸਿਖਾਂ ਦੀ ਤਵਾਰੀਖ ਦੇ ਹਨੇਰੇ ਦਿਨਾਂ ਦਾ ਆਗਾਜ਼ ਹੁੰਦਾ ਹੈ ਜਿਸ ਦੇ ਨਤੀਜੇ ਵਜੋਂ ਸਿਖਾਂ ਦੀ ਅਬਾਦੀ 80 ਲਖ ਤੋਂ ਘਟ ਕੇ 1861 ਵਿਚ 18 ਲਖ ਰਹਿ ਗਈ। ਖਾਲਸਾ ਰਾਜ ਦੀ ਮੁੜ ਕਾਇਮੀ ਵਾਸਤੇ ਸਿਖਾਂ ਨੇ 1947 ਤਕ ਬਹੁਤ ਕੁਰਬਾਨੀਆਂ ਕੀਤੀਆਂ। ਇਸ ਵਕਤ ਦੌਰਾਨ 93 ਸਿਖਾਂ ਨੂੰ ਫਾਂਸੀ ਮਿਲੀ, 2187 ਨੂੰ ਉਮਰ ਕੈਦ ਹੋਈ, 793 ਜਲਿਆਂ ਵਾਲਾ

ਬਾਗ ਵਿਚ ਮਰੇ, 67 ਬਜਬਜ ਘਾਟ ਕਲਕਤਾ 'ਚ ਫਾਇਰਿੰਗ 'ਚ ਮਾਰੇ ਗਏ ਅਤੇ 91 ਮਲੇਰ ਕੋਟਲਾ 'ਚ ਤੋਪਾਂ ਨਾਲ ਉਡਾਏ ਗਏ। ਹੋਰ ਵੀ ਕਈਆਂ ਨੇ ਇਸ ਮਕਸਦ ਵਾਸਤੇ ਜਾਨਾਂ ਦਿਤੀਆਂ। ਜੰਗੇ ਆਜ਼ਾਦੀ ਦੇ ਜਰਨੈਲਾਂ ਦੀਆਂ ਕੁਰਬਾਨੀਆਂ ਸਦਕਾ 1947 ਤਕ ਖਾਲਿਸਤਾਨ ਦੀ ਕਾਇਮੀ ਵਾਸਤੇ ਮੌਕੂਲ ਹਾਲਾਤ ਪੈਦਾ ਹੋ ਗਏ ਸਨ ਪਰ ਬਦਕਿਸਮਤੀ ਨਾਲ ਸਿਖ ਆਗੂ ਅਪਣੀ ਕਮ-ਅਕਲੀ ਕਰਕੇ ਮੌਕੇ ਦਾ ਫਾਇਦਾ ਨਾ ਉਠਾ ਸਕੇ। ਗਾਂਧੀ ਤੇ ਪੰਡਿਤ ਨਹਿਰੂ ਵਰਗੇ ਬਹੁਤ ਸਾਰੇ ਕਾਂਗਰਸੀਆਂ ਨੇ ਵਾਰ ਵਾਰ ਸਿਖਾਂ ਨੂੰ ਯਕੀਨ ਦਿਵਾਇਆ ਕਿ ਆਜ਼ਾਦੀ ਤੋਂ ਬਾਅਦ ਸਿਖਾਂ ਦੇ ਹਕੂਕ ਮਹਿਫੂਜ਼ ਰਹਿਣਗੇ ਅਤੇ ਸਿਖ ਮਜ਼ਹਬ ਦੇ ਖਿਲਾਫ ਕੋਈ ਵੀ ਕਾਨੂੰਨ ਲਾਗੂ ਨਹੀਂ ਕੀਤਾ ਜਾਵੇਗਾ। ਇਹ ਵਾਅਦੇ ਕੀਤੇ ਗਏ ਤੇ ਤੋੜ ਦਿਤੇ ਗਏ। ਆਜ਼ਾਦੀ ਤੋਂ ਬਾਅਦ ਜਦੋਂ ਸਿਖ ਟੱਬਰ ਅਜੇ ਤਕ ਰਫਿਊਜੀ ਕੈਂਪਾਂ ਵਿਚ ਹੀ ਸਨ ਤਾਂ ਭਾਰਤੀ ਹਕੂਮਤ ਨੇ ਪੰਜਾਬ ਦੇ ਉਦੋਂ ਦੇ ਗਵਰਨਰ ਚੰਦੂ ਲਾਲ ਤਿਰਵੇਦੀ ਨੂੰ ਹਦਾਇਤ ਜਾਰੀ ਕੀਤੀ ਕਿ ਉਹ ਸਿਖਾਂ ਨੂੰ ਇਕ ਜਰਾਇਮ ਪੇਸ਼ਾ ਕਬੀਲਾ ਕਰਾਰ ਦੇ ਦੇਵੇ। ਇਸ ਤੇ ਸੂਬੇ ਦੇ ਸਾਰੇ ਕਮਿਸ਼ਨਰਾਂ ਤੇ ਡਿਪਟੀ ਕਮਿਸ਼ਨਰਾਂ ਨੂੰ ਇਕ ਸਰਕੂਲਰ ਜਾਰੀ ਕੀਤਾ ਗਿਆ। ਹੁਸ਼ਿਆਰਪੁਰ ਦੇ ਡਿਪਟੀ ਕਮਿਸ਼ਨਰ ਸਿਰਦਾਰ ਕਪੂਰ ਸਿਘ ਨੂੰ ਇਸ ਸਰਕੂਲਰ ਦੇ ਖਿਲਾਫ ਪ੍ਰੋਟੈਸਟ ਕਰਨ ਅਤੇ ਮਾਸਟਰ ਤਾਰਾ ਸਿਘ ਨੂੰ ਇਸ ਬਾਰੇ ਇਤਲਾਹ ਦੇਣ ਤੇ ਨੌਕਰੀ 'ਚੋਂ ਕੱਢ ਦਿਤਾ ਗਿਆ। 1950 ਵਿਚ ਮਾਸਟਰ ਤਾਰਾ ਸਿਘ ਨੇ ਐਲਾਨ ਕੀਤਾ ਕਿ ਹਿੰਦੂ ਅਕਸਰੀਅਤ ਹੇਠ ਸਿਖ ਮਜ਼ਹਬ ਅਤੇ ਕਲਚਰ ਜ਼ਿੰਦਾ ਨਹੀਂ ਰਹਿ ਸਕਦਾ ਅਤੇ ਸਿਖ ਸੱਚੇ ਦਿਲੋਂ ਇਕ ਅਜਿਹਾ ਹੋਮਲੈਂਡ ਚਾਹੁੰਦੇ ਹਨ ਜਿਸ ਵਿਚ ਸਿਖ ਗੁਰੂਆਂ ਦੀਆਂ ਰਵਾਇਤਾਂ ਅਤੇ ਸਿਖ ਮਜ਼ਹਬ ਮੁਤਾਬਿਕ ਜੀਵਿਆ ਜਾ ਸਕੇ। 1964 ਵਿਚ ਹਿਮਾਚਲ ਸਰਕਾਰ ਨੇ ਗੁਰਦੁਆਰਾ ਪਾਉਂਟਾ ਸਾਹਿਬ ਤੇ ਹਮਲਾ ਕੀਤਾ। ਮੈਂ ਇਸ ਹਾਦਸੇ ਦਾ ਚਸ਼ਮਦੀਦ ਗਵਾਹ ਸੀ। ਇਸ ਹਮਲੇ ਵਿਚ ਪੁਲੀਸ ਗੁਰਦੁਆਰੇ ਵਿਚ ਦਾਖਿਲ ਹੋਈ ਅਤੇ 11 ਸਿਖ ਕਤਲ ਕਰ ਦਿਤੇ ਗਏ। ਗੁਰੂ ਗਰੰਥ ਸਾਹਿਬ ਦੀ ਬੇਹੁਰਮਤੀ ਕੀਤੀ। ਅਜਿਹੇ ਹਾਲਤ ਨੇ ਮੇਰੇ ਦਿਲ ਵਿਚ ਭਾਰਤ ਸਰਕਾਰ ਵਾਸਤੇ ਨਫਰਤ ਭਰ ਦਿਤੀ। ਇਜ ਹੀ 1971 ਵਿਚ ਭਾਰਤ ਸਰਕਾਰ ਨੇ ਗੁਰਦੁਆਰਾ ਸੀਸ ਗੰਜ ਤੇ ਹਮਲਾ ਕੀਤਾ ਤੇ ਉਸ ਦੀ ਬੇਹੁਰਮਤੀ ਕੀਤੀ। 1971 ਵਿਚੋਂ ਇਹੋ ਜਿਹਾ ਹਮਲਾ ਗੁਰਦੁਆਰਾ ਸਦਾਬਰਤ ਤੇ ਵੀ ਕੀਤਾ ਗਿਆ ਸੀ ਅਤੇ 12 ਸਿਖ ਕਤਲ ਕੀਤੇ ਗਏ ਸਨ। ਇਸ ਮਗਰੋਂ ਮੈਂ ਹਿਮਾਚਲ ਅਕਾਲੀ ਦਲ ਨਾਂ ਦੀ ਜਥੇਬੰਦੀ ਕਾਇਮ ਕੀਤੀ, ਜਿਸ ਦਾ ਮੈਂ ਖੁਦ ਸਦਰ ਸੀ। 1973 ਵਿਚ ਹਰਿਆਣਾ ਦੇ ਚੀਫ ਮਨਿਸਟਰ ਬੰਸੀ ਲਾਲ ਨੇ ਸਿਖਾਂ ਦੇ ਹਰਿਆਣਾ 'ਚ ਦਾਖਲੇ ਤੇ ਪਾਬੰਦੀ ਲਾ ਦਿਤੀ। ਇਸ ਦੇ ਖਿਲਾਫ 21-7-1973 ਨੂੰ ਇਕ ਮਾਰਚ ਕੀਤਾ ਗਿਆ। ਮੈਂ ਵੀ ਇਸ ਮਾਰਚ ਵਿਚ 21

ਸਿਖਾਂ ਦਾ ਜਥਾ ਲੈ ਕੇ ਗਿਆ ਅਤੇ ਗ੍ਰਿਫਤਾਰੀ ਦਿਤੀ। 15 ਜੂਨ 1975 ਨੂੰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੇ ਦਫਤਰ ਤੋਂ ਭਾਰਤੀ ਝੰਡਾ ਲਾਹ ਕੇ ਖਾਲਸਾਈ ਝੰਡਾ ਲਹਿਰਾਉਣ ਵਾਸਤੇ ਮੈਂ ਦਰਬਾਰ ਸਾਹਿਬ ਤੋਂ ਜਥਾ ਲੈਕੇ ਤੁਰਿਆ ਪਰ ਮੈਨੂੰ ਰਾਹ ਵਿਚ ਹੀ ਗ੍ਰਿਫਤਾਰ ਕਰ ਲਿਆ ਗਿਆ। 28 ਜੂਨ 1975,ਨੂੰ ਜਦੋਂ ਮੈਂ ਸਿਵਲ ਸੈਕਟਰੀਏਟ ਚੰਡੀਗੜ੍ਹ ਤੋਂ ਭਾਰਤੀ ਝੰਡਾ ਲਾਹੁਣ ਦੀ ਕੋਸ਼ਿਸ਼ ਕੀਤੀ ਤਾਂ ਮੈਨੂੰ ਫੇਰ ਫੜ ਲਿਆ ਗਿਆ।

61. 13 ਅਪਰੈਲ 1978 ਨੂੰ ਇਕ ਨਰਕਧਾਰੀ ਗਰੁਪ ਨੇ ਇਕ ਨਾਪਾਕ ਇਕੱਠ ਕੀਤਾ ਅਤੇ ਜਦੋਂ ਭਾਈ ਫੌਜਾ ਸਿੰਘ ਦੀ ਅਗਵਾਈ ਵਿਚ ਇਕ ਜਥੇ ਨੇ ਇਸ ਦੇ ਖਿਲਾਫ ਪ੍ਰੋਟੈਸਟ ਕੀਤਾ ਤਾਂ ਉਨ੍ਹਾਂ ਤੇ ਗੋਲੀ ਚਲਾ ਕੇ 13 ਸਿਖ ਕਤਲ ਕਰ ਦਿਤੇ ਗਏ। ਮੈਂ ਸਾਕੇ ਦੇ ਖਿਲਾਫ ਰੋਸ ਵਜੋਂ 23-4-78 ਨੂੰ ਪਾਉਂਟਾ ਸਾਹਿਬ 'ਚ ਜਲੂਸ ਕਢਿਆ। 14 ਮਈ 1978 ਨੂੰ ਮੈਂ 51 ਸਿਖਾਂ ਦਾ ਜੱਥਾ ਲੈਕੇ ਉਦੋਂ ਦੇ ਵਜ਼ੀਰ-ਸਦਰ ਮੁਰਾਰਜੀ ਦੇਸਾਈ ਦੇ ਘਰ ਉਸਨੂੰ ਰੋਸ ਮੈਮੋਰੰਡਮ ਦੇਣ ਗਿਆ। ਇਸ ਮੌਕੇ ਤੇ ਜਥੇਬੰਦੀ ਵਲੋਂ ਕੀਤੇ ਗਏ ਪ੍ਰੋਟੈਸਟ ਵਿਚ 10 ਲਖ ਸਿਖਾਂ ਨੇ ਹਿੱਸਾ ਲਿਆ। ਜਦੋਂ ਵਜ਼ੀਰੇ-ਸਦਰ ਨੇ ਇਸ ਤਰੀਕੇ ਨਾਲ ਮੈਮੋਰੰਡਮ ਲੈਣ ਤੋਂ ਨਾਂਹ ਕਰ ਦਿਤੀ ਤਾਂ ਨਰਕਧਾਰੀ ਮਸਲੇ ਦਾ ਆਖਰੀ ਫੈਸਲਾ ਕਰਨ ਵਾਸਤੇ 17 ਮਈ 1978 ਨੂੰ ਇਕ ਕਾਨਫਰੰਸ ਦਾ ਫੈਸਲਾ ਕੀਤਾ ਗਿਆ। ਇਹ ਗੁਰਮਤਾ ਕੀਤਾ ਗਿਆ ਕਿ ਅਕਾਲ ਤਖਤ ਸਾਹਿਬ ਤੋਂ ਹੁਕਮਨਾਮਾ ਜਾਰੀ ਕਰਕੇ ਨਰਕਧਾਰੀਆਂ ਨੂੰ ਸਿਖੀ 'ਚੋਂ ਖਾਰਿਜ ਕੀਤਾ ਜਾਵੇ ਅਤੇ ਉਨ੍ਹਾਂ ਦਾ ਸੋਸ਼ਲ ਬਾਈਕਾਟ ਕੀਤਾ ਜਾਵੇ। ਜਥੇਦਾਰ ਸਾਧੂ ਸਿੰਘ ਨੇ ਅਕਾਲ ਤਖਤ ਸਾਹਿਬ ਵਲੋਂ ਹੁਕਮਨਾਮਾ ਜਾਰੀ ਕੀਤਾ। ਸਿਖ ਭਾਵੇਂ ਕਿਤੇ ਵੀ ਹੋਵੇ ਉਹ ਇਸ ਹੁਕਮਨਾਮੇ ਦਾ ਪਾਬੰਦ ਹੈ। 6 ਅਗਸਤ 1978 ਨੂੰ ਗੁਰਦੁਆਰਾ ਅਕਾਲਗੜ੍ਹ ਚੰਡੀਗੜ੍ਹ 'ਚ ਮੀਟਿੰਗ ਬੁਲਾਈ ਗਈ ਤਾਂ ਜੋ ਭਾਰਤ ਸਰਕਾਰ ਅਤੇ ਨਰਕਧਾਰੀਆਂ ਦੇ ਖਿਲਾਫ ਜਦੋਜਹਿਦ ਦਾ ਪੈਂਤੜਾ ਉਲੀਕਿਆ ਜਾਵੇ। ਕਾਨਫਰੰਸ ਵਿਚ ਇਹ ਤੈਅ ਕੀਤਾ ਗਿਆ ਕਿ ਭਾਰਤ 'ਚ ਸਿਖ ਜਦੋਜਹਿਦ ਦੇ ਸਿਆਸੀ ਨਿਸ਼ਾਨੇ ਹੇਠ ਲਿਖੇ ਹਨ:—

1. ਭਾਰਤ ਤੋਂ ਬਾਹਰੀ ਖੁਦਮੁਖਤਿਆਰ ਖਾਲਿਸਤਾਨ ਦੀ ਕਾਇਮੀ
2. ਦੁਨੀਆਂ ਦੀਆ ਦੂਜੀਆਂ ਆਜ਼ਾਦੀ ਦੀਆਂ ਤਹਿਰੀਕਾਂ ਨਾਲ ਰਾਬਤਾ ਕਾਇਮ ਕਰਨਾ
3. ਸਿਖ ਮਜ਼ਹਬ ਨੂੰ ਕਮਜ਼ੋਰ ਕਰਨ ਵਾਲਿਆਂ ਦਾ ਟਾਕਰਾ
4. ਪੰਥ ਵਿਚ ਸਿਖਾਂ ਦੀ ਵਖਰੀ ਹਸਤੀ ਦਾ ਅਹਿਸਾਸ ਪੈਦਾ ਕਰਨਾ

5. ਕਾਫਰਾਂ ਦੇ ਖਿਲਾਫ ਜਦੋਜਹਿਦ ਕਰਨਾ।

27 ਤੋਂ 29 ਅਕਤੂਬਰ (1978) ਤਕ ਲੁਧਿਆਣਾ 'ਚ ਅਕਾਲੀ ਕਾਨਫਰੰਸ ਦੇ ਮੌਕੇ ਤੇ ਖਾਲਿਸਤਾਨ ਦੀ ਕਾਇਮੀ ਬਾਰੇ ਇਕ ਵੇਰਵੇ ਭਰਿਆ ਪੈਂਫਲਟ ਕਾਫੀ ਤਾਦਾਤ 'ਚ ਛਪਵਾ ਕੇ ਡੈਲੀਗੇਟਾਂ ਨੂੰ ਵੰਡਿਆ ਗਿਆ ਤੇ ਇਸ ਦਾ ਨਿਘਾ ਇਸਤਕਬਾਲ ਹੋਇਆ। 26 ਜਨਵਰੀ 1979 ਨੂੰ ਸਿਖਾਂ ਨੇ ਭਾਰਤ ਭਰ ਵਿਚ, ਆਈਨ ਦੇ ਦਿਨ ਕੀਤੇ ਗਏ ਜਸ਼ਨਾਂ ਦਾ ਬਾਈਕਾਟ ਕੀਤਾ। ਇਹ ਬਾਈਕਾਟ ਸਾਰੇ ਪਾਸੇ ਹੋਇਆ ਅਤੇ ਇਹ ਦਲ ਖਾਲਸਾ ਦੀ ਸੁਪਰੀਮ ਪੰਚਾਇਤ ਦੇ ਐਲਾਨ ਉਤੇ ਅਮਲ ਵਜੋਂ ਹੋਇਆ ਸੀ। 18-12-1979 ਨੂੰ ਦਲ ਖਾਲਸਾ ਦੀ ਸਾਲਾਨਾ ਕਾਨਫਰੰਸ ਗੁਰਦਾਸਪੁਰ ਵਿਚ ਹੋਈ ਤੇ ਮਤਾ ਪਾਸ ਕਰਕੇ ਸਾਰੇ ਸਿਖਾਂ ਨੂੰ ਭਾਰਤ 'ਚ ਪਾਰਲੀਮੈਂਟ ਦੀਆਂ ਚੋਣਾਂ ਦੇ ਬਾਈਕਾਟ ਦਾ ਸੱਦਾ ਦਿਤਾ ਗਿਆ। ਇਹ ਵੀ ਮਤਾ ਪਾਸ ਕੀਤਾ ਗਿਆ ਕਿ ਸਿਖ ਕੌਮ ਭਾਰਤੀ ਆਈਨ ਨੂੰ ਰਦ ਕਰਦੀ ਹੈ ਅਤੇ ਇਸ ਤੇ ਅਮਲ ਨਹੀਂ ਕਰੇਗੀ। ਮੈਂ ਚੰਡੀਗੜ੍ਹ ਦੀ 10-2-1980 ਦੀ ਉਸ ਕਨਵੈਨਸ਼ਨ ਵਿਚ ਮੌਜੂਦ ਸੀ ਜਿਸ ਵਿਚ ਖਾਲਿਸਤਾਨ ਦਾ ਮਤਾ ਦੋਹਰਾਇਆ ਗਿਆ ਸੀ। 3-8-1980 ਨੂੰ ਇਕ ਹੋਰ ਕਨਵੈਨਸ਼ਨ ਚੰਡੀਗੜ੍ਹ 'ਚ ਖਾਲਿਸਤਾਨ ਕਨਵੈਨਸ਼ਨ ਦੇ ਨਾਂ ਹੇਠ ਕੀਤੀ ਗਈ। ਇਹ ਫੈਸਲਾ ਕੀਤਾ ਗਿਆ ਕਿ ਸਾਰੇ ਨਾਰਥ ਇੰਡੀਆ 'ਚ ਖਾਲਿਸਤਾਨ ਮਾਰਚ ਅਤੇ ਖਾਲਿਸਤਾਨ ਕਨਵੈਨਸ਼ਨਾਂ ਕੀਤੀਆਂ ਜਾਣ ਤਾਂ ਜੋ ਖਾਲਿਸਤਾਨ ਤਹਿਰੀਕ ਨੂੰ ਤਾਕਤ ਮਿਲੇ ਤੇ ਇਸ ਦਾ ਦਿਖਾਵਾ ਕੀਤਾ ਜਾ ਸਕੇ। 22-2-1981 ਨੂੰ ਦਲ ਖਾਲਸਾ ਨੇ ਹਿੰਦੂ ਪ੍ਰੈਸ ਦੇ ਖਿਲਾਫ ਪ੍ਰੋਟੈਸਟ ਕੀਤਾ ਕਿਉਂ ਕਿ ਹਿੰਦੂ ਪ੍ਰੈਸ ਪ੍ਰਾਪੇਗੰਡਾ ਕਰ ਰਹੇ ਸੀ ਕਿ ਵੋਟਰ ਆਪਣੀ ਜ਼ਬਾਨ ਹਿੰਦੀ ਲਿਖਵਾਉਣ ਕਿਉਂਕਿ ਪੰਜਾਬੀ ਸਿਰਫ ਸਿਖਾਂ ਦੀ ਹੀ ਜ਼ਬਾਨ ਹੈ। 13-14-15 ਮਾਰਚ 1981 ਨੂੰ ਚੰਡੀਗੜ੍ਹ 'ਚ ਸਿਖ ਐਜੂਕੇਸ਼ਨਲ ਕਾਨਫਰੰਸ ਕੀਤੀ ਗਈ, ਜਿਸ ਵਿਚ ਇਹ ਮਤਾ ਪਾਸ ਕੀਤਾ ਗਿਆ ਕਿ ਸਿਖ ਇਕ ਵਖਰੀ ਕੌਮ ਹਨ ਅਤੇ ਸਿਖਾਂ ਨੂੰ ਯੂ. ਐਨ. ਓ. 'ਚ ਐਸੋਸੀਏਟ ਮੈਂਬਰਸ਼ਿਪ ਮਿਲਣੀ ਚਾਹੀਦੀ ਹੈ। ਇਸ ਕਾਨਫਰੰਸ 'ਚ ਖਾਲਸਾ ਦਲ ਨੇ ਫੈਸਲਾ ਕੀਤਾ ਕਿ ਵਕਤ ਆ ਗਿਆ ਹੈ ਸਿਖ ਇਕ ਖੁਦਮੁਖਤਿਆਰ ਆਜ਼ਾਦ ਮੁਲਕ ਖਾਲਿਸਤਾਨ ਦੀ ਮੰਗ ਕਰਨ। 13 ਅਪਰੈਲ 1981 ਨੂੰ ਤਲਵੰਡੀ ਗਰੁਪ ਨੇ ਇਕ ਕਾਨਫਰੰਸ ਕੀਤੀ ਜਿਸ ਵਿਚ ਅਨੰਦਪੁਰ ਸਾਹਿਬ ਦਾ ਮਤਾ ਮੁੜ ਦੋਹਰਾਇਆ ਗਿਆ ਅਤੇ ਸਾਰੇ ਸਿਖਾਂ ਨੂੰ ਇਸ ਨਿਸ਼ਾਨੇ ਨੂੰ ਹਾਸਿਲ ਕਰਨ ਵਾਸਤੇ ਸੱਦਾ ਦਿਤਾ ਗਿਆ। 24 ਮਈ 1981 ਨੂੰ ਦਲ ਖਾਲਸਾ ਨੇ ਅੰਮ੍ਰਿਤਸਰ ਵਿਚ ਖਾਲਿਸਤਾਨ ਮਾਰਚ ਕੀਤਾ। 27 ਮਈ 1981 ਨੂੰ ਹਿੰਦੂਆਂ ਨੇ ਇਕ ਜਲੂਸ ਕਢਿਆ ਤੇ ਸਿਖਾਂ ਦੇ ਖਿਲਾਫ ਭੜਕਾਊ ਨਾਅਰੇ ਲਾਏ, ਜਿਵੇਂ ਕਿ

1. ਨੱਕ ਤੇ ਮਖੀ ਬਹਿਣ ਨਹੀਂ ਦੇਣੀ, ਸਿਰ ਤੇ ਪਗੜੀ ਰਹਿਣ ਨਹੀਂ ਦੇਣੀ
2. ਹਿਦੂ ਨੇ ਲਲਕਾਰਾ ਹੈ ਇਹ ਪੰਜਾਬ ਹਮਾਰਾ ਹੈ
3. ਕੱਛ ਕੜਾ ਕਿਰਪਾਨ, ਭੇਜ ਦਿਆਂਗੇ ਪਾਕਿਸਤਾਨ
4. ਉਤਾ ਅੰਡੀ ਨਹੀਂ ਪੜੇਂਗੇ, ਜੂਤਾ ਜੂਤੀ ਕਟ ਸਟਾਂਗੇ
5. ਬੀੜੀ ਸਿਗਰਟ ਪੀਆਂਗੇ, ਸ਼ਾਨ ਨਾਲ ਜੀਆਂਗੇ।

ਦਲ ਖਾਲਸਾ, ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਅਤੇ ਨੈਸ਼ਨਲ ਕੌਂਸਲ ਵਲੋਂ ਕੱਢੇ ਗਏ ਜਲੂਸ 'ਚ 4 ਲਖ ਸਿਖ ਸ਼ਾਮਿਲ ਹੋਏ। (ਸੰਤ) ਜਰਨੈਲ ਸਿਘ ਭਿੰਡਰਾਂਵਾਲਾ ਨੇ ਇਸ ਜਲੂਸ ਦੀ ਅਗਵਾਈ ਕੀਤੀ। ਸਿਖ ਜਲੂਸ ਦਾ ਸਿਆਸੀ ਮਕਸਦ ਸੀ ਅੰਮ੍ਰਿਤਸਰ ਨੂੰ ਪਾਕ ਸ਼ਹਿਰ (ਹੋਲੀ ਸਿਟੀ) ਕਰਾਰ ਦਿਵਾਣਾ, ਜਿਸ ਵਿਚ ਤੰਬਾਕੂ ਨਸ਼ੀ ਤੇ ਪੰਬੰਦੀ ਹੋਵੇ। 5-7-1981 ਨੂੰ ਦਿੱਲੀ 'ਚ ਗੋਪਾਲ ਸਿਘੂ ਦਰਦੀ ਦੀ ਸਦਾਰਤ ਹੇਠ ਸਿਖ ਇੰਟਲੈਕਚੂਅਲ ਕਾਨਫਰੰਸ ਦਾ ਇੰਤਜਾਮ ਕੀਤਾ ਗਿਆ ਤਾਂ ਜੋ ਖਾਲਿਸਤਾਨ ਅਤੇ ਸਿਖ ਇਕ ਵਖਰੀ ਕੌਮ ਦੀ ਮੁਖਾਲਫਤ ਕੀਤੀ ਜਾਵੇ। ਮੈਂ ਦਲ ਖਾਲਸਾ ਦੀ ਤਰਫੋਂ ਕਾਨਫਰੰਸ 'ਚ ਮੁਜਾਹਰਾ ਕੀਤਾ, ਜਿਸ ਤੇ ਕਾਨਫਰੰਸ ਖਤਮ ਹੋ ਗਈ। ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਅਕਾਲੀ ਦਲ ਦੀ ਕਾਨਫਰੰਸ ਵਿਚ ਦਲ ਖਾਲਸਾ ਨੇ ਸਿਖਾਂ ਦੀ ਗੁਲਾਮੀ ਦਾ ਇਜਹਾਰ ਕਰਨ ਵਾਸਤੇ ਦੋ ਜਣਿਆਂ ਨੂੰ ਪੱਟ ਤੇ ਪੰਜਾਲੀ ਪਾ ਕੇ ਖੜਾ ਕੀਤਾ। ਇਸ ਸਿਬਾਲਕ (Symbolic) ਮੁਜਾਹਰੇ ਨੂੰ ਲੋਕਾਂ ਦਾ ਭਰਵਾਂ ਹੁੰਗਾਰਾ ਮਿਲਿਆ। 15 ਅਗਸਤ 1981 ਨੂੰ ਦਲ ਖਾਲਸਾ ਨੇ ਭਾਰਤੀ ਝੰਡੇ ਸਾੜ ਕੇ ਅਤੇ ਖਾਲਿਸਤਾਨੀ ਝੰਡੇ ਲਹਿਰਾਉਣ ਦੀ ਕਾਰਵਾਈ ਕੀਤੀ। ਦਲ ਖਾਲਸਾ ਦੇ ਸੱਦੇ ਤੇ, ਸਿਖਾਂ ਨੇ ਭਾਰਤੀ ਅਜ਼ਾਦੀ ਦਾ ਦਿਨ, ਇਜ ਮਨਾਇਆ। 27 ਅਗਸਤ ਨੂੰ ਮੈਂ ਅਤੇ ਦਲ ਖਾਲਸਾ ਦੇ ਇਕ ਹੋਰ ਮੈਂਬਰ ਨੇ ਪੰਜਾਬ ਅਸੈਂਬਲੀ ਦੇ ਸੈਸ਼ਨ ਦੌਰਾਨ ਗੈਲਰੀ ਵਿਚੋਂ ਖਾਲਿਸਤਾਨ ਦੇ ਹੱਕ ਵਿਚ ਅਤੇ ਹਿੰਦੂ ਇਮਪੀਰੀਅਲਿਜ਼ਮ ਦੇ ਖਿਲਾਫ ਨਾਅਰੇ ਲਾਏ। ਇਸ ਤੇ ਸਾਨੂੰ ਗ੍ਰਿਫਤਾਰ ਕਰ ਕੇ 9 ਦਿਨ ਵਾਸਤੇ ਕੈਦ ਕਰ ਲਿਆ। 5 ਸਿਤੰਬਰ 1981 ਨੂੰ ਮੈਂ ਅਤੇ ਗਜਿੰਦਰ ਸਿਘ ਨੇ ਬਟਾਲੇ ਦੇ ਖਾਲਿਸਤਾਨ ਮਾਰਚ ਵਿਚ ਹਿਸਾ ਲਿਆ। ਇਸ ਮਾਰਚ ਵਿਚ ਹਜਾਰਾ ਸਿਖ ਸ਼ਾਮਿਲ ਹੋਏ। 15 ਸਿਤੰਬਰ 1981 ਨੂੰ ਮੈਂ (ਸੰਤ) ਜਰਨੈਲ ਸਿਘ ਭਿੰਡਰਾਂਵਾਲਾ ਨੂੰ ਚੰਕ ਮਹਿਤਾ ਵਿਚ ਮਿਲਿਆ। ਇਹ (ਸੰਤ) ਜਰਨੈਲ ਸਿਘ ਦਾ ਹੈਡਕੁਆਟਰ ਸੀ। ਮੈਂ ਉਨ੍ਹਾ ਨੂੰ ਮਿਲਣ ਗਿਆ ਸੀ ਤਾ ਜੋ ਪਤਾ ਕਰ ਸਕਾਂ ਕਿ ਦਲ ਖਾਲਸਾ ਉਨ੍ਹਾਂ ਵਾਸਤੇ ਕੀ ਕਰ ਸਕਦਾ ਹੈ। 20 ਸਿਤੰਬਰ 1981 ਨੂੰ (ਸੰਤ) ਜਰਨੈਲ ਸਿਘ ਭਿੰਡਰਾਂਵਾਲਾ ਨੂੰ ਭਾਰਤ ਸਰਕਾਰ ਨੇ ਗ੍ਰਿਫਤਾਰ ਕਰ ਲਿਆ। ਇਸ ਤੋਂ ਬਾਅਦ ਅਸੀ ਇਕੱਠੇ ਹੋਏ ਤਾ ਜੋ ਇਹ ਫੈਸਲਾ ਕੀਤਾ ਜਾਵੇ ਕਿ (ਸੰਤ) ਜਰਨੈਲ ਸਿਘ

ਭਿੰਡਰਾਂਵਾਲਿਆਂ ਦੀ ਰਿਹਾਈ ਕਿਵੇਂ ਕਰਵਾਈ ਜਾਵੇ ਅਤੇ ਦੁਨੀਆਂ ਭਰ ਨੂੰ ਭਾਰਤ 'ਚ ਸਿੱਖਾਂ ਤੇ ਹੋ ਰਹੇ ਜ਼ੁਲਮ ਅਤੇ ਬੇਇਨਸਾਫੀ ਬਾਰੇ ਦਸਿਆ ਜਾ ਸਕੇ। ਭਾਰਤੀ ਹਵਾਈ ਜਹਾਜ਼ ਨੂੰ ਹਾਈਜੈਕ ਕਰਨ ਦਾ ਫੈਸਲਾ ਇਸ ਮੀਟਿੰਗ 'ਚ ਲਿਆ ਗਿਆ ਜਿਸ ਵਿਚ ਮੈਂ ਅਤੇ ਮੁਲਜ਼ਮ ਗਜਿੰਦਰ ਸਿੰਘ ਸ਼ਾਮਿਲ ਹੋਏ। ਇਸ ਫੈਸਲੇ ਤੇ ਅਮਲ ਵਜੋਂ ਅਸੀਂ ਇਹ ਭਾਰਤੀ ਜਹਾਜ਼ ਹਾਈਜੈਕ ਕੀਤਾ ਤੇ ਲਾਹੌਰ ਲਿਆਏ।

62. ਆਪਣੇ ਬਿਆਨ ਦੀ ਪਵਿੱਤਰਤਾ ਵਾਸਤੇ ਉਸ ਨੇ ਸਬੂਤ ਵਜੋਂ ਇਕ ਪੈਂਫਲਟ "An appeal for justic by the Sikhs in India" (ਐਕਸ ਡੀ ਐਲ) ਅਤੇ ਰੋਜ਼ਾਨਾ ਰਣਜੀਤ ਦੇ 15 ਜੁਲਾਈ 1984 ਦੇ ਪਰਚੇ (ਐਕਸ ਡੀ ਐਮ)ਦਾ ਇਕ ਮਜ਼ਬੂਨ (ਐਕਸ ਡੀ ਐਮ/1) ਪੇਸ਼ ਕੀਤਾ ਹੈ। ਉਸ ਦਾ ਕਹਿਣਾ ਹੈ ਕਿ ਉਹ ਇਕ ਮੁਜਰਿਮ ਨਹੀਂ ਹੈ ਅਤੇ ਜੋ ਕੁਝ ਉਸ ਨੇ ਕੀਤਾ ਹੈ ਉਹ ਆਪਣੀ ਕੌਮ ਦੀ ਆਜ਼ਾਦੀ ਵਾਸਤੇ ਕੀਤਾ ਹੈ ਅਤੇ ਉਸਨੂੰ ਪਾਕਿਸਤਾਨ ਦੇ ਮੁਕਾਮੀ ਕਾਨੂੰਨ ਦੀ ਬਜਾਏ ਇੰਟਰਨੈਸ਼ਨਲ ਕਾਨੂੰਨ ਮੁਤਾਬਿਕ ਨਿਪਟਿਆ ਜਾਏ।

63. ਉਸਨੇ ਇਸ ਤੋਂ ਇਨਕਾਰ ਕੀਤਾ ਹੈ ਕਿ ਉਸ ਦੇ ਮੋਢੇ ਤੇ ਕੋਈ ਥੈਲਾ ਸੀ ਅਤੇ ਉਸ ਨੇ ਜਾਂ ਉਸ ਦੇ ਕਿਸੇ ਸਾਥੀ ਮੁਲਜ਼ਮ ਨੇ ਇਹ ਐਲਾਨ ਕੀਤਾ ਸੀ ਕਿ ਉਨ੍ਹਾਂ ਕੋਲ ਜਹਾਜ਼ ਉਡਾਉਣ ਵਾਸਤੇ ਬਾਰੂਦ ਸੀ।

64. ਮੁਲਜ਼ਮ ਤੇਜਿੰਦਰਪਾਲ ਸਿੰਘ ਨੇ ਵੀ, ਉਪਰ ਜ਼ਿਕਰ ਕੀਤੇ, ਆਪਣੇ ਸਾਥੀ ਮੁਲਜ਼ਮਾਂ ਵਾਲੇ ਨੁਕਤੇ ਤਸਲੀਮ ਕੀਤੇ ਹਨ ਅਤੇ ਇਹ ਵੀ ਕਿ ਹਾਈਜੈਕਿੰਗ ਦੌਰਾਨ ਉਹ ਕੈਬਿਨ 'ਚ ਰਿਹਾ ਸੀ ਅਤੇ ਉਸਨੂੰ ਨਹੀਂ ਪਤਾ ਕਿ ਕਾਕਪਿਟ ਵਿਚ ਕੀ ਹੋਇਆ ਸੀ। ਉਸਨੇ ਮੰਨਿਆ ਕਿ ਉਸਨੇ ਅਤੇ ਉਸਦੇ ਸਾਥੀਆਂ ਨੇ ਜਹਾਜ਼, ਇਸ ਦੇ ਅਮਲੇ ਅਤੇ ਮੁਸਾਫਿਰਾਂ ਨੂੰ 30-9-81 ਸਵੇਰੇ 8 ਵਜੇ ਤਕ ਆਪਣੀ ਬੰਦਿਸ਼ 'ਚ ਰਖਿਆ। ਉਸ ਨੇ ਤੇ ਕਰਨ ਸਿੰਘ ਨੇ ਨਹਾਉਣ ਵਾਸਤੇ ਕਿਹਾ ਤਾਂ ਇਸ ਮਕਸਦ ਵਾਸਤੇ ਇਕ ਪੁਲਸ ਅਫਸਰ ਉਨ੍ਹਾਂ ਨੂੰ ਜਹਾਜ਼ ਚੋਂ ਬਾਹਰ ਲੈ ਗਿਆ। ਮਗਰੋਂ ਜਹਾਜ਼ 'ਚ ਕਮਾਂਡੋ ਐਕਸ਼ਨ ਕੀਤਾ ਗਿਆ। ਇਸ ਕਰਕੇ ਉਸ ਨੂੰ ਨਹੀਂ ਪਤਾ ਕਿ ਉਸ ਦੀ ਗੈਰ-ਹਾਜ਼ਰੀ ਵਿਚ ਕੀ ਹੋਇਆ। ਉਸ ਨੇ ਵੀ ਰਾਏ ਸ਼ਬੀਰ ਅਹਿਮਦ ਮੈਜਿਸਟਰੇਟ ਕੋਲ ਕੋਈ ਇਕਬਾਲੀਆ ਬਿਆਨ ਦਿਤੇ ਜਾਣ ਅਤੇ ਇਸ ਦੇ ਸਹੀ ਹੋਣ ਬਾਰੇ ਦਸਤਖਤ ਕੀਤੇ ਤੋਂ ਇਨਕਾਰ ਕੀਤਾ ਹੈ। ਉਸ ਨੇ ਇਸ ਤੋਂ ਵੀ ਇਨਕਾਰ ਕੀਤਾ ਹੈ ਕਿ ਉਸ ਦੇ ਕਿਸੇ ਸਾਥੀ ਮੁਲਜ਼ਮ ਕੋਲ ਉਸ ਦੇ ਮੋਢੇ ਤੇ ਕੋਈ ਥੈਲਾ ਸੀ ਜਾਂ ਉਨ੍ਹਾਂ ਐਲਾਨ ਕੀਤਾ ਸੀ ਕਿ ਉਨ੍ਹਾਂ ਕੋਲ ਜਹਾਜ਼ ਉਡਾਉਣ ਵਾਸਤੇ ਬਾਰੂਦ ਹੈ।

65. ਉਸਨੇ ਆਪਣਾ ਲਿਖਤੀ ਬਿਆਨ ਪੇਸ਼ ਕੀਤਾ ਹੈ ਜੋ ਕਿ ਐਕਸ ਡੀ ਐਨ ਹੈ।

66. ਮੁਲਜ਼ਮ ਕਰਨ ਸਿੰਘ ਨੇ ਵੀ ਆਪਣੇ ਸਾਥੀ ਮੁਲਜ਼ਮਾਂ ਵਾਲੀ ਪੁਜੀਸ਼ਨ ਇਖਤਿਆਰ ਕੀਤੀ ਹੈ। ਉਸ ਮੁਤਾਬਿਕ ਉਹ ਕੈਬਿਨ ਵਿੱਚ ਰਿਹਾ ਸੀ ਅਤੇ ਉਸ ਨੂੰ ਨਹੀਂ ਪਤਾ ਕਿ ਕਾਕਪਿਟ ਵਿਚ ਕੀ ਹੋਇਆ ਸੀ। ਉਨ੍ਹਾਂ ਇਸ ਤੋਂ ਵੀ ਇਨਕਾਰ ਕੀਤਾ ਹੈ ਕਿ ਜਦੋਂ ਗਜਿੰਦਰ ਸਿੰਘ ਅਤੇ ਜਸਬੀਰ ਸਿੰਘ ਕਾਕਪਿਟ ਵਲ ਗਏ ਤਾਂ ਉਹ ਜਹਾਜ਼ ਦੇ ਪਿਛਲੇਰੇ ਹਿਸੇ ਵਲ ਚਲਾ ਗਿਆ ਅਤੇ ਉਹ ਤੇ ਉਸ ਦੇ ਸਾਥੀ ਮੁਲਜ਼ਮ ਕੈਬਿਨ 'ਚ ਉਠ ਖੜੋਏ ਤੇ ਉਨ੍ਹਾਂ ਨੇ ਹੇਠ ਲਿਖੇ ਨਾਅਰੇ ਲਾਏ:

1. (ਸੰਤ) ਬਾਬਾ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ ਜ਼ਿੰਦਾਬਾਦ
2. ਭਿੰਡਰਾਂਵਾਲਾ ਸੰਤ-ਸਿਪਾਹੀ, ਜਿਨ੍ਹੇਂ ਸੁਤੀ ਕੌਮ ਜਗਾਈ
3. ਇੰਦਰਾ ਗਾਂਧੀ ਮੁਰਦਾਬਾਦ
4. ਭਾਰਤ ਸਰਕਾਰ ਮੁਰਦਾਬਾਦ
5. ਦੇਗ ਤੇਗ ਫਤਹਿ, ਪੰਥ ਕੀ ਜੀਤ
6. ਰਾਜ ਕਰੇਗਾ ਖਾਲਸਾ
7. ਝੂਲਤੇ ਨਿਸ਼ਾਨ ਰਹੇਂ, ਪੰਥ ਮਹਾਰਾਜ ਕੇ

67. ਇਸ ਸਵਾਲ ਕਿ ਕੀ ਉਸਨੇ ਤੇ ਉਸਦੇ ਸਾਥੀ ਮੁਲਜ਼ਮਾਂ ਨੇ 30-9-81 ਨੂੰ ਸਵੇਰੇ 8 ਵਜੇ ਤਕ ਜਹਾਜ਼, ਇਸਦੇ ਅਮਲੇ ਅਤੇ ਇਸ ਦੇ ਮੁਸਾਫਿਰਾਂ ਨੂੰ ਆਪਣੇ ਇਖਤਿਆਰ 'ਚ ਰਖਿਆ, ਦੇ ਜਵਾਬ ਵਿਚ ਉਸਨੇ ਕਿਹਾ ਕਿ ਜਹਾਜ਼, ਇਸ ਦਾ ਅਮਲਾ ਅਤੇ ਮੁਸਾਫਿਰ ਕਿਸੇ ਵੀ ਬੰਦਿਸ਼ ਹੇਠ ਨਹੀਂ ਸਨ; ਮਾਹੌਲ ਲਗਾਤਾਰ ਦੋਸਤਾਨਾ ਰਿਹਾ ਸੀ ਅਤੇ ਕਿਸੇ ਤੇ ਵੀ ਕੋਈ ਬੰਦਿਸ਼ ਨਹੀਂ ਸੀ। ਉਸ ਨੂੰ ਤੇ ਤੇਜਿੰਦਰਪਾਲ ਸਿੰਘ ਨੂੰ ਨਹਾਉਣ ਦੀ ਪੇਸ਼ਕਸ਼ ਕੀਤੀ ਗਈ ਤਾਂ ਉਨ੍ਹਾਂ ਨੂੰ ਇਕ ਐਸ. ਪੀ. ਜਹਾਜ਼ 'ਚੋਂ ਬਾਹਰ ਲੈ ਗਿਆ। ਕਮਾਂਡੋ ਐਕਸ਼ਨ ਉਨ੍ਹਾਂ ਦੀ ਗੈਰ-ਹਾਜ਼ਰੀ ਵਿਚ ਹੋਇਆ। ਉਸ ਨੇ ਵੀ ਰਾਏ ਸੁਬੀਰ ਅਹਿਮਦ ਮੈਜਿਸਟਰੇਟ ਕੋਲ ਇਕਬਾਲੀਆ ਬਿਆਨ ਦਿਤੇ ਹੋਣ ਤੋਂ ਇਨਕਾਰ ਕੀਤਾ ਹੈ। ਉਸ ਨੇ ਇਸ ਤੋਂ ਵੀ ਇਨਕਾਰ ਕੀਤਾ ਹੈ ਕਿ ਉਸ ਦੇ ਹੱਥ ਤੇ ਕੋਈ ਜ਼ਖਮ ਸੀ। ਉਸ ਮੁਤਾਬਿਕ ਉਸ ਕੋਲ ਜਾਂ ਉਸ ਦੇ ਸਾਥੀਆਂ ਕੋਲ ਮਿੱਥੇ ਤੇ ਕੋਈ ਝੋਲੇ ਨਹੀਂ ਸਨ ਤੇ ਨਾ ਹੀ ਉਨ੍ਹਾਂ ਐਲਾਨ ਕੀਤਾ ਸੀ ਕਿ ਉਨ੍ਹਾਂ ਕੋਲ ਬਾਰੂਦੀ ਸਿੱਕਾ ਹੈ ਜਿਸ ਨਾਲ ਉਹ ਜਹਾਜ਼ ਨੂੰ ਉਡਾ ਦੇਣਗੇ।

68. ਉਸ ਨੇ ਆਪਣਾ ਲਿਖਤੀ ਬਿਆਨ ਉਰਦੂ ਵਿਚ (ਐਕਸ ਡੀ ਪੀ) ਅਦਾਲਤ ਵਿਚ ਦਾਇਰ ਕੀਤਾ ਹੈ ਅਤੇ ਇਹ ਕਿਹਾ ਹੈ ਕਿ ਉਸਨੇ ਜੋ ਕੁਝ ਕੀਤਾ ਹੈ ਉਹ ਜੁਰਮ ਨਹੀਂ ਹੈ ਤੇ ਉਨ੍ਹਾ ਨੂੰ ਇੰਟਰਨੈਸ਼ਨਲ ਕਾਨੂੰਨ ਮੁਤਾਬਿਕ ਨਿਪਟਿਆ ਜਾਣਾ ਚਾਹੀਦਾ ਹੈ।

69. ਕਰਿਮੀਨਲ ਪ੍ਰੋਸੀਜਰ ਕੋਡ ਦੀ ਦਫਾ 340 ਮੁਤਾਬਿਕ ਜੇਕਰ ਕੋਈ ਮੁਲਜ਼ਮ ਆਪਣੇ ਆਪ ਨੂੰ ਕਸੂਰਵਾਰ ਨਹੀਂ ਮੰਨਦਾ ਤਾਂ ਉਹ, ਉਸ ਦੇ ਜਾਂ ਉਸ ਦੇ ਨਾਲ ਮੁਕਦਮੇ ਵਿਚਲੇ ਸਾਥੀ ਮੁਲਜ਼ਮਾਂ ਦੇ ਖਿਲਾਫ ਲਾਏ ਗਏ ਇਲਜ਼ਾਮਾਤ ਜਾਂ ਚਾਰਜ ਨੂੰ ਗਲਤ ਸਾਬਤ ਕਰਨ ਵਾਸਤੇ ਸਬੂਤ ਪੇਸ਼ ਕਰੇ। ਹਰ ਇਕ ਮੁਲਜ਼ਮ ਨੂੰ ਵਖਰੇ ਵਖਰੇ ਕਰਕੇ ਖਾਸ ਤੌਰ ਤੇ ਇਹ ਪੁਛਿਆ ਗਿਆ ਸੀ ਕਿ ਕੀ ਉਹ ਕੋਈ ਸਬੂਤ ਪੇਸ਼ ਕਰਨਾ ਚਾਹੁੰਦੇ ਹਨ। ਉਨ੍ਹਾਂ ਸਾਰਿਆਂ ਨੇ ਇਹ ਕਹਿ ਕੇ ਨਾਂਹ ਕਰ ਦਿਤੀ ਕਿ ਉਨ੍ਹਾਂ [illegible]ਮੀਨਲ ਪ੍ਰੋਸੀਜਰ ਕੋਡ ਦੀ ਦਫਾ 342 ਹੇਠ ਆਪਣੇ ਲਿਖਤੀ ਬਿਆਨ ਦਾਇਰ ਕਰ ਦਿਤੇ ਹਨ।

70. ਇਸ ਦੇ ਨਾਲ ਮੁਲਜ਼ਮ ਸਤਨਾਮ ਸਿਘ ਨੇ ਇਕ ਹੋਰ ਲਿਖਤੀ ਬਿਆਨ ਐਕਸ.ਡੀ ਐਲ/1 ਅਤੇ ਇਜ ਹੀ ਮੁਲਜ਼ਮ ਜਸਬੀਰ ਸਿੰਘ ਨੇ ਵੀ ਇਕ ਲਿਖਤੀ ਐਕਸ. ਡੀ ਕੇ/1 ਅਤੇ ਨਾਲ ਹੀ ਨੱਥੀ ਇਕ ਪੈਂਫਲਟ ਐਕਸ.ਡੀ ਕੇ/2 ਦਾਇਰ ਕੀਤੇ ਹਨ।

71. ਇਥੇ ਇਹ ਜਿਕਰ ਕਰਨਾ ਜਰੂਰੀ ਹੈ ਕਿ ਮੁਲਜ਼ਮਾਂ ਨੇ ਸਫਾਈ ਦੇ ਗਵਾਹਾਂ ਦੀਆਂ 3 ਲਿਸਟਾਂ ਦਾਇਰ ਕੀਤੀਆਂ ਸਨ ਅਤੇ ਅਰਜ਼ ਕੀਤੀ ਸੀ ਕਿ ਇਨ੍ਹਾਂ ਵਿਚ ਜਿਕਰ ਕੀਤੇ ਗਏ ਬੰਦਿਆਂ ਨੂੰ ਬਤੌਰ ਸਫਾਈ-ਗਵਾਹ ਸੰਮਨ ਜਾਰੀ ਕੀਤੇ ਜਾਣ। ਪਰ ਅਦਾਲਤ ਨੇ ਆਪਣੇ 23-7-1985 ਦੇ ਫੈਸਲੇ ਮੁਤਾਬਿਕ ਮੁਲਜ਼ਮਾ ਨੂੰ ਤਾਰਿਕ ਇਸਮਾਈਲ ਸਾਗਰ, ਮਿਸ ਹਸਕਰ (ਉਹ ਇਸਤਗਾਸਾ ਦੇ ਗਵਾਹ ਵਿਚੋਂ ਇਕ ਸੀ ਪਰ ਉਸਨੂੰ ਛੱਡ ਦਿਤਾ ਗਿਆ ਸੀ), ਮੁਹੰਮਦ ਅਸ਼ਰਫ ਅਸੀਮ ਤੇ ਅਲੀਮ ਹਾਸ਼ਮੀ ਵਾਸਤੇ ਸੰਮਨ ਜਾਰੀ ਕਰਨ ਦੀ ਇਜਾਜ਼ਤ ਦਿਤੀ। ਪਰ ਮਗਰੋਂ, 7-10-85 ਨੂੰ ਮੁਲਜ਼ਮਾਂ ਨੇ ਕਿਸੇ ਵੀ ਗਵਾਹ ਦੇ ਬਿਆਨ ਕਰਵਾਉਣ ਤੋਂ ਬਿਨਾ ਹੀ ਆਪਣੀਆਂ ਗਵਾਹੀਆਂ ਬੰਦ ਕਰਨ ਦਾ ਐਲਾਨ ਕਰ ਦਿਤਾ।

72. ਮੁਲਜ਼ਮ ਗਜਿੰਦਰ ਸਿਘ ਦਾ ਉਰਦੂ ਬਿਆਨ (ਐਕਸ. ਡੀ ਜੇ 1)ਇਕ ਲੰਬਾ ਦਸਤਾਵੇਜ਼ ਹੈ। ਇਸ ਵਿਚ ਭਾਰਤੀ ਸਬ-ਕੌਂਟੀਨੈਂਟ ਦੀ ਵੰਡ ਤੋਂ ਪਹਿਲਾਂ ਦੀ ਸਿਖ ਜਦੋਜਹਿਦ ਦੀ ਤਵਾਰੀਖ ਅਤੇ ਭਾਰਤ ਸਰਕਾਰ ਅਤੇ ਹਿੰਦੂਆਂ ਵਲੋਂ ਸਿਖਾਂ ਉਤੇ ਕੀਤੇ ਜ਼ੁਲਮ ਅਤੇ ਬੇਇਨਸਾਫੀ ਦੀ ਤਵਾਰੀਖ ਬਿਆਨ ਕੀਤੀ ਹੈ। ਥੋੜੇ ਲਫਜ਼ਾਂ ਵਿਚ ਇਹ ਆਖ ਸਕਦੇ ਹਾਂ ਕਿ ਇਸ ਵਿਚ ਹਿੰਦੂਆਂ ਵਲੋਂ ਸਿਖ ਕੌਮ ਦੇ ਜਿਸਮਾਨੀ ਅਤੇ ਕਲਚਰਲ

ਕਤਲੇਆਮ ਦਾ ਜਿਕਰ ਹੈ ਅਤੇ ਜਿਸ ਹਾਈਜੈਕਿੰਗ ਦਾ ਉਨ੍ਹਾਂ ਤੇ ਮੁਕਦਮਾ ਚਲਾਇਆ ਜਾ ਰਿਹਾ ਹੈ ਉਹ ਅਜ਼ਾਦੀ ਦੀ ਜੰਗ ਦਾ ਇਕ ਹਿਸਾ ਹੈ ਅਤੇ ਸਿਖ, ਹਿੰਦੂ ਬਸਤੀਵਾਦ ਦੇ ਖਿਲਾਫ਼, ਜੰਗ ਲੜ ਰਹੇ ਹਨ ਅਤੇ ਕੌਮੀ ਅਤੇ ਇੰਟਰਨੈਸ਼ਨ ਕਾਨੂੰਨ ਦੇ ਕਿਸੇ ਅਸੂਲ ਮੁਤਾਬਿਕ ਵੀ ਉਹ ਹਾਈਜੈਕਿੰਗ ਦੇ ਮੁਜਰਿਮ ਨਹੀਂ ਹਨ।

73. ਮੁਲਜ਼ਮ ਕਰਨ ਸਿੰਘ ਦੇ ਬਿਆਨ (ਐਕਸ ਡੀ ਪੀ) ਵਿਚ ਵੀ ਹਿੰਦੂ ਵਲੋਂ ਆਮ ਕਰਕੇ ਅਤੇ ਭਾਰਤ ਸਰਕਾਰ ਵਲੋਂ ਖਾਸ ਕਰਕੇ, ਸਿਖਾਂ ਉਤੇ ਕੀਤੇ ਜਾ ਰਹੇ ਜ਼ੁਲਮ ਅਤੇ ਬੇਇਨਸਾਫ਼ੀਆਂ ਦਾ ਜਿਕਰ ਹੈ।

74. ਮੁਲਜ਼ਮ ਸਤਨਾਮ ਸਿੰਘ ਦਾ ਉਰਦੂ ਬਿਆਨ (ਐਕਸ ਡੀ ਐਲ-1) ਵੀ ਇਸੇ ਤਰਜ਼ ਤੇ ਹੈ। ਪਰ ਇਹ ਕਾਬਲੇ-ਗੌਰ ਹੈ ਕਿ ਇਹ ਇਕ ਨੁਕਤੇ ਕਿ ਹਾਈਜੈਕਿੰਗ ਦਾ ਮਨਸੂਬਾ ਕਿਵੇਂ ਤਿਆਰ ਕੀਤਾ ਗਿਆ, ਬਾਰੇ ਚੰਗੇ ਵੇਰਵੇ ਨਾਲ ਦਸਦਾ ਹੈ। ਇਸ ਮੁਤਾਬਿਕ, (ਸੰਤ) ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਗ੍ਰਿਫਤਾਰੀ ਅਤੇ ਚੌਕ ਮਹਿਤਾ ਵਿਚ ਕਤਲੇਆਮ ਮਗਰੋਂ ਦਲ ਖਾਲਸਾ ਦੀ ਸੁਪਰੀਮ ਪੰਚਾਇਤ ਦੀ ਮੀਟਿੰਗ ਅੰਮ੍ਰਿਤਸਰ ਵਿਚ ਹੋਈ। ਇਸ ਮੀਟਿੰਗ ਵਿਚ ਮੁਲਜ਼ਮ ਸਤਨਾਮ ਸਿੰਘ ਅਤੇ ਗਜਿੰਦਰ ਸਿੰਘ ਅਤੇ ਸੁਪਰੀਮ ਪੰਚਾਇਤ ਦੇ ਦੂਜੇ ਮੈਂਬਰ ਸ਼ਾਮਿਲ ਹੋਏ। ਸਿਖਾਂ ਦੀ ਸੂਰਤੇ-ਹਾਲ ਨੂੰ ਮੱਦੇ-ਨਜ਼ਰ ਰਖਦੇ ਹੋਏ ਇਹ ਫੈਸਲਾ ਕੀਤਾ ਗਿਆ ਸੀ ਕਿ ਕੋਈ ਐਸਾ ਮਾਅਰਕੇ ਦਾ ਕਾਰਨਾਮਾ ਕੀਤਾ ਜਾਵੇ ਜਿਸ ਨਾਲ ਦੁਨੀਆਂ ਦੀ ਅਤੇ ਇਨਸਾਨੀ ਹਕੂਕ ਦੀਆਂ ਇੰਟਰਨੈਸ਼ਨਲ ਜਮਾਤਾਂ ਦੀ ਤਵੱਜੋ ਇਸ ਵਲ ਖਿਚੀ ਜਾਵੇ ਕਿ ਸਿਖ ਭਾਰਤ ਤੋਂ ਆਜ਼ਾਦੀ ਚਾਹੁੰਦੇ ਹਨ ਅਤੇ ਆਜ਼ਾਦ ਖਾਲਿਸਤਾਨ ਕਾਇਮ ਕਰਨਾ ਚਾਹੁੰਦੇ ਹਨ ਜਿਸ ਵਿਚ ਉਹ ਆਪਣਾ ਵਜੂਦ ਕਾਇਮ ਰਖ ਸਕਣ। ਇਸ ਮਕਸਦ ਨੂੰ ਸਾਹਵੇਂ ਰਖ ਕੇ ਇਹ ਫੈਸਲਾ ਕੀਤਾ ਗਿਆ ਕਿ ਭਾਰਤੀ ਹਵਾਈ ਜਹਾਜ਼ ਨੂੰ ਹਾਈਜੈਕ ਕਰਕੇ ਲਾਹੌਰ ਲਿਜਾਇਆ ਜਾਵੇ। ਹਾਈਜੈਕਿੰਗ ਦੀ ਇਹ ਤਜਵੀਜ਼ ਮੁਲਜ਼ਮ ਸਤਨਾਮ ਸਿੰਘ ਨੇ ਪੇਸ਼ ਕੀਤੀ ਸੀ ਅਤੇ ਪੰਚਾਇਤ ਦੇ ਬਾਕੀ ਮੈਂਬਰਾਂ ਨੇ ਮਨਜ਼ੂਰ ਕੀਤੀ ਸੀ। ਇਸ ਮਨਸੂਬੇ ਨੂੰ ਅਮਲ ਵਿਚ ਲਿਆਉਣ ਵਾਸਤੇ ਮੁਲਜ਼ਮਾਂ ਸਤਨਾਮ ਸਿੰਘ, ਗਜਿੰਦਰ ਸਿੰਘ ਨੂੰ ਇਹ ਇਖਤਿਆਰ ਦਿਤਾ ਗਿਆ ਕਿ ਉਹ ਆਪਣੇ ਨਾਲ ਕੁਝ ਹੋਰ ਵੀ ਸਾਥੀ ਲੈ ਲੈਣ। ਲਿਹਾਜ਼ਾ ਮੁਲਜ਼ਮਾਂ ਸਤਨਾਮ ਸਿੰਘ ਅਤੇ ਗਜਿੰਦਰ ਸਿੰਘ ਨੇ ਮੁਲਜ਼ਮਾਂ ਜਸਬੀਰ ਸਿੰਘ, ਤੇਜਿੰਦਰਪਾਲ ਸਿੰਘ ਅਤੇ ਕਰਨ ਸਿੰਘ ਨਾਲ ਗੱਲ ਬਾਤ ਕੀਤੀ ਤੇ ਉਹ ਇਸ ਦਲੇਰੀ ਵਾਲੇ ਕਾਰਨਾਮੇ ਵਿਚ ਸ਼ਾਮਿਲ ਹੋਣ ਵਾਸਤੇ ਇਕ ਦਮ ਤਿਆਰ ਹੋ ਗਏ। ਤਦ ਇਹ ਫੈਸਲਾ ਕੀਤਾ ਗਿਆ ਸੀ ਕਿ ਹਾਈਜੈਕਿੰਗ ਦੀ ਕਾਰਵਾਈ 29 ਸਿਤੰਬਰ 1981 ਨੂੰ ਕੀਤੀ ਜਾਵੇ ਅਤੇ ਇਸ

ਪਲਾਨ ਮੁਤਾਬਿਕ ਗਜਿੰਦਰ ਸਿਘ ਤੇ ਜਸਬੀਰ ਸਿਘ ਕਾਕਪਿਟ ਵਿਚ ਦਾਖਿਲ ਹੋਣਗੇ ਅਤੇ ਸਤਨਾਮ ਸਿਘ ਆਪਣੇ ਸਾਥੀਆਂ ਸਣੇ ਕੈਬਿਨ ਦਾ ਚਾਰਜ ਸੰਭਾਲੇਗਾ। ਇਸ ਮਨਸੂਬੇ ਤੇ ਅਮਲ ਵਜੋਂ ਉਹ ਜਹਾਜ਼ 'ਚ ਸਵਾਰ ਹੋਏ ਅਤੇ ਇਸ ਦੇ ਹਵਾ 'ਚ ਉਡਣ ਦੇ ਕੁਝ ਮਿੰਟਾਂ ਮਗਰੋਂ ਜਦੋਂ ਇਕ ਏਅਰ ਹੋਸਟੇਸ ਕਾਕਪਿਟ 'ਚ ਅਮਲੇ ਦੇ ਮੈਂਬਰਾਂ ਨੂੰ ਚਾਹ ਦੇ ਕੇ ਬਾਹਰ ਆਈ ਤਾਂ ਗਜਿੰਦਰ ਸਿਘ ਅਤੇ ਜਸਬੀਰ ਸਿਘ ਕਾਕਪਿਟ 'ਚ ਦਾਖਿਲ ਹੋ ਗਏ। ਜਿਉਂ ਹੀ ਉਨ੍ਹਾਂ ਅਜਿਹਾ ਕੀਤਾ, ਮੁਲਜ਼ਮ ਸਤਨਾਮ ਸਿਘ ਕਾਕਪਿਟ ਵਲ ਜਾ ਕੇ ਉਨ੍ਹਾਂ ਦੇ ਦਰ ਤੇ ਖੜੋ ਗਿਆ ਅਤੇ ਉਥੋਂ ਸਤਨਾਮ ਸਿਘ ਨੇ ਮੁਸਾਫਿਰਾਂ ਨੂੰ ਮੁਖਾਤਿਬ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਇਹ ਐਕਸ਼ਨ (ਸੰਤ) ਜਰਨੈਲ ਸਿਘ ਭਿੰਡਰਾਂਵਾਲਿਆਂ ਦੀ ਗ੍ਰਿਫਤਾਰੀ ਅਤੇ ਸਿਖਾਂ ਉਤੇ ਕੀਤੇ ਜਾ ਰਹੇ ਜ਼ੁਲਮਾਂ ਖਿਲਾਫ ਪ੍ਰੋਟੈਸਟ ਵਜੋਂ ਕੀਤਾ ਹੈ। ਉਸਨੇ ਮੁਸਾਫਿਰਾਂ ਨੂੰ ਅਪੀਲ ਕੀਤੀ ਕਿ ਉਹ ਉਨ੍ਹਾਂ ਦੇ ਮਿਸ਼ਨ ਦੀ ਕਾਮਯਾਬੀ ਵਿਚ ਉਨ੍ਹਾਂ ਨਾਲ ਤੁਆਵਨ ਕਰਨ ਅਤੇ ਉਸ ਨੇ ਉਨ੍ਹਾਂ ਨੂੰ ਯਕੀਨ ਦਿਵਾਇਆ ਕਿ ਕਿਸੇ ਨੂੰ ਵੀ ਕੁਝ ਨੁਕਸਾਨ ਨਹੀਂ ਪੁਜੇਗਾ। ਕਿਉਂਕਿ ਉਨ੍ਹਾਂ ਦੀ ਜੰਗ ਜ਼ੁਲਮ ਦੇ ਖਿਲਾਫ ਅਤੇ ਭਾਰਤ ਸਰਕਾਰ ਦੇ ਖਿਲਾਫ ਹੈ ਅਤੇ ਉਨ੍ਹਾ ਦੇ ਮਜ਼ਹਬ ਦੀ ਅਸੂਲਾਂ ਦੀ ਵਜਹ ਕਰਕੇ ਉਹ ਕਿਸੇ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਣਗੇ।

75. ਮੁਲਜ਼ਮ ਸਤਨਾਮ ਸਿਘ ਦੇ ਬਿਆਨ ਦਾ ਬਾਕੀ ਹਿਸਾ ਉਨ੍ਹਾਂ ਵਲੋਂ, ਹਾਈਜੈਕਿੰਗ ਦੌਰਾਨ, ਮੁਸਾਫਿਰਾਂ ਨਾਲ, ਉਨ੍ਹਾਂ ਦੀ ਬੰਦਿਸ਼ ਦੌਰਾਨ, ਕੀਤੇ ਗਏ ਚੰਗੇ ਸਲੂਕ ਵਲ ਲਾਇਆ ਗਿਆ ਹੈ।

76. ਮੁਲਜ਼ਮ ਜਸਬੀਰ ਸਿਘ ਦਾ ਬਿਆਨ (ਐਕਸ. ਡੀ ਕੇ/1) ਜ਼ਿਆਦਾਤਰ ਦਲ ਖਾਲਸਾ ਦੀ ਤਵਾਰੀਖ ਬਿਆਨ ਕਰਦਾ ਹੈ, ਜਿਹੜੀ ਉਸ ਮੁਤਾਬਿਕ ਇਕ ਹਰਦਿਲ-ਅਜ਼ੀਜ਼ ਸਿਖ ਜਥੇਬੰਦੀ ਹੈ। ਇਸ ਵਿਚ ਇਹ ਵੀ ਜ਼ਿਕਰ ਹੈ ਕਿ ਕਿਨ੍ਹਾਂ ਹਾਲਤਾਂ ਨੇ ਉਸ ਨੂੰ ਅਤੇ ਉਸ ਦੇ ਸਾਥੀ ਮੁਲਜ਼ਮਾਂ ਨੂੰ ਹਾਈਜੈਕਿੰਗ ਦੀ ਕਾਰਵਾਈ ਕਰਨ ਤੇ ਮਜਬੂਰ ਕੀਤਾ ਅਤੇ ਅਖੀਰ ਵਿਚ ਉਹ ਆਖਦਾ ਹੈ ਕਿ ਉਨ੍ਹਾਂ ਨਾਲ ਜੰਗੇ-ਆਜ਼ਾਦੀ ਦੇ ਸਿਪਾਹੀਆਂ ਵਾਲਾ ਸਲੂਕ ਕੀਤਾ ਜਾਵੇ।

77. ਮੁਲਜ਼ਮ ਤੇਜਿੰਦਰਪਾਲ ਸਿਘ ਨੇ ਆਪਣੇ ਬਿਆਨ (ਐਕਸ. ਡੀ ਐਨ) ਵਿਚ ਗਜਿੰਦਰ ਸਿਘ ਦੇ ਲੰਬੇ ਬਿਆਨ ਨੂੰ ਪੂਰੀ ਤਰ੍ਹਾਂ ਅਪਣਾਇਆ ਹੈ। ਉਹ ਕੁਝ ਕੁ ਹੋਰ ਘਟਨਾਵਾਂ ਵੀ ਸ਼ਾਮਿਲ ਕਰਦਾ ਹੈ ਜਿਨ੍ਹਾਂ ਵਿਚ ਇਹ ਨੁਕਤਾ ਪੇਸ਼ ਕੀਤਾ ਗਿਆ ਹੈ ਕਿ ਉਨ੍ਹਾਂ ਦੀ ਕਾਰਵਾਈ ਭਾਰਤ ਸਰਕਾਰ ਤੇ ਹਿਦੂਆਂ ਵਲੋਂ ਕੀਤੇ ਜ਼ੁਲਮ ਖਿਲਾਫ ਦੁਨੀਆ ਦੀ ਰੂਹ ਨੂੰ ਟੁੰਬਣ ਵਾਸਤੇ ਹੈ।

78. ਰਾਏ ਸ਼ਬੀਰ ਅਹਿਮਦ ਮੈਜਿਸਟਰੇਟ ਦਰਜਾ ਅੱਵਲ, ਲਾਹੌਰ ਛਾਵਣੀ (ਇਸਤਗਾਸਾ ਦਾ ਗਵਾਹ ਨੰਬਰ 9) ਕੋਲ ਮੁਲਜ਼ਮਾਂ ਦੇ ਅਖੰਤੀ ਇਕਬਾਲੀਆ ਬਿਆਨਾਂ ਜਿਨ੍ਹਾਂ ਤੋਂ ਉਹ ਮੁਕਰਦੇ ਹਨ, ਦਾ ਹਵਾਲਾ ਦੇਣਾ ਜ਼ਰੂਰੀ ਹੈ। ਉਨ੍ਹਾਂ ਵਿਚ ਇਸ ਗਲ ਦਾ ਵੇਰਵੇ ਨਾਲ ਬਿਆਨ ਹੈ ਕਿ ਜਿਹੜੇ ਹਾਲਾਤ ਸਨ ਜਿਨ੍ਹਾਂ ਨੇ ਮੁਲਜ਼ਮਾਂ ਨੂੰ ਮਜਬੂਰ ਕੀਤਾ ਕਿ ਉਹ ਦੁਨੀਆਂ ਅਤੇ ਇੰਟਰਨੈਸ਼ਨਲ ਹਕੂਕ ਦੀਆਂ ਜਮਾਤਾਂ ਦੀ ਤਵੱਜੋ ਖਿਚਣ ਵਾਸਤੇ ਇਕ ਭਾਰਤੀ ਜਹਾਜ਼ ਹਾਈਜੈਕ ਕਰਨ ਦਾ ਮਨਸੂਬਾ ਘੜਨ। ਉਨ੍ਹਾਂ ਵਿਚ ਇਹ ਵੀ ਜ਼ਿਕਰ ਹੈ ਕਿ ਹਾਈਜੈਕ ਕੀਤੇ ਜਹਾਜ਼ ਦਾ ਮਨਸੂਬਾ ਕਿਝ ਤਿਆਰ ਹੋਇਆ ਅਤੇ ਹਾਈਜੈਕਿੰਗ ਕਿਵੇਂ ਹੋਈ।

79. 'ਹਾਈਜੈਕਿੰਗ' ਲਫ਼ਜ਼ ਦਾ ਮੁੱਢ ਗੁੰਮਨਾਮ ਹੈ। ਕੰਸਾਈਜ਼ ਆਕਸਫੋਰਡ ਡਿਕਸ਼ਨਰੀ ਮੁਤਾਬਿਕ ਇਸਦਾ ਮਾਅਨਾ ਹੈ:

1 ਕਿਸੇ ਵੀ ਟਰਾਂਸਪੋਰਟ, ਸਾਮਾਨ ਵਾਲੀ ਲਾਰੀ ਜਾਂ ਉਡਦੇ ਜਹਾਜ਼, ਦਾ ਧਮਕੀ ਨਾਲ ਜਾਂ ਜਬਰੀ ਇਖਤਿਆਰ ਖੋਹਣਾ ਅਤੇ ਇਸ ਨੂੰ ਇਕ ਨਵੇਂ ਠਿਕਾਣੇ ਵਲ ਲਿਜਾਉਣ ਤੇ ਮਜਬੂਰ ਕਰਨਾ।

2 ਪਾਕਿਸਤਾਨ ਅਤੇ ਹੋਰ ਕਈ ਮੁਲਕਾਂ ਵਿਚ ਹਾਈਜੈਕਿੰਗ ਨੂੰ ਕਾਨੂੰਨ ਰਾਹੀਂ ਇਕ ਟੈਕਨੀਕਲ ਮਾਅਨਾ ਦੇ ਦਿਤਾ ਗਿਆ ਹੈ। ਯਾਨਿ:— ਗੈਰ ਕਾਨੂੰਨੀ ਤੌਰ ਤੇ ਕਿਸੇ ਹਵਾਈ ਜਹਾਜ਼ ਤੇ ਕਬਜ਼ਾ ਕਰਨਾ ਜਾਂ ਆਪਣੇ ਇਖਤਿਆਰ ਹੇਠ ਚਲਾਉਣਾ।

3 ਇੰਟਰਨੈਸ਼ਨਲ ਕਨਵੈਨਸ਼ਨਜ਼, ਜਿਹੜੀਆਂ ਇਸ ਮਸਲੇ ਤੇ ਲਾਗੂ ਹੁੰਦੀਆਂ ਹਨ, ਉਨ੍ਹਾਂ ਵਿਚੋਂ ਕਿਸੇ ਵਿਚ ਵੀ ਲਫ਼ਜ਼ 'ਹਾਈਜੈਕਿੰਗ' ਇਸਤੇਮਾਲ ਨਹੀਂ ਕੀਤਾ ਗਿਆ।

80. ਇਸ ਸਦੀ ਦੇ ਚੌਥੇ ਦਹਾਕੇ ਦੇ ਸ਼ੁਰੂ ਵਿਚ ਹਾਈਜੈਕਿੰਗ ਦੀਆਂ ਕੁਝ ਵਾਰਦਾਤਾਂ ਬਾਰੇ ਪਤਾ ਲਗਦਾ ਹੈ ਪਰ 1960ਵਿਆਂ ਤੋਂ ਬਾਅਦ ਅਜਿਹੀਆਂ ਵਾਰਦਾਤਾਂ ਵਿਚ ਗੈਰ-ਮਾਮੂਲੀ ਵਾਧਾ ਹੋਇਆ ਹੈ। ਜਿਵੇਂ ਉਪਰ ਆਖਿਆ ਗਿਆ ਹੈ ਕਿ ਕਾਨੂੰਨ ਦੇ ਇਸ ਮਸਲੇ ਬਾਰੇ 3 ਇੰਟਰਨੈਸ਼ਨਲ ਕਨਵੈਨਸ਼ਨਜ਼ ਹੋ ਚੁਕੀਆਂ ਹਨ। ਇਹ ਕਨਵੈਨਸ਼ਨਜ਼, ਹਵਾਈ ਜਹਾਜ਼ਾਂ ਤੇ ਹੋਣ ਵਾਲੇ ਅਜਿਹੇ ਜੁਰਮਾਂ ਦੀ ਤਾਦਾਤ ਵਿਚ ਵਾਧੇ ਅਤੇ ਇਸ ਦੇ ਨਤੀਜੇ ਵਜੋਂ ਇੰਟਰਨੈਸ਼ਨਲ ਸਿਵਲ ਹਵਾਬਾਜ਼ੀ ਨੂੰ ਹੋਣ ਵਾਲੇ ਖਤਰੇ ਬਾਰੇ ਇੰਟਰਨੈਸ਼ਨਲ ਭਾਈਚਾਰੇ ਦੇ ਵਧ ਰਹੇ ਫ਼ਿਕਰ ਦਾ ਸਬੂਤ ਹਨ। ਇਹ ਜੁਰਮ ਹਵਾਈ

ਜਹਾਜ਼, ਇਸ ਦਾ ਅਮਲਾ ਅਤੇ ਇਸ ਦੇ ਮੁਸਾਫ਼ਿਰਾਂ ਦੀ ਹਿਫ਼ਾਜ਼ਤ ਵਾਸਤੇ ਖ਼ਤਰਾ ਹਨ ਅਤੇ ਇੰਟਰਨੈਸ਼ਨਲ ਅਤੇ ਸਿਵਲ ਹਵਾਬਾਜ਼ੀ ਨੂੰ ਬੇਹਦ ਖ਼ਤਰਨਾਕ ਬਣਾਉਣ ਦਾ ਡਰ ਪੈਦਾ ਕਰਦੇ ਹਨ। ਜਿਵੇਂ ਕਿ ਫਰਾਂਸਿਸਕੋ ਜ਼ੇਆਵੀਆਰੇ ਦੇ ਕੇਸ ਵਿਚ ਇੰਟਰਨੈਸ਼ਨਲ ਕੋਰਟ ਨੇ ਆਖਿਆ ਸੀ ਕਿ 'ਹਵਾਈ ਜਹਾਜ਼ ਦੀ ਅਗਵਾਕਾਰੀ ਦੀ ਰੋਕਥਾਮ ਮੁਕਾਮੀ ਅਤੇ ਇੰਟਰਨੈਸ਼ਨਲ, ਦੋਹਾਂ ਕਾਨੂੰਨਾਂ ਨਾਲ ਵਾਬਸਤਾ ਹੈ, ਇਕ ਬਹੁ-ਸ਼ਾਖੀ ਜੁਰਮ ਹੈ ਜਿਹੜਾ ਕਿ ਅਗਵਾ ਕੀਤੇ ਹਵਾਈ ਜਹਾਜ਼, ਇਸਦੇ ਅਮਲੇ ਅਤੇ ਮੁਸਾਫ਼ਿਰਾਂ ਦੀਆਂ ਜ਼ਿੰਦਗਾਨੀਆਂ ਨੂੰ (ਭਾਵੇਂ ਉਹ ਕਿਸੇ ਵੀ ਕੌਮ ਦੇ ਹੋਣ) ਖ਼ਤਰੇ ਵਿਚ ਪਾਉਂਦਾ ਹੈ। ਇਸ ਵਿਚ ਬਹੁਤ ਸਾਰੇ ਬੇਗੁਨਾਹ ਲੋਕਾਂ ਨੂੰ ਜਬਰੀ ਅਗਵਾ ਕਰਨਾ, ਜਹਾਜ਼ ਦੇ ਅਮਲੇ ਅਤੇ ਮੁਸਾਫ਼ਿਰਾਂ ਨੂੰ ਧਮਕੀ ਜਾਂ ਤਾਕਤ ਨਾਲ ਕਾਬੂ ਕਰਨਾ ਸ਼ਾਮਿਲ ਹੈ ਅਤੇ ਇਸ ਨਾਲ ਹਵਾ ਵਿਚ ਦੂਜੇ ਜਹਾਜ਼ ਨਾਲ ਟੱਕਰ ਦਾ ਵੀ ਖ਼ਤਰਾ ਹੈ। ਜਿਵੇਂ ਕਿ ਪ੍ਰੋਫੈਸਰ ਡਾਕਟਰ ਡਾਇਟਰਿਚ ਨੇ 'ਐਨ ਇੰਟਰੋਡਕਸ਼ਨ ਟੂ ਏਅਰ ਲਾਅ' ਵਿਚ ਆਖਿਆ ਹੈ 'ਹਾਈਜੈਕਿੰਗ ਦਾ ਮੁਕਾਬਲਾ ਕਰਨਾ ਮੁਸ਼ਕਲ ਹੋਣ ਦੀ ਵਜਹ ਇਹ ਹੈ ਕਿ ਹਵਾਈ ਜਹਾਜ਼ ਬੇਹਦ ਨਾਜ਼ੁਕ ਹੈ। ਇਸ ਜੁਰਮ ਨਾਲ ਕਈ ਕਿਸਮ ਦੇ ਅਤੇ ਬੇਹਿਸਾਬ ਖ਼ਤਰੇ ਪੈਦਾ ਹੋ ਸਕਦੇ ਹਨ। IFALPA ਨੇ ਇਨਾਂ ਦਾ ਵੇਰਵਾ ਇਜ ਦਿਤਾ ਹੈ:

1. ਹਾਈਜੈਕਰਾਂ ਅਤੇ ਜਹਾਜ਼ ਦੇ ਅਮਲੇ ਵਿਚ ਲੜਾਈ ਨਾਲ ਹਵਾਈ ਜਹਾਜ਼ ਪੂਰੀ ਤਰ੍ਹਾਂ ਕਾਬੂ ਤੋਂ ਬਾਹਰ ਹੋ ਸਕਦਾ ਹੈ।

2. ਜੇ ਕਾਕਪਿਟ ਵਿਚ ਹਥਿਆਰ ਵਰਤੇ ਜਾਣ ਤਾਂ ਲਾਜ਼ਮੀ ਤੌਰ ਤੇ ਚੋਖੀ ਤਬਾਹੀ ਹੋ ਸਕਦੀ ਹੈ।

3. ਟਰੈਫਿਕ ਦੇ ਕਾਇਦਿਆਂ ਤੇ ਅਮਲ ਨਾ ਕਰ ਸਕਣ ਦੀ ਸੂਰਤ ਵਿਚ ਜਹਾਜ਼ ਦੀ ਟੱਕਰ ਹੋ ਸਕਦੀ ਹੈ।

4. ਤੇਲ ਦੀ ਕਮੀ ਪੈਦਾ ਹੋ ਸਕਦੀ ਹੈ।

5. ਜਹਾਜ਼ ਦੇ ਅਮਲੇ ਨੂੰ ਕਿਸੇ ਖ਼ਾਸ ਹਵਾਈ ਅੱਡੇ ਜਾਂ ਉਥੇ ਪੁਜਣ ਬਾਰੇ ਨਾਵਾਕਫ਼ੀ ਹੋ ਸਕਦੀ ਹੈ।

81. ਹਾਈਜੈਕਿੰਗ ਦਾ ਅਸਰ ਸਿਰਫ਼ ਬਹੁਤ ਸਾਰੇ ਬੇਗੁਨਾਹ ਮੁਸਾਫ਼ਿਰਾਂ ਅਤੇ ਜਹਾਜ਼ ਦੇ ਅਮਲੇ ਤੇ ਹੀ ਨਹੀ ਹੁੰਦਾ, ਇਸ ਨਾਲ ਇਕ ਬੇਲਾਗ ਮੁਲਕ ਵੀ ਲਪੇਟ ਵਿਚ ਆ ਸਕਦਾ ਹੈ। ਹਵਾਈ ਜਹਾਜ਼ ਨੂੰ ਇਕ ਨਵੇਂ ਠਿਕਾਣੇ ਵਲ ਲਿਜਾਇਆ ਜਾਂਦਾ ਹੈ, ਜਿਹੜਾ ਕਿ ਜ਼ਿਆਦਾਤਰ ਮੌਕਿਆਂ ਤੇ ਦੂਜੇ ਮੁਲਕ ਦਾ ਇਲਾਕਾ ਹੋਇਆ ਕਰਦਾ ਹੈ। ਇਹ ਕਿਹਾ

ਗਿਆ ਹੈ ਕਿ ਪਿਛਲੇ ਦਹਾਕੇ ਦੀਆਂ ਬਹੁਤੀਆਂ (ਹਾਈਜੈਕਿੰਗ ਦੀਆਂ) ਵਾਰਦਾਤਾਂ ਦੀ ਵਜ੍ਹਾ ਸਿਆਸੀ ਸੀ; ਪਰ ਇਹ ਵੀ ਤਾਂ ਹੋ ਸਕਦਾ ਹੈ ਕਿ ਜਿਸ ਮੁਲਕ ਵੱਲ ਹਵਾਈ ਜਹਾਜ਼ ਨੂੰ ਹਾਈਜੈਕਿੰਗ ਕੀਤਾ ਜਾਂਦਾ ਹੈ, ਉਸ ਮੁਲਕ ਦੀ, ਹਾਈਜੈਕਰਾਂ ਦੇ ਸਿਆਸੀ ਮਕਸਦ ਨਾਲ ਕੋਈ ਸਾਂਝ ਨਾ ਹੋਵੇ। ਇਸ ਕਰਕੇ ਭਾਵੇਂ ਹਾਈਜੈਕਰਾਂ ਦਾ ਅਜਿਹਾ ਇਰਾਦਾ ਨਾ ਵੀ ਹੋਵੇ, ਪਰ ਫਿਰ ਵੀ ਇਸ ਨਾਲ ਦੋ ਮੁਲਕਾਂ ਦੇ ਤਾਅੱਲਕ ਵਿਗੜ ਸਕਦੇ ਹਨ ਅਤੇ ਕਈ ਵਾਰ ਤਾਂ ਇੰਟਰਨੈਸ਼ਨਲ ਅਮਨ ਨੂੰ ਵੀ ਖਤਰਾ ਪੈਦਾ ਹੋ ਸਕਦਾ ਹੈ ਇਸ ਕਰਕੇ ਇਸ ਦੀ ਅਹਿਮੀਅਤ ਹੋਰ ਵੀ ਵਧ ਜਾਂਦੀ ਹੈ।

82. ਹਵਾਈ ਜਹਾਜ਼ ਤੇ ਕੀਤੇ ਗਏ ਜੁਰਮ ਬਾਰੇ ਤਿੰਨ ਇੰਟਰਨੈਸ਼ਨਲ ਕਨਵੈਂਨਸ਼ਨਜ਼ ਹੇਠ ਲਿਖੀਆਂ ਹਨ:

(i) The Convention of Offences and Certain Other Acts Commited on Board Aircraft.
(ਇਸ ਤੇ 14 ਸਿਤੰਬਰ 1963 ਨੂੰ ਦਸਤਖ਼ਤ ਹੋਏ (ਇਸ ਨੂੰ 'ਟੋਕੀਓ ਕਨਵੈਂਨਸ਼ਨ' ਕਿਹਾ ਜਾਂਦਾ ਹੈ)

(ii) The Convention for Suppression of Unlawful Seizure of Aircraft.
(ਇਸ ਤੇ 16 ਦਿਸੰਬਰ 1970 ਨੂੰ ਦਸਤਖ਼ਤ ਹੋਏ। ਇਸ ਨੂੰ 'ਹੇਗ ਕਨਵੈਂਸ਼ਨ' ਕਿਹਾ ਜਾਂਦਾ ਹੈ।)

(iii) The Convention for the Suppression of Unlawfull Acts Against the Safety of Civil Aviation.
(ਇਸ ਤੇ ਮਾਂਟਰੀਅਲ 'ਚ 23 ਸਿਤੰਬਰ 1971 ਨੂੰ ਦਸਤਖ਼ਤ ਹੋਏ। ਇਸ ਨੂੰ ਮਾਂਟਰੀਅਲ ਕਨਵੈਂਸ਼ਨ' ਕਿਹਾ ਜਾਂਦਾ ਹੈ।)

83. ਇਨ੍ਹਾਂ ਕਨਵੈਂਨਸ਼ਨਜ਼ ਦਾ ਮਕਸਦ ਸੀ:
(1) ਅਗਵਾ ਕੀਤੇ ਮੁਸਾਫਿਰਾਂ, ਅਮਲੇ, ਸਾਮਾਨ ਤੇ ਜਹਾਜ਼ ਦੀ ਹਿਫ਼ਾਜ਼ਤ ਅਤੇ ਛੇਤੀ ਵਾਪਸੀ ਜਾਂ ਆਜ਼ਾਦੀ (ਜੋ ਵੀ ਵਾਜਿਬ ਹੋਵੇ)

ਆਰਟੀਕਲ 3.

(i) ਜਿਸ ਮੁਲਕ ਵਿਚ ਹਵਾਈ ਜਹਾਜ਼ ਰਜਿਸਟਰਡ ਹੋਇਆ ਹੋਵੇ ਉਥੋਂ ਦੀ ਹਕੂਮਤ, ਜਹਾਜ਼ ਤੇ ਕੀਤੇ ਗਏ ਜੁਰਮਾਂ ਅਤੇ ਕਾਰਵਾਈਆਂ ਬਾਰੇ ਕਾਰਵਾਈ ਕਰਨ ਦੇ ਇਖਤਿਆਰ ਰਖਦੀ ਹੈ।

(ii) ਜਿਸ ਮੁਲਕ ਵਿਚ ਜਹਾਜ਼ ਰਜਿਸਟਰ ਹੋਇਆ ਹੋਵੇ ਉਥੋਂ ਦੀ ਹਕੂਮਤ ਵਜੋਂ, ਇਸ ਕਨਵੈਨਸਨ 'ਚ ਸਾਮਿਲ ਹਰ ਮੁਲਕ, ਆਪਣੇ ਰਜਿਸਟਰਡ ਜਹਾਜ਼ਾਂ ਤੇ ਕੀਤੇ ਗਏ ਜੁਰਮਾਂ ਬਾਰੇ ਕਾਨੂੰਨੀ ਤੌਰ ਤੇ ਆਪਣੇ ਇਖਤਿਆਰ ਕਾਇਮ ਕਰਨ ਵਾਸਤੇ ਮੁਨਾਸਿਬ ਕਦਮ ਚੁਕੇਗਾ।

(iii) ਇਹ ਕਨਵੈਨਸ਼ਨ ਕਿਸੇ ਵੀ ਮੁਲਕ ਦੇ ਕੌਮੀ ਕਾਨੂੰਨ ਮੁਤਾਬਿਕ ਮਿਲੇ ਫੌਜਦਾਰੀ ਇਖਤਿਆਰ ਨੂੰ ਖਾਰਿਜ ਨਹੀਂ ਕਰਦੀ।

ਆਰਟੀਕਲ 4.

ਜੇਕਰ ਹਵਾਈ ਜਹਾਜ਼ ਤੇ ਕੋਈ ਜੁਰਮ ਕੀਤਾ ਗਿਆ ਹੈ ਤਾਂ ਜਹਾਜ਼ ਰਜਿਸਟਰ ਕਰਨ ਵਾਲੇ ਮੁਲਕ ਤੋਂ ਇਲਾਵਾ, ਇਸ ਕਨਵੈਂਸ਼ਨ ਵਿਚਲਾ ਕੋਈ ਵੀ ਮੁਲਕ, ਹੇਠਾਂ ਲਿਖੀ ਸੂਰਤ ਤੋਂ ਸਿਵਾ, ਆਪਣੇ ਫੌਜਦਾਰੀ ਇਖਤਿਆਰ ਲਾਗੂ ਕਰਨ ਵਾਸਤੇ ਦਖਲ ਨਹੀਂ ਦੇਵੇਗਾ —

(ੳ) ਜੁਰਮ ਉਸਦੇ ਇਲਾਕੇ ਦੀ ਹਦੂਦ ਤੇ ਅਸਰ ਪਾਉਂਦਾ ਹੈ।

(ਅ) ਜੁਰਮ ਕਰਨ ਵਾਲਾ ਜਾਂ ਜਿਸ ਦੇ ਖਿਲਾਫ ਜੁਰਮ ਕੀਤਾ ਗਿਆ ਹੈ, ਉਹ ਉਸ ਮੁਲਕ ਦਾ ਸ਼ਹਿਰੀ ਜਾਂ ਪੱਕਾ ਵਾਸੀ ਹੈ।

(ੲ) ਕੀਤਾ ਗਿਆ ਜੁਰਮ ਉਸ ਮੁਲਕ ਦੀ ਹਿਫਾਜ਼ਤ ਦੇ ਖਿਲਾਫ ਹੈ।

(ਸ) ਕੀਤੇ ਗਏ ਜੁਰਮ ਨਾਲ ਕੋਈ ਅਜਿਹਾ ਜ਼ਾਬਤਾ ਜਾਂ ਕਾਇਦਾ ਤੋੜਿਆ ਗਿਆ ਹੈ ਜਿਹੜਾ ਕਿ ਜਹਾਜ਼ਾਂ ਦੀ ਉਡਾਣ ਜਾਂ ਜਹਾਜ਼ਾਂ ਦੇ ਕਾਇਦਿਆਂ ਬਾਰੇ ਉਸ ਮੁਲਕ ਵਿਚ ਆਇਦ ਹੈ।

(ਹ) ਬਹੁ-ਧਿਰੀ ਸਮਝੌਤੇ ਮੁਤਾਬਿਕ ਜੇ ਕਰ ਉਸ ਮੁਲਕ ਦੇ ਕਿਸੇ ਇਕਰਾਰਨਾਮੇ ਤੇ ਅਮਲ ਵਜੋਂ ਇਖਤਿਆਰ ਵਰਤਣਾ ਜ਼ਰੂਰੀ ਹੋਵੇ।

(2) ਜ਼ੋਰ ਰਾਹੀਂ ਜਾਂ ਕਿਸੇ ਹੋਰ ਤਰੀਕੇ ਨਾਲ ਹਾਈਜੈਕਿੰਗ ਰੋਕਣਾ। ਟੋਕੀਓ ਕਨਵੈਨਸ਼ਨ ਸਿਰਫ਼ ਪਹਿਲੇ ਮਕਸਦ ਨਾਲ ਤਾਅੱਲਕ ਰਖਦੀ ਸੀ। ਇਸ ਦੇ 26 ਆਰਟੀਕਲ ਹਨ। ਹਥਲੇ ਕੇਸ ਨਾਲ ਵਾਬਸਤਾ ਆਰਟੀਕਲ ਹੇਠ ਲਿਖੇ ਹਨ:—

ਆਰਟੀਕਲ 1.

ਇਹ ਕਨਵੈਨਸ਼ਨ ਇਨ੍ਹਾਂ ਨੁਕਤਿਆਂ ਤੇ ਲਾਗੂ ਹੋਵੇਗੀ:

(ੳ) ਫੌਜਦਾਰੀ ਕਾਨੂੰਨ ਦੇ ਖਿਲਾਫ਼ ਜੁਰਮ

(ਅ) ਉਹ ਕਾਰਵਾਈਆਂ, ਜਿਹੜੀਆਂ ਜੁਰਮ ਹੋਣ ਜਾਂ ਨਾ ਪਰ ਜਿਨ੍ਹਾਂ ਨਾਲ ਜਹਾਜ਼ਾਂ ਜਾਂ ਬੰਦਿਆਂ ਜਾਂ ਮਾਲ ਅਸਬਾਬ ਨੂੰ ਖਤਰਾ ਹੋਵੇ ਜਾਂ ਨੁਕਸਾਨ ਹੋਵੇ ਜਾਂ ਜਿਸ ਨਾਲ ਜਹਾਜ਼ ਦੇ ਬੰਦੋਬਸਤ ਜਾਂ ਕਾਇਦੇ ਨੂੰ ਖਤਰਾ ਪਵੇ।

2. ਚੈਪਟਰ III. ਦੇ ਨੁਕਤਿਆਂ ਨੂੰ ਛੱਡ ਕੇ, ਇਹ ਕਨਵੈਨਸ਼ਨ ਉਨ੍ਹਾਂ ਸਾਰੇ ਜੁਰਮਾਂ ਜਾਂ ਕਾਰਵਾਈਆਂ ਤੇ ਲਾਗੂ ਹੋਵੇਗੀ, ਜਿਹੜੀਆਂ, ਕੋਈ ਸ਼ਖ਼ਸ ਇਸ ਕਨਵੈਨਸ਼ਨ 'ਚ ਸ਼ਾਮਿਲ ਮੁਲਕ 'ਚ ਰਜਿਸਟਰਡ ਹਵਾਈ ਜਹਾਜ਼ ਉਤੇ ਜਹਾਜ਼ ਦੀ ਉਡਾਣ ਵੇਲੇ ਜਾਂ ਸਮੁੰਦਰ ਵਿਚ ਜਾਂ ਮੁਲਕ ਦੀ ਹਦੂਦ ਤੋਂ ਬਾਹਰ ਕਰੇਗਾ।

3. ਇਸ ਕਨਵੈਨਸ਼ਨ ਦੇ ਮਕਸਦ ਵਾਸਤੇ ਜਹਾਜ਼ ਉਦੋਂ ਉਡਾਣ ਵਿਚ ਮੰਨਿਆ ਜਾਵੇਗਾ ਜਦੋਂ ਉਸ ਦੇ ਚਲਣ ਲਈ ਮੋਟਰ ਚਲਾ ਦਿਤੀ ਜਾਵੇ ਅਤੇ ਉਦੋਂ ਤਕ ਜਦੋਂ ਕਿ ਜਹਾਜ਼ ਉਤਰ ਕੇ ਰੁਕ ਚੁਕਾ ਹੋਵੇ।

4. ਮਿਲਟਰੀ, ਕਸਟਮ ਅਤੇ ਪੁਲੀਸ ਵਲੋਂ ਵਰਤੇ ਜਾਣ ਵਾਲੇ ਜਹਾਜ਼ ਇਸ ਕਨਵੈਨਸ਼ਨ ਦੀ ਜ਼ਦ ਵਿਚ ਨਹੀਂ ਆਉਂਦੇ।

ਆਰਟੀਕਲ ਨੰਬਰ 2.

ਆਰਟੀਕਲ 4 ਵਿਚਲੀਆਂ ਸ਼ਰਤਾਂ ਨੂੰ ਅਸਰ ਅੰਦਾਜ਼ ਕੀਤੇ ਬਗੈਰ ਅਤੇ ਜਾਂ ਫਿਰ ਜਦੋਂ ਹਵਾਈ ਜਹਾਜ਼ ਜਾਂ ਸਵਾਰੀਆਂ ਜਾਂ ਸਾਮਾਨ ਦੀ ਹਿਫ਼ਾਜ਼ਤ ਵਾਸਤੇ ਜ਼ਰੂਰੀ ਹੋ ਜਾਵੇ, ਇਸ ਕਨਵੈਨਸ਼ਨ ਦੀਆਂ ਸ਼ਰਤਾਂ ਫੌਜਦਾਰੀ ਕਾਨੂੰਨ ਹੇਠ ਕੀਤੇ ਜਾਣ ਵਾਲੇ ਜੁਰਮ ਜਾਂ ਜਿਹੜੇ ਕਿ ਸਿਆਸੀ ਮੁਦਾਅ, ਨਸਲਵਾਦ ਜਾਂ ਮਜ਼ਹਬੀ ਵਿਤਕਰਾ ਕਰਕੇ ਕੀਤੇ ਗਏ ਹੋਣ, ਨੂੰ ਜਾਇਜ਼ ਠਹਿਰਾਉਣ ਵਾਸਤੇ ਨਹੀਂ ਵਰਤੀਆਂ ਜਾਣਗੀਆਂ।

ਆਰਟੀਕਲ 11.

(1) ਜਹਾਜ਼ ਜਦੋਂ ਕਿਸੇ ਸ਼ਖ਼ਸ ਨੇ ਗੈਰ-ਕਾਨੂੰਨੀ ਤਰੀਕੇ ਨਾਲ ਜ਼ੋਰ ਜਾਂ ਧਮਕੀ ਨਾਲ ਕਿਸੇ ਕਿਸਮ ਦੀ ਦਖਲ ਅੰਦਾਜ਼ੀ, ਖੋਹ ਜਾਂ ਚਲਦੇ ਜਹਾਜ਼ ਦੇ ਇਖਤਿਆਰ ਨੂੰ ਗਲਤ ਇਸਤੇਮਾਲ ਕੀਤਾ ਹੋਵੇ, ਜਾਂ ਅਜਿਹੀ ਕਾਰਵਾਈ ਕੀਤੀ ਜਾਣ ਵਾਲੇ ਹੋਵੇ ਤਾਂ ਮੁਆਇਦੇ 'ਚ ਸ਼ਾਮਿਲ ਮੁਲਕ ਜਹਾਜ਼ ਦਾ ਕੰਟਰੋਲ ਮੁੜ ਹਾਸਿਲ ਕਰਨ ਵਾਸਤੇ ਮੁਨਾਸਿਬ ਕਦਮ ਚੁਕੇਗਾ।

(2) ਪਿਛਲੇ ਪੈਰਿਆਂ ਵਿਚ ਵਿਚਾਰੇ ਗਏ ਮਸਲਿਆਂ ਬਾਰੇ, ਮੁਆਇਦੇ ਵਾਲੇ ਮੁਲਕਾਂ ਵਿਚੋਂ, ਜਿਸ ਦੀ ਹਦੂਦ 'ਚ ਹਵਾਈ ਜਹਾਜ਼ ਉਤਰਦਾ ਹੈ, ਉਹ ਮੁਲਕ ਜਿੰਨੀ ਛੇਤੀ ਹੋ ਸਕਿਆ ਮੁਸਾਫਿਰਾਂ ਅਤੇ ਜਹਾਜ਼ ਦੇ ਅਮਲੇ ਨੂੰ ਉਨ੍ਹਾਂ ਦਾ ਸਫਰ ਜਾਰੀ ਰਖਣ ਦੀ ਇਜਾਜ਼ਤ ਦੇਵੇਗਾ ਅਤੇ ਜਹਾਜ਼ ਅਤੇ ਇਸ ਦਾ ਅਸਬਾਬ ਉਨ੍ਹਾਂ ਨੂੰ ਮੋੜ ਦੇਵੇਗਾ ਜਿਹੜੇ ਇਸ ਦੇ ਕਾਨੂੰਨੀ ਮਾਲਿਕ ਹੋਣਗੇ।

84. ਹੇਗ ਕਨਵੈਨਸ਼ਨ ਹਾਈਜੈਕਿੰਗ ਦੇ ਜੁਰਮ ਨੂੰ ਖਰੀ ਤਰ੍ਹਾਂ ਵਿਚਾਰਦੀ ਹੈ; ਇਸ ਦਾ ਨਿਸ਼ਾਨਾ ਹੈ ਜੁਰਮ ਨੂੰ ਰੋਕਣਾ ਤੇ ਉਸ ਦੀ ਸਜ਼ਾ ਦੇਣਾ। ਇਸ ਦੇ ਐਲਾਨ ਨਾਮੇ 'ਚ ਕਿਹਾ ਗਿਆ ਹੈ:— 'ਇਹ ਮੱਦੇ-ਨਜ਼ਰ ਰਖਦੇ ਹੋਏ ਕਿ ਉਡਦੇ ਹੋਏ ਜਹਾਜ਼ ਤੇ ਗੈਰ-ਕਾਨੂੰਨੀ ਤੌਰ ਤੇ ਕਾਬਜ਼ ਹੋਣਾ ਜਾਂ ਇਸ ਨੂੰ ਇਖਤਿਆਰ 'ਚ ਚਲਾਉਣਾ, ਜਹਾਜ਼ ਦੀਆਂ ਸਵਾਰੀਆਂ ਅਤੇ ਅਸਬਾਬ ਨੂੰ ਖਤਰੇ 'ਚ ਪਾਉਂਦਾ ਹੈ; ਹਵਾਈ ਸੇਵਾਵਾਂ ਦੀ ਕਾਰਵਾਈ ਨੂੰ ਬਹੁਤ ਅਸਰ ਅੰਦਾਜ਼ ਕਰਦਾ ਹੈ ਅਤੇ ਸਿਵਲ ਹਵਾਬਾਜ਼ੀ ਦੀ ਹਿਫ਼ਾਜ਼ਤ ਵਿਚ ਦੁਨੀਆਂ ਦੇ ਲੋਕਾਂ ਦਾ ਯਕੀਨ ਪਤਲਾ ਪਾਉਂਦਾ ਹੈ;

ਇਹ ਮੱਦੇ-ਨਜ਼ਰ ਰਖਦੇ ਹੋਏ ਕਿ ਅਜਿਹੀਆਂ ਕਾਰਵਾਈਆਂ ਦਾ ਹੋਣਾ ਵਡੇ ਫਿਕਰ ਵਾਲੀ ਗਲ ਹੈ;

ਇਹ ਮੱਦੇ-ਨਜ਼ਰ ਰਖਦੇ ਹੋਏ ਕਿ ਅਜਿਹੀਆਂ ਕਾਰਵਾਈਆਂ ਨੂੰ ਰੋਕਣ ਦੇ ਮਕਸਦ ਵਾਸਤੇ ਮੁਜਰਮਾਂ ਨੂੰ ਸਜ਼ਾ ਦੇਣ ਵਾਸਤੇ ਮੁਨਾਸਿਬ ਕਦਮ ਚੁਕਣ ਦੀ, ਸ਼ਿੱਦਤ ਨਾਲ, ਜ਼ਰੂਰਤ ਹੈ'

85. ਇਸ ਦੇ ਢੁਕਵੇਂ ਆਰਟੀਕਲ ਹੇਠ ਲਿਖੇ ਹਨ:

ਆਰਟੀਕਲ 1. ਚਲਦੇ ਜਹਾਜ਼ ਤੇ ਜੋ ਕੋਈ ਸ਼ਖ਼ਸ

(ੳ) ਗੈਰ-ਕਾਨੂੰਨੀ ਤਰੀਕੇ ਨਾਲ, ਤਾਕਤ ਜਾਂ ਧਮਕੀ ਨਾਲ ਜਾਂ ਕਿਸੇ ਹੋਰ ਕਿਸਮ ਦੇ ਦਬਕੇ ਨਾਲ ਜਹਾਜ਼ ਦਾ ਇਖਤਿਆਰ ਆਪਣੇ ਹੱਥ ਲੈਂਦਾ ਜਾਂ ਚਲਵਾਉਂਦਾ ਹੈ ਜਾਂ

ਅਜਿਹੀ ਕਾਰਵਾਈ ਕਰਨ ਦੀ ਕੋਸ਼ਿਸ਼ ਕਰਦਾ ਹੈ, ਜਾਂ

(ਅ) ਅਜਿਹੀ ਕਾਰਵਾਈ ਕਰਨ ਜਾਂ ਕਰਨ ਦੀ ਕੋਸ਼ਿਸ਼ ਕਰਨ ਵਾਲੇ ਕਿਸੇ ਸ਼ਖ਼ਸ ਦਾ ਜੁਰਮ 'ਚ ਭਾਈਵਾਲ ਹੈ; ਤਾਂ ਉਹ ਮੁਜਰਿਮ ਹੈ (ਅਗੇ ਅਸੀਂ ਇਸ ਵਾਸਤੇ ਲਫ਼ਜ਼ 'ਜੁਰਮ' ਵਰਤਾਂਗੇ)

ਆਰਟੀਕਲ 2. ਮੁਆਇਦੇ ਵਾਲਾ ਹਰ ਮੁਲਕ ਇਸ ਜੁਰਮ ਨੂੰ ਸਖ਼ਤ ਸਜ਼ਾਵਾਂ ਹੇਠ ਸਜ਼ਾਵਾਰ ਬਣਾਏਗਾ।

ਆਰਟੀਕਲ 3. ਇਸ ਅਹਿਦਨਾਮੇ ਮੁਤਾਬਿਕ, ਜਦੋਂ ਸਵਾਰੀਆਂ ਦੇ ਜਹਾਜ਼ ਵਿਚ ਚੜ੍ਹਨ ਮਗਰੋਂ, ਇਸ ਦੇ ਬਾਹਰਲੇ ਸਾਰੇ ਦਰਵਾਜ਼ੇ ਬੰਦ ਕੀਤੇ ਜਾ ਚੁਕੇ ਹੋਣ ਅਤੇ ਜਦੋਂ ਰੁਕਣ ਮਗਰੋਂ ਜਹਾਜ਼ 'ਚੋਂ ਉਤਰਣ ਦੇ ਦਰਵਾਜ਼ੇ ਖੁਲ ਚੁਕੇ ਹੋਣ — ਇਸ ਦੌਰਾਨ ਜਹਾਜ਼ ਨੂੰ ਉਡਾਨ 'ਚ ਸਮਝਿਆ ਜਾਵੇਗਾ। ਮਜਬੂਰਨ ਉਤਾਰੇ ਜਾਣ ਦੀ ਸੂਰਤ ਵਿਚ ਜਹਾਜ਼ ਨੂੰ ਉਦੋਂ ਤਕ ਉਡਾਨ 'ਚ ਸਮਝਿਆ ਜਾਏਗਾ ਜਦੋਂ ਤਕ ਜਹਾਜ਼, ਇਸ ਤੇ ਸਵਾਰ ਲੋਕਾਂ ਅਤੇ ਅਸਬਾਬ ਨੂੰ ਜਹਾਜ਼ ਦੇ ਕਾਨੂੰਨੀ ਹਕਦਾਰ ਆਪਣੇ ਕੰਟਰੋਲ 'ਚ ਨਹੀਂ ਲੈ ਲੈਂਦੇ।

(2) ਇਹ ਅਹਿਦਨਾਮਾ ਮਿਲਟਰੀ, ਕਸਟਮ ਤੇ ਪੁਲੀਸ ਦੀਆਂ ਕਾਰਵਾਈਆਂ ਵਿਚ ਵਰਤੇ ਜਾਣ ਵਾਲੇ ਜਹਾਜ਼ਾਂ ਤੇ ਲਾਗੂ ਨਹੀਂ ਹੋਵੇਗਾ।

(3) ਇਹ ਮੁਆਇਦਾ ਉਸ ਸੂਰਤ ਵਿਚ ਲਾਗੂ ਹੋਵੇਗਾ ਜਦੋਂ ਕਿ, ਜਿਸ ਜਹਾਜ਼ ਤੇ ਜੁਰਮ ਹੋਇਆ ਹੋਵੇ ਉਸ ਜਹਾਜ਼ ਦੇ ਉਡਣ ਜਾਂ ਉਤਰਨ ਦੀ ਜਗਾਹ, ਜਹਾਜ਼ ਦੇ ਰਜਿਸਟਰ ਹੋਣ ਵਾਲੇ ਮੁਲਕ ਦੀ ਹਦੂਦ ਤੋਂ ਬਾਹਰ ਹੋਵੇ; ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਜਹਾਜ਼ ਇੰਟਰਨੈਸ਼ਨਲ ਜਾਂ ਅੰਦਰੂਨੀ ਉਡਾਨ ਤੇ ਸੀ।

(4) ਜਿਸ ਜਹਾਜ਼ ਤੇ ਜੁਰਮ ਕੀਤਾ ਗਿਆ ਹੈ ਜੇਕਰ ਜਹਾਜ਼ ਦੀ ਉਡਾਣ ਤੇ ਉਤਰਨ ਦੀ ਜਗਾਹ ਇਕੋ ਮੁਲਕ ਦੀ ਹਦੂਦ 'ਚ ਹੈ ਤੇ ਇਹ ਮੁਲਕ ਉਸ ਆਰਟੀਕਲ ' ਚ ਜ਼ਿਕਰ ਕੀਤੇ ਮੁਲਕਾਂ ਚੋਂ ਇਕ ਹੈ ਤਾਂ ਇਹ ਅਹਿਦਨਾਮਾ, ਆਰਟੀਕਲ 5 'ਚ ਬਿਆਨ ਕੀਤੇ ਗਏ ਮਾਮਲਿਆਂ ਤੇ ਲਾਗੂ ਨਹੀਂ ਹੁੰਦਾ।

(5) ਜੇਕਰ ਜਹਾਜ਼ ਦੇ ਚੜ੍ਹਨ ਤੇ ਉਤਰਨ ਦੀ ਜਗਾਹ ਇਕੋ ਮੁਲਕ ਵਿਚ ਹੋਵੇ, ਪਰ ਜੇ

ਮੁਜਰਿਮ ਜਾਂ ਅੰਖਤੀ-ਮੁਜਰਿਮ ਜਹਾਜ਼ ਰਜਿਸਟਰ ਹੋਣ ਵਾਲੇ ਮੁਲਕ ਤੋਂ ਇਲਾਵਾ ਕਿਸੇ ਦੂਜੇ ਮੁਲਕ 'ਚ ਮੌਜੂਦ ਹੋ ਤਾਂ ਇਸ ਆਰਟੀਕਲ ਦੇ ਪੈਰਾ 3 ਅਤੇ 4 ਦੇ ਬਾਵਜੂਦ ਆਰਟੀਕਲ 6-7-8- ਤੇ 10 ਲਾਗੂ ਹੋਣਗੇ।

ਆਰਟੀਕਲ 4.

(1) ਜੁਰਮਾਂ, ਅਤੇ ਅੰਖਤੀ ਮੁਜਰਿਮ ਵਲੋਂ ਜੁਰਮ ਦੌਰਾਨ ਮੁਸਾਫਿਰਾਂ ਜਾਂ ਅਮਲੇ ਦੇ ਖਿਲਾਫ ਕੀਤੀ ਗਈ ਹੋਰ ਕਿਸੇ ਕਿਸਮ ਦੀ ਤਸ਼ੱਦਦ ਦੀ ਕਾਰਵਾਈ ਬਾਰੇ ਹੇਠ ਲਿਖੇ ਮਾਮਲਿਆਂ ਵਿਚ ਮੁਆਇਦੇ ਵਾਲੇ ਮੁਲਕ ਆਪਣੇ ਇਖਤਿਆਰ ਕਾਇਮ ਕਰਨ ਵਾਸਤੇ ਜ਼ਰੂਰ ਕਦਮ ਚੁਕਣਗੇ:—

(ੳ) ਉਸ ਮੁਲਕ 'ਚ ਰਜਿਸਟਰਡ ਜਹਾਜ਼ ਤੇ ਜੁਰਮ ਕੀਤਾ ਗਿਆ ਹੈ

(ਅ) ਜਦੋਂ ਕਿਸੇ ਜਹਾਜ਼ 'ਚ ਕੋਈ ਜੁਰਮ ਕੀਤਾ ਜਾਂਦਾ ਹੈ ਤੇ ਉਸ ਮੁਲਕ 'ਚ ਮੁਜਰਿਮ, ਸਮੇਤ ਜਹਾਜ਼, ਉਸ ਦੀ ਹਦੂਦ 'ਚ ਉਤਰਦਾ ਹੈ

(ੲ) ਜਿਸ ਜਹਾਜ਼ ਨੂੰ ਬਿਨਾ ਅਮਲੇ ਤੋਂ ਪਟੇ (ਲੀਜ਼) ਤੇ ਕਿਸੇ ਨੂੰ ਦਿਤਾ ਗਿਆ ਹੋਵੇ ਤੇ ਜੇ ਅਜਿਹੇ ਜਹਾਜ਼ ਤੇ ਜੁਰਮ ਕੀਤਾ ਗਿਆ ਹੋਵੇ ਤਾਂ ਪਟੇਦਾਰ ਦੇ ਮੂਲ ਅਦਾਰੇ ਵਾਲੀ ਜਗਾਹ ਜਾਂ ਜੇ ਕਰ ਅਜਿਹਾ ਅਦਾਰਾ ਨਾ ਹੋਵੇ ਤਾਂ ਉਸ ਦੀ ਪੱਕੀ ਰਿਹਾਇਸ਼ ਵਾਲੇ ਮੁਲਕ ਵਿਚ।

(2) ਜਦੋਂ ਕੋਈ ਮੁਜਰਿਮ ਕਿਸੇ ਐਸੇ ਮੁਲਕ 'ਚ ਮੌਜੂਦ ਹੋਣ, ਜਿਹੜਾ ਮੁਲਕ ਆਰਟੀਕਲ 8 ਦੀ ਤਾਮੀਲ ਹੇਠ ਉਸ ਮੁਜਰਿਮ ਨੂੰ ਇਸ ਆਰਟੀਕਲ ਦੇ ਪੈਰਾ ਨੰਬਰ 1 ਵਾਲੇ ਮੁਲਕ ਦੇ ਹਵਾਲੇ ਨਾ ਕਰਨਾ ਚਾਹੇ ਤਾਂ ਉਨ੍ਹਾਂ ਮਾਮਲਿਆਂ ਵਿਚ ਮੁਆਇਦੇ ਵਾਲੇ ਮੁਲਕ ਅਜਿਹੇ ਕਦਮ ਚੁਕਣਗੇ ਜਿਹੜੇ ਕਿ ਇਖਤਿਆਰ ਕਾਇਮ ਕਰਨ ਵਾਸਤੇ ਜ਼ਰੂਰੀ ਹੋਣ।

(3) ਇਹ ਅਹਿਦਨਾਮਾ ਕਿਸੇ ਵੀ ਕੌਮੀ ਕਾਨੂੰਨ ਮੁਤਾਬਿਕ ਫੌਜਦਾਰੀ ਇਖਤਿਆਰ ਨੂੰ ਖਾਰਿਜ ਨਹੀਂ ਕਰਦਾ।

ਆਰਟੀਕਲ 7.

ਮੁਆਇਦੇ ਵਾਲੇ ਮੁਲਕ, ਜਿਨ੍ਹਾਂ ਦੇ ਇਲਾਕੇ 'ਚ ਅੰਖਤੀ-ਮੁਜਰਿਮ ਮੌਜੂਦ ਹੋ, ਅਤੇ ਉਹ ਮੁਲਕ ਉਸ ਨੂੰ ਦੂਜੇ ਮੁਲਕ ਦੇ ਹਵਾਲੇ ਨਹੀਂ ਕਰਨਾ ਚਾਹੁੰਦਾ, ਤਾਂ ਬਿਨਾ ਕਿਸੇ ਛੋਟ ਤੋਂ ਤੇ ਬੇਸ਼ਕ ਉਹ ਜੁਰਮ ਉਸ ਦੇ ਇਲਾਕੇ ਵਿਚ ਹੋਇਆ ਹੈ ਜਾਂ ਨਹੀਂ, ਉਹ ਮੁਲਕ ਇਸ ਗੱਲ

ਦਾ ਪਾਬੰਦ ਹੋਵੇਗਾ ਕਿ ਉਸ ਨੂੰ ਮੁਨਾਸਿਬ ਹਾਕਮਾਂ ਅੱਗੇ ਮੁਕਦਮੇ ਵਾਸਤੇ ਪੇਸ਼ ਕੀਤਾ ਜਾਵੇ।

ਉਹ ਹਾਕਮ ਇਸ ਮਾਮਲੇ ਵਿਚ ਉਸੇ ਤਰੀਕੇ ਨਾਲ ਫੈਸਲਾ ਕਰੇਗਾ, ਜਿਸ ਤਰੀਕੇ ਨਾਲ ਉਸ ਮੁਲਕ 'ਚ ਕਿਸੇ ਆਮ ਤਰੀਕੇ ਦੇ ਸੰਗੀਨ ਜੁਰਮ ਦਾ ਫੈਸਲਾ ਕੀਤਾ ਜਾਂਦਾ ਹੈ।

86. ਇਹ ਗੱਲ ਕਾਬਲੇ-ਗੌਰ ਹੈ ਕਿ ਹੇਗ ਅਤੇ ਟੋਕੀਓ ਅਹਿਦਨਾਮਿਆਂ ਦਾ ਤਾਅਲਕ ਸਿਰਫ ਤੇ ਸਿਰਫ ਉਨ੍ਹਾਂ ਜੁਰਮਾਂ ਨਾਲ ਹੈ ਜਿਹੜੇ ਜਹਾਜ਼ ਦੀ ਉਡਾਨ ਦੇ ਦੌਰਾਨ ਕੀਤੇ ਹਨ। ਸਿਵਲ ਹਵਾਬਾਜ਼ੀ ਦੀ ਹਿਫਾਜ਼ਤ ਵਾਸਤੇ ਦੂਜੀਆਂ ਗੈਰ-ਕਾਨੂੰਨੀ ਕਾਰਵਾਈਆਂ ਰੋਕਣ ਖਾਤਿਰ, ਮੌਂਟਰੀਅਲ ਕਨਵੈਨਸ਼ਨ ਕੀਤੀ ਗਈ ਸੀ। ਕਿਉਂਕਿ ਇਹ ਕਨਵੈਨਸ਼ਨ ਸਿੱਧੇ ਤੌਰ ਤੇ ਹਾਈਜੈਕਿੰਗ ਬਾਰੇ ਕੁਝ ਨਹੀਂ ਕਹਿੰਦੀ, ਸੋ ਇਸ ਦਾ ਜ਼ਿਕਰ ਏਥੇ ਗੈਰ-ਜ਼ਰੂਰੀ ਹੈ, ਇਸ ਕਰਕੇ ਉਸਨੂੰ ਏਥੇ ਪੇਸ਼ ਕਰਨ ਦੀ ਕੋਈ ਜ਼ਰੂਰਤ ਨਹੀਂ ਹੈ।

87. ਪਾਕਿਸਤਾਨ ਵਿਚ 25 ਜਨਵਰੀ 1978 ਨੂੰ ਮਾਰਸ਼ਲ ਲਾਅ ਰੈਗੂਲੇਸ਼ਨਜ਼ ਨੰਬਰ 29 ਰਾਹੀਂ ਹਾਈਜੈਕਿੰਗ ਨੂੰ ਪਹਿਲੀ ਵਾਰੀ ਜੁਰਮ ਗਰਦਾਨਿਆ ਗਿਆ। ਇਥੇ ਇਹ ਜ਼ਿਕਰ ਕਰਨਾ ਦਿਲਚਸਪ ਹੋਵੇਗਾ ਕਿ 20 ਜਨਵਰੀ 1978 ਨੂੰ ਸੁਕੂਰ ਤੋਂ 42 ਮੁਸਾਫਿਰਾਂ ਨੂੰ ਕਰਾਚੀ ਲਿਜਾ ਰਿਹਾ ਜਿਹੜਾ ਫੋਕਰ ਪੀ ਕੇ 543 ਜਹਾਜ਼ ਨਜ਼ੀਰ ਅਹਿਮਦ ਨੇ ਅਗਵਾ ਕੀਤਾ ਸੀ, ਉਸ ਉੱਤੇ ਅਦਾਲਤ ਵਿਚ ਮਾਰਸ਼ਲ ਲਾਅ ਰੈਗੂਲੇਸ਼ਨਜ਼ ਹੇਠ ਮੁਕਦਮਾ ਚਲਾਇਆ ਗਿਆ ਸੀ।

88. ਪਾਕਿਸਤਾਨ ਪੀਨਲ ਕੋਡ (ਦੂਜੀ ਸੋਧ) ਆਰਡੀਨੈਂਸ 1981, ਰਾਹੀਂ ਦਫਾਵਾਂ 402 ਏ, 402 ਬੀ ਤੇ 402 ਸੀ ਪਾਸ ਕੀਤੀਆਂ ਗਈਆਂ ਸਨ, ਜਿਹੜੀਆਂ ਕਿ 20 ਅਗਸਤ 1981 ਤੋਂ ਲਾਗੂ ਹੋਣੀਆਂ ਸਨ। ਉਸੇ ਹੀ ਦਿਨ ਇਕ ਹੋਰ ਆਰਡੀਨੈਂਸ ਰਾਹੀਂ 'ਸਪਰੈਸ਼ਨ ਆਫ ਟੈਰਰਿਸਟ ਐਕਟੀਵਿਟੀਜ਼ (ਸਪੈਸ਼ਲ ਕੋਰਟਜ਼) ਐਕਟ 1975' ਵਿਚ ਸੋਧ ਕੀਤੀ ਗਈ ਸੀ ਤੇ ਤਾਜ਼ੀ-ਰਾਤੇ ਪਾਕਿਸਤਾਨ ਦੀਆਂ ਦਫਾਵਾਂ 402 ਏ, 402 ਬੀ ਤੇ 402 ਸੀ, ਉਸ ਐਕਟ ਦੀ ਫਹਿਰਿਸਤ ਵਿਚ ਇੰਦਰਾਜ ਕਰ ਦਿਤੀਆਂ ਗਈਆਂ ਸਨ। ਨਤੀਜੇ ਵਜੋਂ ਤਾਜ਼ੀ-ਰਾਤੇ ਪਾਕਿਸਤਾਨ ਦੀਆਂ ਦਫਾਵਾਂ 402 ਬੀ ਤੇ 402 ਸੀ ਹੇਠ ਕੀਤੇ ਗਏ ਜੁਰਮ 1975 ਦੇ ਐਕਟ ਦੇ ਮਾਅਨਿਆਂ ਵਿਚ ਫਹਿਰਿਸਤ ਵਾਲੇ ਜੁਰਮ ਬਣ ਗਏ।

89. ਭਾਵੇਂ ਨਾ ਤਾਂ ਮਾਰਸ਼ਲ ਲਾਅ ਰੈਗੂਲੇਸ਼ਨਜ਼ ਨੰਬਰ 29 ਅਤੇ ਨਾ ਹੀ ਤਾਜ਼ੀ-

ਰਾਤੇ ਪਾਕਿਸਤਾਨ (ਦੂਜੀ ਸੋਧ) ਆਰਡੀਨੈਂਸ 1981 ਵਿਚ ਕੋਈ ਅਜਿਹਾ ਐਲਾਨ-ਨਾਮਾ ਜਾਂ ਇਸ਼ਾਰਾ ਹੈ, ਜਿਸ ਤੋਂ ਕਿ ਕਾਨੂੰਨ-ਸਾਜ਼ੀ ਦਾ ਮਕਸਦ ਪਤਾ ਲਗ ਸਕੇ ਕਿ ਹਾਈਜੈਕਿੰਗ ਨੂੰ ਇੰਟਰਨੈਸ਼ਨਲ ਕਾਨੂੰਨ ਦੇ ਇਕਰਾਰਨਾਮੇ ਵਜੋਂ ਜੁਰਮ ਗਰਦਾਨਿਆ ਗਿਆ ਸੀ, ਪਰ ਇਹ ਇਕ ਮੰਨਿਆ ਪਰਮੰਨਿਆ ਨਜ਼ਰੀਆ ਹੈ ਕਿ ਹੇਗ, ਟੋਕੀਓ ਤੇ ਮਾਂਟਰੀਅਲ ਕਨਵੈਨਸ਼ਨਜ਼ ਵਿਚ ਪਾਕਿਸਤਾਨ ਦੇ ਇਕ ਮੁਆਇਦੇ ਵਾਲੇ ਮੁਲਕ ਦੇ ਇੰਟਰਨੈਸ਼ਨਲ ਅਹਿਦਨਾਮੇ ਦੀ ਪੂਰਤੀ ਵਜੋਂ, ਖਾਸ ਕਰਕੇ ਹੇਗ ਕਨਵੈਨਸ਼ਨ ਦੇ ਆਰਟੀਕਲ 4 ਹੇਠ, ਪਾਕਿਸਤਾਨੀ ਇਕਰਾਰਨਾਮੇ ਵਜੋਂ, ਇਹ ਦੋਵੇਂ ਕਾਨੂੰਨ ਬਣਾਏ ਗਏ ਸਨ। ਪਾਕਿਸਤਾਨ ਨੇ ਹੇਗ ਕਨਵੈਨਸ਼ਨ ਨੂੰ 28 ਸਿਤੰਬਰ 1973 ਨੂੰ ਤੇ ਮਾਂਟਰੀਅਲ ਕਨਵੈਨਸ਼ਨ ਨੂੰ 24 ਜਨਵਰੀ 1974 ਨੂੰ ਤਸਦੀਕ ਕਰ ਦਿਤਾ ਸੀ। ਇਸ ਸਿਲਸਿਲੇ ਵਿਚ ਨਜ਼ੀਰ ਅਹਿਮਦ ਬਨਾਮ ਅੱਬਾਸ ਅਲੀ ਖਾਨ (ਪੀ ਐਲ ਡੀ 1978, ਕਰਾਚੀ 777) ਦੇ ਹਵਾਲੇ ਨੂੰ ਪ੍ਰੌੜਤਾ ਵਜੋਂ ਇਸਤੇਮਾਲ ਕੀਤਾ ਜਾ ਸਕਦਾ ਹੈ।

90. ਇਥੇ ਇਹ ਜ਼ਿਕਰ ਕਰਨਾ ਮੁਨਾਸਿਬ ਹੋਵੇਗਾ ਕਿ ਅਹਿਦਨਾਮੇ ਵਾਲੇ ਕੁਝ ਮੁਲਕਾਂ ਨੇ ਹਾਈਜੈਕਿੰਗ ਦੇ ਜੁਰਮ ਬਾਰੇ ਉਚੇਚੇ ਕਾਨੂੰਨ ਬਣਾਏ ਹਨ ਅਤੇ ਇਸ ਨਾਲ ਵਾਬਸਤਾ ਅਤੇ ਜੁੜਵੇਂ ਮਸਲਿਆਂ ਬਾਰੇ ਵੀ ਜ਼ਿਕਰ ਕੀਤਾ ਹੈ। ਮਿਸਾਲ ਵਜੋਂ ਇੰਗਲੈਂਡ 'ਚ ਹਾਈਜੈਕਿੰਗ ਐਕਟ 1971 ਲਾਗੂ ਹੈ। ਇਹ ਕਾਨੂੰਨੀ ਐਲਾਨ-ਨਾਮੇ ਵਿਚ ਸਾਫ਼ ਲਫ਼ਜ਼ਾਂ ਵਿਚ ਹੇਗ ਕਨਵੈਨਸ਼ਨ ਦਾ ਸਿਰਫ਼ ਹਵਾਲਾ ਹੀ ਨਹੀਂ ਦੇਂਦਾ, ਬਲਕਿ ਮਸਲੇ ਨਾਲ ਵਾਬਸਤਾ ਹਰ ਤਫ਼ਸੀਲ, ਸਣੇ ਕਾਨੂੰਨੀ ਇਖ਼ਤਿਆਰਾਂ ਅਤੇ ਉਨ੍ਹਾਂ ਦੀ ਵਰਤੋਂ ਦੀ ਹਾਲਤ, ਬਾਰੇ ਵੀ ਵਾਕਫ਼ੀ ਦੇਂਦਾ ਹੈ। ਪਾਕਿਸਤਾਨ ਵਿਚ ਅਪਣਾਏ ਗਏ ਤਰੀਕੇ ਦਾ ਮਕਸਦ, ਹਾਈਜੈਕਿੰਗ ਦੇ ਜੁਰਮ ਨੂੰ ਤਾਜ਼ੀ-ਰਾਤੇ ਪਾਕਿਸਤਾਨ ਦਾ ਹਿੱਸਾ ਬਣਾਉਣਾ ਸੀ; ਅਤੇ ਕਰਿਮੀਨਲ ਪਰੋਸੀਜਰ ਕੋਡ ਦੀ ਸੈਕਸ਼ਨ 25 ਮੁਤਾਬਿਕ 'ਤਾਜ਼ੀ-ਰਾਤੇ ਪਾਕਿਸਤਾਨ' ਹੇਠਲੇ ਸਾਰੇ ਜੁਰਮਾਂ ਨੂੰ ਘੋਖਿਆ, ਪੜਤਾਲਿਆ ਅਤੇ ਜਾਂਚਿਆ ਜਾਵੇਗਾ ਅਤੇ (ਕਰਿਮੀਨਲ ਪਰੋਸੀਜਰ ਕੋਡ ਦੀਆਂ ਸ਼ਰਤਾਂ ਦੇ ਨੇਮਾਂ ਮੁਤਾਬਿਕ) ਨਿਪਟਿਆ ਜਾਵੇਗਾ।'

91. ਦਫ਼ਾ 402 ਏ ਵਿਚ ਹਾਈਜੈਕਿੰਗ ਦਾ ਮਾਅਨਾ ਦਸਿਆ ਗਿਆ ਹੈ ਇਸ ਮੁਤਾਬਿਕ:— 'ਜੇ ਕੋਈ ਸ਼ਖ਼ਸ ਤਾਕਤ ਦੀ ਵਰਤੋਂ ਜਾਂ ਦਿਖਾਵੇ ਨਾਲ ਜਾਂ ਕਿਸੇ ਕਿਸਮ ਦੀ ਧਮਕੀ ਨਾਲ ਕਿਸੇ ਹਵਾਈ ਜਹਾਜ਼ ਦਾ ਗ਼ੈਰ-ਕਾਨੂੰਨੀ ਤੌਰ 'ਤੇ ਇਖ਼ਤਿਆਰ ਖੋਂਹਦਾ ਹੈ ਜਾਂ ਚਲਵਾਉਂਦਾ ਹੈ, ਤਾਂ ਉਸ ਨੇ ਹਾਈਜੈਕਿੰਗ ਦਾ ਜੁਰਮ ਕੀਤਾ ਹੈ। ਸੈਕਸ਼ਨ 402 ਬੀ ਵਿਚ ਹਾਈਜੈਕਿੰਗ ਦੇ ਜੁਰਮ ਦੀ ਸਜ਼ਾ ਦਸੀ ਗਈ ਹੈ। ਇਸ ਮੁਤਾਬਿਕ: 'ਜੇ ਕੋਈ ਵੀ

ਹਾਈਜੈਕਿੰਗ ਕਰਦਾ ਹੈ ਜਾਂ ਇਸ ਦੀ ਸਾਜਿਸ਼ ਕਰਦਾ ਹੈ ਜਾਂ ਕਰਨ ਦੀ ਕੋਸ਼ਿਸ਼ ਕਰਦਾ ਹੈ ਜਾਂ ਕਰਨ ਵਾਲੇ ਦੀ ਇਮਦਾਦ ਕਰਦਾ ਹੈ, ਉਸ ਦੀ ਸਜ਼ਾ, ਸਜ਼ਾਏ-ਮੌਤ ਜਾਂ ਉਮਰ ਕੈਦ ਹੋਵੇਗੀ ਅਤੇ ਉਸ ਦੀ ਜਾਇਦਾਦ ਜ਼ਬਤੀ ਅਤੇ ਜੁਰਮਾਨਾ ਵੀ ਕੀਤਾ ਜਾ ਸਕੇਗਾ।' ਸੈਕਸ਼ਨ 402 ਸੀ ਵਿਚ ਹਾਈਜੈਕਰਾਂ ਨੂੰ ਪਨਾਹ ਦੇਣ ਵਗੈਰਾ ਵਾਸਤੇ ਸਜ਼ਾ ਦਸੀ ਗਈ ਹੈ। ਹਥਲੇ ਕੇਸ ਵਿਚ ਇਹ ਢੁਕਵੀਂ ਨਹੀਂ, ਸੋ ਇਸ ਨੂੰ ਗੋਲਣ ਦੀ ਕੋਈ ਜ਼ਰੂਰਤ ਨਹੀਂ।

92. ਇਹ ਗੱਲ ਕਾਬਲੇ-ਗੌਰ ਹੈ ਕਿ ਤਾਜ਼ੀ-ਰਾਤੇ ਪਾਕਿਸਤਾਨ ਦੀ ਦਫਾ 402 ਏ, ਜਿਸ ਵਿਚ ਹਾਈਜੈਕਿੰਗ ਦੇ ਜੁਰਮ ਨੂੰ ਬਿਆਨ ਕੀਤਾ ਗਿਆ ਹੈ, ਹੇਗ ਕਨਵੈਨਸ਼ਨ ਦੇ ਆਰਟੀਕਲ 1 ਵਿਚੋਂ ਹੂ-ਬ-ਹੂ ਨਹੀਂ ਉਤਾਰੀ ਗਈ, ਹੇਗ ਕਨਵੈਨਸ਼ਨ ਦੇ ਆਰਟੀਕਲ 1, ਅਤੇ ਦਫਾ 402 ਏ ਵਿਚ ਫਰਕ ਵਾਲੇ ਨੁਕਤੇ ਹੇਠ ਲਿਖੇ ਹਨ—

(1) ਕਨਵੈਨਸ਼ਨ ਮੁਤਾਬਿਕ ਮੁਜਰਿਮ ਹਵਾਈ ਜਹਾਜ਼ 'ਚ ਹਾਜ਼ਿਰ ਹੋਣਾ ਚਾਹੀਦਾ ਹੈ ਪਰ ਦਫਾ 402 ਦੇ ਵਿਚ 'ਹਵਾਈ ਜਹਾਜ਼ ਤੇ ਹਾਜ਼ਿਰ' ਲਫ਼ਜ਼ ਇਸਤੇਮਾਲ ਨਹੀਂ ਕੀਤੇ ਗਏ।

(2) ਕਨਵੈਨਸ਼ਨ ਮੁਤਾਬਿਕ ਜਿਸ ਹਵਾਈ ਜਹਾਜ਼ ਤੇ ਜੁਰਮ ਕੀਤਾ ਗਿਆ ਹੋਵੇ ਉਹ 'ਉਡਾਨ 'ਚ' ਹੋਣਾ ਜ਼ਰੂਰੀ ਹੈ ਪਰ ਤਾਜ਼ੀ-ਰਾਤੇ ਪਾਕਿਸਤਾਨ ਦੀ ਦਫਾ 402 ਏ ਵਿਚੋਂ ਲਫ਼ਜ਼ ਸਰੇ-ਆਮ ਗਾਇਬ ਹਨ।

(3) ਹੇਗ ਕਨਵੈਨਸ਼ਨ ਵਿਚ "ਉਡਾਨ 'ਚ"ਦਾ ਮਾਅਨਾ ਬਿਆਨ ਕੀਤਾ ਗਿਆ ਹੈ, ਪਰ, ਜਿਵੇਂ ਕਿ ਦਫਾ 402 ਏ 'ਚ ਇਹ ਲਫ਼ਜ਼ ਇਸਤੇਮਾਲ ਹੀ ਨਹੀਂ ਹੋਏ, ਸੋ ਇਸ ਦੀ ਜ਼ਰੂਰਤ ਨਹੀਂ ਸੀ।

(4) ਹੇਗ ਕਨਵੈਨਸ਼ਨ ਮਿਲਟਰੀ ਕਸਟਮ ਅਤੇ ਪੁਲੀਸ ਦੀਆਂ ਸੇਵਾਵਾਂ ਦੇ ਵਰਤੇ ਜਾਣ ਵਾਲੇ ਜਹਾਜ਼ਾਂ ਤੇ ਲਾਗੂ ਨਹੀਂ ਹੁੰਦੀ, ਪਰ ਦਫਾ 402 ਏ ਵਿਚ ਇਨ੍ਹਾਂ ਜਹਾਜ਼ਾਂ ਨੂੰ ਛੋਟ ਨਹੀਂ ਦਿਤੀ ਗਈ।

(5) ਹੇਗ ਕਨਵੈਨਸ਼ਨ ਤਾਂ ਲਾਗੂ ਹੁੰਦੀ ਹੈ ਜੇਕਰ ਹਾਈਜੈਕ ਕੀਤੇ ਜਹਾਜ਼ ਦੀ ਉਡਾਨ ਜਾਂ ਜਹਾਜ਼ ਦੇ ਉਤਰਨ ਦੀ ਜਗਹ, ਜਹਾਜ਼ ਦੇ ਰਜਿਸਟਰੇਸ਼ਨ ਵਾਲੇ ਮੁਲਕ ਤੋਂ ਵਖ ਹੋਵੇ, ਪਰ ਦਫਾ 402 ਏ ਅਜਿਹਾ ਕੋਈ ਵਖਰੇਵਾਂ ਨਹੀਂ ਕਰਦੀ।

੧੩. ਇਸ ਮੌਕੇ ਤੇ ਇਹ ਵੇਖਣਾ ਮੁਨਾਸਿਬ ਹੋਵੇਗਾ ਕਿ ਮੌਜੂਦਾ ਕੇਸ ਵਿਚ ਦਫਾ 402 ਏ ਦੇ ਮਕਸਦ ਵਾਸਤੇ ਅਸੀਂ ਇਨ੍ਹਾਂ ਕਨਵੈਨਸ਼ਨਜ਼ ਦਾ ਕੀ ਫਾਇਦਾ ਉਠਾ ਸਕਦੇ ਹਾਂ। ਇਹ ਇਕ ਮੰਨਿਆ ਪਰਮੰਨਿਆ ਅਸੂਲ ਹੈ ਕਿ 'ਜਿਸ ਕਾਨੂੰਨ ਵਿਚ ਕਿਸੇ ਕਿਸਮ ਦਾ ਸ਼ੱਕ ਨਾ ਪੈਦਾ ਹੁੰਦਾ ਹੋਵੇ, ਉਸ ਦੀ ਤਸ਼ਰੀਹ ਕਰਨ ਵਾਸਤੇ ਇੰਟਰਨੈਸ਼ਨਲ ਕਨਵੈਨਸ਼ਨਜ਼ ਦਾ ਸਹਾਰਾ ਨਾ ਲਿਆ ਜਾਵੇ, ਪਰ ਜੇ ਕਰ ਕਾਨੂੰਨ ਸਾਜ਼ੀ ਦੀਆਂ ਮੱਦਾਂ ਨਿਖਰਵੀਆਂ ਨਾ ਹੋਣ ਤਾਂ ਅਸੀਂ ਕਾਨੂੰਨ ਦੀ ਲਫਾਜ਼ੀ ਦੇ ਸ਼ੱਕ ਤੇ ਪੇਚੀਦਗੀ ਨੂੰ ਹੱਲ ਕਰਨ ਵਾਸਤੇ ਕਨਵੈਨਸ਼ਨਜ਼ ਵਿਚੋਂ ਹਵਾਲੇ ਲੈ ਸਕਦੇ ਹਾਂ।' (ਵੇਖੋMaxwell — Interpretation of Statutes, Twelvth Edition, Page 54) 'ਆਮ ਕਿਆਸ ਕੀਤਾ ਜਾਂਦਾ ਹੈ ਕਿ ਜਿਥੋਂ ਤਕ ਕਾਨੂੰਨਾਂ ਦੀ ਲੱਫਾਜ਼ੀ ਦਾ ਸਵਾਲ ਹੈ, ਕਾਨੂੰਨ—ਘੜਨੀ ਕਾਨੂੰਨ ਦੇ ਮਾਅਨੇ ਦੇ ਬਿਆਨ ਤੋਂ ਵਧ ਇਖਤਿਆਰ ਵਰਤਣ ਦਾ ਇਰਾਦਾ ਨਹੀਂ ਰਖਦੀ ਤਾਂ ਜੋ ਇਹ, ਕੌਮਾਂ ਦੇ ਸਲੀਕੇ ਜਾਂ ਇੰਟਰਨੈਸ਼ਨਲ ਕਾਨੂੰਨ ਨਾਲ ਬੇਮੇਲ ਨਾ ਹੋ ਜਾਵੇ, ਅਤੇ, ਜੇ ਕਰ ਸਾਫ ਅਤੇ ਸ਼ੱਕ-ਹੀਣ ਲੱਫਾਜ਼ੀ ਦੀ ਜ਼ਰੂਰਤ ਨੇ ਮਜਬੂਰ ਨਾ ਕੀਤਾ ਤਾਂ ਅਦਾਲਤ ਅਜਿਹੀ ਵਿਉਂਤ ਤੋਂ ਬਚਾਅ ਕਰੇਗੀ ਜਿਹੜੀ ਕਿ ਅਜਿਹਾ ਬੇਮੇਲ ਪੈਦਾ ਕਰ ਦੇਵੇ। ਪਰ ਜੇ ਕਾਨੂੰਨ ਦੀ ਲੱਫਾਜ਼ੀ ਸਾਫ ਹੋ ਤਾਂ, ਮੁਕਾਮੀ ਤੇ ਇੰਟਰਨੈਸ਼ਨਲ ਕਾਨੂੰਨ ਵਿਚ ਤਕਰਾਰ ਦੇ ਬਾਵਜੂਦ, ਇਸ ਤੇ ਜ਼ਰੂਰ ਅਮਲ ਕੀਤਾ ਜਾਣਾ ਚਾਹੀਦਾ ਹੈ।' (ਮੈਕਸਵੈੱਲ, ਸਫਾ183) ਪਾਕਿਸਤਾਨ ਵਿਚ ਵੀ ਇਹੀ ਕਾਨੂੰਨ ਹੈ। ਹੈਨੋਵਰ ਫਾਇਰ ਇੰਸ਼ੋਰੈਂਸ ਕੰਪਨੀ ਬਨਾਮ ਮੈਸਰਜ਼ ਮੁਰਲੀਧਰ ਬਾਨਚੰਦ (ਪੀ ਐਲ ਡੀ, 1958, ਐਸ.ਸੀ. ਪਾਕਿਸਤਾਨ 138) ਵਿਚ ਇਹ ਮੰਨਿਆ ਗਿਆ ਸੀ ਕਿ 'ਹਰ ਕਾਨੂੰਨ ਦੀ ਤਸ਼ਰੀਹ ਉਸ ਦੀ ਲੱਫਾਜ਼ੀ ਦੇ ਮੁਤਾਬਿਕ ਕੀਤੀ ਜਾਣੀ ਚਾਹੀਦੀ ਹੈ ਅਤੇ ਇਸ ਨਾਲ ਇੰਟਰਨੈਸ਼ਨਲ ਸਲੀਕੇ ਜਾਂ ਇੰਟਰਨੈਸ਼ਨਲ ਕਾਨੂੰਨ ਦੇ ਮੰਨੇ ਪਰਮੰਨੇ ਨੇਮਾਂ ਦੀ ਖਿਲਾਫਤ ਨਾ ਹੋਵੇ।' (ਏ. ਐਮ. ਕੁਰੈਸ਼ੀ ਬਨਾਮ ਯੂਨੀਅਨ ਆਫ ਸੋਵੀਅਤ ਸੋਸ਼ਲਿਸਟ ਰੀਪਬਲਿਕ ਪੀ ਐਲ ਡੀ, 1981, ਐਸ. ਸੀ. 349, ਸਫਾ 333 ਉਤੇ) ਵੀ ਵੇਖੋ। ਦੂਸਰੇ ਲਫਜ਼ਾਂ ਵਿਚ ਜੇਕਰ ਤਾਜ਼ੀ-ਰਾਤੇ ਪਾਕਿਸਤਾਨ ਦੀ ਦਫਾ 402 ਏ ਵਿਚ, ਲੱਫਾਜ਼ੀ ਦਾ ਕੋਈ ਸ਼ੱਕਾ ਹੈ ਤਾਂ ਫਿਰ ਤਾਜ਼ੀ-ਰਾਤੇ ਪਾਕਿਸਤਾਨ ਦੀ ਦਫਾ 402 ਏ ਦੀ ਤਸ਼ਰੀਹ ਵਾਸਤੇ ਉਪਰ ਜ਼ਿਕਰ ਕੀਤੀਆਂ ਇੰਟਰਨੈਸ਼ਨਲ ਕਰਵੈਨਸ਼ਨਜ਼ 'ਚੋਂ ਹਵਾਲਾ ਲਿਆ ਜਾ ਸਕਦਾ ਹੈ। ਨਾਲੇ 'ਦੁਮਾਅਨੀ' ਹੁੰਦਾ ਕੀ ਹੈ? ਇਕ ਦਫਾ ਉਦੋਂ ਦੁਮਾਅਨੀ (ਅਸਪਸ਼ਟ) ਹੈ ਜਦੋਂ ਉਸ ਦੀ ਲੱਫਾਜ਼ੀ ਸਾਫ ਨਾ ਹੋਵੇ, ਯਾਨਿ, 'ਉਸ ਦੀ ਦੋ ਤਰ੍ਹਾਂ ਨਾਲ ਤਸ਼ਰੀਹ ਹੁੰਦੀ ਹੋਵੇ। (ਲੈਂਡ ਰੈਵਨਿਊ ਕਮਿਸ਼ਨਰ ਬਨਾਮ ਜੋਇੰਦਰ (1974, 3,ਅਲਾਹਬਾਦ, ਬੀ.ਆਰ. 1050)

ਵਿਚ ਇਸ ਹੀ 'ਮੁਨਾਸਿਬ ਅਤੇ ਬਰਾਬਰ' (Fairly & equally) ਲਫ਼ਜ਼ੀ ਦੇ ਵਖ ਵਖ ਮਾਅਨੇ ਨਿਕਲ ਸਕਦੇ ਹਨ। ਰੇਕਸ ਬਨਾਮ ਸਿਟੀ ਆਫ਼ ਲੰਡਨ (1991, ਆਈ. ਕਿਊ. ਬੀ. 273)।

94. ਹੋਰ ਫੌਜਦਾਰੀ ਜੁਰਮਾ ਵਾਂਗ ਹਾਈਜੈਕਿੰਗ ਜੁਰਮ ਵਿਚ ਵੀ ਦੋ ਚੀਜ਼ਾਂ ਜ਼ਰੂਰੀ ਹਨ:—

ਪਹਿਲਾ, ਕਿ ਇਹ ਕੀਤਾ ਗਿਆ ਸੀ ਅਤੇ ਦੂਜਾ, ਕਿ ਮੁਜਰਿਮ ਹੀ ਇਸ ਦੇ ਕਰਨ ਵਾਲੇ ਹਨ ਅਤੇ ਇਹ ਸਾਬਿਤ ਕਰਨ ਵਾਸਤੇ ਕਿ ਮੁਜਰਿਮਾਂ ਨੇ ਹਾਈਜੈਕਿੰਗ ਦਾ ਜੁਰਮ ਕੀਤਾ ਸੀ, ਇਸਤਗਾਸਾ ਨੂੰ ਦਫ਼ਾ 402 ਏ ਦੇ ਸਹੀ ਜ਼ਰੂਰੀ ਜੁਜ਼ ਸਾਬਿਤ ਕਰਨੇ ਹੋਣਗੇ। ਦੂਜੇ ਲਫ਼ਜ਼ਾਂ ਵਿਚ ਤਾਜ਼ੀ-ਰਾਤੇ ਪਾਕਿਸਤਾਨ ਦੀ ਦਫ਼ਾ 402 ਏ ਉੱਤੇ ਮੁਨੰਸਰ ਜ਼ਰੂਰੀ ਵਕੂਆ ਸਾਬਿਤ ਕਰਨਾ ਹੋਵੇਗਾ। ਦਫ਼ਾ 402 ਏ ਵਿਚਲੇ ਜ਼ਰੂਰੀ ਜੁਜ਼ ਕੀ ਹਨ, ਨੂੰ ਹੇਠ ਲਿਖੇ 2 ਤਰੀਕਿਆਂ ਨਾਲ ਪੜ੍ਹੇ ਜਾ ਸਕਣ ਦੀ ਗੁੰਜਾਇਸ਼ ਹੈ। ਪਹਿਲਾ ਇਹ ਕਿ ਇਕ ਸ਼ਖਸ ਜਿਹੜਾ ਕਿ ਗੈਰ-ਕਾਨੂੰਨੀ ਤਰੀਕੇ ਨਾਲ ਕਿਸੇ ਹਵਾਈ ਜਹਾਜ਼ ਤੇ ਕਬਜ਼ਾ ਕਰਦਾ ਹੈ ਜਾਂ ਇਸ ਦੇ ਇਖਤਿਆਰ ਨੂੰ ਚਲਵਾਉਂਦਾ ਹੈ ਅਤੇ ਇਸ ਵਾਸਤੇ ਤਾਕਤ ਜਾਂ ਕਿਸੇ ਤਰ੍ਹਾਂ ਦੀ ਧਮਕੀ ਦੀ ਵਰਤੋਂ ਜਾਂ ਦਿਖਾਵਾ ਕਰਦਾ ਹੈ, ਉਹ ਹਾਈਜੈਕਿੰਗ ਦਾ ਜੁਰਮ ਕਰਦਾ ਹੈ।

> ਦੂਜਾ, * ਤਾਕਤ ਦੀ ਵਰਤੋਂ ਜਾਂ ਦਿਖਾਵਾ ਜਾਂ ਕਿਸੇ ਕਿਸਮ ਦੀ ਧਮਕੀ ਦਿਤੀ ਗਈ ਹੈ:
>
> * ਤਾਕਤ ਦੀ ਵਰਤੋਂ ਜਾਂ ਦਿਖਾਵਾ ਜਾਂ ਕਿਸੇ ਕਿਸਮ ਦੀ ਧਮਕੀ ਦਾ ਮਕਸਦ ਜਹਾਜ਼ ਤੇ ਕਬਜ਼ਾ ਕਰਨਾ ਇਸ ਦਾ ਇਖਤਿਆਰ ਚਲਾਉਣਾ ਹੈ
>
> *ਤਾਕਤ ਦੀ ਵਰਤੋਂ ਜਾਂ ਦਿਖਾਵਾ ਜਾਂ ਧਮਕੀਆਂ, ਲਾਜ਼ਮੀ ਤੌਰ ਤੇ ਗੈਰ-ਕਾਨੂੰਨੀ ਹੋਣ।

ਦੂਜੇ ਲਫ਼ਜ਼ਾਂ ਵਿਚ ਤਾਜ਼ੀ-ਰਾਤੇ ਪਾਕਿਸਤਾਨ ਦੀ ਦਫ਼ਾ 402 ਏ ਵਿਚਲਾ ਫ਼ਰਕ ਇਹ ਹੈ ਕਿ ਕੀ 'ਗੈਰ-ਕਾਨੂੰਨੀ ਤੌਰ ਤੇ' ਲੱਫ਼ਜ਼ੀ 'ਜਹਾਜ਼ ਤੇ ਕਬਜ਼ਾ ਕਰਦਾ ਹੈ ਜਾਂ ਇਸ ਦੇ ਇਖਤਿਆਰ ਨੂੰ ਚਲਾਉਂਦਾ ਹੈ' ਦੀ ਤਸ਼ਰੀਹ ਵਾਸਤੇ ਹੈ ਜਾਂ ਕਿ 'ਤਾਕਤ ਦੀ ਵਰਤੋਂ ਜਾਂ ਦਿਖਾਵਾ ਜਾਂ ਕਿਸੇ ਕਿਸਮ ਦੀ ਧਮਕੀ' ਦੀ ਤਸ਼ਰੀਹ ਕਰਨ ਵਾਸਤੇ ਹੈ। ਕਹਿਣ ਦਾ ਮਤਲਬ ਇਹ ਹੈ ਕਿ 'ਗੈਰ ਕਾਨੂੰਨੀਅਤ' ਜਹਾਜ਼ ਤੇ ਕਬਜ਼ਾ ਕਰਨ ਜਾਂ ਇਖਤਿਆਰ ਚਲਾਉਣ ਦੀ ਹੈ ਜਾਂ ਕਿ ਤਾਕਤ ਦੀ ਵਰਤੋਂ ਜਾਂ ਦਿਖਾਵਾ ਜਾਂ ਕਿਸੇ ਕਿਸਮ ਦੀ ਧਮਕੀ ਦੀ ਹੈ। ਮੇਰੇ ਖਿਆਲ ਵਿਚ ਦਫ਼ਾ 402 ਏ ਵਿਚਲੇ 'ਗੈਰ ਕਾਨੂੰਨੀ ਤੌਰ ਤੇ ਲਫ਼ਜ਼

'ਜਹਾਜ਼ ਤੇ ਕਬਜ਼ਾ ਕਰਨ ਜਾਂ ਇਖਤਿਆਰ ਚਲਾਉਣ' ਦੀ ਤਸ਼ਰੀਹ ਕਰਦੇ ਹਨ। ਇਸ ਕਰਕੇ ਜੇ ਕਰ ਕੋਈ ਸਖਸ਼ ਗੈਰ-ਕਾਨੂੰਨੀ ਤਰੀਕੇ ਨਾਲ ਕਿਸੇ ਜਹਾਜ ਤੇ ਕਬਜ਼ਾ ਕਰਦਾ ਹੈ ਜਾਂ ਇਸ ਦਾ ਇਖਤਿਆਰ ਚਲਾਉਣ ਵਿਚ ਤਾਕਤ ਦੀ ਵਰਤੋਂ ਕੀਤੀ ਹੈ ਤਾਂ ਉਸਨੇ ਹਾਈਜੈਕਿੰਗ ਦਾ ਜੁਰਮ ਕੀਤਾ ਹੈ। ਇਸ ਤਸ਼ਰੀਹ ਦੀ ਪਰਿਤਤਾ ਟੋਕੀਓ ਕਨਵੈਨਸ਼ਨ ਦੇ ਆਰਟੀਕਲ 11 ਵਿਚੋਂ ਹੁੰਦੀ ਹੈ। ਉਸ ਮੁਤਾਬਿਕ ਜਦੋਂ ਕਿਸੇ ਸਖਸ਼ ਨੇ ਜਹਾਜ ਤੇ ਗੈਰ-ਕਾਨੂੰਨੀ ਤੌਰ ਤੇ ਤਾਕਤ ਜਾਂ ਧਮਕੀ ਵਰਤ ਕੇ ਦਖਲ-ਅੰਦਾਜ਼ੀ ਜਾਂ ਕਬਜ਼ਾ ਕਰਨ ਦੀ ਕਾਰਵਾਈ .... ' ਅਤੇ ਹੇਗ ਕਨਵੈਨਸ਼ਨ ਦਾ ਅੈਲਾਨ-ਨਾਮਾ ਵੀ, ਜਿਸ ਵਿਚ ਲਿਖਿਆ ਹੈ 'ਗੈਰ-ਕਾਨੂੰਨੀ ਤੌਰ ਤੇ ਚਲਦੇ ਹਵਾਈ ਜਹਾਜ ਤੇ ਕਬਜ਼ਾ ਕਰਨ ਜਾਂ ਇਖਤਿਆਰ ਚਲਾਉਣ ਦੀ ਕਾਰਵਾਈ।' ਇਥੇ ਵਰਤੀ ਗਈ ਲਫਜ਼ੀ ਵਧੇਰੇ ਸਾਫ਼ ਹੈ, ਇਹ ਸਾਫ਼ ਲਫਜ਼ਾਂ ਵਿਚ ਆਖਦੀ ਹੈ ਕਿ ਇਹ ਕਬਜ਼ਾ ਕਰਨ ਵਰਗਾਂ ਦੀ ਕਾਰਵਾਈ ਹੈ ਜਿਹੜੀ ਕਿ ਗੈਰ-ਕਾਨੂੰਨੀ ਤੌਰ ਤੇ ਹੈ।

95. ਲਫਜ਼ 'ਗੈਰ ਕਾਨੂੰਨੀ ਤੌਰ ਤੇ' ਆਪਣੇ ਆਪ 'ਚ ਜਾਹਿਰ ਕਰਦਾ ਹੈ ਕਿ ਅਜਿਹੇ ਮਾਮਲੇ ਵੀ ਹੋ ਸਕਦੇ ਹਨ ਜਿਨ੍ਹਾਂ ਵਿਚ ਜਹਾਜ ਤੇ ਕਬਜ਼ਾ ਕਰਨਾ ਜਾਂ ਇਖਤਿਆਰ ਚਲਾਉਣਾ ਕਾਨੂੰਨਨ ਹੋਵੇ। ਇਸ ਬਾਰੇ ਦੋ ਮਿਸਾਲਾਂ ਦਿਤੀਆਂ ਜਾ ਸਕਦੀਆਂ ਹਨ। ਪਹਿਲੀ ਮਿਸਾਲ ਦਾ ਹਵਾਲਾ ਮਿਸਟਰ ਅੈਸ. ਅੈਮ. ਜਫਰ ਨੇ ਦਿਤਾ ਹੈ ਕਿ ਜੇਕਰ ਹਾਈਜੈਕਰਾਂ ਨੇ ਇਕ ਹਵਾਈ ਜਹਾਜ ਤੇ ਕਬਜ਼ਾ ਕਰ ਲਿਆ ਪਰ ਉਨ੍ਹਾਂ ਨੂੰ ਜਹਾਜ ਤੇ ਸਵਾਰ ਸਕਿਉਰਿਟੀ ਅਫਸਰ ਨੇ ਕਾਬੂ 'ਚ ਕਰ ਲਿਆ ਤਾਂ ਜੋ ਜਹਾਜ ਦਾ ਕੰਟਰੋਲ ਪਾਇਲਟ ਨੂੰ ਦਿਤਾ ਜਾ ਸਕੇ। ਏਥੇ ਸਕਿਉਰਿਟੀ ਅਫਸਰ ਵਲੋਂ ਜਹਾਜ ਦਾ ਕਬਜ਼ਾ ਦਰੀਚੇ-ਸ਼ੱਕ ਕਾਨੂੰਨੀ ਕਾਰਵਾਈ ਹੈ। ਦੂਜੀ ਮਿਸਾਲ, ਪਿਛੇ ਜ਼ਿਕਰ ਕੀਤੇ, ਨਜ਼ੀਰ ਅਹਿਮਦ ਦੇ ਕੇਸ ਦੀ ਹੈ। ਉਸ ਕੇਸ ਵਿਚ ਏਅਰ ਮਾਰਸ਼ਲ ਨੂਰ ਖਾਨ ਨੇ ਆਪਣੀ ਜਾਨ ਨੂੰ ਖਤਰਾ ਭਾਸਦਿਆਂ ਕੈਪਟਨ ਖਾਲਦੂਨ ਗਨੀ ਦੀ ਇਮਦਾਦ ਨਾਲ ਕਾਬੂ ਕਰ ਲਿਆ ਅਤੇ ਇਸ ਉਸ ਤੋਂ ਹਵਾਈ ਜਹਾਜ ਦਾ ਇਖਤਿਆਰ ਖੋਹ ਲਿਆ ਅਤੇ ਜਹਾਜ ਅਤੇ ਇਸ ਦੀਆਂ ਸਵਾਰੀਆਂ ਨੂੰ ਬਚਾ ਲਿਆ। ਇਹ ਸਾਫ ਹੈ ਕਿ ਏਅਰ ਮਾਰਸ਼ਲ ਨੂਰ ਖਾਨ ਦੀ ਕਾਰਵਾਈ ਗੈਰ-ਕਾਨੂੰਨੀ ਕਾਰਵਾਈ ਨਹੀਂ ਸੀ।

96. ਮਿਸਟਰ ਅੈਸ. ਅੈਮ. ਜਫਰ ਦੇ ਖਿਆਲ ਵਿਚ 'ਗੈਰ-ਕਾਨੂੰਨੀ ਤੌਰ ਤੇ' ਦਾ ਮਤਲਬ ਉਹੀ ਹੈ ਜੋ 'ਕਾਨੂੰਨ ਦੇ ਖਿਲਾਫ' ਦਾ ਹੈ। ਇਕ ਹੋਰ ਤਰੀਕੇ ਨਾਲ ਇਨ੍ਹਾਂ ਦੋਹਾਂ ਨੂੰ ਇਕ ਦੂਜੇ ਦੇ ਬਦਲ ਵਜੋਂ ਵਰਤਿਆ ਜਾਂਦਾ ਹੈ। ਸੋ, ਉਨ੍ਹਾਂ ਨੇ ਤਾਜ਼ੀ-ਰਾਤੇ ਪਾਕਿਸਤਾਨ ਦੀ ਦਫ਼ਾ 43 ਵਿਚ 'ਕਾਨੂੰਨ ਦੇ ਖਿਲਾਫ' ਲਫਜ਼ ਦੀ ਤਸ਼ਰੀਹ ਦਾ

ਹਵਾਲਾ ਦੇਂਦਿਆਂ ਕਿਹਾ ਹੈ ਕਿ ਤਾਜ਼ੀ-ਰਾਤੇ ਪਾਕਿਸਤਾਨ ਦੀ ਦਫਾ 402 ਏ ਦੇ ਲਫਜ਼ 'ਗੈਰ ਕਾਨੂੰਨੀ ਤੌਰ ਤੇ' ਨੂੰ 'ਕਾਨੂੰਨ ਦੇ ਖਿਲਾਫ ਲਫਜ਼ ਦੇ ਮਾਅਨਿਆਂ ਵਿਚ ਸਮਝਣਾ ਚਾਹੀਦਾ ਹੈ। ਤਾਜ਼ੀ-ਰਾਤੇ ਪਾਕਿਸਤਾਨ ਦੀ ਦਫਾ 43 ਵਿਚਲਾ ਲਫਜ਼ 'ਕਾਨੂੰਨ ਦੇ ਖਿਲਾਫ' ਹਰ ਉਸ ਚੀਜ਼ ਤੇ ਲਾਗੂ ਹੁੰਦਾ ਹੈ ਜਿਹੜੀ ਕਿ ਇਕ ਜੁਰਮ ਹੈ ਅਤੇ ਜਾਂ ਜਿਸ ਉੱਤੇ ਕਾਨੂੰਨਨ ਪਾਬੰਦੀ ਲਾਈ ਗਈ ਹੈ ਜਾਂ ਜਿਸ ਦੀ ਬਿਨਾ ਤੇ ਦੀਵਾਨੀ ਐਕਸ਼ਨ ਲਿਆ ਜਾ ਸਕਦਾ ਹੈ।' ਮਿਸਟਰ ਐਸ. ਐਮ. ਜ਼ਫਰ-ਮੁਤਾਬਿਕ ਤਾਜ਼ੀ-ਰਾਤੇ ਪਾਕਿਸਤਾਨ ਦੀ ਦਫਾ 402 ਏ ਵਿਚ ਲਫਜ਼ ਗੈਰ-ਕਾਨੂੰਨੀ ਤੌਰ ਤੇ' ਦਾ ਮਤਲਬ ਇਹ ਹੈ ਕਿ ਮੁਲਜ਼ਮਾ ਸਿਰ ਲਗੀ ਉਹ ਕਾਰਵਾਈ ਇਕ ਜੁਰਮ ਸੀ ਜਾਂ ਇਕ ਅਜਿਹੀ ਕਾਰਵਾਈ ਸੀ ਜਿਸ ਤੇ ਕਾਨੂੰਨੀ ਬੰਦਿਸ਼ ਸੀ। ਬਹਾਦਰ ਸ਼ਾਹ ਬਨਾਮ ਪੰਨਾ ਜੀ ਬਾਲੂਜੀ ਬਾਗੁਲ (37. ਦੀ ਬੰਬੇ ਲਾਅ ਰਿਪੋਰਟਰ ਸਫ਼ਾ 96) ਵਿਚ ਵੀ ਇਹੀ ਦਲੀਲ ਪੇਸ਼ ਕੀਤੀ ਗਈ ਸੀ। ਉਸ ਕੇਸ ਵਿਚ ਮੁਲਜ਼ਮ ਨੇ ਆਪਣੀ ਮਲਕੀਅਤ ਵਾਲੀ ਈਮਾਰਤ ਵਿਚ ਇਕ ਆਇਲ ਇੰਜਨ ਲਗਾ ਲਿਆ ਸੀ। ਫਰਿਆਦੀ ਬਿਲਕੁਲ ਨਾਲ ਦੀ ਈਮਾਰਤ ਦਾ ਮਾਲਕ ਜਾਂ ਕਿਰਾਏਦਾਰ ਸੀ। ਫਰਿਆਦੀ ਨੇ ਇਲਜ਼ਾਮ ਲਾਇਆ ਕਿ ਮੁਲਜ਼ਮ ਨੇ ਇੰਜਨ ਦੀ ਵਰਤੋਂ ਨਾਲ ਫਰਿਆਦੀ ਦੇ ਘਰ ਨੂੰ ਨੁਕਸਾਨ ਪਹੁੰਚਾਇਆ ਹੈ। ਉਸ ਵਿਚ ਸਵਾਲ ਇਹ ਸੀ ਕਿ ਕੀ ਮੁਲਜ਼ਮ ਦੀ ਕੀਤੀ ਕਾਰਵਾਈ ਤਾਜ਼ੀ-ਰਾਤੇ ਪਾਕਿਸਤਾਨ ਦੀ ਦਫਾ 426 ਹੇਠ ਜਿਸ ਮੁਤਾਬਿਕ 'ਨਹੱਕਾ ਨੁਕਸਾਨ' ਉਹ ਨੁਕਸਾਨ ਹੈ ਜੋ ਕਿਸੇ ਦੀ ਜਾਇਜ਼ ਕਬਜ਼ੇ ਵਾਲੀ ਜਾਇਦਾਦ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਕੀਤਾ ਜਾਵੇ — ਕੀ ਇਸ ਮੁਤਾਬਿਕ ਫਰਿਆਦੀ ਦਾ ਨੁਕਸਾਨ 'ਨਹੱਕਾ ਨੁਕਸਾਨ' ਹੈ। ਇਸ ਕੇਸ ਵਿਚ ਮੰਨਿਆ ਗਿਆ ਸੀ ਕਿ ਮੁਲਜ਼ਮ ਵਲੋਂ ਆਪਣੀ ਮਲਕੀਅਤ ਵਾਲੀ ਜਗਹ ਤੇ ਆਇਲ ਇੰਜਨ ਲਾਉਣਾ ਅਤੇ ਇਸ ਦੀ ਦਿਲ-ਚਾਹੀ ਵਰਤੋਂ ਕਰਨਾ ਗੈਰ-ਕਾਨੂੰਨੀ ਕਾਰਵਾਈ ਨਹੀਂ। ਪਰ ਜੇ ਉਸ ਦੀ ਕਾਰਵਾਈ ਨੇ ਗੁਆਂਢੀ ਦੀ ਜਾਇਦਾਦ ਦਾ ਨੁਕਸਾਨ ਕੀਤਾ ਹੈ ਤਾ ਉਹ ਹਰਜਾਨੇ ਦੇ ਦੀਵਾਨੀ ਦਾਅਵੇ ਲਈ ਹੱਕ-ਬਜਾਨਬ ਹੈ। 'ਕਾਨੂੰਨ ਦੇ ਖਿਆਲ' ਦੀ ਤਸ਼ਰੀਹ ਦੇ ਮਾਮਲੇ ਵਿਚ ਇਹ ਮੰਨਿਆ ਗਿਆ ਸੀ ਕਿ 'ਆਮ ਕਰਕੇ, ਮੇਰਾ ਖਿਆਲ ਹੈ ਕਿ ਲਫਜ਼ 'ਗੈਰ-ਕਾਨੂੰਨੀ ਤੌਰ ਤੇ' ਜਾਂ 'ਕਾਨੂੰਨ ਦੇ ਖਿਲਾਫ' ਵਿਚ ਕੋਈ ਫਰਕ ਨਹੀਂ ਹੈ, ਪਰ ਇਹ ਨਹੀਂ ਸਮਝਣਾ ਚਾਹੀਦਾ ਕਿ ਦੋਂਹਾ ਵਿਚੋਂ ਇਕ ਲਫਜ਼ ਦੀ ਤਸ਼ਰੀਹ ਕਾਨੂੰਨ ਵਿਚ ਕੀਤੀ ਗਈ ਹੈ ਅਤੇ ਦੂਜੇ ਦੀ ਨਹੀਂ, ਕਿਸੇ ਵੀ ਲਫਜ਼ ਦੀ ਤਸ਼ਰੀਹ ਕੀਤੇ ਜਾਣ ਨਾਲ ਦੋਂਹਾ ਲਫਜ਼ਾਂ ਦਾ ਮਤਲਬ ਬਿਲਕੁਲ ਇਕੋ ਹੀ ਹੈ।' ਸੋ, ਅਦਾਲਤ ਇਹ ਗਲ ਮੰਨਣ ਲਈ ਤਿਆਰ ਨਹੀਂ ਸੀ ਕਿ ਜੇ ਪੀਨਲ ਕੋਡ 'ਚ ਲਫਜ਼ 'ਗੈਰ ਕਾਨੂੰਨੀ' ਦੀ ਤਸ਼ਰੀਹ ਨਹੀਂ

ਕੀਤੀ ਗਈ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਇਸ ਦਾ ਮਤਲਬ ਏਨਾ ਖੁਲ੍ਹਾ ਮੰਨ ਲਿਆ ਜਾਵੇ ਕਿ ਇਸ ਵਿਚ ਹਰ ਚੀਜ਼ ਆ ਜਾਵੇ ਤੇ ਇਸ ਨੂੰ ਦੀਵਾਨੀ ਦਾਅਵੇ ਵਿਚ ਬਦਲ ਦਿਤਾ ਜਾਵੇ। ਮਹਿੰਦਰ ਨਾਥ ਬਨਾਮ ਬਾਦਸ਼ਾਹ (1934 ਆਈ.ਐਲ.ਆਰ. 62 ਕਲਕੱਤਾ 629)ਵਿਚ ਇਹ ਫੈਸਲਾ ਕੀਤਾ ਗਿਆ ਸੀ ਕਿ ਪੀਨਲ ਕੋਡ ਦੀਆਂ ਕਈ ਦਫਾਵਾਂ ਵਿਚ ਲਫਜ਼ 'ਗੈਰ ਕਾਨੂੰਨੀ ਤੌਰ ਤੇ' ਨੂੰ ਵਖ ਵਖ ਲਿਹਾਜ਼ ਵਿਚ ਇਸਤੇਮਾਲ ਕੀਤਾ ਗਿਆ ਹੈ। ਇਹ ਫੈਸਲਾ ਦਿਤਾ ਗਿਆ ਸੀ ਕਿ 'ਭਾਵੇਂ' ਤਾਜ਼ੀ-ਰਾਤੇ ਹਿੰਦ 'ਚ ਲਫਜ਼ 'ਗੈਰ ਮਾਨੂੰਨੀ ਤੌਰ ਤੇ' ਦੀ ਤਸ਼ਰੀਹ ਨਹੀਂ ਕੀਤੀ ਗਈ ਪਰ ਇਹ ਲਫਜ਼ 'ਕਾਨੂੰਨ ਦੇ ਖਿਲਾਫ' ਲਫਜ਼, ਜਿਸ ਦੀ ਸੈਕਸ਼ਨ ਵਿਚ ਤਸ਼ਰੀਹ ਨਹੀਂ ਕੀਤੀ ਗਈ ਹੈ ਦੇ ਬਿਲਕੁਲ ਬਰਾਬਰ ਹੈ। ਇਸ ਤਸ਼ਰੀਹ ਦਾ ਮਕਸਦ ਇਹੋ ਹੈ ਕਿ ਕਾਨੂੰਨ ਦੇ ਖਿਲਾਫ ਦੀ ਸੰਕੋਚਵੀਂ ਵਰਤੋਂ ਕੀਤੀ ਗਈ ਹੈ ਅਤੇ ਲਫਜ਼ 'ਗੈਰ-ਕਾਨੂੰਨੀ' ਮਾਅਨਿਆਂ ਨਾਲ ਬਿਆਨਿਆ ਗਿਆ ਹੈ। ਮਿਸਾਲ ਵਜੋਂ ਦਫਾ 23 ਅਤੇ 24 ਵਿਚ 'ਆਮ ਤਸ਼ਰੀਹ' ਹੇਠ ਵੀ ਇਹ ਪੇਸ਼ ਕੀਤਾ ਗਿਆ ਹੈ। ਵਖ ਵਖ ਕਿਸਮ ਦੇ ਕਈ ਹੋਰ ਹਕੀਕੀ ਜੁਰਮਾਂ ਦੀਆਂ ਦਫਾਵਾਂ ,226, 269, 392, 373 ਅਤੇ 374 ਵਿਚ ਵੀ ਇਸ ਦੀ ਵਰਤੋਂ ਕੀਤੀ ਗਈ ਹੈ। ਸੋ ਲਫਜ਼ ਦਾ ਮਾਅਨਾ, ਉਸ ਮਾਹੌਲ ਦੇ ਹਵਾਲੇ ਨਾਲ ਹੀ ਸਮਝਣਾ ਚਾਹੀਦਾ ਹੈ ਜਿਹੜਾ ਕਿ ਉਸ ਦੇ ਪਾਸ ਕੀਤੇ ਜਾਣ ਦਾ ਮਕਸਦ ਸੀ। ਕਾਹੂਨ ਬਨਾਮ ਮੈਥਿਊਜ਼ (1897 ਆਈ.ਐਲ. ਆਰ. 24 ਕਲਕੱਤਾ 494) ਵਿਚ ਇਹ ਸਵਾਲ ਉਠਾਇਆ ਗਿਆ ਸੀ ਕਿ ਇਕ ਕਾਰਵਾਈ 'ਗੈਰ ਕਾਨੂੰਨੀ ਤੌਰ ਤੇ' ਤਾਂ ਹੋ ਸਕਦੀ ਹੈ ਪਰ 'ਕਾਨੂੰਨ ਦੇ ਖਿਲਾਫ' ਨਹੀਂ। ਅਸੀਂ ਮੁਗਲ ਸਟੀਮਸ਼ਿਪ ਕੰਪਨੀ ਬਨਾਮ ਮੈਕਗਰੇਗਰ (1892 ਏ. ਸੀ. 25) ਵਿਚ ਲਾਰਡ ਹੈਲਸਬਰੀ ਦੀ ਰਾਇ ਦਾ ਹਵਾਲਾ ਵੀ ਦੇ ਸਕਦੇ ਹਾਂ। ਆਪਣੇ ਸਾਹਵੇਂ ਪੇਸ਼ ਕੇਸ ਦੀ ਸਮਗਰੀ ਦਾ ਹਵਾਲਾ ਦੇਂਦਿਆਂ ਉਸ ਨੇ ਕਿਹਾ ਸੀ ਕਿ ਲਫਜ਼ 'ਗੈਰ ਕਾਨੂੰਨੀ ਤੌਰ ਤੇ' ਦੋ ਲਿਹਾਜ਼ ਵਿਚ ਪੇਸ਼ ਕੀਤਾ ਗਿਆ ਹੈ; ਪਹਿਲਾ ਤਾਂ ਉਨ੍ਹਾਂ 'ਸਮਝੌਤਿਆਂ ਵਾਸਤੇ ਜਿਹੜੇ ਕਾਨੂੰਨੀ ਤੌਰ ਤੇ ਹੈਸੀਅਤ ਨਹੀਂ ਰਖਦੇ' ਅਤੇ ਦੂਜਾ, ਜਿਹੜਾ ਕਿ ਜ਼ਿਆਦਾ ਸਹੀ ਹੈ, ਯਾਨਿ ਉਹ 'ਸਮਝੌਤੇ ਜਿਹੜੇ ਕਾਨੂੰਨ ਦੇ ਖਿਲਾਫ' ਹਨ। ਲਫਜ਼ 'ਗੈਰ ਕਾਨੂੰਨੀ ਤੌਰ ਤੇ' ਨੂੰ ਅੰਗਰੇਜ਼ੀ ਕਾਨੂੰਨ ਵਿਚ ਵਖ ਵਖ ਲਿਹਾਜ਼ ਵਿਚ ਇਸਤੇਮਾਲ ਕੀਤਾ ਗਿਆ ਹੈ ਅਤੇ ਸਟਰਾਊਡ ਦੀ 'ਜੁਡੀਸ਼ੀਅਲ ਡਿਕਸ਼ਨਰੀ' ਵਿਚ ਪੇਸ਼ ਕੀਤੀਆਂ ਮਿਸਾਲਾਂ ਤੇ ਨਿਗਾਹ ਮਾਰਿਆਂ ਸਾਫ ਪਤਾ ਲਗ ਜਾਂਦਾ ਹੈ। ਤਾਜ਼ੀ-ਰਾਤੇ ਪਾਕਿ ਵਲ ਫੇਰ ਮੁੜਨਾ ਅਤੇ ਇਕ ਹੋਰ ਦਫਾ 11, ਦਾ ਹਵਾਲਾ ਦੇਣਾ ਮੁਨਾਸਿਬ ਹੋਵੇਗਾ। ਇਸ ਵਿਚ ਸਰਕਾਰੀ ਕਾਰਵਾਈ ਨੂੰ, ਭਾਵੇਂ ਇਹ ਕਾਰਵਾਈ ਪੂਰੀ ਤਰ੍ਹਾਂ ਕਾਨੂੰਨਨ ਹੱਕ-ਬਜਾਨਬ ਨਾ ਵੀ ਹੋਵੇ, ਯਾਨਿ ਕਿ ਅਸਲ ਵਿਚ ਕਾਨੂੰਨੀ ਨਾ ਹੋਵੇ, ਨੂੰ ਵੀ ਹਿਫਾਜ਼ਤ

ਦਿਤੀ ਗਈ ਹੈ। ਇਸ ਕਰਕੇ ਜੇ ਕਰ ਮੈਂ 'ਗੈਰ ਕਾਨੂੰਨੀ ਤੌਰ ਤੇ' ਦੀ ਆਮ ਤਸਰੀਹ ਕਰਨ ਦੀ ਕੋਸ਼ਿਸ਼ ਕਰਾਂ ਤਾਂ ਇਸ ਦਾ ਮਤਲਬ ਇਹ ਨਿਕਲੇਗਾ ਕਿ ਉਹ ਜਿਹੜੀ ਕਿ 'ਕਾਨੂੰਨਨ ਹੱਕ-ਬਜਾਨਬ ਨਹੀਂ ਠਹਿਰਾਈ ਜਾ ਸਕਦੀ।' ਇਸੇ ਕਰਕੇ ਇਹ ਕਿਹਾ ਸੀ ਕਿ ਬਦਨੀਅਤੀ ਨਾਲ ਕੀਤੀ ਗਈ ਕਾਰਵਾਈ ਗੈਰ-ਕਾਨੂੰਨੀ ਕਾਰਵਾਈ ਹੈ। ਆਰ. ਵੀ. ਪਰਿਸ (1875 ਐਲ.ਜੇ.ਐਮ.ਸੀ 122 ਐਲ.ਆਰ. 2 ਸੀ.ਸੀ.ਆਰ. 154) ਵਿਚ ਇਹ ਕਿਹਾ ਗਿਆ ਸੀ ਕਿ 'ਗੈਰ-ਕਾਨੂੰਨੀ ਤੌਰ ਤੇ' ਦਾ ਮਤਲਬ ਹੈ, ਉਹ ਜੋ ਕਾਨੂੰਨਨ ਨਹੀਂ ਹੈ ਜਾਂ ਫਿਰ ਕਾਨੂੰਨੀ ਤੋਂ ਸਿਵਾ ਕੁਝ ਹੋਰ ਹੈ, ਬਿਨਾ ਕਾਨੂੰਨੀ ਵਜਹ ਤੋਂ ਹੈ. ਮਿਸਾਲ ਵਜੋਂ ਜਿਵੇਂ ਇਕ ਪੁਲੀਸ ਅਫਸਰ ਵਲੋਂ ਸੰਗੀਨ ਜੁਰਮ 'ਚ ਗ੍ਰਿਫਤਾਰੀ।

97. ਇਨ੍ਹਾਂ ਮਿਸਾਲਾਂ ਨੂੰ ਅਦਬ ਨਾਲ ਅਪਣਾਉਂਦਿਆਂ ਹੋਇਆਂ, ਮੇਰੀ ਇਹ ਰਾਇ ਹੈ ਕਿ ਦਫਾ 402 ਏ ਦੇ ਚੌਖਟੇ ਵਿਚ ਅਤੇ ਸਮੱਗਰੀ ਵਿਚ ਵਰਤੋਂ ਮੁਤਾਬਿਕ ਲਫਜ਼ 'ਗੈਰ ਕਾਨੂੰਨੀ ਤੌਰ ਤੇ' ਦੀ ਵਰਤੋਂ ਇਸ ਪਹਿਲੂ ਤੋਂ ਕੀਤੀ ਗਈ ਹੈ ਕਿ ਉਹ ਕਾਰਵਾਈ ਜਿਹੜੀ ਬਿਨਾ ਕਿਸੇ ਕਾਨੂੰਨੀ ਬੁਨਿਆਦ ਤੋਂ ਹੋਵੇ ਜਾਂ ਬਿਨਾ ਕਾਨੂੰਨੀ ਵਜਹ ਤੋਂ ਹੋਵੇ ਜਾਂ ਜਿਹੜੀ ਕਾਨੂੰਨਨ ਹੱਕ-ਬਜਾਨਬ ਨਾ ਠਹਿਰਾਈ ਜਾ ਸਕਦੀ ਹੋਵੇ। ਇਸ ਕਰਕੇ ਜਦੋਂ ਜਹਾਜ਼ ਦਾ ਕਮਾਂਡਰ ਆਪਣੀ ਡਿਊਟੀ ਕਰਦਿਆਂ ਕੋਈ ਕਾਰਵਾਈ ਕਰਦਾ ਹੈ ਤਾਂ ਉਹ ਕਾਨੂੰਨੀ ਤੌਰ ਤੇ ਕਰਦਾ ਹੈ ਪਰ ਜਦੋਂ ਕੋਈ ਮੁਸਾਫਿਰ ਜਾਂ ਕੋਈ ਦੂਜਾ ਸਖਸ਼ ਉਸ ਦੀ ਡਿਊਟੀ ਜਾਂ ਜਹਾਜ਼ ਦੇ ਇਖਤਿਆਰ ਵਿਚ ਦਖਲ-ਅੰਦਾਜ਼ੀ ਕਰੇ ਤਾਂ ਉਹ ਸਖਸ਼ ਅਜਿਹਾ ਕੁਝ ਗੈਰ-ਕਾਨੂੰਨੀ ਤੌਰ ਤੇ ਕਰ ਰਿਹਾ ਹੁੰਦਾ ਹੈ ਕਿਉਂਕਿ ਉਸ ਕੋਲ ਅਜਿਹਾ ਕਰਨ ਦੀ ਕੋਈ ਕਾਨੂੰਨੀ ਵਜਹ ਨਹੀਂ ਹੁੰਦੀ। ਸੁਭਾਅ ਵਜੋਂ ਹੀ, ਹਾਈਜੈਕਿੰਗ ਦੇ ਜੁਰਮ ਦਾ ਇੰਟਰਨੈਸ਼ਨਲ ਚੌਖਟਾ ਅਤੇ ਜੇ ਕਰ 'ਲਫਜ਼' ਦਾ ਮਾਅਨਾ ਕਾਨੂੰਨ ਦੇ ਖਿਲਾਫ ਜਾਂ ਕਾਨੂੰਨੀ ਤੌਰ ਤੇ ਪਾਬੰਦੀ-ਸ਼ੁਦਾ ਹੈ ਤਾਂ ਫਿਰ ਜਿਸ ਜਗਾਹ ਜਹਾਜ਼ ਰਜਿਸਟਰਡ ਹੈ — ਜਿਥੇ ਜਹਾਜ਼ ਉਤਰਿਆ ਹੈ, ਜਿਥੇ ਹਾਈਜੈਕਰ ਹਾਜ਼ਿਰ ਹਨ — ਕਿਸ ਕਾਨੂੰਨ ਹੇਠ ਹਾਈਜੈਕਿੰਗ ਦਾ ਮੁਕਦਮਾ ਚਲਾਇਆ ਜਾਣਾ ਚਾਹੀਦਾ ਹੈ — ਵਰਗੇ ਸਵਾਲ ਪੈਦਾ ਹੋਣਗੇ। ਮਿਸਾਲ ਵਜੋਂ ਮਿਸਟਰ ਵਸੀਮ ਸੱਜਾਦ ਐਡਵੋਕੇਟ ਤਾਂ ਇਸ ਹਦ ਤਕ ਆਖਦੇ ਹਨ ਕਿ ਮੁਲਜ਼ਮਾਂ ਵਲੋਂ ਜਹਾਜ਼ ਤੇ ਕਬਜ਼ਾ ਕਰਨਾ ਜਾਂ ਇਖਤਿਆਰ ਚਲਾਉਣ ਦੀ ਕਾਰਵਾਈ ਭਾਰਤ ਵਿਚ ਹੋਈ ਸੀ ਤੇ ਭਾਰਤੀ ਕਾਨੂੰਨ ਮੁਤਾਬਿਕ ਕਾਰਵਾਈ ਜੁਰਮ ਨਹੀਂ ਹੈ ਸੋ ਮੁਲਜ਼ਮਾਂ ਨੇ ਕੋਈ ਜੁਰਮ ਨਹੀਂ ਕੀਤਾ। ਮੈਂ ਬੜੇ ਅਦਬ ਨਾਲ ਆਖਣਾ ਚਾਹਵਾਂਗਾ ਕਿ ਇਸ ਦਾ ਮਤਲਬ ਤਾਂ ਇਹ ਹੈ ਕਿ ਕਨਵੈਨਸ਼ਨਜ਼ ਅਤੇ ਤਾਜ਼ੀ-ਰਾਤੇ ਪਾਕਿਸਤਾਨ ਦੀ ਦਫਾ 402 ਏ, ਜਿਨ੍ਹਾਂ ਮੁਤਾਬਿਕ ਹਾਈਜੈਕਿੰਗ ਇੰਟਰਨੈਸ਼ਨਲ ਜੁਰਮ ਹੈ ਅਤੇ ਇਸ ਬਾਰੇ ਇੰਟਰਨੈਸ਼ਨਲ ਜਾਂ ਮੁਕਾਮੀ ਅਦਾਲਤ ਵਲੋਂ ਮੁਕਦਮਾ ਚਲਾਏ ਜਾਣ ਦਾ ਮਕਸਦ

ਹੀ ਬੇਮਾਅਨਾ ਹੋ ਜਾਂਦਾ ਹੈ। (ਵੇਖੋ: ਇੰਟਰਨੈਸ਼ਨਲ ਕੋਰਟ ਆਫ ਜਸਟਿਸ ਵਿਚ ਫਰਾਂਸਿਸਕੋ ਜੇਵੀਅਰ ਦਾ ਕੇਸ)।

98. ਜੇ ਕਰ ਲਫਜ਼ 'ਗੈਰ-ਕਾਨੂੰਨੀ ਤੌਰ ਤੇ' ਦੀ ਤਸ਼ਰੀਹ ਸੰਕੋਚਵੇਂ ਮਾਅਨਿਆਂ ਨਾਲ ਵੀ ਕਰੀਏ ਤਾਂ ਵੀ ਇਸ ਦਾ ਮਾਅਨਾ ਉਹੀ ਨਿਕਲਦਾ ਹੈ ਜੋ ਤਾਜ਼ੀ-ਰਾਤੇ ਪਾਕਿਸਤਾਨ ਦੀ ਦਫਾ 43 ਵਿਚਲੇ ਲਫਜ਼ 'ਕਾਨੂੰਨ ਦੇ ਖਿਲਾਫ' ਦਾ ਨਿਕਲਦਾ ਹੈ। ਸੋ, ਮੇਰੀ ਰਾਇ ਵਿਚ ਮੁਲਜ਼ਮਾਂ ਦੀ ਕਾਰਵਾਈ ਗੈਰ-ਕਾਨੂੰਨਨ ਸੀ। ਇਸ ਸਿਲਸਿਲੇ ਵਿਚ ਸਿਵਲ ਐਵੀਏਸ਼ਨ ਆਰਡੀਨੈਂਸ 1960 ਅਤੇ ਉਸ ਵਿਚਲੇ ਨੇਮਾਂ ਦਾ ਹਵਾਲਾ ਦਿਤਾ ਜਾ ਸਕਦਾ ਹੈ। ਉਹ ਆਰਡੀਨੈਂਸ, ਉਸ ਦੀ ਦਫਾ 12/2 ਮੁਤਾਬਿਕ ਸਾਰੇ ਪਾਕਿਸਤਾਨ ਤੇ ਲਾਗੂ ਹੁੰਦਾ ਹੈ ਅਤੇ ਸਾਰੇ ਸ਼ਹਿਰੀਆਂ ਅਤੇ ਪਾਕਿਸਤਾਨ 'ਚ ਰਜਿਸਟਰਡ ਸਾਰੇ ਜਹਾਜ਼ਾਂ ਤੇ ਸਵਾਰ ਹਰ ਸ਼ਖਸ, ਚਾਹੇ ਅਜਿਹਾ ਸ਼ਹਿਰੀ ਜਾਂ ਸ਼ਖਸ ਕੋਈ ਵੀ ਹੋਵੇ ਅਤੇ 'ਪਾਕਿਸਤਾਨ ਵਿਚ ਮੌਜੂਦਗੀ ਦੌਰਾਨ ਹਰ ਹਵਾਈ ਜਹਾਜ਼ ਤੇ ਹਰ ਸ਼ਖਸ' ਇਸ ਦੀ ਜ਼ਦ ਵਿਚ ਆਉਂਦੇ ਹਨ। 'ਪਾਕਿਸਤਾਨ ਵਿਚ ਮੌਜੂਦਗੀ' ਵਿਚ ਬੇਸ਼ਕ ਪਾਕਿਸਤਾਨ ਦੀ ਹਵਾਈ-ਸਪੇਸ ਵੀ ਸ਼ਾਮਿਲ ਹੈ ਕਿਉਂਕਿ ਉਹ ਪਾਕਿਸਤਾਨ ਦੀਆਂ ਹੱਦਾਂ ਦਾ ਹਿਸਾ ਹੈ। ਸਿਵਲ ਐਵੀਏਸ਼ਨ ਰੂਲਜ਼ 1970 ਦੇ ਰੂਲ ਨੰਬਰ 351 ਮੁਤਾਬਿਕ, ਕਿਸੇ ਸ਼ਖਸ ਨੂੰ ਉਸ ਦੇ ਹਕੂਕ ਜਾਂ ਡਿਊਟੀ, ਜਿਹੜੀ ਉਸ ਨੂੰ ਕਾਨੂੰਨ ਹੇਠ ਜਾਂ ਨੇਮਾਂ ਮੁਤਾਬਿਕ ਦਿਤੀ ਗਈ ਹੋਵੇ, ਤੋਂ ਰੋਕਣਾ ਜਾਂ ਉਸ ਵਿਚ ਰੁਕਾਵਟ ਪਾਉਣਾ ਜਾਂ 'ਜਹਾਜ਼ ਦੇ ਅਮਲੇ ਦੇ ਕਿਸੇ ਮੈਂਬਰ ਦੇ ਕੰਮ ਵਿਚ ਦਖਲ-ਅੰਦਾਜ਼ੀ ਕਰਨਾ' ਜਾਂ 'ਕੋਈ ਅਜਿਹਾ ਕੰਮ ਕਰਨਾ ਜਿਸ ਨਾਲ ਉਡਦੇ ਜਹਾਜ਼ ਜਾਂ ਇਸ ਤੇ ਸਵਾਰ ਕਿਸੇ ਸ਼ਖਸ ਦੀ ਹਿਫਾਜ਼ਤ ਨੂੰ ਖਤਰਾ ਪੈਂਦਾ ਹੋਵੇ,' ਨੂੰ ਇਕ ਜੁਰਮ ਗਰਦਾਨਿਆ ਗਿਆ ਹੈ। ਇਸ ਕਰਕੇ, ਜੇਕਰ ਮੁਲਜ਼ਮਾਂ ਨੇ ਪਾਕਿਸਤਾਨ ਦੀ ਹਦੂਦ ਵਿਚ ਇਨ੍ਹਾਂ ਵਿਚੋਂ ਕੋਈ ਵੀ ਕਾਰਵਾਈ ਕੀਤੀ ਹੈ ਤਾਂ ਉਨ੍ਹਾਂ ਨੇ 'ਗੈਰ ਕਾਨੂੰਨੀ ਤੌਰ ਤੇ' ਕੀਤੀ ਹੈ ਕਿਉਂ ਕਿ ਨੇਮਾਂ ਮੁਤਾਬਿਕ, ਅਜਿਹੀਆਂ ਕਾਰਵਾਈਆਂ ਜੁਰਮ ਹਨ ਅਤੇ ਕਾਨੂੰਨਨ ਮਨ੍ਹਾ ਹਨ। ਜਿਵੇਂ ਕਿ ਅਸੀਂ ਵੇਖਾਂਗੇ ਕਿ ਜੋ ਕੁਝ ਮੁਲਜ਼ਮਾਂ ਨੇ ਕੀਤਾ ਉਹ ਪਾਇਲਟ ਦੀਆਂ ਡਿਊਟੀਆਂ ਵਿਚ ਦਖਲ-ਅੰਦਾਜ਼ੀ; ਇਸ ਨਾਲ ਜਹਾਜ਼ ਦੇ ਅਮਲੇ ਵਲੋਂ ਆਪਣਾ ਫਰਜ਼ ਨਿਭਾਉਣ ਵਿਚ ਰੁਕਾਵਟ ਅਤੇ ਅੜਚਨ ਆਈ, ਅਤੇ, ਇਹ ਸਾਰੀਆਂ ਕਾਰਵਾਈਆਂ ਵੀ, ਜਿਵੇਂ ਅੱਗੇ ਜਾਕੇ ਪਤਾ ਲਗੇਗਾ, ਪਾਕਿਸਤਾਨ ਦੀ ਹਦੂਦ ਵਿਚ ਕੀਤੀਆਂ ਗਈਆਂ ਸਨ।

99. ਹੁਣ ਅਸੀਂ ਅਸਲ ਸਵਾਲ ਨਾਲ ਨਿਬਤਨ ਜੋਗੀ ਹਾਲਤ ਵਿਚ ਹਾਂ ਕਿ ਕੀ

ਇਸਤਗਾਸਾ ਇਹ ਸਾਬਤ ਕਰਨ ਵਿਚ ਕਾਮਯਾਬ ਹੋਇਆ ਹੈ ਕਿ ਮੁਲਜ਼ਮਾਂ ਨੇ ਜੋ ਕਾਰਵਾਈ ਕੀਤੀ ਸੀ, ਉਹ ਤਾਜ਼ੀ-ਰਾਤੇ ਪਾਕਿਸਤਾਨ ਦੀ ਦਫਾ 402 ਦੇ ਮੁਤਾਬਿਕ ਜੁਰਮ ਹੈ।

100. ਸਾਰੇ ਮੁਲਜ਼ਮਾਂ ਨੇ ਮੰਨਿਆਂ ਹੈ ਕਿ ਉਨ੍ਹਾਂ ਨੇ ਹਵਾਈ ਜਹਾਜ਼ ਹਾਈਜੈਕ ਕਰਨ ਦੀ ਸਾਜ਼ਿਸ਼ ਕੀਤੀ ਸੀ ਅਤੇ ਉਹ ਸਾਰੇ ਇਸ ਸਾਜ਼ਿਸ਼ ਦਾ ਹਿਸਾ ਸਨ। ਉਹ ਜਹਾਜ਼ ਤੇ ਸਵਾਰ, ਜਹਾਜ਼ ਨੂੰ ਲਾਹੌਰ ਵਲ ਹਾਈਜੈਕ ਕਰਨ ਵਾਸਤੇ ਹੀ ਹੋਏ ਸਨ। ਇਸਤਗਾਸਾ ਤੇ ਮੁਦਾਲਾ, ਕਾਕਪਿਟ ਵਿਚ ਕਿਰਪਾਨਾਂ ਨਾਲ ਦਾਖਿਲ ਹੋਏ ਸਨ, ਮੁਲਜ਼ਮ ਰਜਿੰਦਰ ਸਿੰਘ ਤੇ ਜਸਬੀਰ ਸਿੰਘ, ਅਤੇ ਟੀ. ਪੀ. ਸਿਨਹਾ ਤੇ ਡੋਂਬਲਾ ਨੇ ਜਹਾਜ਼ ਲਾਹੌਰ ਵਲ ਮੋੜ ਲਿਆ ਅਤੇ ਜਦੋਂ ਜਹਾਜ਼ ਪਾਕਿਸਤਾਨ ਦੇ ਹਵਾਈ ਇਲਾਕੇ ਵਿਚ ਸੀ ਤਾਂ ਟੀ. ਪੀ. ਸਿਨਹਾ ਨੇ ਲਾਹੌਰ ਹਵਾਈ ਅੱਡੇ ਦੇ ਅਮਲੇ ਤੋਂ ਲਾਹੌਰ ਚ ਜਹਾਜ਼ ਉਤਾਰਨ ਦੀ ਇਜਾਜ਼ਤ ਲੈਣ ਵਾਸਤੇ ਰਾਬਤਾ ਕਾਇਮ ਕੀਤਾ ਪਰ ਇਸ ਤੋਂ ਪਹਿਲਾਂ ਕਿ ਅਜਿਹੀ ਇਜਾਜ਼ਤ ਮਿਲ ਜਾਂਦੀ, ਜਹਾਜ਼, ਲਾਹੌਰ ਅੱਡੇ ਤੇ ਉਤਰ ਗਿਆ ਅਤੇ ਦੁਪਹਿਰ 1 ਵਜ ਕੇ 20 ਮਿਟ ਤੇ ਹਵਾਈ ਅੱਡੇ ਤੇ ਵਾਕਈ ਉਤਰ ਚੁਕਾ ਸੀ। ਲਾਹੌਰ ਉਤਰਨ ਮਗਰੋਂ ਮੁਲਜ਼ਮ ਗਜਿੰਦਰ ਸਿੰਘ ਦੀ ਅਗਵਾਈ ਵਿਚ ਮੁਲਜ਼ਮਾਂ ਦੀ ਲਾਹੌਰ ਡਵੀਜ਼ਨ ਦੇ ਕਮਿਸ਼ਨਰ ਮਿਸਟਰ ਉਮਰ ਖਾਨ ਅਫਰੀਦੀ ਤੇ ਬਰਗੇਡੀਅਰ ਮੁੰਹਮਦ ਅਮੀਨ ਦੀ ਸਮਝੌਤਾ-ਕਾਰ ਟੀਮ ਨਾਲ ਗਲਬਾਤ ਸ਼ੁਰੂ ਹੋਈ। ਇਸ ਮਕਸਦ ਵਾਸਤੇ ਮੁਲਜ਼ਮ ਗਜਿੰਦਰ ਸਿੰਘ ਨੇ ਸਮਝੌਤਾ-ਕਾਰ ਟੀਮ ਨਾਲ ਕਈ ਮੁਲਾਕਾਤਾਂ ਕੀਤੀਆਂ ਅਤੇ ਉਨ੍ਹਾਂ ਮੁਲਾਕਾਤਾਂ ਵਿਚ ਮੁਲਜ਼ਮ ਗਜਿੰਦਰ ਸਿੰਘ ਨੇ ਕਈ ਮੰਗਾਂ ਪੇਸ਼ ਕੀਤੀਆਂ; ਜਿਵੇਂ ਕਿ (ਸੰਤ) ਜਰਨੈਲ ਸਿੰਘ ਭਿੰਡਰਾਂਵਾਲੇ ਤੇ ਦੂਜੇ ਸਿੰਖਾਂ, ਜਿਨ੍ਹਾਂ ਨੂੰ ਭਾਰਤ ਸਰਕਾਰ ਨੇ ਗ੍ਰਿਫਤਾਰ ਕੀਤਾ ਹੈ, ਦੀ ਰਿਹਾਈ ਅਤੇ ਚੰਕ ਮਹਿਤੇ ਵਿਚ ਮਰਨ ਵਾਲਿਆਂ ਦੇ ਵਾਰਿਸਾਂ ਨੂੰ ਮੁਆਵਜ਼ੇ ਵਜੋਂ 5 ਲਖ ਅਮਰੀਕਨ ਡਾਲਰ ਦਿਤੇ ਜਾਣ। ਗਲਬਾਤਾਂ ਕਿਸੇ ਸਿਰੇ ਨ ਅਪੜ ਸਕੀਆਂ ਅਤੇ ਹਵਾਈ ਜਹਾਜ਼ 30-9-1981 ਨੂੰ ਸਵੇਰੇ ਤਕਰੀਬਨ8 ਵਜੇ ਤਕ ਮੁਲਜ਼ਮਾਂ ਦੇ ਇਖਤਿਆਰ 'ਚ ਰਿਹਾ। ਜਦੋਂ ਮੁਲਜ਼ਮ ਤੇਜਿੰਦਰਪਾਲ ਸਿੰਘ ਤੇ ਕਰਨ ਸਿੰਘ ਨਹਾਉਣ ਵਾਸਤੇ ਇਕ ਪੁਲੀਸ ਅਫਸਰ ਨਾਲ ਜਹਾਜ਼ ਵਿਚੋਂ ਬਾਹਰ ਗਏ ਸਨ ਤਾਂ ਬਾਕੀ ਮੁਲਜ਼ਮ ਗਜਿੰਦਰ ਸਿੰਘ, ਸਤਨਾਮ ਸਿੰਘ, ਜਸਬੀਰ ਸਿੰਘ, (ਇਸਤਗਾਸਾ ਦੇ ਗਵਾਹ) ਬਰਗੇਡੀਅਰ ਤਾਰਿਕ ਮੁਹੰਮਦ ਦੀ ਅਗਵਾਈ ਹੇਠ, ਕਮਾਂਡੋ ਐਕਸ਼ਨ ਵਿਚ ਕਾਬੂ ਕਰ ਲਏ ਗਏ ਸਨ। ਕਮਾਂਡੋ ਐਕਸ਼ਨ ਦੌਰਾਨ ਮੁਲਜ਼ਮ ਸਤਨਾਮ ਸਿੰਘ ਤੋਂ ਕਿਰਪਾਨ (ਪੀ 1) ਅਤੇ ਮੁਲਜ਼ਮ ਜਸਬੀਰ ਸਿੰਘ ਤੋਂ ਕਿਰਪਾਨ (ਪੀ 2) ਬਰਮਦ ਕੀਤੀ

ਗਈ ਸੀ ਅਤੇ ਕਮਾਂਡੋ ਐਕਸ਼ਨ 'ਚ ਦੋਹਾਂ ਨਾਲ ਹੱਥੋਪਾਈ ਦੇ ਨਤੀਜੇ ਵਜੋਂ ਇਹ ਦੋਵੇਂ ਜ਼ਖਮੀ ਹੋ ਗਏ ਸਨ।

101. ਮਿਸਟਰ ਐਸ. ਐਮ. ਜ਼ਫਰ ਐਡਵੋਕੇਟ, ਜਿਨ੍ਹਾਂ ਨੇ ਮੁਲਜ਼ਮਾਂ ਵਾਸਤੇ ਅਹਿਮ ਦਲੀਲਾਂ ਦਿਤੀਆਂ ਹਨ ਤੇ ਜੇ ਸਚ ਪੁੱਛੋ ਤਾਂ ਕਾਬਲੇ-ਤਾਰੀਫ ਤਰੀਕੇ ਨਾਲ ਪੇਸ਼ ਕੀਤੀਆਂ ਹਨ, ਉਨ੍ਹਾਂ ਇਹ ਖਿਆਲ ਪੇਸ਼ ਕੀਤਾ ਹੈ ਕਿ ਇਸਤਗਾਸਾ ਦੀ ਇਹ ਕਹਾਣੀ ਯਕੀਨ ਕਰਨ ਕਾਬਿਲ ਨਹੀਂ ਕਿ ਮੁਲਜ਼ਮ ਕਰਨ ਸਿੰਘ ਨੇ ਕਿਰਪਾਨ ਨਾਲ ਆਪਣੀ ਉਂਗਲ ਕੱਟ ਲਈ ਅਤੇ ਫਿਰ ਖੂਨ ਨਾਲ ਲਿਬੜੀ ਕਿਰਪਾਨ ਮੁਲਜ਼ਮ ਗਜਿੰਦਰ ਸਿੰਘ ਦੇ ਹਵਾਲੇ ਕਰ ਦਿਤੀ ਅਤੇ ਖੂਨ ਨੂੰ ਵੇਖ ਕੇ ਇਕ ਔਰਤ ਮੁਸਾਫਿਰ ਨੇ ਚੀਕ ਮਾਰੀ ਅਤੇ ਇਸ ਔਰਤ ਮੁਸਾਫਿਰ ਦੀ ਚੀਕ ਤੇ (ਇਸਤਗਾਸਾ ਦੇ ਗਵਾਹ) ਡੋਬਲਾ ਨੇ ਦਰਵਾਜ਼ਾ ਖੋਲ੍ਹਣ ਲਈ ਸਵਿਚ ਦਬਾਇਆ ਤੇ ਇਜ ਮੁਲਜ਼ਮ ਗਜਿੰਦਰ ਸਿੰਘ ਤੇ ਜਸਬੀਰ ਸਿੰਘ ਹੱਥਾਂ 'ਚ ਕਿਰਪਾਨਾਂ ਲਹਿਰਾਉਂਦੇ ਹੋਏ ਕਾਕਪਿਟ 'ਚ ਦਾਖਿਲ ਹੋਏ। ਉਨ੍ਹਾਂ ਮੁਤਾਬਿਕ ਮੁਦਾਲਾ ਦਾ ਬਿਆਨ, ਜਿਵੇਂ ਕਿ ਮੁਲਜ਼ਮਾਂ ਨੇ ਕਿਹਾ ਹੈ ਕਿ ਇਕ ਏਅਰ ਹੋਸਟੇਸ ਜਹਾਜ਼ ਦੇ ਅਮਲੇ ਨੂੰ ਕਾਕਪਿਟ 'ਚ ਚਾਹ ਦੇਣ ਵਾਸਤੇ ਦਾਖਿਲ ਹੋਈ ਅਤੇ ਕਾਕਪਿਟ ਦਾ ਦਰਵਾਜ਼ਾ ਖੁਲ੍ਹਾ ਸੀ ਜਦੋਂ ਗਜਿੰਦਰ ਸਿੰਘ ਤੇ ਜਸਬੀਰ ਸਿੰਘ ਨੇ ਮੌਕੇ ਦਾ ਫਾਇਦਾ ਉਠਾਇਆ ਤੇ ਕਾਕਪਿਟ 'ਚ ਦਾਖਿਲ ਹੋ ਗਏ, ਹਕੀਕਤ ਦੇ ਜ਼ਿਆਦਾ ਨੇੜੇ ਹੈ। ਮਿਸਟਰ ਐਸ. ਐਮ. ਜ਼ਫਰ ਦਾ ਕਹਿਣਾ ਸੀ ਕਿ ਇਹ ਨੁਕਤਾ ਕਿ ਮੁਲਜ਼ਮ ਕਰਨ ਸਿੰਘ ਦੇ ਹੱਥ ਵਿਚ ਖੂਨ ਵੇਖਕੇ ਇਕ ਔਰਤ ਮੁਸਾਫਿਰ ਨੇ ਚੀਕ ਮਾਰੀ — ਨਾਲ ਖਾਸ ਤਵੱਜੋ-ਅਮਲ ਬਣਦਾ ਹੈ ਕਿਉਂਕਿ (ਇਸਤਗਾਸਾ ਦਾ ਗਵਾਹ) ਮਿਸਟਰ ਟੀ. ਪੀ. ਸਿਨਹਾ ਇਹ ਮੰਨਦਾ ਹੈ ਕਿ ਜੇ ਅਗਰ ਚੀਕ ਨਾ ਵਜਦੀ ਤਾਂ ਕਾਕਪਿਟ ਦਾ ਦਰਵਾਜ਼ਾ ਨਹੀਂ ਖੁਲ੍ਹਣਾ ਸੀ ਤੇ ਹਵਾਈ ਜਹਾਜ਼ ਦੀ ਹਾਈਜੈਕਿੰਗ ਨਹੀਂ ਹੋਣੀ ਸੀ। ਇਹ ਦਸਿਆ ਗਿਆ ਹੈ ਕਿ ਅਖੌਤੀ ਚੀਕ ਵੇਲੇ ਟੀ. ਪੀ. ਸਿਨਹਾ ਕਾਕਪਿਟ ਦੇ ਅੰਦਰ ਸੀ ਅਤੇ ਉਸ ਚੀਕ ਦੇ ਅਸਲ ਗਵਾਹ ਉਹੀ ਨੇ ਜਿਹੜੇ ਕੈਬਿਨ ਦੇ ਅੰਦਰ ਸਨ। ਉਨ੍ਹਾਂ (ਇਸਤਗਾਸਾ ਦੇ ਗਵਾਹਾਂ) ਅਮਿਤਾ ਕੁਮਾਰ ਤੇ ਰੰਜਨੀ ਦੀ ਗਵਾਹੀ ਦਾ ਹਵਾਲਾ ਦੇਂਦਿਆਂ ਕਿਹਾ ਕਿ ਉਹ ਦੋਵੇਂ ਉਸ ਵੇਲੇ ਕੈਬਿਨ ਦੇ ਅੰਦਰ ਸਨ, ਪਰ ਉਨ੍ਹਾਂ ਵਿਚੋਂ ਕਿਸੇ ਨੇ ਵੀ ਅਜਿਹੀ ਚੀਕ ਦੀ ਤਸਦੀਕ ਨਹੀਂ ਕੀਤੀ। ਮਿਸਟਰ ਐਸ. ਐਮ. ਜ਼ਫਰ ਵੀ ਇਹੀ ਦਲੀਲ ਦੇਂਦੇ ਹਨ ਕੀ ਕਰਨ ਸਿੰਘ ਵਲੋਂ ਹੱਥ ਕੱਟੇ ਜਾਣ ਦੀ ਕਹਾਣੀ ਦੀ ਤਸਦੀਕ ਵਾਸਤੇ ਕੋਈ ਸਬੂਤ ਨਹੀਂ ਹੈ। ਇਸ ਮਕਸਦ ਵਾਸਤੇ ਉਹ ਇਸ ਗੱਲ ਤੇ, ਖਾਸ ਕਰਕੇ, ਟੇਕ ਲੈਂਦੇ ਹਨ ਕਿ ਇਸਤਗਾਸਾ ਉਸ ਡਾਕਟਰ ਨੂੰ ਭੁਗਤਾਉਣ ਵਿਚ ਨਾਕਾਮਯਾਬ ਰਿਹਾ ਹੈ ਜਿਸ ਨੇ ਕਿ ਕਰਨ ਸਿੰਘ ਦੇ

ਜ਼ਖਮਾਂ ਦੀ ਪੜਤਾਲ ਕੀਤੀ ਸੀ।

101. ਮੈਂ ਇਸ ਗੱਲ ਨਾਲ ਮੁਤਫ਼ਿਕ ਹਾਂ ਕਿ ਚੀਕ ਦੇ ਨੁਕਤੇ ਬਾਰੇ ਸਹੀ ਗਵਾਹ ਉਹੀ ਹਨ ਜੋ ਕਿ ਕੈਬਿਨ 'ਚ ਹਾਜ਼ਿਰ ਸਨ ਅਤੇ ਨਾ ਤਾਂ ਅਮਿਤਾ ਕੁਮਾਰ ਨੇ ਤੇ ਨਾ ਹੀ ਰਜਨੀ ਨੇ ਇਸ ਕਹਾਣੀ ਦੀ ਤਸਦੀਕ ਕੀਤੀ ਹੈ। ਸੋ ਇਹ ਨੁਕਤਾ, ਕਿ ਇਕ ਮੁਸਾਫ਼ਿਰ ਦੀ ਚੀਕ ਸੁਣ ਕੇ ਡੋਬਲਾ ਨੇ ਦਰਵਾਜ਼ਾ ਖੋਲ੍ਹਿਆ, ਸ਼ੱਕ ਵਾਲੀ ਗੱਲ ਹੈ। ਇਸਤਗਾਸਾ ਵਲੋਂ ਦਰਵਾਜ਼ਾ ਖੋਲ੍ਹਣ ਵਾਲੇ ਡੋਬਲ ਨੂੰ ਗਵਾਹ ਵਜੋਂ ਨਾ ਭੁਗਤਾਉਣਾ ਇਸ ਨਤੀਜੇ ਦੀ ਹੋਰ ਵੀ ਤਸਦੀਕ ਕਰਦਾ ਹੈ। ਪਰ ਫਿਰ ਵੀ ਇਹ ਸਾਬਿਤ ਤਾਂ ਹੁੰਦਾ ਹੈ ਕਿ ਮੁਲਜ਼ਮ ਗਜਿੰਦਰ ਸਿੰਘ ਤੇ ਜਸਬੀਰ ਸਿੰਘ ਕਿਸੇ ਤਰੀਕੇ ਨਾਲ ਕਾਕਪਿਟ 'ਚ ਦਾਖਿਲ ਹੋਣ 'ਚ ਕਾਮਯਾਬ ਹੋ ਗਏ ਅਤੇ ਹਾਈਜੈਕਿੰਗ ਦੀ ਕਾਰਵਾਈ ਅਮਲ ਵਿਚ ਆਈ। ਇਸ ਕਰਕੇ, ਮੇਰੇ ਖਿਆਲ ਵਿਚ, ਟੀ. ਪੀ. ਸਿਨਹਾ ਦਾ ਦਾਅਵਾ ਕੋਈ ਫਰਕ ਨਹੀਂ ਪਾਉਂਦਾ ਕਿ ਜੇਕਰ ਚੀਕ ਨਾ ਵਜਦੀ ਤਾਂ (ਕਾਕਪਿਟ ਦਾ) ਦਰਵਾਜ਼ਾ ਨਹੀਂ ਸੀ ਖੁਲ੍ਹਣਾ ਤੇ ਹਾਈਜੈਕਿੰਗ ਨਹੀਂ ਸੀ ਹੋਣੀ। ਉਂਜ ਤਾਂ ਇਹ ਸਿਰਫ਼ ਇਕ ਖਿਆਲ ਹੀ ਹੈ ਅਤੇ ਜੇਕਰ ਟੀ. ਪੀ. ਸਿਨਹਾ ਦਾ ਇਹ ਖਿਆਲ ਮੰਨ ਵੀ ਲਈਏ ਕਿ ਦਰਵਾਜ਼ਾ ਕਿਵੇਂ ਖੁਲ੍ਹਾ ਤੇ ਦੋ ਬੰਦੇ ਅੰਦਰ ਕਿਵੇਂ ਦਾਖਲ ਹੋਏ ਤਾਂ ਵੀ ਇਸ ਨਾਲ ਮੁਲਜ਼ਮਾਂ ਦੇ ਇਕਬਾਲ ਤੇ ਕੋਈ ਅਸਰ ਨਹੀਂ ਪਵੇਗਾ। ਨਾ ਹੀ ਮੈਂ ਇਹ ਸਮਝਦਾ ਹਾਂ ਕਿ ਇਸਤਗਾਸਾ ਵਲੋਂ ਡਾਕਟਰ ਦੀ ਗਵਾਹੀ ਨਾ ਭੁਗਤਾਣ ਨਾਲ ਇਹ ਨਤੀਜਾ ਕਢਿਆ ਜਾਵੇ ਕਿ, ਕਿਉਂਕਿ ਕਰਨ ਸਿੰਘ ਦੇ ਹੱਥ ਤੇ ਜ਼ਖਮ ਨਹੀਂ ਸੀ ਅਤੇ ਮੁਲਜ਼ਮ ਗਜਿੰਦਰ ਸਿੰਘ ਕਾਕਪਿਟ ਵਿਚ ਖੂਨ ਨਾਲ ਲਿਬੜੀ ਕਿਰਪਾਨ ਲੈ ਕੇ ਦਾਖਿਲ ਨਹੀਂ ਸੀ ਹੋਇਆ। ਟੀ. ਪੀ. ਸਿਨਹਾ ਸਾਰਾ ਵਕਤ ਕਾਕਪਿਟ ਵਿਚ ਹੀ ਰਿਹਾ ਸੀ ਤੇ ਉਸ ਮੁਤਾਬਿਕ ਉਸ ਨੂੰ ਸਿਰ ਚੁਕਣ ਦੀ ਵੀ ਇਜਾਜ਼ਤ ਨਹੀਂ ਸੀ ਦਿਤੀ ਗਈ। ਜਦੋਂ ਕਰਨ ਸਿੰਘ ਨੇ ਆਪਣੀ ਉਂਗਲ ਕਟੀ, ਉਦੋਂ ਗੀਤਾ ਕੁਮਾਰੀ ਹਵਾਈ ਜਹਾਜ਼ ਦੇ ਆਖਰੀ ਹਿੱਸੇ ਵਿਚ ਸੀ। ਉਨ੍ਹਾਂ ਵਿਚੋਂ ਕਿਸੇ ਨੇ ਵੀ ਕਰਨ ਸਿੰਘ ਨੂੰ ਆਪਣੀ ਉਂਗਲ ਕਟਦਿਆਂ ਨਹੀਂ ਵੇਖਿਆ ਹੋਵੇਗਾ। ਰਜਨੀ ਉਸ ਵਕਤ ਜਹਾਜ਼ ਦੇ ਅਗਲੇ ਹਿੱਸੇ ਵਿਚ ਸੀ ਅਤੇ ਉਸ ਨੇ ਗਵਾਹੀ 'ਚ ਕਿਹਾ ਹੈ ਕਿ ਉਸ ਨੇ ਕਰਨ ਸਿੰਘ ਨੂੰ ਆਪਣੀ ਉਂਗਲ ਕਟਦਿਆਂ ਅਤੇ ਖੂਨ ਨਾਲ ਲਿਬੜੀ ਕਿਰਪਾਨ ਗਜਿੰਦਰ ਸਿੰਘ ਨੂੰ ਦੇਂਦਿਆਂ ਵੇਖਿਆ ਸੀ। ਉਸ ਦੀ ਗਵਾਹੀ ਦੀ ਪੂਰੀ ਤਸਦੀਕ ਟੀ. ਪੀ. ਸਿਨਹਾ ਕਰਦਾ ਹੈ ਜਿਸ ਮੁਤਾਬਿਕ 'ਗਜਿੰਦਰ ਸਿੰਘ ਦੀ ਕਿਰਪਾਨ ਤੇ ਤਾਜ਼ਾ ਖੂਨ ਲਗਾ ਹੋਇਆ ਸੀ'। ਇਸ ਦੀ ਹੋਰ ਪਰੋੜਤਾ ਮੁਹੰਮਦ ਸਫਦਰ ਖਾਨ ਡੀ. ਐਸ. ਪੀ. (ਇਸਤਗਾਸਾ ਦਾ ਗਵਾਹ ਨੰਬਰ 12) ਦੀ ਗਵਾਹੀ ਤੋਂ ਹੁੰਦਾ ਹੈ। ਉਸ ਦਾ ਕਹਿਣਾ ਹੈ ਕਿ ਕਰਨ ਸਿੰਘ ਦੇ

ਜਿਸਮ ਤੇ ਜ਼ਖਮ ਸਨ। ਉਸਨੇ ਉਸਦੇ ਜ਼ਖਮਾਂ ਦਾ ਚਿੱਠਾ (ਪੀ ਐਲ) ਤਿਆਰ ਕੀਤਾ ਸੀ ਅਤੇ ਉਸ ਦਾ ਡਾਕਟਰੀ ਮੁਆਇਨਾ ਕਰਵਾਇਆ ਸੀ। ਪਰ ਕਿਵੇਂ ਨਾ ਕਿਵੇਂ ਇਸਤਗਾਸਾ ਨੇ ਡਾਕਟਰ ਦੀ ਗਵਾਹੀ ਕਰਵਾਉਣੀ ਜਰੂਰੀ ਨਹੀਂ ਸਮਝੀ। ਮੈਂ ਸਮਝਦਾ ਹਾਂ ਕਿ ਰਜਨੀ ਦਾ ਬਿਆਨ ਤੇ ਇਸ ਦੀ ਟੀ. ਪੀ. ਸਿਨਹਾ ਅਤੇ ਮੁਹੰਮਦ ਸਫਦਰ ਵਲੋਂ ਪਰੋੜਤਾ ਨੂੰ ਨਾ ਮੰਨਣ ਦੀ ਕੋਈ ਵਜਹ ਨਜ਼ਰ ਨਹੀਂ ਆਉਂਦੀ। ਵਧ ਤੋਂ ਵਧ ਡਾਕਟਰ ਦੀ ਗਵਾਹੀ ਇਸ ਸਬੂਤ ਦੀ ਪਰੋੜਤਾ ਹੀ ਕਰ ਸਕਦੀ ਸੀ। ਪਰ ਮੇਰੀ ਨਿਗਾਹ ਵਿਚ ਰਜਨੀ ਦੀ ਸ਼ਹਾਦਤ ਨੂੰ ਮੰਨਣ ਲਈ ਕਿਸੇ ਕਿਸਮ ਦੀ ਪਰੋੜਤਾ ਦੀ ਜਰੂਰਤ ਨਹੀਂ ਸੀ ਅਤੇ ਡਾਕਟਰ ਦੀ ਗਵਾਹੀ ਦੀ ਅਣਹੋਂਦ ਨਾਲ ਕੋਈ ਫਰਕ ਨਹੀਂ ਪੈਂਦਾ।

102. ਕਿਉਂਕਿ ਅੰਰਤ ਮੁਸਾਫਿਰ ਦੀ ਚੀਕ-ਕਹਾਣੀ ਸ਼ੱਕ ਭਰੀ ਹੈ ਇਸ ਕਰਕੇ 'ਕਾਕਪਿਟ 'ਚ ਗਜਿੰਦਰ ਤੇ ਜਸਬੀਰ ਸਿੰਘ ਦੇ ਦਾਖਲੇ ਬਾਰੇ ਉਨ੍ਹਾਂ ਦਾ ਆਪਣਾ ਬਿਆਨ ਹੀ ਠੀਕ ਜਾਪਦਾ ਹੈ ਕਿ ਜਦੋਂ ਏਅਰ ਹੋਸਟੇਸ ਜਹਾਜ਼ ਦੇ ਅਮਲੇ ਨੂੰ ਚਾਹ ਦੇ ਕੇ ਕਾਕਪਿਟ ਤੋਂ ਬਾਹਰ ਆਈ ਤਾਂ ਦਰਵਾਜ਼ਾ ਖੁਲ੍ਹਾ ਸੀ ਤੇ ਇਸਨੇ ਉਨ੍ਹਾਂ ਨੂੰ ਕਾਕਪਿਟ ਵਿਚ ਵੜਨ ਦਾ ਮੌਕਾ ਮੁਹਈਆ ਕੀਤਾ। ਦੋਹਾਂ ਮੁਲਜ਼ਮਾਂ ਦੇ ਕਾਕਪਿਟ ਵਿਚ ਦਾਖਲ ਹੋਣ ਮਗਰੋਂ ਜੋ ਕੁਝ ਹੋਇਆ ਉਸ ਬਾਰੇ ਸਾਡੇ ਕੋਲ ਕੈਪਟਨ ਟੀ. ਪੀ. ਸਿਨਹਾ ਦੀ ਗਵਾਹੀ ਹੈ। ਉਸ ਮੁਤਾਬਿਕ ਜਸਬੀਰ ਸਿੰਘ ਨੇ ਆਪਣੀ ਕਿਰਪਾਨ ਉਸ ਦੀ ਧੌਣ ਤੇ ਅਤੇ ਗਜਿੰਦਰ ਸਿੰਘ ਨੇ ਡੋਂਬਲਾ ਦੀ ਧੌਣ ਤੇ ਰਖ ਦਿਤੀ. ਮਗਰਲੇ ਦੀ ਕਿਰਪਾਨ ਤੇ ਤਾਜ਼ਾ ਖੂਨ ਸੀ। ਇਨ੍ਹਾਂ ਮੁਲਜ਼ਮਾਂ ਨੇ ਉਸਨੂੰ ਅਤੇ ਉਸਦੇ ਸਾਥੀ ਪਾਇਲਟ ਨੂੰ ਜਹਾਜ਼ ਲਾਹੌਰ ਵਲ ਮੋੜਨ ਵਾਸਤੇ ਕਿਹਾ ਤੇ ਇਹ ਆਖਿਆ ਕਿ ਉਨ੍ਹਾਂ ਨੇ ਨਾ ਮੰਨਿਆ ਤਾਂ ਜਹਾਜ਼ ਤੇ ਸਵਾਰ ਹਰ ਇਕ ਨੂੰ ਖਤਮ ਕਰ ਦਿਤਾ ਜਾਵੇਗਾ। ਜਿਸ ਹਾਲਤ ਵਿਚ ਟੀ. ਪੀ. ਸਿਨਹਾ ਤੇ ਡੋਂਬਲਾ ਸਨ, ਉਨ੍ਹਾਂ ਕੋਲ ਜਹਾਜ਼ ਲਾਹੌਰ ਉਤਾਰਨ ਤੋਂ ਸਿਵਾ ਕੋਈ ਚਾਰਾ ਨਹੀਂ ਸੀ। ਇਹ ਵੀ ਜ਼ਾਹਿਰ ਹੈ ਕਿ ਟੀ. ਪੀ. ਸਿਨਹਾ ਤੇ ਡੋਂਬਲਾ ਵਲੋਂ ਲਾਹੌਰ ਦੇ ਹਾਕਮਾਂ ਵਲੋਂ ਇਜਾਜ਼ਤ ਉਡੀਕੇ ਬਿਨਾ ਜਹਾਜ਼ ਨੂੰ ਲਾਹੌਰ ਹਵਾਈ ਅੱਡੇ ਤੇ ਉਤਾਰਨਾ ਬੇਹਦ ਖਤਰਨਾਕ ਕਾਰਵਾਈ ਸੀ ਅਤੇ ਜਿਵੇਂ ਕਿ (ਇਸਤਗਾਸਾ ਦੇ ਗਵਾਹ ਨੰਬਰ 5) ਸ਼ਾਹਿਦ ਰਜ਼ਾ ਨੇ ਆਖਿਆ ਹੈ ਕਿ ਜੇ ਉਸ ਨੂੰ ਮਜਬੂਰ ਨਾ ਕੀਤਾ ਗਿਆ ਹੋਵੇ ਤਾਂ ਕੋਈ ਵੀ ਪਾਇਲਟ ਇਸ ਤਰੀਕੇ ਨਾਲ ਜਹਾਜ਼ ਨੂੰ ਨਹੀਂ ਉਤਾਰੇਗਾ। ਡੋਂਬਲਾ ਅਤੇ ਟੀ. ਪੀ. ਸਿਨਹਾ ਨੇ ਜਿਸ ਬੇਹਦ ਜ਼ਿਆਦਾ ਖਤਰਨਾਕ ਤਰੀਕੇ ਨਾਲ ਕਾਰਵਾਈ ਕੀਤੀ, ਉਸ ਤੋਂ ਪਤਾ ਲਗਦਾ ਹੈ ਕਿ ਉਹ ਆਪਣੀ ਡਿਊਟੀ ਨਿਭਾਉਣ ਵਾਸਤੇ ਆਜ਼ਾਦ ਨਹੀਂ ਸਨ। ਇਹ ਮੱਦੇ-ਨਜ਼ਰ ਰਖਣਾ ਵੀ ਜ਼ਰੂਰੀ ਹੈ ਕਿ ਸਿਨਹਾ ਮੁਤਾਬਿਕ ਉਨ੍ਹਾਂ ਵਿਚੋਂ ਇਕ ਕੋਲ

ਤਾਜ਼ੇ ਖੂਨ ਨਾਲ ਲਿਬੜੀ ਕਿਰਪਾਨ ਵੀ ਸੀ ਤੇ ਮੁਲਜ਼ਮ ਇਹ ਵੀ ਦਾਅਵਾ ਕਰ ਰਹੇ ਸਨ ਕਿ ਉਨ੍ਹਾਂ ਕੋਲ ਜਹਾਜ਼ ਉਡਾ ਦੇਣ ਵਾਸਤੇ ਸਾਮਾਨ ਹੈ ਤੇ ਉਨ੍ਹਾਂ ਧਮਕੀ ਦਿਤੀ ਕਿ ਜੇ ਕਿਸੇ ਨੇ ਹਿਲਜੁਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਹ ਅਜਿਹਾ ਕਰਨਗੇ (ਜਹਾਜ਼ ਉਡਾ ਦੇਣਗੇ)। ਜਿਥੋਂ ਤਕ ਕਿਰਪਾਨ ਤੇ ਖੂਨ ਦਾ ਸਵਾਲ ਹੈ ਮੁਦਾਲਾ ਦੇ ਫ਼ਾਜ਼ਿਲ ਵਕੀਲ ਨੇ ਇਸ ਵਲ ਇਸ਼ਾਰਾ ਕੀਤਾ ਹੈ ਕਿ ਨਜ਼ੀਰ ਹੁਸੈਨ ਐਸ. ਐਚ. ਓ. (ਇਸਤਗਾਸਾ ਦਾ ਗਵਾਹ ਨੰਬਰ 6) ਮੁਤਾਬਿਕ ਕਿਸੇ ਵੀ ਕਿਰਪਾਨ ਤੇ ਕੋਈ ਖੂਨ ਨਹੀਂ ਸੀ। ਇਸਦੀ ਮੇਰੇ ਖਿਆਲ ਵਿਚ ਕੋਈ ਅਹਿਮੀਅਤ ਨਹੀਂ, ਕਿਉਂਕਿ ਕਰਨ ਸਿੰਘ ਵਲੋਂ ਉਂਗਲ ਕਟਣ ਤੇ ਕਿਰਪਾਨ ਦੀ ਬਰਾਮਦੀ ਵਿਚਕਾਰ ਕਾਫ਼ੀ ਵਕਤ ਬੀਤ ਚੁਕਾ ਸੀ।

ਜਿਥੋਂ ਤਕ ਜਹਾਜ਼ ਉਡਾਉਣ ਵਾਸਤੇ ਸਮਗਰੀ ਦਾ ਸਵਾਲ ਹੈ ਇਹ ਸਚ ਹੈ ਕਿ ਮੁਲਜ਼ਮਾਂ ਕੋਲ ਅਸਲ ਵਿਚ ਐਸਾ ਕੋਈ ਸਾਮਾਨ ਨਹੀਂ ਸੀ। ਪਰ ਇਹ ਵੀ ਸਚ ਹੈ ਕਿ ਉਨ੍ਹਾਂ ਨੇ ਅਜਿਹੀਆਂ ਧਮਕੀਆਂ ਦਿਤੀਆਂ ਸਨ। ਗੀਤਾ ਕੁਮਾਰ ਨੇ ਸ਼ਾਹਦੀ ਭਰੀ ਹੈ ਕਿ ਮੁਲਜ਼ਮਾਂ ਦੇ ਮੋਢਿਆਂ ਤੇ ਥੈਲੇ ਲਟਕ ਰਹੇ ਸਨ ਤੇ ਉਨਾ ਦੇ ਹਥ ਥੈਲਿਆਂ ਦੇ ਅੰਦਰ ਸਨ। ਦਰੀਚੇ-ਸ਼ਕ ਇਹ ਇਸ ਕਰਕੇ ਕੀਤਾ ਗਿਆ ਸੀ ਕਿ ਉਨ੍ਹਾਂ ਥੈਲਿਆਂ ਦੇ ਵਿਚ ਖਤਰਨਾਕ ਸਾਮਾਨ ਹੋਣ ਦਾ ਅਸਰ ਪਵੇ। ਰਜਨੀ ਨੇ ਵੀ ਇਨ੍ਹਾਂ ਧਮਕੀਆਂ ਬਾਰੇ ਗਵਾਹੀ ਦਿਤੀ ਹੈ ਅਤੇ ਉਮਰ ਅਫਰੀਦੀ ਨੇ ਵੀ ਥੈਲੇ ਵੇਖੇ ਸਨ। ਪਿਛਲੇ (ਗਵਾਹ, ਉਮਰ ਅਫਰੀਦੀ) ਮੁਤਾਬਿਕ 'ਦੋ ਮੁਲਜ਼ਮਾਂ, ਜਿਨਾ ਦੇ ਮੋਢੇ ਤੇ ਥੈਲੇ ਸਨ, ਨੇ ਉਸ ਅਗੇ ਫੜ ਮਾਰੀ ਸੀ ਕਿ ਉਨਾ ਦੇ ਕੋਲ ਹੈਂਡ ਗਰਨੇਡ ਸਨ।' ਮੁਦਾਲਾ ਦੇ ਫਾਜ਼ਿਲ ਵਕੀਲ ਦਾ ਕਹਿਣਾ ਸੀ ਕਿ ਕਿਉਂਕਿ ਥੈਲੇ ਕਬਜ਼ੇ ਵਿਚ ਨਹੀਂ ਲਏ ਗਏ ਇਸ ਕਰਕੇ ਇਸਤਗਾਸਾ ਦਾ ਇਹ ਹਿਸਾ ਛਡ ਦੇਣਾ ਚਾਹੀਦਾ ਹੈ। ਮੈਂ ਮੰਨਦਾ ਹਾਂ ਕਿ ਤਫਤੀਸ਼ ਕਰਨ ਵਾਲੇ ਅਫਸਰ ਨੂੰ ਇਨਾ ਥੈਲਿਆਂ ਬਾਰੇ ਸੋਚਣਾ ਚਾਹੀਦਾ ਸੀ, ਪਰ ਫਿਰ ਵੀ ਰਜਨੀ ਦੇ ਬਿਆਨ 'ਚ ਕਿਹਾ ਗਿਆ ਹੈ ਕਿ ਉਨਾ (ਸਵਾਰੀਆਂ ਦੀ ਰਿਹਾਈ ਵੇਲੇ ਹਾਕਮਾਂ ਨੇ ਮੁਸਾਫਿਰਾਂ ਨੂੰ ਕਿਹਾ ਸੀ ਕਿ ਉਹ ਆਪਣਾ ਸਾਮਾਨ ਕੈਬਿਨ ਵਿਚ ਹੀ ਛਡ ਆਉਣ। ਇਹ ਮੁਮਕਿਨ ਹੈ ਕਿ ਇਹ ਗੱਲ ਮੁਲਜ਼ਮਾਂ ਤੇ ਹੀ ਲਾਗੂ ਹੁੰਦੀ ਹੋਵੇ। ਜੇ ਕਰ ਤਫਤੀਸ਼ ਕਰਨ ਦੀ ਇਜਾਜ਼ਤ ਦਿਤੀ ਜਾਂਦੀ ਤਾਂ ਸ਼ਾਇਦ ਉਸਨੂੰ ਅੰਦਰੋਂ ਥੈਲੇ ਲਭ ਪੈਂਦੇ, ਪਰ ਸ਼ਾਇਦ ਵਾਰਦਾਤ ਦੀ ਨਾਜ਼ੁਕਤਾ ਨੂੰ ਮੱਦੇ-ਨਜ਼ਰ ਰਖਦੇ ਹੋਏ, ਇਜਾਜ਼ਤ ਮੰਗਣ ਦੇ ਬਾਵਜੂਦ ਡੀ. ਐਸ. ਪੀ. ਮੁਹੰਮਦ ਸਫਦਰ ਨੂੰ ਜਹਾਜ਼ ਦੇ ਅੰਦਰ ਜਾਣ ਦੀ ਇਜਾਜ਼ਤ ਨਹੀਂ ਸੀ ਦਿਤੀ ਗਈ।

103. ਮੈਂ ਇਸਤਗਾਸਾ ਦੀਆਂ ਗਵਾਹੀਆਂ ਅਤੇ ਮੁਲਜ਼ਮਾਂ ਵਲੋਂ ਜ਼ਰੂਰੀ ਨੁਕਤਿਆਂ

ਦੇ ਇਕਬਾਲ ਮਗਰੋਂ ਇਸ ਵਿਚ ਕਿਸੇ ਕਿਸਮ ਦਾ ਸ਼ੱਕ ਨਹੀ ਰਹਿ ਜਾਂਦਾ ਕਿ ਮੁਲਜ਼ਮਾਂ ਨੇ ਜੋ ਵੀ ਕਾਰਵਾਹੀ ਕੀਤੀ ਉਹ ਤਾਜ਼ੀ-ਰਾਤੇ ਪਾਕਿਸਤਾਨ ਦੀ ਦਫਾ 402 ਏ ਦੇ ਮਾਅਨਿਆਂ ਵਿਚ ਹਾਈਜੈਕਿੰਗ ਸੀ। ਇਹ ਠੀਕ ਹੈ ਕਿ ਕੁਝ ਮੁਲਜ਼ਮਾਂ ਨੇ ਆਪਣੀ ਕਾਰਵਾਹੀ ਨੂੰ ਹਾਈਜੈਕਿੰਗ ਆਖਿਆ ਹੈ ਅਤੇ ਕੁਝ ਨੇ ਇਹ ਲਫਜ਼ ਵਰਤਣ ਤੋਂ ਗੁਰੇਜ਼ ਕੀਤਾ ਹੈ। ਪਰ ਉਨ੍ਹਾ ਵਲੋਂ ਲਫਜ਼ ਦੀ ਚੋਣ ਨੇ ਕਾਰਵਾਈ ਨਹੀਂ ਮਿਥਣੀ। ਉਹ ਸਾਰੇ, ਪਹਿਲੋਂ ਘੜੀ ਗਈ ਤਰਕੀਬ, ਯਾਨਿ ਹਾਈਜੈਕਿੰਗ, ਵਾਸਤੇ ਜਹਾਜ਼ ਤੇ ਸਵਾਰ ਹੋਏ ਸਨ। ਇਹ ਤਰਕੀਬ ਦਾ ਇਕ ਹਿਸਾ ਸੀ ਕਿ ਮੁਲਜ਼ਮ ਕਰਨ ਸਿਘ ਆਪਣੀ ਕਿਰਪਾਨ ਨਾਲ ਆਪਣੀ ਉਂਗਲ ਕਟੇਗਾ ਅਤੇ ਖ਼ੂਨ ਨਾਲ ਲਿਬੜੀ ਕਿਰਪਾਨ ਮੁਲਜ਼ਮ ਗਜਿੰਦਰ ਸਿਘ ਨੂੰ ਦੇਵੇਗਾ; ਇਸ ਦਾ ਮਕਸਦ ਸਾਫ ਇਹੀ ਸੀ ਕਿ ਵੇਖਣ ਵਾਲਿਆਂ ਵਿਚ ਡਰ ਭਰ ਕੇ ਉਨ੍ਹਾਂ ਨੂੰ ਧਮਕਾਉਣਾ। ਗਜਿੰਦਰ ਸਿਘ ਤੇ ਜਸਬੀਰ ਸਿਘ ਵਲੋਂ ਕਿਰਪਾਨਾਂ, ਉਨ੍ਹਾਂ 'ਚੋਂ ਇਕ ਖ਼ੂਨ ਨਾਲ ਲਿਬੜੀ ਹੋਈ, ਲਹਿਰਾਉਂਦੇ ਕਾਕਪਿਟ 'ਚ ਦਾਖਿਲ ਹੋਣਾ ਯਕੀਨਨ ਏਸ ਇਰਾਦੇ ਨਾਲ ਕੀਤਾ ਗਿਆ ਸੀ ਕਿ ਜਹਾਜ਼ ਤੇ ਕਬਜ਼ਾ ਕਰਕੇ ਇਸ ਦਾ ਇਖਤਿਆਰ ਚਲਾਇਆ ਜਾਵੇ। ਜੇਕਰ ਕਿਰਪਾਨ ਤੇ ਖ਼ੂਨ ਨਾ ਲਗਾ ਹੁੰਦਾ ਤਾ ਵੀ ਮੁਲਜ਼ਮਾਂ ਦਾ (ਕਾਕਪਿਟ 'ਚ) ਸਿਰਫ ਦਾਖਲ ਹੋਣਾ ਹੀ ਉਨ੍ਹਾਂ ਦਾ ਮਕਸਦ ਪੂਰਾ ਕਰਨ ਵਾਸਤੇ ਕਾਫੀ ਸੀ। ਹਵਾਈ ਜਹਾਜ਼ ਦੀ ਨਾਜ਼ੁਕਤਾ ਅਤੇ ਹਾਈਜੈਕਰਾਂ ਨੂੰ ਰੋਕਣ ਦੇ ਖਤਰਿਆਂ ਨੂੰ ਮੱਦੇ-ਨਜ਼ਰ ਰਖਦਿਆ ਮੁਲਜ਼ਮਾਂ ਨੂੰ ਸੰਜੀਦਗੀ ਨਾਲ ਸਮਝਣ ਤੇ ਕੋਈ ਵੀ ਬੇਵਜਹ ਖਤਰਾ ਸਹੇੜਨ ਦੀ ਬਜਾਏ ਉਨ੍ਹਾਂ ਦਾ ਹੁਕਮ ਮੰਨਣ ਵਾਸਤੇ ਪਾਇਲਟ ਤੇ ਉਸ ਦਾ ਸਾਥੀ ਪਾਇਲਟ ਹੱਕ-ਬਜਾਨਬ ਸਨ। ਇਸ ਪਖੋਂ ਵੀ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਕਿਰਪਾਨਾਂ ਢੀਂਬਲਾ ਤੇ ਸਿਨਹਾ ਦੀਆਂ ਧੌਣਾ ਤੇ ਰਖੀਆਂ ਸਨ ਕਿ ਨਹੀਂ। ਮਿਸਟਰ ਐਸ. ਐਮ. ਜ਼ਫਰ ਨੇ ਇਹ ਦਲੀਲ ਦਿਤੀ ਸੀ ਕਿ ਚੌਕ ਮਹਿਤਾ ਦੀਆਂ ਤਾਜ਼ੀਆਂ ਵਾਰਦਾਤਾਂ ਨੇ ਯਕੀਨਨ ਹਿੰਦੂਆਂ ਤੇ ਸਿਖਾਂ ਵਿਚਕਾਰ ਕਸ਼ਮਕਸ਼ ਵਾਲਾ ਮਾਹੌਲ ਪੈਦਾ ਕਰ ਦਿਤਾ ਸੀ ਅਤੇ ਹਵਾਈ ਜਹਾਜ਼ ਦੇ ਅਮਲੇ ਨੇ ਕਾਕਪਿਟ ਵਿਚ ਦੋ ਸਿਖਾਂ ਦੇ ਹੱਥਾਂ ਵਿਚ ਸਿਰਫ ਕਿਰਪਾਨਾਂ ਵੇਖਕੇ ਹੀ ਵਾਧੂ ਫਿਕਰ ਦਾ ਦਿਖਾਵਾ ਕੀਤਾ ਸੀ। ਮੇਰੇ ਖਿਆਲ ਵਿਚ ਜਿਵੇਂ ਸਿਨਹਾ ਨੇ ਕੀਤਾ ਹੈ ਹਰ ਪਾਇਲਟ ਨੇ ਉਵੇਂ ਹੀ ਕਰਨਾ ਸੀ। ਕਿਉਂ ਕਿ ਕੋਈ ਵੀ ਏਅਰ ਲਾਈਨ ਹਾਈਜੈਕਰਾਂ ਦੀ ਮੁਜ਼ਾਹਮਤ ਕਰਨ ਦਾ ਖਤਰਾ ਨਹੀਂ ਸਹੇੜ ਸਕਦੀ, ਇਸ ਕਰਕੇ ਇਹ ਨੁਕਤਾ ਗਲਤ ਹੈ ਕਿ (ਹਾਈਜੈਕਰਾਂ ਨੂੰ) ਨਾ-ਰੋਕਣ ਦੀ ਪਾਲਸੀ ਇੰਡੀਅਨ ਏਅਰ ਲਾਈਨ ਨੇ ਖਾਸ ਤੌਰ ਤੇ ਅਪਣਾਈ ਸੀ। ਇਸ ਨੁਕਤੇ ਵਿਚ ਵੀ ਕੋਈ ਵਜ਼ਨ ਨਹੀਂ ਬਣਦਾ ਕਿ ਇੰਡੀਅਨ ਏਅਰ ਲਾਈਨ ਦੀ ਕੋਈ ਕਾਰਵਾਈ ਹਾਈਜੈਕਿੰਗ ਵਾਸਤੇ ਇਮਦਾਦ ਵਾਲੀ ਸਾਬਿਤ ਹੋਈ ਸੀ। ਇਸ ਵਿਚ ਰਤਾ

ਵੀ ਸ਼ੱਕ ਨਹੀਂ ਕਿ ਮੁਲਜ਼ਮਾਂ ਦੀ ਕਾਰਵਾਈ ਦਾ ਮਕਸਦ ਜਹਾਜ਼ ਤੇ ਕਬਜ਼ਾ ਕਰਨਾ ਅਤੇ ਇਸ ਦਾ ਇਖਤਿਆਰ ਚਲਾਉਣਾ ਸੀ ਅਤੇ ਇਸ ਨਿਸ਼ਾਨੇ ਨੂੰ ਉਨ੍ਹਾਂ ਨੇ ਤਾਕਤ ਦੇ ਦਿਖਾਵੇ ਅਤੇ ਧਮਕੀ ਦੇ ਜ਼ੋਰ ਨਾਲ ਹਾਸਿਲ ਕੀਤਾ। ਜਹਾਜ਼ ਨੂੰ ਦੋਹਾਂ ਮੁਲਜ਼ਮਾਂ ਦੀ ਹਦਾਇਤ ਤੇ ਲਾਹੌਰ ਵਲ ਮੋੜਿਆ ਗਿਆ ਸੀ ਅਤੇ ਜੇਕਰ ਉਨ੍ਹਾਂ ਨੇ ਤਾਕਤ ਦੀ ਧਮਕੀ ਜਾਂ ਦਿਖਾਵਾ ਨਾ ਕੀਤਾ ਹੁੰਦਾ ਅਤੇ ਪਾਇਲਟ ਤੇ ਕੋ-ਪਾਇਲਟ ਆਪਣੀ ਕਾਰਵਾਈ ਵਾਸਤੇ ਆਜ਼ਾਦ ਹੁੰਦੇ ਤਾਂ ਉਨ੍ਹਾਂ ਨੇ ਜਹਾਜ਼ ਲਾਹੌਰ ਵਲ ਨੂੰ ਨਹੀਂ ਸੀ ਮੋੜਨਾ। ਇੰਨਾ ਹੀ ਬਸ ਨਹੀਂ ਪਾਇਲਟ ਤੇ ਕੋ ਪਾਇਲਟ ਨੂੰ ਮਜਬੂਰ ਕੀਤਾ ਗਿਆ ਕਿ ਲਾਹੌਰ ਹਵਾਈ ਅੱਡੇ ਦੇ ਹਾਕਮਾਂ ਦੀ ਇਜਾਜ਼ਤ ਤੋਂ ਬਿਨਾ ਹੀ ਜਹਾਜ਼ ਨੂੰ ਉਤਾਰ ਦਿਤਾ ਜਾਵੇ। ਹਕੀਕਤਨ ਇਹ ਬੜੀ ਖਤਰਨਾਕ ਕਾਰਵਾਈ ਸੀ ਅਤੇ ਆਮ ਹਾਲਤਾਂ ਵਿਚ ਕਿਸੇ ਵੀ ਪਾਇਲਟ ਨੇ ਇਸ ਨਹੀਂ ਸੀ ਕਰਨਾ। ਇਹ ਮੂੰਹ ਬੋਲਦਾ ਸਬੂਤ ਹੈ ਕਿ ਮੁਲਜ਼ਮ ਇਖਤਿਆਰ ਨੂੰ ਕਿਝ ਚਲਾ ਰਹੇ ਸਨ। ਉਨ੍ਹਾਂ ਦੇ ਆਪਣੇ ਇਕਬਾਲ ਮੁਤਾਬਿਕ ਜਦੋਂ ਤਕ ਜਹਾਜ਼ ਨੂੰ ਕਮਾਂਡੋ ਐਕਸ਼ਨ ਨਾਲ ਆਜ਼ਾਦ ਨਹੀਂ ਕਰਵਾ ਲਿਆ ਗਿਆ, ਉਦੋਂ ਤਕ ਜਹਾਜ਼ ਤੇ ਉਨ੍ਹਾਂ ਦਾ ਇਖਤਿਆਰ ਰਿਹਾ। ਇਸ ਵੇਲੇ ਦੇ ਦੌਰਾਨ ਵੀ ਜਹਾਜ਼ ਤੇ ਉਨ੍ਹਾਂ ਦਾ ਇਖਤਿਆਰ ਜਾਰੀ ਰਿਹਾ ਕਿਉਂਕਿ ਜਹਾਜ਼ ਦੇ ਅਮਲੇ ਵਿਚੋਂ ਕਿਸੇ ਨੂੰ ਵੀ ਜਹਾਜ਼ ਤੋਂ ਉਤਰਨ ਦੀ ਇਜਾਜ਼ਤ ਨਹੀਂ ਸੀ ਦਿਤੀ ਗਈ ਅਤੇ ਸਿਰਫ ਬਚਿਆਂ, ਬੀਮਾਰਾਂ, ਤੇ ਬਦੇਸ਼ੀਆਂ ਨੂੰ ਛੱਡ ਕੇ ਸਾਰੇ ਦੇ ਸਾਰੇ ਮੁਸਾਫਿਰ 20 ਘੰਟੇ ਜਹਾਜ਼ 'ਚ ਬੰਦ ਰਹੇ। ਇਹ ਸਾਫ ਹੈ ਕਿ ਜੇਕਰ ਮੁਸਾਫਿਰਾਂ ਅਤੇ ਅਮਲੇ ਨੂੰ ਅਪਣੀ ਮਰਜ਼ੀ ਕਰਨ ਜਾਂ ਜਹਾਜ਼ ਤੋਂ ਉਤਰਨ ਦੀ ਆਜ਼ਾਦੀ ਹੁੰਦੀ ਤਾਂ ਉਨ੍ਹਾਂ ਨੂੰ ਲੰਬੀ ਹਿਰਾਸਤ ਦੀ ਇਹ ਕਰੜੀ ਅਜ਼ਮਾਇਸ਼ ਨਾ ਠਲਣੀ ਪੈਂਦੀ।

104. ਅਤੇ, ਇਹ ਸਾਫ ਹੈ ਕਿ ਮੁਲਜ਼ਮਾਂ ਵਲੋਂ ਹਵਾਈ ਜਹਾਜ਼ ਤੇ ਕਬਜ਼ਾ ਕਰਨ ਅਤੇ ਇਖਤਿਆਰ ਚਲਾਉਣ ਦੀ ਕਾਰਵਾਈ ਗੈਰ-ਕਾਨੂੰਨੀ ਤੌਰ ਤੇ ਸੀ; ਕਿਉਂ ਕਿ ਉਨ੍ਹਾਂ ਨੇ ਜੋ ਕੁਝ ਕੀਤਾ ਉਸ ਪਿਛੇ ਉਨ੍ਹਾਂ ਦਾ ਕੋਈ ਜਾਇਜ਼ ਮੁੱਦਆ ਜਾਂ ਕਾਨੂੰਨੀ ਵਜਹ ਨਹੀਂ ਸੀ। ਉਨ੍ਹਾਂ ਨੂੰ ਕੋਈ ਹੱਕ ਨਹੀਂ ਸੀ ਕਿ ਉਹ ਕਾਕਪਿਟ ਵਿਚ ਦਾਖਿਲ ਹੁੰਦੇ ਅਤੇ ਫਿਰ ਤਾਕਤ ਦੇ ਦਿਖਾਵੇ ਜਾਂ ਧਮਕੀਆਂ ਰਾਹੀਂ ਜਹਾਜ਼ ਨੂੰ ਲਾਹੌਰ ਵਲ ਮੁੜਵਾਉਂਦੇ ਅਤੇ ਲਾਹੌਰ ਦੇ ਹਾਕਮਾਂ ਦੀ ਇਜਾਜ਼ਤ ਬਿਨਾ ਉਤਾਰਨ ਵਾਸਤੇ ਮਜਬੂਰ ਕਰਦੇ ਜਾਂ ਜਹਾਜ਼ ਅਤੇ ਇਸ ਦੇ ਮੁਸਾਫਿਰਾਂ ਅਤੇ ਅਮਲੇ ਨੂੰ ਹਵਾਈ ਜਹਾਜ਼ ਦੇ 20 ਘੰਟੇ ਦਾ ਲੰਬਾ ਵਕਤ ਕੈਦ ਰਖਦੇ। ਜੇ ਕਰ ਉਹ ਮੁਸਾਫਿਰਾਂ ਨਾਲ ਚੰਗੇ ਤਰੀਕੇ ਨਾਲ ਪੇਸ਼ ਵੀ ਆਏ ਤਾਂ ਵੀ ਉਸ ਨਾਲ ਉਨ੍ਹਾਂ ਦੀ ਕਾਰਵਾਈ ਕਾਨੂੰਨੀ ਨਹੀਂ ਬਣ ਜਾਂਦੀ।

105. ਫਾਜ਼ਿਲ ਡਿਫੈਂਸ-ਕੋਂਸਲ ਨੇ ਮੁਲਜ਼ਮਾਂ ਕਰਨ ਸਿੰਘ, ਤੇਜਿੰਦਰਪਾਲ ਸਿੰਘ ਅਤੇ

ਸਤਨਾਮ ਸਿੰਘ ਦਾ ਕੇਸ ਬਾਕੀਆਂ ਨਾਲੋਂ ਇਸ ਬਿਨਾ ਤੇ ਵਖਰਿਆਉਣ ਦੀ ਕੋਸ਼ਿਸ਼ ਕੀਤੀ ਹੈ ਕਿ ਉਹ ਕੈਬਿਨ ਵਿਚ ਰਹੇ ਸਨ ਅਤੇ ਉਨ੍ਹਾਂ ਨੇ ਜਹਾਜ਼ ਤੇ ਕਬਜ਼ਾ ਕਰਨ ਜਾਂ ਇਸ ਦਾ ਇਖ਼ਤਿਆਰ ਚਲਾਉਣ ਦੇ ਮਕਸਦ ਨਾਲ ਕੋਈ ਲੋੜ ਤੋਂ ਵਧ ਚੁਸਤ ਕਾਰਵਾਈ ਨਹੀਂ ਸੀ। ਉਨ੍ਹਾਂ ਮੁਤਾਬਿਕ ਜਹਾਜ਼ ਤੇ ਕਬਜ਼ਾ ਕਰਨ ਜਾਂ ਇਸ ਦਾ ਇਖ਼ਤਿਆਰ ਚਲਾਉਣ ਦਾ ਮਤਲਬ ਹੈ ਕਿ ਜਹਾਜ਼ ਦੀ ਉਡਾਨ ਦਾ ਕੰਟਰੋਲ ਹਾਸਿਲ ਕਰਨਾ ਅਤੇ ਇਨ੍ਹਾਂ ਮੁਲਜ਼ਮਾਂ ਨੇ ਅਜਿਹੀ ਕੋਈ ਕਾਰਵਾਈ ਨਹੀਂ ਕੀਤੀ। ਇਹ ਦਲੀਲ ਮੁਲਜ਼ਮਾਂ ਦੇ ਆਪਣੇ ਬਿਆਨ ਨੂੰ ਨਜ਼ਰ-ਅੰਦਾਜ਼ ਕਰਦੀ ਹੈ ਕਿ ਉਹ ਹਾਈਜੈਕਿੰਗ ਦੀ ਤਰਕੀਬ ਦਾ ਹਿਸਾ ਸਨ ਅਤੇ ਉਨ੍ਹਾਂ ਆਪਣੀ ਪਹਿਲੋਂ ਨੀਅਤ ਕੀਤੀ ਤਰਕੀਬ ਮੁਤਾਬਿਕ ਆਪਣਾ ਰੋਲ ਅਦਾ ਕੀਤਾ। ਹਕੀਕਤ 'ਚ ਉਨ੍ਹਾਂ ਨੇ ਇਹ ਮੰਨਿਆ ਹੈ ਕਿ ਆਜ਼ਾਦ ਹੋਣ ਤਕ ਜਹਾਜ਼ ਉਨ੍ਹਾਂ ਦੇ ਇਖ਼ਤਿਆਰ ਹੇਠ ਸੀ। ਮੁਲਜ਼ਮ ਸਤਨਾਮ ਸਿੰਘ ਨੇ ਪਲਾਨ ਦੀ ਤਫ਼ਸੀਲ ਦਿਤੀ ਹੈ। ਇਸ ਮੁਤਾਬਿਕ ਗਜਿੰਦਰ ਸਿੰਘ ਤੇ ਜਸਬੀਰ ਸਿੰਘ ਨੇ ਕਾਕਪਿਟ ਵਿਚ ਦਾਖ਼ਲ ਹੋਣਾ ਸੀ ਅਤੇ ਬਾਕੀ ਤਿੰਨਾ ਨੇ ਕੈਬਿਨ ਤੇ ਕੰਟਰੋਲ ਰਖਣਾ ਸੀ। ਉਨ੍ਹਾਂ ਇਕ-ਜੁਟ ਹੋਕੇ ਕੰਮ ਕੀਤਾ ਅਤੇ ਪਲਾਨ ਮੁਤਾਬਿਕ ਇਹ ਸਾਫ਼ ਹੈ ਕਿ ਦੋਹਾਂ ਵਿਚੋਂ ਇਕ ਕਿਰਪਾਨ ਕਰਨ ਸਿੰਘ ਕੋਲ ਸੀ, ਉਸਨੇ ਆਪਣੀ ਉਂਗਲ ਕੱਟੀ ਅਤੇ ਕਿਰਪਾਨ ਗਜਿੰਦਰ ਸਿੰਘ ਨੂੰ ਦਿਤੀ। ਪਰ ਹਾਈਜੈਕਿੰਗ ਦਾ ਡਰਾਮਾ ਖ਼ਤਮ ਹੋਣ ਮਗਰੋਂ ਅਸੀਂ ਵੇਖਦੇ ਹਾਂ ਕਿ ਕਿਰਪਾਨਾ ਸਤਨਾਮ ਸਿੰਘ ਅਤੇ ਜਸਬੀਰ ਸਿੰਘ ਕੋਲ ਸਨ। ਇਸ ਤੋਂ ਪਤਾ ਲਗਦਾ ਹੈ ਕਿ ਕਿਰਪਾਨਾਂ ਹਥ ਬਦਲਦੀਆਂ ਰਹੀਆਂ ਸਨ। ਫਿਰ, ਜਿਵੇਂ ਕਿ ਉਪਰ ਨਜ਼ਰ ਆਉਂਦਾ ਹੈ, ਉਨ੍ਹਾਂ ਵਿਚੋਂ ਦੋਹਾਂ ਨੇ ਮੁਸਾਫ਼ਿਰਾਂ ਅਤੇ ਅਮਲੇ ਨੂੰ ਧਮਕੀ ਦਿਤੀ ਸੀ ਕਿ ਜੇ ਉਨ੍ਹਾਂ ਹਿਲਜੁਲ ਕੀਤੀ ਤਾਂ ਉਹ ਜਹਾਜ਼ ਨੂੰ ਉਡਾ ਦੇਣਗੇ ਅਤੇ ਆਪਣੀਆਂ ਧਮਕੀਆਂ ਨੂੰ ਅਸਲੀ ਸਾਬਿਤ ਕਰਨ ਵਾਸਤੇ ਉਨ੍ਹਾਂ ਆਪਣੇ ਝੋਲਿਆਂ ਵਿਚ ਹੱਥ ਪਾਈ ਰਖੇ। ਇਹ ਇਸ ਗੱਲ ਦਾ ਅਸਰ ਪਾਉਣ ਵਾਸਤੇ ਸੀ ਕਿ ਉਨ੍ਹਾਂ ਕੋਲ ਜਹਾਜ਼ ਉਡਾਉਣ ਵਾਸਤੇ ਜ਼ਰੀਏ ਸਨ। ਉਂਜ ਵੀ, ਮੁਲਜ਼ਮਾਂ ਦੇ ਇਕਬਾਲ ਮੁਤਾਬਿਕ, ਉਨ੍ਹਾਂ ਨੇ ਗਜਿੰਦਰ ਸਿੰਘ ਅਤੇ ਜਸਬੀਰ ਸਿੰਘ ਮੁਲਜ਼ਮਾਂ ਨਾਲ ਪਹਿਲੋਂ ਨਜਿੱਠ ਕੇ ਜਹਾਜ਼ ਅਗਵਾ ਕੀਤਾ ਸੀ। ਉਨ੍ਹਾਂ ਦੀ ਖ਼ਾਲੀ ਮੌਜੂਦਗੀ ਹੀ ਉਨ੍ਹਾਂ ਨੂੰ ਤਾਜ਼ੀ-ਰਾਤੇ ਪਾਕਿਸਤਾਨ ਦੀ ਦਫ਼ਾ 34 ਦੀ ਜ਼ਦ ਵਿਚ ਲਿਆਉਣ ਵਾਸਤੇ ਕਾਫ਼ੀ ਸੀ। ਜਿਵੇਂ ਕਿ ਰਸੂਲ ਬਖ਼ਸ਼ ਬਨਾਮ ਸਰਕਾਰ (ਪੀ.ਐਲ.ਡੀ. 1970 ਐਸ.ਸੀ 316 ਪੇਜ 321) ਵਿਚ ਫੈਸਲਾ ਦਿਤਾ ਗਿਆ ਸੀ ਕਿ ਕਿਸੇ ਖ਼ਾਸ ਕਾਰਵਾਈ ਵਿਚ ਹਿਸਾ ਲੈਣ ਵਾਸਤੇ ਇਕੱਠੇ ਹੋਏ ਤੇ ਫਿਰ ਉਨ੍ਹਾਂ ਨੇ ਉਸ ਕਾਰਵਾਈ ਦੇ ਕੁਦਰਤੀ ਤੇ ਲਾਜ਼ਮੀ ਨਤੀਜਿਆਂ ਵਾਸਤੇ ਇਰਾਦਾ ਕੀਤਾ, ਭਾਵੇਂ ਉਨ੍ਹਾਂ ਵਿਚੋਂ ਕੁਝ ਨੇ ਕਾਰਵਾਈ ਵਿਚ ਹਾਜ਼ਿਰ ਹੋਣ ਤੋਂ ਸਿਵਾ ਕੁਝ ਵੀ ਨਾ ਕੀਤਾ ਹੋਵੇ, ਹੀ ਕਾਫ਼ੀ ਹੈ। ਇਸੇ ਹੀ ਬਿਨਾ ਤੇ ਪ੍ਰੀਵੀ ਕੌਂਸਲ ਨੇ ਬਰਿੰਦਰ ਕੁਮਾਰ ਘੋਸ਼

ਦੇ ਕੇਸ (52. ਆਈ.ਏ. 40) ਵਿਚ ਫੈਸਲਾ ਦਿਤਾ ਸੀ ਕਿ 'ਭਾਵੇਂ ਅਪੀਲ ਕਰਦਾ ਨੇ ਦਰਵਾਜ਼ੇ ਦੇ ਬਾਹਰ ਖੜਾ ਹੋਣ ਤੋਂ ਇਲਾਵਾ ਕੁਝ ਵੀ ਨਹੀਂ ਕੀਤਾ ਪਰ ਇਹ ਯਾਦ ਰਖਣਾ ਚਾਹੀਦਾ ਹੈ ਕਿ ਬਾਕੀ ਕਾਰਵਾਈ ਵਾਂਗ ਜੁਰਮ ਵਿਚ ਵੀ ਜਿਹੜੇ ਸਿਰਫ ਹੁਕਮ ਦੀ ਇੰਤਜ਼ਾਰ ਵਿਚ ਹੀ ਖੜੇ ਰਹਿੰਦੇ ਹਨ ਉਹ ਵੀ ਜ਼ਿੰਮੇਦਾਰ ਹੁੰਦੇ ਹਨ।'

106. ਇਸ ਕਰਕੇ ਮੁਕਦਮੇ ਦੇ ਇਕਬਾਲ ਕੀਤੇ ਤੇ ਸਾਬਤ ਕੀਤੇ ਗਏ ਵਾਕਿਆਤ ਦੇ ਮੁਤਾਬਿਕ, ਬਿਨਾ ਸ਼ੱਕ ਤੋਂ ਇਹ ਨਤੀਜਾ ਨਿਕਲਦਾ ਹੈ ਕਿ ਭਾਵੇਂ ਮੁਲਜ਼ਮ ਹਾਈਜੈਕਿੰਗ ਕਰਨ ਵਾਸਤੇ ਸਾਮਾਨ ਨਾਲ ਪੂਰੀ ਤਰ੍ਹਾਂ ਲੈਸ ਨਹੀਂ ਸਨ, ਪਰ ਫਿਰ ਵੀ ਇਹ ਹਵਾਈ ਜਹਾਜ਼ ਨੂੰ ਲਾਹੌਰ ਨੂੰ ਹਾਈਜੈਕ ਕਰਨ ਵਿਚ ਕਾਮਯਾਬ ਹੋਏ ਅਤੇ ਉਨ੍ਹਾਂ ਦਾ ਕੇਸ ਸਾਫ ਤੌਰ ਤੇ ਤਾਜ਼ੀ-ਰਾਤੇ ਪਾਕਿਸਤਾਨ ਦੀ ਦਫਾ 402 ਏ ਅਤੇ ਦਫਾ 34 ਦੀ ਜ਼ਦ ਵਿਚ ਆਉਂਦਾ ਹੈ।

107. ਜੋ ਕੁਝ ਉਪਰ ਆਖਿਆ ਗਿਆ ਹੈ ਉਸ ਨੂੰ ਮੱਦੇ-ਨਜ਼ਰ ਰਖਦਿਆਂ ਮੁਲਜ਼ਮਾਂ ਵਲੋਂ ਲਾਹੌਰ ਦੇ ਦਰਜਾ ਅੱਵਲ ਮੈਜਿਸਟ੍ਰੇਟ ਰਾਏ ਸ਼ਬੀਰ ਅਹਿਮਦ ਕੋਲ ਕਰਿਮੀਨਲ ਪਰੋਸੀਜਰ ਕੋਡ ਦੀ ਦਫਾ 164 ਹੇਠ ਦਿਤੇ ਗਏ ਅਖੌਤੀ ਇਕਬਾਲੀਆ ਬਿਆਨਾਂ ਜਾਂ ਉਨ੍ਹਾਂ ਦਾ ਮੁਲਜ਼ਮਾਂ ਦੇ ਜੁਰਮ ਤੇ ਪੈਣ ਵਾਲੇ ਅਸਰ ਬਾਰੇ ਗੌਰ ਕਰਨਾ ਜ਼ਰੂਰੀ ਨਹੀਂ।

108. ਜਿਥੋਂ ਤਕ ਮੁਲਜ਼ਮਾਂ ਦੇ ਹਾਈਜੈਕਿੰਗ ਦੇ ਅਖੌਤੀ-ਮਕਸਦ ਦਾ ਸਵਾਲ ਹੈ, ਕਿ ਉਨ੍ਹਾਂ ਇਹ ਕਾਰਵਾਈ ਸਰਕਾਰ ਵਲੋਂ ਭਾਰਤ ਵਿਚ ਸਿਖਾਂ ਉਤੇ ਕੀਤੇ ਜ਼ੁਲਮ ਨੂੰ ਰੋਸ਼ਨੀ ਵਿਚ ਲਿਆਉਣ ਵਾਸਤੇ ਕੀਤੀ, ਏਨਾ ਆਖਣਾ ਹੀ ਕਾਫੀ ਹੈ ਕਿ ਇਹ ਵਜਹ, ਤਾਜ਼ੀ-ਰਾਤੇ ਪਾਕਿਸਤਾਨ ਹੇਠ ਬਚਾਅ ਵਾਸਤੇ ਮਨਜ਼ੂਰ-ਸ਼ੁਦਾ ਵਜਹ ਵਿਚੋਂ ਨਹੀਂ ਹੈ। ਆਮ ਕਾਇਦੇ ਵਿਚ ਵੀ ਫੌਜਦਾਰੀ ਕਾਨੂੰਨ ਵਿਚ ਇਨਸਾਨ ਦੀ ਨੀਯਤ ਨੂੰ ਵੇਖਿਆ ਜਾਂਦਾ ਹੈ, ਉਸ ਦੇ ਮਕਸਦ ਨੂੰ ਨਹੀਂ। **ਪੀਨਲ** ਕੋਡ ਤਿਆਰ ਕਰਨ ਵਾਲੇ ਲਾਅ ਕਮਿਸ਼ਨ ਮੁਤਾਬਿਕ 'ਅਸੀਂ ਇਹ ਨਹੀਂ ਵੇਖਦੇ ਕਿ ਫੌਜਦਾਰੀ ਮੁਕਦਮੇ ਵਿਚ ਕਿਸੇ ਸ਼ਖਸ ਦਾ ਸਿਰਫ ਆਪਣਾ ਨਿਜੀ ਇਰਾਦੇ ਜਾਂ ਨੇਕ ਮਕਸਦ ਨੂੰ ਉਸਦਾ ਬਹਾਨਾ ਜਾਂ ਬਚਾਅ ਬਣਾਉਣ ਦੀ ਇਜਾਜ਼ਤ ਹੈ।' ਅਸੀਂ ਇੰਗਲਿਸ਼ ਕਮਿਸ਼ਨਰਜ਼ ਨਾਲ ਮੁਤਫਿਕ ਹਾਂ ਕਿ 'ਕਿਸੇ ਸ਼ਖਸ਼ ਦੇ ਨਿਜੀ ਨਜ਼ਰੀਏ ਦਾ ਇਨਸਾਫ, ਕਾਨੂੰਨ ਦੀ ਬਦਲ ਵਿਚ ਮੰਨਣ ਦੀ ਇਜਾਜ਼ਤ ਦੇਣ ਦਾ ਮਤਲਬ ਕਾਨੂੰਨ ਨੂੰ ਢਾਹ ਲਾਉਣਾ ਹੋਵੇਗਾ।' ਹਰ ਇਕ ਕੇਸ ਵਿਚ ਅਸਲ ਮਕਸਦ ਦੀ ਤਫਤੀਸ਼ ਕਰਨੀ ਗੈਰ-ਅਮਲੀ ਹੋਵੇਗੀ ਅਤੇ ਜੇ ਅਜਿਹਾ ਹੋ ਵੀ ਸਕੇ ਤਾਂ ਵੀ ਇਨਸਾਨ ਦੇ ਨਿਜੀ ਖਿਆਲਾਤ ਨੂੰ ਕਾਨੂੰਨ ਦੀ ਤਾਕਤ ਦੇ ਮੁਕਾਬਲੇ ਵਿਚ ਨਹੀਂ ਜੋਖਿਆ ਜਾ ਸਕਦਾ।' ਕੈਪੀਟਲ ਐਂਡ ਕਾਊਂਟੀਜ਼ ਬੈਂਕ ਬਨਾਮ ਹੈਂਨਟੀ (7 ਏ.ਪੀ.ਪੀ.

ਕੇਸ 741) ਵਿਚ ਲਾਰਡ ਬਲੈਕਬਰਨ ਨੇ ਟਿਪਣੀ ਦਿਤੀ ਸੀ ਕਿ 'ਮੁਆਤੇ ਨਾਲ ਅੱਗ ਲਾ ਕੇ ਬੰਦੇ ਮਾਰਨ ਮਗਰੋਂ ਜੁਰਮ ਦੀ ਜ਼ਿੰਮੇਦਾਰੀ ਤੋਂ ਕੋਈ ਇਹ ਆਖ ਕੇ ਨਹੀਂ ਬਚ ਸਕਦਾ ਕਿ ਉਹ ਇਹ ਸਭ ਕੁਝ ਖੇਡ ਵਜੋਂ ਕਰ ਰਿਹਾ ਸੀ।' ਹੁਣੇ ਹੁਣੇ ਫਰਾਂਸਿਸਕੋ ਜੇਵੀਅਰ ਦੇ ਮੁਕਦਮੇ, ਜਿਸ ਵਿਚ ਉਹ ਆਲਤੇਰੀਅਸ ਦਾ ਹਵਾਈ ਜਹਾਜ਼ ਬਰਤਾਨੀਆ ਦੀ ਜਮਹੂਰੀ ਹਕੂਮਤ ਦੇ ਇਲਾਕੇ ਵਿਚ ਹਾਈਜੈਕ ਕਰਕੇ ਲੈ ਗਿਆ ਸੀ, ਤੇ ਉਸ ਨੇ ਕਿਹਾ ਸੀ ਕਿ ਉਸ ਦਾ ਨਿਸ਼ਾਨਾ ਹਰ ਸੂਰਤ 'ਚ 'ਲੋਕਾਂ' ਦੀ ਭਲਾਈ ਵਾਸਤੇ ਸੀ। ਇੰਟਰਨੈਸ਼ਨਲ ਕੋਰਟ ਆਫ ਜਸਟਿਸ ਨੇ ਸਾਫ਼ ਲਫਜ਼ਾਂ ਵਿਚ ਫੈਸਲਾ ਦਿਤਾ ਕਿ 'ਉਹ ਮਕਸਦ, ਜਿਹੜੇ ਹਵਾਈ ਡਾਕੂਆਂ ਨੂੰ ਕਾਰਵਾਈ ਕਰਨ ਵਾਸਤੇ ਮਜਬੂਰ ਕਰਦੇ ਹਨ ਉਹ ਫੌਜਦਾਰੀ ਜਵਾਬ-ਦੇਹੀ ਦੇ ਮਾਮਲਿਆਂ ਵਿਚ ਬੇਮਾਅਨੇ ਹਨ। ਜ਼ਰੂਰੀ ਨਹੀਂ ਕਿ ਸਿਆਸੀ ਇਰਾਦੇ, ਡਿਫੈਂਸ ਨੂੰ ਵੀ ਸਿਆਸੀ ਬਣਾ ਦੇਣ ....।' (ਵੇਖੋ:— T.S. Elliot:- New Horizon in International law)। ਇਸ ਹੀ ਰਾਮ ਬਰਨ ਦੇ ਕੇਸ ਵਿਚ (15 14, 299) ਮੁਲਜ਼ਮ ਨੇ ਜ਼ਬਰਦਸਤ ਮਜ਼ਹਬੀ ਜਜ਼ਬਾਤ ਦੇ ਵੱਸ ਹੋ ਕੇ ਕੁਝ ਗਊਆਂ ਜੋ ਕਿ ਇਸ ਮੁਸਲਮਾਨ ਮਾਰਨ ਵਾਸਤੇ ਲਿਜਾ ਰਿਹਾ ਸੀ, ਖੋਹ ਲਈਆਂ। ਉਸ ਦਾ ਇਰਾਦਾ ਉਸ ਦੇ ਮਜ਼ਹਬ ਦੇ ਪੱਖੋਂ ਨੇਕ ਸੀ ਪਰ ਉਸ ਦੀ ਨੀਅਤ ਇਹ ਸੀ ਕਿ ਉਸਨੇ ਇਕ ਕਾਨੂੰਨੀ ਮਾਲਕ ਨੂੰ ਉਸ ਦੀ ਜਾਇਦਾਦ ਤੋਂ ਮੌਕੂਫ ਕਰ ਦਿਤਾ ਸੀ ਅਤੇ ਇਹ ਕਰਨ ਵਾਸਤੇ ਗੈਰ-ਕਾਨੂੰਨੀ ਜ਼ਰੀਆ ਵਰਤਿਆ ਸੀ, ਉਸ ਨੂੰ ਚੋਰੀ ਦਾ ਜੁਰਮਵਾਰ ਮੰਨਿਆ ਗਿਆ ਸੀ।

109. ਮੇਰੇ ਖਿਆਲ ਵਿਚ ਇਹ ਨੁਕਤਾ ਵੀ ਉਨ੍ਹਾਂ ਦੇ ਹੱਕ ਵਿਚ ਨਹੀਂ ਜਾਂਦਾ ਕਿ ਮੁਲਜ਼ਮਾਂ ਨੇ ਇਹ ਕਾਰਵਾਈ ਸਿਆਸੀ ਲਿਹਾਜ਼ ਨਾਲ ਤੇ ਜਾਂ ਇਕ ਚੰਗੀ ਕਾਇਮ ਹੋਈ ਤੇ ਮੰਨੀ ਪਰਮੰਨੀ ਸਿਖ ਜਥੇਬੰਦੀ ਦੇ ਹੁਕਮ ਤੇ ਕੀਤੀ ਸੀ। ਜਦੋਂ ਤਕ ਜੁਰਮ ਬਾਰੇ ਕਾਨੂੰਨ ਵਿਚ ਸਿਆਸੀ ਬਿਨਾ ਨੂੰ ਇਕ ਮੁਨਾਸਿਬ ਸਫਾਈ ਨਹੀਂ ਮੰਨਿਆ ਜਾਂਦਾ ਉਦੋਂ ਤਕ ਕਾਨੂੰਨ ਦੀ ਨਿਗਾਹ ਵਿਚ ਸਿਆਸੀ ਵਜਹ ਦੀ ਕੋਈ ਵੁਕੱਤ ਨਹੀਂ ਅਤੇ ਤਾਜ਼ੀ-ਰਾਤੇ ਪਾਕਿਸਤਾਨ ਜਾਂ ਪਾਕਿਸਤਾਨੀ ਕਾਨੂੰਨ ਹੇਠ ਅਜਿਹਾ ਕੁਝ ਵੀ ਨਹੀਂ ਹੈ ਜਿਹੜਾ ਇਸ ਬਿਨਾ ਨੂੰ ਹਾਈਜੈਕਿੰਗ ਦੇ ਜੁਰਮ ਦੀ ਮੁਨਾਸਿਬ ਸਫਾਈ ਮੰਨਦਾ ਹੋਵੇ।

110. ਮੁਲਜ਼ਮਾਂ ਦੇ ਅਹਿਮਦ ਐਡਵੋਕੇਟ ਦਾ ਕਹਿਣਾ ਸੀ ਕਿ ਜਿਨ੍ਹਾਂ ਹਾਲਤਾਂ ਵਿਚ ਹਾਈਜੈਕਿੰਗ ਦੀ ਕਾਰਵਾਈ ਹੋਈ, ਯਾਨਿ ਚੌਕ ਮਹਿਤਾ ਵਿਚ ਸਿਖਾਂ ਦੇ ਕਤਲੇਆਮ, ਨੂੰ ਮੱਦੇ-ਨਜ਼ਰ ਰਖਦਿਆਂ ਮੁਲਜ਼ਮਾਂ ਨੂੰ ਤਾਜ਼ੀ-ਰਾਤੇ ਪਾਕਿਸਤਾਨ ਦੀ ਦਫਾ 81 ਅਤੇ 94 ਦੀ ਪਨਾਹ ਮਿਲਣੀ ਚਾਹੀਦੀ ਹੈ। ਮੁਲਜ਼ਮਾਂ ਦੇ ਲਿਖਤੀ ਬਿਆਨਾਂ ਵਿਚ ਸਿਖਾਂ ਉੱਤੇ

ਅੱਤਵੀ ਜ਼ੁਲਮ ਦੀਆਂ ਅੱਤਵੀ ਵਾਰਦਾਤਾਂ ਦੀ ਚੋਖੀ ਤਫਸੀਲ ਮਿਲਦੀ ਹੈ। ਫਾਜ਼ਿਲ ਵਕੀਲ ਨੇ ਵੀ. ਡੀ. ਚੋਪੜਾ, ਆਰ. ਕੇ. ਮਿਸ਼ਰਾ ਅਤੇ ਨਿਰਮਲ ਸਿੰਘ ਦੇ ਮਜ਼ਮੂਨ 'ਐਗੋਨੀ ਆਫ ਪੰਜਾਬ' ਅਤੇ ਚੌਹਾਨ ਮਲੂਕ ਸਿੰਘ ਦੇ ਮਜ਼ਮੂਨ 'ਚ ਸਿਖਜ਼ ਆਨ ਦ ਕਰਾਸ ਰੋਡਜ਼' ਦਾ ਆਸਰਾ ਲਿਆ ਹੈ।

111. ਫਾਜ਼ਿਲ ਵਕੀਲ ਮੁਤਾਬਿਕ ਮੁਲਜ਼ਮਾਂ ਨੇ ਹਾਈਜੈਕਿੰਗ ਦੀ ਕਾਰਵਾਈ ਮਜਬੂਰੀ ਵਿਚ ਅਤੇ ਜ਼ਰੂਰਤ-ਵੱਸ ਹੋ ਕੇ ਕੀਤੀ ਹੈ। ਸੋ ਉਨ੍ਹਾਂ ਦਾ ਕੇਸ ਦਫਾਵਾ ੮੧ ਤੇ ੯੪ ਵਿਚ ਦਸੀਆਂ ਗਈਆਂ ਆਮ ਛੋਟਾਂ ਦੀ ਜ਼ਦ ਹੇਠ ਆਉਂਦਾ ਹੈ। ਦਫਾ ੮੧ ਮੁਤਾਬਿਕ ਉਹ ਜੁਰਮ, ਜੁਰਮ ਨਹੀਂ, ਜੇਕਰ ਇਹ ਜਾਣਦੇ ਹੋਏ ਕਿ ਇਸ ਨਾਲ ਨੁਕਸਾਨ ਹੋ ਸਕਦਾ ਹੈ ਪਰ ਇਹ ਬਿਨਾਂ ਕਿਸੇ ਮੁਜਰਮਾਨਾ ਇਰਾਦੇ ਨਾਲ ਕੀਤਾ ਗਿਆ ਹੋਵੇ ਅਤੇ ਕਿਸੇ ਸ਼ਖਸ ਜਾਂ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਤੋਂ ਗੁਰੇਜ਼ ਕਰਨ ਦੇ ਇਰਾਦੇ ਨਾਲ ਕੀਤਾ ਹੋਵੇ।' ਇਸ ਸੈਕਸ਼ਨ ਦੀ ਸਫਾਈ ਵਿਚ ਇਹ ਵੀ ਕਿਹਾ ਗਿਆ ਹੈ ਕਿ ਇਹ ਸਵਾਲ ਤੱਥ ਦਾ ਹੈ ਕਿ ਕੀ ਉਸ ਕੇਸ ਵਿਚ ਟਾਲਣ ਵਾਲਾ ਜਾਂ ਬਚਾਅ ਹੇਠ ਨੁਕਸਾਨ ਇਸ ਕਿਸਮ ਦਾ ਸੀ ਅਤੇ ਏਨਾ ਜ਼ਰੂਰੀ ਸੀ ਕਿ ਅਜਿਹੀ ਕਾਰਵਾਈ ਜਿਸ ਨਾਲ ਨੁਕਸਾਨ ਵੀ ਹੋ ਸਕਦਾ ਹੈ, ਕੀਤੇ ਜਾਣ ਨੂੰ ਹੱਕ-ਬਜਾਨਬ ਜਾਂ ਦਰਗੁਜ਼ਰ ਠਹਿਰਾਇਆ ਜਾ ਸਕਦਾ ਹੈ। ਦਫਾ ੯੪ ਮੁਤਾਬਿਕ 'ਕਤਲ ਅਤੇ ਮੁਲਕ ਦੇ ਖਿਲਾਫ ਜੁਰਮ ਜਿਨ੍ਹਾਂ ਦੀ ਸਜ਼ਾ ਮੌਤ ਹੈ, ਨੂੰ ਛੱਡ ਕੇ ਕੋਈ ਵੀ ਕਾਰਵਾਈ ਜੁਰਮ ਨਹੀਂ ਹੈ ਜੇਕਰ ਉਹ ਅਜਿਹੇ ਸ਼ਖਸ ਨੇ **ਧਮਕੀ** ਹੇਠ ਕੀਤਾ ਹੈ ਅਤੇ ਜਿਸ ਦੇ ਕਰਨ ਵੇਲੇ ਉਸ ਨੂੰ ਮੁਨਾਸਿਬ ਡਰ ਸੀ ਕਿ ਨਾ ਕਰਨ ਦੀ ਸੂਰਤ ਵਿਚ ਉਹ ਖੁਦ ਮਾਰਿਆ ਜਾਵੇਗਾ, ਬਸ਼ਰਤੇ ਕਿ ਉਸ ਸ਼ਖਸ ਨੇ ਅਜਿਹੀ ਕਾਰਵਾਈ ਆਪਣੀ ਮਰਜ਼ੀ ਨਾਲ ਨਹੀਂ ਕੀਤੀ ਜਾਂ ਫਿਰ ਮੌਤ ਤੋਂ ਘਟ ਡਰ ਹੇਠ ਆਪਣੇ ਆਪ ਨੂੰ ਐਸੀ ਮਜਬੂਰੀ ਵਿਚ ਲਿਆ ਕੇ ਨਹੀਂ ਕੀਤੀ।

112. ਮੇਰੇ ਖਿਆਲ ਵਿਚ ਇਨ੍ਹਾਂ ਵਿਚੋਂ ਕੋਈ ਵੀ ਸੈਕਸ਼ਨ ਇਸ ਕੇਸ ਵਿਚ ਲਾਗੂ ਨਹੀਂ ਹੁੰਦਾ। ਸੈਕਸ਼ਨ ੮੧ ਇਸ ਕਰਕੇ ਨਹੀਂ ਕਿਉਂਕਿ ਕੋਈ ਐਸਾ ਸਬੂਤ ਨਹੀਂ ਜਿਸ ਤੋਂ ਪਤਾ ਲਗ ਸਕੇ ਕਿ ਮੁਲਜ਼ਮਾਂ ਨੇ ਇਹ ਕਾਰਵਾਈ ਕਿਸੇ ਸ਼ਖਸ ਜਾਂ ਜਾਇਦਾਦ ਨੂੰ ਨੁਕਸਾਨ ਪਹੁੰਚਣ ਤੋਂ ਬਚਾਉਣ ਜਾਂ ਟਾਲਣ ਵਾਸਤੇ ਕੀਤੀ। ਦਫਾ ੯੪ ਇਸ ਕਰਕੇ ਨਹੀਂ ਕਿਉਂਕਿ ਅਜਿਹਾ ਕੋਈ ਸਬੂਤ ਨਹੀਂ ਜੋ ਇਸ ਦੀ ਵਜ਼ਾਹਤ ਕਰ ਸਕੇ ਕਿ ਮੁਜ਼ਲਮਾਂ ਦੀ ਹਾਈਜੈਕਿੰਗ ਦੀ ਮਜਬੂਰੀ ਪਿਛੇ ਕੋਈ ਅਜਿਹੀ **ਧਮਕੀ** ਸੀ ਜਿਸ ਹੇਠ ਉਹਨਾਂ ਨੂੰ ਮੁਨਾਸਿਬ ਡਰ ਸੀ ਕਿ ਜੇ ਕਰ ਉਨ੍ਹਾਂ ਨੇ ਅਜਿਹਾ ਨਾ ਕੀਤਾ ਤਾਂ ਉਨ੍ਹਾਂ ਨੂੰ ਫੌਰਨ ਮਾਰ ਦਿਤਾ ਜਾਵੇਗਾ। ਉਪਰ ਦਸੇ ਮੁਲਜ਼ਮਾਂ ਨੇ ਆਪਣੇ ਇਕਬਾਲ ਮੁਤਾਬਿਕ

ਹਾਈਜੈਕਿੰਗ ਆਪਣੀ ਮਰਜ਼ੀ ਨਾਲ ਕੀਤੀ. ਉਨ੍ਹਾ ਦਾ ਮਕਸਦ ਸਿਖਾਂ ਉਤੇ ਕੀਤੇ ਜਾਣ ਵਾਲੇ ਅਖੌਤੀ ਜ਼ੁਲਮ ਅਤੇ ਬੇਇਨਸਾਫ਼ੀ ਨੂੰ ਦੁਨੀਆਂ ਸਾਹਵੇਂ ਪੇਸ਼ ਕਰਨਾ ਸੀ ਕਿ ਹਿੰਦੂ ਅਕਸਰੀਅਤ ਵਾਲੀ ਭਾਰਤ ਸਰਕਾਰ ਸਿਖਾਂ ਨਾਲ ਇਹ ਸਲੂਕ ਕਰ ਰਹੀ ਹੈ। ਫ਼ਾਜ਼ਿਲ ਵਕੀਲ ਨੇ ਇਸ ਸਿਲਸਿਲੇ ਵਿਚ, ਜ਼ਰੂਰਤ ਅਤੇ ਮਜਬੂਰੀ ਨੂੰ, ਫੌਜਦਾਰੀ ਇਲਜ਼ਾਮ ਵਿਚ ਪੂਰਾ ਡਿਫੈਂਸ ਸਾਬਿਤ ਕਰਨ ਵਾਸਤੇ, ਕੋਲਿਟ ਹੋਵਰਡ ਦੀ ਕਿਤਾਬ 'ਕਰਿਮੀਨਲ ਲਾਅ', ਡੌਨ ਸਟੂਅਰਟ ਦੀ 'ਕਨੇਡੀਅਨ ਕਰਿਮੀਨਲ ਲਾਅ' ਅਤੇ ਗਲੈਨਵਿਲੀ ਵਿਲੀਅਮਜ਼ ਦੀ ਟੈਕਸਟ ਬੁਕ ਆਫ਼ ਕਰਿਮੀਨਲ ਲਾਅ' ਦੀ ਟੇਕ ਲਈ ਹੈ। ਕੋਲਿਟ ਹੋਵਰਡ ਮੁਤਾਬਿਕ, 'ਏਥੇ ਮਜਬੂਰੀ ਦਾ ਜੋ ਮਾਅਨਾ ਹੈ, ਉਸ ਨੂੰ, ਉਸ ਮਜਬੂਰੀ ਤੋਂ ਵਖਰਿਆਉਣਾ ਹੋਵੇਗਾ ਜਿਹੜੀ ਆਪਣੀ ਮਰਜ਼ੀ ਨਾਲ ਕੀਤੀ ਜਾਣ ਵਾਲੀ ਕਾਰਵਾਈ ਨੂੰ ਰੋਕਦੀ ਹੈ।' ਇਥੇ ਮੁਲਜ਼ਮਾਂ ਦੇ ਮਾਮਲੇ ਵਿਚ ਉਨ੍ਹਾ ਦੀ ਕੀਤੀ ਕਾਰਵਾਈ ਅਜਿਹੀ ਨਹੀਂ ਸੀ ਜਿਹੜੀ ਕਿ ਆਪਣੀ ਮਰਜ਼ੀ ਨਾਲ ਕੀਤੀ ਹੋਈ ਨਾ ਹੋਵੇ। ਹਕੀਕਤ ਤਾਂ ਇਹ ਹੈ ਕਿ ਉਹ ਹਾਈਜੈਕਿੰਗ ਦੀ ਕਾਰਵਾਈ ਨੂੰ ਨਾ ਸਿਰਫ ਕਬੂਲ ਹੀ ਕਰਦੇ ਹਨ ਬਲਕਿ ਏਥੋਂ ਤਕ ਆਖਦੇ ਹਨ ਕਿ ਇਹ ਸੋਚ ਸਮਝ ਕੇ ਕੀਤੀ ਗਈ ਸੀ ਅਤੇ ਪਹਿਲੋਂ ਘੜੇ ਗਏ ਮਨਸੂਬੇ ਦਾ ਨਤੀਜਾ ਸੀ। ਜ਼ਰੂਰਤ ਦੀ ਦਲੀਲ ਵਾਸਤੇ ਗਲੈਨਵਿਲੀ ਵਿਲੀਅਮਜ਼, ਔਲੀਵਰ ਗੋਲਡਸਮਿਥ ਦੇ 'ਵਿਕਾਰ ਆਫ਼ ਵੇਕਫੀਲਡ' ਵਿਚੋਂ ਹਵਾਲਾ ਹੈ 'ਸਾਰੀਆ ਇਨਸਾਨੀ ਜਮਾਤਾ ਵਿਚ ਕਿਸੇ ਵੱਡੀ ਬੇਹਤਰੀ ਨੂੰ ਹਾਸਿਲ ਕਰਨ ਖਾਤਿਰ ਥੋੜੀ ਜਹੀ ਖਰਾਬੀ ਦੀ ਇਜਾਜ਼ਤ ਹੈ।' ਫ਼ਾਜ਼ਿਲ ਲੇਖਕ ਮੁਤਾਬਿਕ, 'ਜਿਵੇਂ ਅਸੀਂ ਰਸਮੀ ਤੌਰ ਤੇ ਇਸਤੇਮਾਲ ਕਰਦੇ ਹਾਂ, ਲਫਜ਼ 'ਜ਼ਰੂਰਤ' ਦਾ ਇਕ ਖਾਸ ਮਾਅਨਾ ਹੈ।' ਇਕ ਨਿਵੇਕਲੀ ਕਾਰਵਾਈ ਸਿਰਫ ਇਸ ਕਰਕੇ ਹੀ ਜ਼ਰੂਰਤ ਨਹੀਂ ਬਣ ਜਾਂਦੀ ਕਿ ਲਫਜ਼ੀ ਤੌਰ ਤੇ ਉਸ ਦਾ ਬਦਲ ਨਹੀਂ ਹੈ। ਕੁਝ ਨਾ ਕੁਝ ਚੋਣ ਹਮੇਸ਼ਾ ਮੌਜੂਦ ਹੁੰਦੀ ਹੈ, ਭਾਵੇਂ ਉਸ ਦਾ ਬਦਲ ਬੰਦੇ ਦੀ ਆਪਣੀ ਮੌਤ ਹੀ ਕਿਉਂ ਨਾ ਹੋਵੇ। ਕਾਨੂੰਨੀ ਨਜ਼ਰੀਏ ਤੋਂ ਜ਼ਰੂਰਤ ਦਾ ਮਾਅਨਾ ਇਹ ਹੈ ਕਿ ਖਸੂਸੀ ਹਾਲਤਾਂ ਵਿਚ ਕਾਨੂੰਨੀ ਦਸਤਾਵੇਜ਼ ਤੇ ਅਮਲ ਕਰਨ ਦੀ ਖਰਾਬੀ ਇਸ ਨੂੰ ਤੋੜਨ ਦੀ ਖਰਾਬੀ ਤੋਂ ਸਮਾਜੀ ਤੌਰ ਤੇ ਵੱਡੀ ਹੈ। ਦੂਜੇ ਲਫਜ਼ਾਂ ਵਿਚ ਇਕ ਵੱਡੀ ਬਹਿਤਰੀ ਵਾਸਤੇ ਕਾਨੂੰਨ ਤੋੜਨਾ ਪਿਆ। ਤਾਜ਼ੀ-ਰਾਤੇ ਪਾਕਿਸਤਾਨ ਦੀ ਦਫ਼ਾ ੪੧ ਵਿਚ ਇਹੀ ਆਮ ਕਾਇਦਾ ਹੈ ਅਤੇ ਜਿਹਾ ਕਿ ਉਪਰ ਵੇਖਿਆ ਗਿਆ ਹੈ ਕਿ ਇਹ ਸ਼ਰਤਾਂ ਏਥੇ ਲਾਗੂ ਨਹੀਂ ਹੁੰਦੀਆ। ਜਿਵੇਂ ਕਿ ਤਾਜ਼ੀ-ਰਾਤੇ ਪਾਕਿਸਤਾਨ ਦੀ ਦਫ਼ਾ ੪੧ ਵਿਚ ਕਾਨੂੰਨ ਬਾਰੇ ਬਿਆਨ ਕੀਤਾ ਗਿਆ ਹੈ ਉਸੇ ਨਾਲ ਇਸ ਅਦਾਲਤ ਦਾ ਤਾਅੱਲਕ ਹੈ। ਭਾਵੇਂ ਅਜਿਹਾ ਹੋ ਵੀ ਸਕਦਾ ਹੈ, ਜਿਵੇਂ ਕਿ ਫ਼ਾਜ਼ਿਲ ਲੇਖਕ ਖਿਆਲ ਜ਼ਾਹਿਰ ਕਰਦਾ ਹੈ ਕਿ ਜ਼ਰੂਰਤ ਦਾ ਡਿਫੈਂਸ ਬਹਿਸ-ਗੋਚਰਾ ਹੈ। ਕਿਸੇ ਵੀ ਸੂਰਤ ਵਿਚ ਅਜਿਹੇ

ਵਾਕਿਆਤ ਪੇਸ਼ ਨਹੀਂ ਕੀਤੇ ਗਏ ਜਿਸ ਤੋਂ ਇਹ ਨਜ਼ਰ ਆਵੇ ਕਿ ਮੁਲਜ਼ਮ ਅਜਿਹੀ ਹਾਲਤ ਵਿਚ ਸਨ ਕਿ ਉਨ੍ਹਾਂ ਵਾਸਤੇ ਕਾਨੂੰਨ ਤੋੜਨ ਦੀ ਖਰਾਬੀ, ਕਾਨੂੰਨ ਮੰਨਣ ਦੀ ਖਰਾਬੀ ਨਾਲੋਂ ਸਮਾਜੀ ਤੌਰ ਤੇ ਜ਼ਿਆਦਾ ਵੱਡੀ ਸੀ. ਇਸ ਗੱਲ ਦਾ ਜ਼ਰਾ ਮਾਸਾ ਵੀ ਸਬੂਤ ਨਹੀਂ ਕਿ ਮੁਲਜ਼ਮਾਂ ਨਾਲ ਸ਼ਖ਼ਸੀ ਤੌਰ ਤੇ ਜਿਸਮਾਨੀ ਤੌਰ ਤੇ ਕੋਈ ਖਰਾਬੀ ਹੋਣ ਦਾ ਖਤਰਾ ਸੀ ਜਿਸ ਕਰਕੇ ਉਨ੍ਹਾਂ ਨੂੰ ਇਕ ਵੱਡੀ ਬੇਹਤਰੀ ਦੀ ਕਾਰਵਾਈ, ਯਾਨਿ ਹਾਈਜੈਕਿੰਗ ਦੀ ਕਾਰਵਾਈ ਕਰਨ ਦਾ ਸਹਾਰਾ ਲੈਣਾ ਪਿਆ। ਫਾਜ਼ਿਲ ਐਡਵੋਕੇਟ ਜਨਰਲ ਨੇ ਇਸ ਨੁਕਤੇ ਵਾਸਤੇ ਰੱਸਲ ਦੀ ਕਿਤਾਬ 'ਕਰਾਈਮ' ਜਿਲਦ ਪਹਿਲੀ, ਐਡੀਸ਼ਨ ਨੰਵੀਂ ਦਾ ਹਵਾਲਾ ਦਿਤਾ ਹੈ ਕਿ ਜਿਥੇ 'ਜ਼ਰੂਰਤ' ਦੇ ਸਿਰਲੇਖ ਹੇਠ ਫਾਜ਼ਿਲ ਲੇਖਕ ਨੇ ਮੰਨੇ ਪ੍ਰਮੰਨੇ ਪਰ ਬੜੇ ਚਰਚਿਤ ਕੇਸ ਰੇਵ ਬਨਾਮ ਡਡਲੀ (14 ਕਿਊ.ਬੀ.ਡੀ. 273) ਦੀ ਟੇਕ ਲਈ ਹੈ ਜਿਸ ਵਿਚ ਦੋ ਮਲਾਹਾ ਨੂੰ ਕਤਲ ਦੀ ਜਿੰਮੇਦਾਰੀ ਤੋਂ ਸੁਰਖਰੂ ਕੀਤਾ ਗਿਆ ਸੀ, ਜਿਸ ਵਿਚ ਉਨ੍ਹਾਂ ਨੇ ਭੁਖ ਦੇ ਦਬਾਅ ਹੇਠ ਇਕ ਸਾਥੀ ਮਲਾਹ ਨੂੰ ਕਤਲ ਕਰਕੇ ਖਾ ਲਿਆ ਸੀ ਅਤੇ ਅਦਾਲਤ ਨੇ ਫੈਸਲਾ ਦਿਤਾ ਸੀ ਕਿ 'ਮਜਬੂਰੀ ਨਾਲ ਨੇੜਿਓਂ ਹੀ ਜੁੜੀ ਹੋਈ ਇਹ ਬਿਨਾ ਹੈ ਜਿਸ ਨੂੰ ਬੁਰਾਈਆ ਦੀ ਚੋਣ ਦੀ ਜਰੂਰਤ ਕਿਹਾ ਜਾਂਦਾ ਹੈ, ਜਿਹੜੀ ਜਿਸਮਾਨੀ ਮਜਬੂਰੀ ਤੇ ਨਹੀਂ ਬਲਕਿ ਵਰਗਲਾਹਟ ਦੀ ਤਾਕਤ ਤੇ ਮੁਨੱਸਰ ਕਰਦੀ ਹੈ ਜਾਂ ਇਸ ਝਗੜੇ ਤੇ ਕਿ ਕੀ ਭੁਖ ਦਾ ਦਬਾਆ ਜਾਂ ਆਪਣੀ ਜ਼ਿੰਦਗੀ ਬਚਾਉਣ ਦੀ ਖਾਹਿਸ਼ ਵਾਸਤੇ ਚੋਰੀ ਜਾਂ ਇਨਸਾਨੀ ਕਤਲ ਨੂੰ ਹੱਕ-ਬਜਾਨਬ ਠਹਿਰਾਇਆ ਜਾ ਸਕਦਾ ਹੈ।

113. ਇਸ ਮਸਲੇ ਦਾ ਅਜੇ ਇਕ ਹੋਰ ਪਹਿਲੂ ਵੀ ਹੈ। ਉਹ ਇਹ ਹੈ ਕਿ ਮੁਲਜ਼ਮਾਂ ਉਤੇ ਪਾਕਿਸਤਾਨ ਦਾ ਇਕ ਮੁਕਾਮੀ ਕਾਨੂੰਨ ਤੋੜਨ ਵਾਸਤੇ ਮੁਕਦਮਾ ਚਲਾਇਆ ਜਾ ਰਿਹਾ ਹੈ' ਫਾਜ਼ਿਲ ਵਕੀਲ ਨੇ ਜਿਨਾ ਨੁਕਤਿਆ ਨੂੰ ਉਠਾਇਆ ਹੈ ਉਹ ਇਕ ਗੁਆਂਢੀ ਮੁਲਕ ਭਾਰਤ ਦੀਆਂ ਸਿਆਸੀ ਹਾਲਤਾਂ ਦੀ ਨਜ਼ਰਸਾਨੀ ਨਾਲ ਵਾਬਸਤਾ ਹੈ ਅਤੇ ਮੈਨੂੰ ਸ਼ੱਕ ਹੈ ਕਿ ਮੁਲਜ਼ਮਾਂ ਵਲੋਂ ਪਾਕਿਸਤਾਨ ਦੇ ਕੌਮੀ ਕਾਨੂੰਨ ਤੋੜਨ ਬਾਰੇ ਇਹ ਅਦਾਲਤ ਉਸ ਤੇ ਨਜ਼ਰਸਾਨੀ ਕਰ ਸਕਦੀ ਹੈ।

114. ਉਪਰਲੀ ਵਜਹ ਕਰਕੇ ਮੁਲਜ਼ਮਾਂ ਦੀ ਮਜਬੂਰੀ ਜਾਂ ਜ਼ਰੂਰਤ ਦੀ ਬਿਨਾ ਨੂੰ ਮਨਜ਼ੂਰ ਨਾ ਕਰਨ ਵਿਚ ਮੈਨੂੰ ਕੋਈ ਝਿਜਕ ਨਹੀਂ।

115. ਅਗਲਾ ਸਵਾਲ ਜੋ ਕਿ ਅਦਾਲਤ ਦੇ ਇਖਤਿਆਰਾਤ ਬਾਰੇ ਹੈ, ਉਸ ਨਾਲ ਨਿਪਟਨ ਤੋਂ ਪਹਿਲਾਂ, ਮਿਸਟਰ ਐਸ. ਐਮ. ਜ਼ਫਰ ਵਕੀਲ ਦਾ ਦਾਅਵਾ, ਜਿਸ ਨੂੰ ਮੈਂ ਅਦਬ ਨਾਲ ਸਹੀ ਦਾਅਵਾ ਮੰਨਦਾ ਹਾਂ, ਇਹ ਹੈ ਕਿ ਜਿਥੋਂ ਤਕ ਇਕਰਾਨਾਮਿਆਂ ਅਤੇ

ਅਹਿਦਨਾਮਿਆਂ ਦਾ ਸਵਾਲ ਹੈ, ਜਿਵੇਂ ਕਿ ਇੰਟਰਨੈਸ਼ਨਲ ਅਹਿਦਨਾਮੇ, ਜਿਹੜੇ ਕਿ ਕਾਨੂੰਨ ਦੇ ਉਪਰ ਜਿਕਰ ਕੀਤੇ ਦਾਇਰੇ ਨਾਲ ਵਾਬਸਤਾ ਹਨ, ਉਹ ਆਪਣੇ ਆਪ ਵਿਚ ਪਾਕਿਸਤਾਨੀ ਕਾਨੂੰਨ ਦਾ ਹਿਸਾ ਨਹੀਂ ਹਨ। ਇਸ ਨਾਲ ਉਸ ਬਾਰੇ ਬਹਿਸ ਦੀ ਜਰੂਰਤ ਦੀਆਂ ਰੁਕਾਵਟਾਂ ਦੂਰ ਹੋ ਜਾਂਦੀਆਂ ਹਨ ਕਿ ਇੰਟਰਨੈਸ਼ਨਲ ਕਾਨੂੰਨ, ਕਾਨੂੰਨ ਹੈ ਵੀ ਅਤੇ ਜੇਕਰ ਹੈ ਤਾਂ ਕੀ ਇੰਟਰਨੈਸ਼ਨਲ ਅਹਿਦਨਾਮੇ, (ਜਿਵੇਂ ਇਸ ਮਾਮਲੇ ਵਿਚ ਹੇਗ ਕਨਵੈਨਸ਼ਨ), ਸਿਰਫ ਏਸੇ ਕਰਕੇ ਹੀ ਪਾਕਿਸਤਾਨ ਕਾਨੂੰਨ ਦਾ ਹਿਸਾ ਹਨ ਕਿਉਂਕਿ ਪਾਕਿਸਤਾਨ ਨੇ ਉਸ ਤੇ ਦਸਤਖਤ ਕੀਤੇ ਹਨ। ਬਸ ਏਨਾ ਕਹਿ ਦੇਣਾ ਕਾਫੀ ਹੈ ਕਿ ਪਾਕਿਸਤਾਨ ਵਿਚ ਇਕ ਲਿਖਤੀ ਆਈਨ ਲਾਗੂ ਹੈ ਅਤੇ ਜਿਵੇਂ ਕਿ ਆਈਨ ਦੇ ਕਈ ਹਿੱਸਿਆਂ ਵਿਚ ਆਉਂਦਾ ਹੈ, ਇਹ ਪੂਰੀ ਤਰ੍ਹਾਂ ਸਾਬਿਤ ਹੈ ਕਿ ਲਫਜ਼ 'ਕਾਨੂੰਨ' ਦਾ ਮਾਅਨਾ 'ਅਮਲੀ ਕਾਨੂੰਨ ਹੈ,' ਕਹਿਣ ਦਾ ਮਤਲਬ ਇਹ ਹੈ ਕਿ ਇਹ ਇਕ ਕਾਬਿਲ ਕਾਨੂੰਨ ਬਖਸ਼ਿੰਦ ਦਾ ਰਸਮੀ ਫਤਵਾ ਹੈ ਤੇ ਇਸ ਵਿਚ ਵਧੇਰੇ ਕਾਨੂੰਨੀ ਫੁਰਮਾਨ ਅਤੇ ਕੀਤਾਂ ਸ਼ਾਮਿਲ ਨਹੀਂ ਹਨ। ਇਸ ਸਿਲਸਿਲੇ ਵਿਚ ਫੈਡਰੇਸ਼ਨ ਆਫ ਪਾਕਿਸਤਾਨ ਬਨਾਮ ਯੂਨਾਈਟਿਡ ਸ਼ੂਗਰ ਮਿਲਜ਼ (ਪੀ.ਐਲ.ਡੀ.1977 ਐਸ.ਸੀ. 397) ਅਸਮਾ ਜਿਲਾਨੀ ਦਾ ਕੇਸ (ਪੀ.ਐਲ.ਡੀ. 1975 ਐਸ.ਸੀ. 66) ਅਤੇ ਐਫ. ਬੀ. ਅਲੀ ਬਨਾਮ ਸਰਕਾਰ (ਪੀ.ਐਲ.ਡੀ. 1975 ਐਸ.ਸੀ. 506) ਦਾ ਹਵਾਲਾ ਦਿਤਾ ਜਾ ਸਕਦਾ ਹੈ। ਇੰਟਰਨੈਸ਼ਨਲ ਇਕਰਾਰਨਾਮਿਆਂ ਅਤੇ ਅਹਿਦਨਾਮਿਆਂ ਨੂੰ ਕਾਨੂੰਨ ਨਹੀਂ ਮੰਨਿਆ ਜਾ ਸਕਦਾ ਅਤੇ ਇਸ ਕਰਕੇ, ਮੇਰੀ ਨਿਗਾਹ ਵਿਚ, ਪਾਕਿਸਤਾਨੀ ਕਾਨੂੰਨ, ਆਈਨ ਦੇ ਆਰਟੀਕਲ 141 ਤੇ 142 ਅਤੇ ਫੈਡਰਲ ਲੈਜਿਸਲੇਟਿਵ ਲਿਸਟ ਦੀ ਮੱਦ ਨੰਬਰ ਤਿੰਨ ਦੀ ਸਾਂਝੀ ਪੜਤ ਵਿਚੋਂ ਉਭਰਦਾ ਹੈ।

116. ਇਸ ਮੁਕਦਮੇ ਦੇ ਸ਼ੁਰੂ ਵਿਚ ਮੁਲਜ਼ਮਾਂ ਵਲੋਂ ਤਾਜ਼ੀ-ਰਾਤੇ ਪਾਕਿਸਤਾਨ ਦੀ ਦਫਾ 4 ਹੇਠ,..ਇਸ ਅਦਾਲਤ ਦੇ ਇਖਤਿਆਰ ਬਾਰੇ ਮੁਕਦਮੇ ਦੇ ਸ਼ੁਰੂ ਵਿਚ ਪੇਸ਼ ਕੀਤੀ ਗਈ ਦਰਖਾਸਤ ਦਾ ਨਿਪਟਾਰਾ ਕਰਨ ਦਾ ਮੌਕਾ ਆਇਆ ਸੀ। ਦਰਖਾਸਤ ਵਿਚ ਕਿਹਾ ਗਿਆ ਸੀ ਕਿ ਹਾਈਜੈਕਿੰਗ ਦੀ ਕਾਰਵਾਈ ਭਾਰਤੀ ਅਸਮਾਨ ਵਿਚ ਕਿਸੇ ਜਗਹ ਪੂਰੀ ਹੋਈ ਸੀ ਅਤੇ ਅਜਿਹੇ ਜਹਾਜ਼ ਤੇ ਹੋਈ ਸੀ ਜਿਹੜਾ ਕਿ ਪਾਕਿਸਤਾਨ ਵਿਚ ਰਜਿਸਟਰਡ ਨਹੀਂ ਹੈ ਤੇ ਮੁਲਜ਼ਮ ਪਾਕਿਸਤਾਨ ਦੇ ਸ਼ਹਿਰੀ ਨਹੀਂ ਹਨ, ਸੋ ਉਨ੍ਹਾਂ ਤੇ ਪਾਕਿਸਤਾਨ 'ਚ ਮੁਕਦਮਾ ਨਹੀਂ ਚਲਾਇਆ ਜਾ ਸਕਦਾ। 'ਤਾਜ਼ੀ-ਰਾਤੇ ਪਾਕਿਸਤਾਨ ਦੀ ਦਫਾ 4 ਦੇ ਲਫਜ਼ਾਂ ਵਿਚ ਇਸ ਅਦਾਲਤ ਦੇ ਇਖਤਿਆਰ ਉਨ੍ਹਾਂ ਜੁਰਮਾਂ ਬਾਰੇ ਹਨ ਜਿਨ੍ਹਾਂ ਤੇ ਪੀਨਲ ਕੋਡ ਲਾਗੂ ਹੁੰਦਾ ਹੈ।' ਦਲੀਲ ਇਹ ਸੀ ਕਿ ਤਾਜ਼ੀ-ਰਾਤੇ ਪਾਕਿਸਤਾਨ ਦੀ ਦਫਾ 3 ਜਾਂ

ਦਫਾ 4 ਹਰਕਤ ਵਿਚ ਨਹੀਂ ਆਉਂਦੀ। ਇਸ ਸਿਲਸਿਲੇ ਵਿਚ ਤਾਜ਼ੀ-ਰਾਤੇ ਪਾਕਿਸਤਾਨ ਦੀ ਦਫਾ 402 ਏ ਦੇ ਵੇਰਵੇ ਦਾ ਹਵਾਲਾ ਦਿਤਾ ਗਿਆ ਅਤੇ ਇਹ ਨੁਕਤਾ ਪੇਸ਼ ਕੀਤਾ ਗਿਆ ਸੀ ਕਿ ਮੁਲਜ਼ਮਾਂ ਵਲੋਂ ਹਵਾਈ ਜਹਾਜ਼ ਖੋਹਣ ਜਾਂ ਉਸ ਤੇ ਇਖਤਿਆਰ ਚਲਾਉਣ ਦੀ ਕਾਰਵਾਈ ਉਦੋਂ ਪੂਰੀ ਕੀਤੀ ਗਈ ਸੀ ਜਦੋਂ ਹਵਾਈ ਜਹਾਜ਼ ਭਾਰਤੀ ਇਲਾਕੇ ਵਿਚ ਸੌਰੋ ਤੋਂ ਉਡ ਰਿਹਾ ਸੀ। 22 ਅਪਰੈਲ 1985 ਨੂੰ ਅਦਾਲਤ ਨੇ ਇਹ ਦਰਖਾਸਤ ਰੱਦ ਕਰ ਦਿਤੀ ਸੀ। ਅਦਾਲਤੀ ਹੁਕਮ ਦਾ ਅਮਲੀ ਹਿੱਸਾ ਇਜ ਹੈ:—

'ਦਹਿਸ਼ਤਗਰਦੀ ਕਾਰਵਾਈ ਰੋਕੂ, ਸਪੈਸ਼ਲ ਕੋਰਟ, ਐਕਟ 1975 ਦੀ ਦਫਾ 5 (7) ਜਿਸ ਹੇਠ ਕਾਰਵਾਈ ਵਾਸਤੇ ਇਹ ਕੇਸ ਅਦਾਲਤ ਨੂੰ ਭੇਜਿਆ ਗਿਆ ਹੈ, ਉਸ ਵਿਚ ਕਿਹਾ ਗਿਆ ਹੈ ਕਿ ਉਹਨਾਂ ਸਾਰਿਆਂ ਮਾਮਲਿਆਂ, ਜਿਨ੍ਹਾਂ ਬਾਰੇ ਇਸ ਕਾਨੂੰਨ ਵਿਚ ਕੋਈ ਜ਼ਾਬਤਾ ਨਹੀਂ ਦਸਿਆ ਗਿਆ, ਬਾਰੇ ਸਪੈਸ਼ਲ ਕੋਰਟ, ਮਜਿਸਟਰੇਟਾਂ ਵਲੋਂ ਮੁਕਦਮਿਆਂ ਦੀ ਕਾਰਵਾਈ ਵਾਸਤੇ ਮਿਥੇ ਕੋਡ ਤੇ ਅਮਲ ਕਰੇਗੀ।' ਲਾਜ਼ਮੀ ਤੌਰ ਤੇ ਸਾਨੂੰ ਕਰਿਮੀਨਲ ਪਰੋਸੀਜਰ ਕੋਡ ਦਾ ਚੇਪਟਰ 15 ਵੇਖਣਾ ਪਵੇਗਾ ਜਿਸ ਵਿਚ ਫੌਜਦਾਰੀ ਅਦਾਲਤਾਂ ਵਾਸਤੇ ਪੜਤਾਲ ਅਤੇ ਮੁਕਦਮੇ ਵਾਸਤੇ ਅਦਾਲਤਾਂ ਦੇ ਇਖਤਿਆਰ ਦਸੇ ਗਏ ਹਨ। ਦਫਾ 177 ਵਿਚ ਲਿਖਿਆ ਆਮ ਨੇਮ ਇਹ ਹੈ ਕਿ 'ਆਮ ਤੌਰ ਤੇ ਹਰ ਜੁਰਮ ਦੀ ਪੜਤਾਲ ਅਤੇ ਮੁਕਦਮੇ ਦੀ ਕਾਰਵਾਈ ਉਸ ਅਦਾਲਤ ਵਿਚ ਹੋਵੇਗੀ ਜਿਸ ਦੀ ਮੁਕਾਮੀ ਹਦੂਦ ਵਿਚ ਉਹ ਨੇਪਰੇ ਚੜ੍ਹਿਆ ਹੋਵੇ।' ਜਿਹਾ ਕਿ ਉਪਰ ਵੇਖਿਆ ਗਿਆ ਹੈ, ਤਾਜ਼ੀ-ਰਾਤੇ ਪਾਕਿਸਤਾਨ ਦੀ ਦਫਾ 2 ਹੇਠ, ਕੋਡ ਮੁਤਾਬਿਕ ਹਰ ਸਖਸ਼ ਕਾਨੂੰਨ ਖਿਲਾਫ ਹਰ ਉਸ ਕਾਰਵਾਈ ਜਾਂ ਗਲਤੀ ਦੀ ਸਜ਼ਾ ਦਾ ਹਕਦਾਰ ਹੋਵੇਗਾ ਜਿਸ ਦਾ ਉਹ ਪਾਕਿਸਤਾਨ 'ਚ ਜੁਰਮਵਾਰ ਹੈ। ਇਸ ਕਰਕੇ ਜਿਸ ਜੁਰਮ ਵਾਸਤੇ ਮੁਲਜ਼ਮਾਂ ਤੇ ਮੁਕਦਮਾ ਚਲਾਇਆ ਜਾ ਰਿਹਾ ਹੈ, ਜੇ ਉਹ ਪਾਕਿਸਤਾਨ ਦੀ ਹਦੂਦ 'ਚ ਕੀਤਾ ਗਿਆ ਸੀ ਤਾਂ ਮੁਲਜ਼ਮਾਂ ਤੇ ਮੁਕਦਮਾ ਚਲਾਉਣ ਦੇ ਇਖਤਿਆਰ ਬਾਰੇ ਕੋਈ ਮਸਲਾ ਹੀ ਨਹੀਂ ਹੈ। ਫਿਰ ਵੀ ਇਹ ਜ਼ਰੂਰ ਮੰਨਿਆ ਜਾਣਾ ਚਾਹੀਦਾ ਹੈ ਕਿ ਜਿਥੋਂ ਤਕ ਤਾਜ਼ੀ-ਰਾਤੇ ਪਾਕਿਸਤਾਨ ਦੀ ਦਫਾ 4 ਦਾ ਤਾਅੱਲਕ ਹੈ, ਲਫਜ਼ੀ ਤੌਰ ਤੇ ਇਸ ਕੇਸ ਤੇ ਲਾਗੂ ਨਹੀਂ ਹੁੰਦੀ, ਕਿਉਂਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਮੁਲਜ਼ਮ ਪਾਕਿਸਤਾਨ ਦੇ ਸ਼ਹਿਰੀ ਨਹੀਂ ਹਨ ਤੇ ਨਾ ਹੀ ਪਾਕਿਸਤਾਨ 'ਚ ਨੌਕਰੀ ਕਰਦੇ ਹਨ ਤੇ ਉਹ ਜਹਾਜ਼ ਜਿਥੇ ਅਖੌਤੀ ਤੌਰ ਤੇ ਜੁਰਮ ਕੀਤਾ ਗਿਆ ਹੈ ਉਹ ਪਾਕਿਸਤਾਨ 'ਚ ਰਜਿਸਟਰਡ ਨਹੀਂ ਹੈ। ਕਰਿਮੀਨਲ ਪਰੋਸੀਜਰ ਕੋਡ ਦੀ ਦਫਾ 177 'ਚ ਆਮ ਨੇਮਾਂ ਤੋਂ 'ਛੋਟਾਂ' ਹਨ। ਹਥਲੇ ਕੇਸ ਦੇ ਮਕਸਦ ਵਾਸਤੇ ਦਫਾ 179 ਤੇ ਦਫਾ 181 ਦਾ ਹਵਾਲਾ ਦੇਣਾ ਹੀ ਕਾਫੀ ਹੋਵੇਗਾ। ਦਫਾ 179

ਮੁਤਾਬਿਕ, ਜਦੋਂ ਕਿਸੇ ਸ਼ਖਸ ਤੇ ਕਿਸੇ ਜੁਰਮ ਦੀ ਕਾਰਵਾਈ ਜਾਂ ਉਸ ਜੁਰਮ 'ਚੋਂ ਪੈਦਾ ਹੋਣ ਵਾਲੇ ਨਤੀਜਿਆਂ ਦਾ ਇਲਜ਼ਾਮ ਲਾਇਆ ਜਾਵੇ ਤਾਂ ਜਿਸ ਅਦਾਲਤ ਦੇ ਇਖਤਿਆਰ ਦੀ ਹਦੂਦ 'ਚ ਅਜਿਹੀ ਕਾਰਵਾਈ ਹੋਈ ਹੋਵੇ ਜਾਂ ਉਸ ਦੇ ਨਤੀਜੇ 'ਚ ਆਏ ਹੋਣ, ਉਸ ਅਦਾਲਤ ਵਿਚ ਉਸ ਜੁਰਮ ਦੀ ਪੜਤਾਲ ਹੋ ਸਕਦੀ ਹੈ ਤੇ ਉਸ ਦਾ ਮੁਕਦਮਾ ਚਲਾਇਆ ਜਾ ਸਕਦਾ ਹੈ। ਇਸ ਸੈਕਸ਼ਨ ਨਾਲ ਦਿੱਤੀ ਮਿਸਾਲ (ੜੀ) ਖਾਸ ਗੌਰ ਮੰਗਦੀ ਹੈ, ਇਸ ਮੁਤਾਬਿਕ "ਏ ਜੂਨਾਗੜ੍ਹ ਦੀ ਰਿਆਸਤ ਵਿਚ ਜ਼ਖਮੀ ਹੁੰਦਾ ਹੈ ਅਤੇ ਜ਼ਖਮਾਂ ਦੀ ਵਜਹ ਕਰਕੇ ਕਰਾਚੀ ਵਿਚ ਮਰਦਾ ਹੈ। ਏ ਦੀ ਮੌਤ ਦੀ ਪੜਤਾਲ ਤੇ ਉਸ ਬਾਰੇ ਮੁਕਦਮਾ ਕਰਾਚੀ ਵਿਚ ਚਲਾਇਆ ਜਾ ਸਕਦਾ ਹੈ" ਇਸ ਮਿਸਾਲ ਦੀ ਖਾਸ ਅਹਿਮੀਅਤ ਇਸ ਕਰਕੇ ਹੈ ਕਿ ਜੂਨਾਗੜ੍ਹ ਦੀ ਰਿਆਸਤ ਪਾਕਿਸਤਾਨ ਦਾ ਹਿੱਸਾ ਨਹੀਂ ਸੀ; ਫਿਰ ਵੀ ਭਾਵੇਂ ਜ਼ਖਮੀ ਕਰਨ ਦਾ ਜੁਰਮ ਉਸ ਰਿਆਸਤ ਵਿਚ ਹੋਇਆ ਪਰ ਜੁਰਮ ਦੀ ਪੜਤਾਲ ਅਤੇ ਅਦਾਲਤੀ ਕਾਰਵਾਈ, ਜਿੱਥੇ ਏ ਜ਼ਖਮਾਂ ਕਰਕੇ ਮਰਿਆ, ਕਰਾਚੀ ਵਿਚ ਹੋ ਸਕਦੀ ਹੈ। ਕ੍ਰਿਮੀਨਲ ਪਰੋਸੀਜਰ ਕੋਡ ਦੀ ਸੈਕਸ਼ਨ 182 ਮੁਤਾਬਿਕ, "ਹੋਰਨਾਂ ਤੋਂ ਇਲਾਵਾ ਉਸ ਕੇਸ ਜਿਨ੍ਹਾਂ ਵਿਚ ਇਕ ਜੁਰਮ ਦਾ ਕੁਝ ਹਿੱਸਾ ਇਕ ਮੁਕਾਮੀ ਹਦੂਦ ਵਿਚ ਅਤੇ ਕੁਝ ਹਿੱਸਾ ਦੂਜੀ ਹਦੂਦ ਵਿਚ ਹੁੰਦਾ ਹੈ, ਜੁਰਮ ਅਜੇ ਜਾਰੀ ਹੁੰਦਾ ਹੈ ਅਤੇ ਇਕ ਤੋਂ ਵਧ ਮੁਕਾਮੀ ਹੱਦਾਂ ਵਿਚ ਜਾਰੀ ਰਹਿੰਦਾ ਹੈ ਅਤੇ ਜਿਨ੍ਹਾਂ ਵਿਚ ਜੁਰਮ ਹੇਠ ਕਈ ਕਾਰਵਾਈਆਂ ਅਲਗ ਅਲਗ ਮੁਕਾਮੀ ਹੱਦਾਂ ਵਿਚ ਕੀਤੀਆਂ ਗਈਆਂ ਹਨ — ਉਨ੍ਹਾਂ ਦੀ ਪੜਤਾਲ ਤੇ ਮੁਕਦਮੇ ਦੀ ਕਾਰਵਾਈ ਇਨ੍ਹਾਂ ਮੁਕਾਮੀ ਹੱਦਾਂ ਵਿਚੋਂ ਕਿਸੇ ਇਕ ਅਤੇ ਇਖਤਿਆਰ ਵਾਲੀ ਕਿਸੇ ਵੀ ਅਦਾਲਤ ਵਿਚ ਚਲਾਈ ਜਾ ਸਕਦੀ ਹੈ।"

"ਹਾਈਜੈਕਿੰਗ ਦਾ ਜੁਰਮ ਇਜ ਹੈ: ਗੈਰ ਕਾਨੂੰਨੀ ਤੌਰ ਤੇ ਤਾਕਤ ਦੀ ਵਰਤੋਂ ਜਾਂ ਦਿਖਾਵੇ ਜਾਂ ਕਿਸੇ ਕਿਸਮ ਦੀਆਂ ਧਮਕੀਆਂ ਨਾਲ ਇਕ ਹਵਾਈ ਜਹਾਜ਼

(ੳ) ਖੋਹਣਾ ਜਾਂ

(ਅ) ਇਖਤਿਆਰ ਚਲਾਉਣਾ

ਇਹ ਸਾਫ ਹੈ ਕਿ ਖੋਹਣਾ ਅਤੇ ਇਖਤਿਆਰ ਚਲਾਉਣ ਦੋ ਵਖ ਵਖ ਕਾਰਵਾਈਆਂ ਹਨ। ਇਹ ਵੀ ਸਿਧੀ ਗੱਲ ਹੈ ਕਿ ਜੁਰਮ ਕਰਨ ਵਾਸਤੇ, ਖੋਹਣਾ ਜਾਂ ਇਖਤਿਆਰ ਚਲਾਉਣਾ, ਦੋਹਾਂ ਵਿਚੋਂ ਕੋਈ ਇਕ ਕਾਰਵਾਈ ਹੀ ਕਾਫੀ ਹੈ ਜਿਵੇਂ ਉਪਰ ਵੇਖਿਆ ਗਿਆ ਹੈ, ਖੋਹਣ ਦਾ ਮਤਲਬ ਹੈ ਕਬਜ਼ਾ ਕਰਨਾ, ਗ੍ਰਿਫਤ 'ਚ ਲੈਣਾ ਵਗੈਰਾ। ਮੇਰੀ ਨਿਗਾਹ 'ਚ, ਹਵਾਈ ਜਹਾਜ਼ ਗਰਿਫਤ 'ਚ ਲੈਣ ਜਾਂ ਕਬਜ਼ਾ ਕਰਨ ਦੀ ਕਾਰਵਾਈ ਇਕ ਤਰੀਕੇ ਨਾਲ ਪੂਰੀ ਨਹੀਂ ਸੀ ਕਿਉਂਕਿ ਪਾਇਲਟ ਆਪਣੀ ਸੀਟ ਤੋਂ ਕਦੇ ਵੀ ਨਹੀਂ

ਉਠਿਆ ਅਤੇ ਨਾ ਉਸਨੂੰ ਹਵਾਈ ਜਹਾਜ਼ ਚਲਾਉਣ ਦੀ ਹੈਸੀਅਤ ਤੋਂ ਵਾਂਝਿਆ ਕੀਤਾ ਗਿਆ ਸੀ। ਇਸ ਮਾਮਲੇ ਵਿਚ ਬਾਦਸ਼ਾਹ ਬਲਦੇਵ (28 ਆਈ ਐੱਲ ਆਰ 1906, ਸਫਾ 372) ਦਾ ਨੁਕਤਾ ਇਹ ਹੈ ਕਿ ਇਕ ਮੁਲਜ਼ਮ ਨੇ ਸਰੂਪਾ ਨੂੰ ਜ਼ਖਮੀ ਕਰਕੇ ਉਸ ਨੂੰ ਤੇ ਉਸ ਦੇ ਬਾਪ ਨੂੰ ਗੱਡੇ ਤੋਂ ਭਜਾ ਦਿਤਾ ਸੀ। ਇਂਜ ਗੱਡਾ ਪੂਰੀ ਤਰ੍ਹਾਂ ਕਬਜ਼ੇ ਵਿਚ ਲੈ ਲਿਆ ਗਿਆ ਸੀ। ਏਥੇ ਅਜਿਹਾ ਨਹੀਂ ਹੋ ਸਕਿਆ ਕਿਉਂਕਿ ਜਿਨਾ ਕੁ ਸਾਡੀ ਇਤਲਾਹ ਮੁਤਾਬਿਕ ਹੈ, ਮੁਲਜ਼ਮਾਂ ਨੇ ਹਵਾਈ ਜਹਾਜ਼ ਨੂੰ ਲਾਹੌਰ ਏਅਰਪੋਰਟ ਤਕ ਨਹੀਂ ਉਡਾਇਆ ਹੋਵੇਗਾ। ਇਸ ਕਰਕੇ ਹਵਾਈ ਜਹਾਜ਼ ਖੋਹਣ ਜਾ ਉਸ ਦਾ ਕਬਜ਼ਾ ਲੈਣ ਦੀ ਕਾਰਵਾਈ ਉਦੋਂ ਤਕ ਪੂਰੀ ਨਹੀਂ ਹੋਈ ਜਦੋਂ ਤਕ ਹਵਾਈ ਜਹਾਜ਼ ਲਾਹੌਰ ਹਵਾਈ ਅੱਡੇ ਤੇ ਨਹੀਂ ਉਤਰਿਆ।

'ਕੀ ਹਵਾਈ ਜਹਾਜ਼ ਨੂੰ ਗਰਿਫਤ 'ਚ ਲੈਣ ਜਾ ਕਬਜ਼ਾ ਕਰਨ ਦੀ ਕਾਰਵਾਈ ਦੇ ਨਾਲ ਹੀ ਮੁਲਜ਼ਮਾਂ ਨੇ ਇਕ ਦਮ ਆਪਣਾ ਇਖਤਿਆਰ ਚਲਾ ਲਿਆ ਸੀ।' ਇਸਤੇਮਾਲ ਕੀਤੇ ਲਫਜ਼ ਹਨ ਹਵਾਈ ਜਹਾਜ਼ ਦਾ 'ਇਖਤਿਆਰ ਚਲਾਉਣਾ' ਨਾ 'ਕਿ ਇਖਤਿਆਰ ਲੈਣਾ'। ਇਹ ਗੱਲ ਬਿਨਾ ਅਹਿਮੀਅਤ ਤੋਂ ਨਹੀਂ ਕਿ ਇਖਤਿਆਰ ਲੈਣ ਦੀ ਕਾਰਵਾਈ ਇਕ ਵਾਰ ਹੋ ਗਈ ਹੋਵੇ ਅਤੇ ਇਖਤਿਆਰ ਚਲਾਉਣ ਦੀ ਕਾਰਵਾਈ ਅਜੇ ਜਾਰੀ ਹੋਵੇ। ਏਥੇ ਵਾਕਿਆਤ ਤੋਂ ਸ਼ਰੇ-ਆਮ ਦਿਸਦਾ ਹੈ ਕਿ ਮੁਲਜ਼ਮਾਂ ਵਲੋਂ ਹਵਾਈ ਜਹਾਜ਼ ਦੀ ਇਖਤਿਆਰ ਚਲਾਉਣ ਦੀ ਕਾਰਵਾਈ ਇਕ ਜਗਾਹ ਤੋਂ ਦੂਜੀ ਜਗਾਹ ਤਕ ਜਾਰੀ ਰਹੀ ਸੀ। ਪਹਿਲੀ ਵਾਰੀ ਉਨ੍ਹਾਂ ਨੇ ਹਵਾਈ ਜਹਾਜ਼ ਤੇ ਇਖਤਿਆਰ ਉਦੋਂ ਚਲਾਇਆ ਜਦੋਂ ਉਨ੍ਹਾ ਨੇ ਪਾਇਲਟ ਨੂੰ ਆਖਿਆ ਕਿ ਜਹਾਜ਼ ਲਾਹੌਰ ਨੂੰ ਮੋੜ ਲਵੇ। ਫੇਰ ਉਨ੍ਹਾਂ ਲਾਹੌਰ ਏਅਰਪੋਰਟ ਨਾਲ ਰਾਬਤਾ ਕਾਇਮ ਕਰਨ ਵਾਸਤੇ ਆਖਿਆ। ਇਹ ਉਦੋਂ ਹੋਇਆ ਜਦੋਂ ਹਵਾਈ ਜਹਾਜ਼ ਅਜੇ ਭਾਰਤ ਦੀ ਹਦੂਦ ਵਿਚ ਸੀ। ਪਰ ਜਦੋਂ ਹਵਾਈ ਜਹਾਜ਼ ਪਾਕਿਸਤਾਨ ਦੇ ਅਸਮਾਨ ਵਿਚ ਦਾਖਿਲ ਹੋ ਗਿਆ ਤਾਂ ਇਹ ਇਖਤਿਆਰ ਚਲਾਉਣਾ ਖਤਮ ਨਹੀਂ ਹੋ ਗਿਆ। ਮੁਲਜ਼ਮਾਂ ਦਾ ਹਵਾਈ ਜਹਾਜ਼ ਲਾਹੌਰ ਏਅਰਪੋਰਟ ਤੇ ਉਤਰਨ ਦਾ ਇਰਾਦਾ ਨੇਪਰੇ ਚੜਨ ਤਕ ਇਹ (ਇਖਤਿਆਰ ਚਲਾਉਣਾ) ਯਕੀਨਨ ਜਾਰੀ ਰਹਿਣਾ ਸੀ। ਕੈਪਟਨ ਟੀ. ਪੀ. ਸਿਨਹਾ ਵਲੋਂ ਕਰਿਮੀਨਲ ਪਰੋਸੀਜਰ ਕੋਡ ਦੀ ਦਫਾ 161 ਹੇਠ ਦਿਤੇ ਬਿਆਨਾਂ ਮੁਤਾਬਿਕ ਮੁਲਜ਼ਮਾਂ ਨੇ ਪਾਕਿਸਤਾਨ ਦੇ ਅਸਮਾਨਾਂ ਵਿਚ ਹੀ ਉਸ ਨੂੰ ਧਮਕੀ ਦਿਤੀ ਸੀ ਕਿ ਜੇ ਜਹਾਜ਼ ਲਾਹੌਰ ਦੀ ਜਗਾਹ ਕਿਸੇ ਹੋਰ ਹਵਾਈ ਅੱਡੇ ਤੇ ਉਤਰਿਆ ਤਾਂ ਹਵਾਈ ਜਹਾਜ਼ ਤੇ ਸਵਾਰ ਹਰ ਸਖਸ਼ ਨੂੰ ਉਡਾ ਦਿਤਾ ਜਾਵੇਗਾ। ਜਦੋਂ ਉਹ ਲਾਹੌਰ ਵਿਚ ਉਤਰ ਚੁਕੇ ਸੀ ਤਾ ਮੁਲਜ਼ਮਾਂ ਨੇ ਉਸ ਤੋਂ ਮਾਈਕਰੋਫੋਨ ਖੋਹ ਕੇ ਏਅਰ ਟਰੈਫਿਕ ਕੰਟਰੋਲ ਨਾਲ ਖੁਦ ਗਲਬਾਤ ਕੀਤੀ ਸੀ।

'ਇਸ ਕਰਕੇ 'ਮੈਨੂੰ ਕੋਈ ਸ਼ੱਕ ਨਹੀਂ ਕਿ ਹਵਾਈ ਜਹਾਜ਼ ਨੂੰ ਗਰਿਫਤ ਵਿਚ ਲੈਣ ਦੀ ਕਾਰਵਾਈ ਮੰਗ ਵਿਚ ਹੀ ਪੂਰੀ ਨਹੀਂ ਹੋਈ ਸੀ। ਕਿਸੇ ਵੀ ਸੂਰਤ ਵਿਚ ਸ਼ੱਕ ਨਹੀਂ ਰਹਿੰਦਾ ਕਿ ਹਵਾਈ ਜਹਾਜ਼ ਦਾ ਇਖਤਿਆਰ ਚਲਾਉਣ ਦੀ ਕਾਰਵਾਈ ਸਿਰਫ ਉਦੋਂ ਤਕ ਹੀ ਜਾਰੀ ਨਹੀਂ ਸੀ। ਜਦੋਂ ਤਕ ਹਵਾਈ ਜਹਾਜ਼ ਉਡ ਰਿਹਾ ਸੀ ਬਲਕਿ ਉਦੋਂ ਤਕ ਵੀ ਜਾਰੀ ਸੀ ਜਦੋਂ ਇਹ ਲਾਹੌਰ ਹਵਾਈ ਅੱਡੇ ਤੇ ਉਤਰ ਗਿਆ ਸੀ ਅਤੇ ਜਦੋਂ ਤਕ ਕਮਾਂਡੋ ਐਕਸ਼ਨ ਰਾਹੀਂ ਅਜ਼ਾਦ ਨਹੀਂ ਸੀ ਕਰਵਾ ਲਿਆ ਗਿਆ। ਜੇ ਤਕਨੀਕੀ ਤੌਰ ਤੇ ਵੇਖਿਆ ਜਾਵੇ ਤਾਂ ਜਦੋਂ ਹਵਾਈ ਜਹਾਜ਼ ਲਾਹੌਰ ਹਵਾਈ ਅੱਡੇ ਤੇ ਖੜਾ ਸੀ ਤੇ ਜਦੋਂ ਤਕ ਉਸ ਦੇ ਦਰਵਾਜ਼ੇ ਉਤਰਨ ਵਾਸਤੇ ਨਹੀਂ ਸੀ ਖੋਲ੍ਹੇ ਗਏ, ਉਦੋਂ ਉਹ ਉਡਾਨ ਵਿਚ ਸੀ, ਅਤੇ ਜ਼ਬਰਦਸਤੀ ਉਤਾਰਨ ਦੀ ਸੂਰਤ ਵਿਚ ਉਦੋਂ ਤਕ ਜਦੋਂ ਤਕ ਸਹੀ ਮਾਲਕਾਂ ਨੇ ਹਵਾਈ ਜਹਾਜ਼, ਉਸ ਤੇ ਸਵਾਰ ਮੁਸਾਫਿਰਾਂ ਅਤੇ ਅਸਬਾਬ ਦਾ ਇਖਤਿਆਰ ਹਾਸਿਲ ਨਹੀਂ ਸੀ ਕੀਤਾ। ਹੇਗ ਵਿਚ 16 ਦਿਸੰਬਰ 1970 ਨੂੰ ਹੋਈ ਕਨਵੈਨਸ਼ਨ ਫਾਰ ਦਾ ਸੁਪਰੈਸ਼ਨ ਆਫ਼ ਸੀਜ਼ਰ ਆਫ ਏਅਰਕਰਾਫਟ, ਜਿਸ ਤੇ ਪਾਕਿਸਤਾਨ ਵੀ ਸਹੀਕਾਰ ਹੈ, ਦੇ ਆਰਟੀਕਲ 2 ਨੂੰ ਇਸ ਸਿਲਸਿਲੇ ਵਿਚ ਪਰਿਭਾਸ਼ਾ ਵਾਸਤੇ ਹਵਾਲੇ ਵਜੋਂ ਇਸਤੇਮਾਲ ਕੀਤਾ ਜਾ ਸਕਦਾ ਹੈ।

'ਫਾਜ਼ਿਲ ਵਕੀਲ ਵਲੋਂ ਆਪਣੇ ਨੁਕਤੇ ਦੀ ਹਿਮਾਇਤ ਵਜੋਂ ਜਿਨ੍ਹਾਂ ਕੇਸਾਂ ਦਾ ਹਵਾਲਾ ਦਿਤਾ ਗਿਆ ਹੈ ਉਸ ਬਾਰੇ ਮੈਂ ਪਹਿਲੇ ਹੀ ਬਾਦਸ਼ਾਹ ਬਨਾਮ ਬਲਦੇਵਾ ਦਾ ਹਵਾਲਾ ਦੇ ਚੁਕਾ ਹਾਂ। ਫਾਜ਼ਿਲ ਵਕੀਲ ਵਲੋਂ ਪੇਸ਼ ਕੀਤੀਆਂ ਗਈਆਂ ਮਿਸਾਲਾਂ ਵਿਚ ਬਾਕੀ ਕੇਸ ਇਹ ਹਨ:—

ਬਾਦਸ਼ਾਹ ਬਨਾਮ ਪੰਜਾ ਗਨੀ (1970 ਬੰਬੇ ਲਾਅ ਰਿਪੋਰਟ 98) ਕੁਈਨ ਬਨਾਮ ਅਬਦੁਲ ਲਤੀਫ਼ (10 ਇੰਡੀਅਨ ਲਾਅ ਰਿਪੋਰਟ 865), ਟੀ. ਫਖਰੁੱਲਾ ਖਾਨ ਬਨਾਮ ਬਾਦਸ਼ਾਹ (ਆਲ ਇੰਡੀਆ ਰਿਪੋਰਟ, 1935, ਮਦਰਾਸ 326), ਰਾਇ ਬਹਾਦਰ ਬਨਾਮ ਬਾਦਸ਼ਾਹ (ਆਲ ਇੰਡੀਆ ਰਿਪੋਰਟ, 1918 ਲਾਹੌਰ 49), ਇਬਰਾਹੀਮ ਤੇ ਹੋਰ ਬਨਾਮ ਕੁਈਨ ਐਂਮਪਰੈੱਸ (1893 ਪੰਜਾਬ ਰਿਕਾਰਡਜ਼ ਨੰਬਰ 7, ਫੌਜਦਾਰੀ ਫੈਸਲਾ ਸਫਾ 22 ਤੇ) ਰਾਮ ਨਰੈਣ ਬਨਾਮ ਸੈਂਟਰਲ ਬੈਂਕ ਆਫ ਇੰਡੀਆ (1952 ਕਰਿਮੀਨਲ ਲਾਅ ਜਰਨਲ 744)। ਇਹ ਸਾਰੇ ਕੇਸ ਉਹ ਹਨ ਜਿਨ੍ਹਾਂ ਵਿਚ ਮੁਲਜ਼ਮ ਤੇ ਮੁਕਦਮਾ ਉਨ੍ਹਾਂ ਜਗਾਹ ਤੇ ਚਲਾਇਆ ਗਿਆ ਸੀ ਜਿਹੜੀਆਂ ਵਕੂਏ ਦੇ ਇਲਾਕੇ ਤੋਂ ਬਾਹਰਲੀਆਂ ਸਨ। ਇਸ ਕੇਸ ਦੇ ਵਾਕਿਆਤ ਨੂੰ ਮੱਦੇ-ਨਜ਼ਰ ਰਖਦਿਆਂ ਇਨ੍ਹਾਂ ਵਿਚੋਂ ਕੋਈ ਵੀ ਕੇਸ ਢੁਕਵਾਂ ਨਹੀਂ ਹੈ।

'ਮੇਰਾ ਇਹ ਵੀ ਖਿਆਲ ਹੈ ਕਿ ਇਹ ਕੇਸ ਸਾਫ਼ ਤੌਰ ਤੇ ਕਰਿਮੀਨਲ ਪਰੋਸੀਜਰ ਕੋਡ ਦੀ ਦਫਾ 179 ਦੀ ਜ਼ਦ ਵਿਚ ਵੀ ਆਉਂਦਾ ਹੈ। ਭਾਵੇਂ ਹਾਈਜੈਕਿੰਗ ਦੀ ਕਾਰਵਾਈ ਭਾਰਤ ਵਿਚ ਹੀ ਪੂਰੀ ਹੋ ਗਈ ਸੀ, ਤਾਂ ਵੀ ਮੁਲਜ਼ਮਾਂ ਨੇ ਹਵਾਈ ਜਹਾਜ਼ ਪਾਕਿਸਤਾਨ ਤਕ ਹਾਈਜੈਕ ਕਰਕੇ ਆਪਣੇ ਆਪ ਨੂੰ ਪਾਕਿਸਤਾਨ 'ਚ ਮੁਕਦਮਾ ਚਲਾਉਣ ਵਾਸਤੇ ਸੌਂਪ ਦਿਤਾ ਹੈ। ਹਾਈਜੈਕਿੰਗ ਦੇ ਨਤੀਜੇ ਵਜੋਂ ਹਵਾਈ ਜਹਾਜ਼ ਨੂੰ ਪਾਕਿਸਤਾਨ ਨੂੰ ਲਿਆਉਣ ਨਾਲ, ਮੇਰੇ ਖਿਆਲ ਵਿਚ, ਇਸ ਦੇ ਵਾਕਿਆਤ ਮੁਕਦਮੇ ਨੂੰ ਸਾਫ਼ ਤੌਰ ਤੇ ਕਰਿਮੀਨਲ ਪਰੋਸੀਜਰ ਕੋਡ ਦੀ ਦਫਾ 179 ਦੀ ਜ਼ਦ ਵਿਚ ਲੈ ਆਉਂਦੇ ਹਨ। ਜਿਥੋਂ ਤਕ ਦਫਾ 188 ਦਾ ਸਵਾਲ ਹੈ, ਜਿਸ ਦਾ ਕਿ ਪਹਿਲੋਂ ਹਵਾਲਾ ਦਿਤਾ ਜਾ ਚੁਕਾ ਹੈ, ਤਾਜ਼ੀ-ਰਾਤੇ ਪਾਕਿਸਤਾਨ ਦੀ ਦਫਾ 4 ਵਾਂਗ ਇਨ੍ਹਾਂ ਮਾਮਲਿਆਂ ਵਿਚ ਵੀ ਲਾਗੂ ਹੁੰਦੀ ਹੈ:—

ਜੇਕਰ ਇਕ ਪਾਕਿਸਤਾਨੀ ਸ਼ਹਿਰੀ ਪਾਕਿਸਤਾਨ ਦੀ ਹੱਦ ਵਿਚ ਜਾਂ ਹੱਦ ਤੋਂ ਬਾਹਰ ਕੋਈ ਜੁਰਮ ਕਰਦਾ ਹੈ; ਜਾਂ ਜੇ ਪਾਕਿਸਤਾਨ ਦਾ ਇਕ ਮੁਲਾਜ਼ਮ, ਉਹ ਪਾਕਿਸਤਾਨੀ ਸ਼ਹਿਰੀ ਹੋਵੇ ਜਾਂ ਨਾ, ਇਕ ਕਬਾਇਲੀ ਇਲਾਕੇ ਵਿਚ ਜੁਰਮ ਕਰਦਾ ਹੈ; ਜਾਂ ਜੇਕਰ ਕੋਈ ਸ਼ਖਸ ਪਾਕਿਸਤਾਨ 'ਚ ਰਜਿਸਟਰ ਹੋਵੇ ਹਵਾਈ ਜਾਂ ਸਮੁੰਦਰੀ ਜਹਾਜ਼ ਵਿਚ ਕੋਈ ਜੁਰਮ ਕਰਦਾ ਹੈ। ਕਿਉਂਕਿ ਇਸ ਦਫਾ ਦੀ ਲਫਾਜ਼ੀ ਇਸ ਕੇਸ ਵਿਚਲੇ ਵਕੂਏ ਤੇ ਲਾਗੂ ਨਹੀਂ ਹੁੰਦੀ ਇਸ ਕਰਕੇ ਇਸ ਦੇ ਨੇਮਾਂ ਮੁਤਾਬਿਕ ਅਜਿਹੇ ਜੁਰਮਾਂ ਬਾਰੇ ਮੁਕਦਮੇ ਦੀ ਕਾਰਵਾਈ ਵਾਸਤੇ ਲੋੜੀਂਦੀ, ਫੈਡਰਲ ਸਰਕਾਰ ਦੀ ਮਨਜ਼ੂਰੀ ਜਾਂ ਪੋਲੀਟੀਕਲ ਏਜੰਟ ਦੇ ਸਰਟੀਫੀਕੇਟ ਦੀ ਵੀ ਜ਼ਰੂਰਤ ਨਹੀਂ।

ਫਾਜ਼ਿਲ ਵਕੀਲ ਦਾ ਖਿਆਲ ਸੀ ਕਿ ਜੇਕਰ ਕਾਨੂੰਨ-ਘਾੜਿਆਂ ਦਾ ਇਰਾਦਾ ਤਾਜ਼ੀ-ਰਾਤੇ ਪਾਕਿਸਤਾਨ ਦੀ ਦਫਾ 402 ਏ ਦੀ ਜ਼ਦ ਵਿਚ 'ਉਸ ਸ਼ਖਸ ਜਿਸ ਨੇ ਕਿਸੇ ਹੋਰ ਮੁਲਕ ਦੀ ਹਦੂਦ ਵਿਚ ਵੀ ਅਜਿਹਾ ਜੁਰਮ ਕੀਤਾ ਹੈ ਤੇ ਉਹ ਪਾਕਿਸਤਾਨ ਦੀ ਹਦੂਦ ਵਿਚ ਵੀ ਕਰਦਾ ਰਿਹਾ' ਲਿਆਉਣਾ ਹੁੰਦਾ ਤਾਂ ਦਫਾ 402 ਏ ਦੀ ਲੱਫਾਜ਼ੀ ਵਖਰੀ ਹੋਣੀ ਸੀ। ਫਾਜ਼ਿਲ ਵਕੀਲ ਦਾ ਖਿਆਲ ਸੀ ਕਿ ਉਸ ਸੂਰਤ ਵਿਚ ਇਸ ਦਫਾ ਵਿਚ 'ਕਬਜ਼ਾ ਕਰਨ ਜਾਂ ਕਾਰਵਾਈ ਚਲਾਉਣਾ ਜਾਰੀ ਰਖਦਾ ਹੈ' ਲਫਜ਼ ਵੀ ਸ਼ਾਮਿਲ ਕੀਤੇ ਜਾਣੇ ਸਨ। ਹਾਈਜੈਕਿੰਗ ਦੇ ਜੁਰਮ ਦੇ ਆਪਣੇ ਖਾਸੇ ਵਿਚ ਹੀ ਇਸ ਦੀ ਕਾਰਵਾਈ ਇਕ ਮੁਲਕ ਵਿਚ ਸ਼ੁਰੂ ਹੁੰਦੀ ਹੈ ਅਤੇ ਦੂਜੇ ਵਿਚ ਖਤਮ ਹੋ ਸਕਦੀ ਹੈ। ਜਿਵੇਂ ਕਿ ਹਾਈਜੈਕਿੰਗ ਦੀ ਧਾਰਨਾ ਮੰਨੀ-ਦੰਨੀ ਹੈ, ਸੋ, ਮੇਰੇ ਖਿਆਲ ਵਿਚ, ਉਸ ਸੈਕਸ਼ਨ ਵਿਚ ਅਜਿਹੇ ਲਫਜ਼ ਆਉਣੇ ਜ਼ਰੂਰੀ ਨਹੀਂ ਸਨ।'

117. ਦਿਨ ਦੇ ਅਖੀਰ ਵਿਚ, ਫਾਜ਼ਿਲ ਵਕੀਲ-ਸਫਾਈ ਨੇ ਅਦਾਲਤ ਦੇ ਇਖਤਿਆਰ ਬਾਰੇ ਦੋਬਾਰਾ ਇਹ ਸਵਾਲ, ਜਿਸ ਦੇ ਉਹ ਹੱਕ-ਬਜਾਨਬ ਸਨ, ਉਠਾਇਆ। ਫਿਰ ਵੀ ਮੁਕਦਮੇ ਦੀ ਕਾਰਵਾਈ ਦੇ ਦੌਰਾਨ ਪੇਸ਼ ਕੀਤੇ ਸਬੂਤ 24-4-1985 ਦੇ ਮੇਰੇ ਹੁਕਮ ਦੀ ਤਸਦੀਕ ਕਰਦੇ ਹਨ। ਮੇਰੀ ਨਿਗਾਹ ਵਿਚ ਪੇਸ਼ ਕੀਤੇ ਸਬੂਤਾਂ ਦਾ ਤਖਮੀਨਾ ਲਾਉਣ ਤੇ ਕੋਈ ਸ਼ਕ ਨਹੀਂ ਰਹਿ ਜਾਂਦਾ ਕਿ ਹਾਈਜੈਕ ਕੀਤੇ ਹਵਾਈ ਜਹਾਜ਼ ਦੇ ਪਾਕਿਸਤਾਨ ਦੇ ਇਲਾਕੇ ਵਿਚ ਦਾਖਲ ਹੋਣ ਤੋਂ ਬਾਅਦ ਵੀ ਮੁਲਜ਼ਮਾਂ ਨੇ ਹਾਈਜੈਕ ਕੀਤੇ ਜਹਾਜ਼ ਤੇ ਇਖਤਿਆਰ ਚਲਾਉਣਾ ਜਾਰੀ ਰਖਿਆ। ਜਿਵੇਂ ਕਿ ਉਪਰ ਕਿਹਾ ਗਿਆ ਹੈ ਕਿ ਜਦੋਂ ਹਵਾਈ ਜਹਾਜ਼ ਪਾਕਿਸਤਾਨ ਦੀ ਹਵਾਈ ਹਦੂਦ ਵਿਚ ਪੁਜ ਗਿਆ, ਇਸ ਨੇ ਪਾਕਿਸਤਾਨੀ ਹਾਕਮਾਂ ਨਾਲ ਰਾਬਤਾ ਕਾਇਮ ਕੀਤਾ, ਮੁਲਜ਼ਮਾਂ ਨੇ ਪਾਇਲਟ ਅਤੇ ਕੋ-ਪਾਇਲਟ ਨੂੰ ਲਾਹੌਰ ਦੇ ਹਾਕਮਾਂ ਦੀ ਰਸਮੀ ਇਜਾਜ਼ਤ ਦੀ ਇੰਤਜ਼ਾਰ ਕੀਤੇ ਬਿਨਾ ਇਸ ਨੂੰ ਹੇਠਾਂ ਉਤਾਰਨ ਵਾਸਤੇ ਮਜਬੂਰ ਕੀਤਾ। ਜ਼ਾਹਿਰ ਹੈ ਕਿ ਹਵਾਈ ਜਹਾਜ਼ ਦੇ ਭਾਰਤ ਵਾਪਿਸ ਜਾਣ ਦੇ ਸਾਰੇ ਮੌਕੇ ਖਤਮ ਕਰਨ ਵਾਸਤੇ ਅਜਿਹਾ ਕੀਤਾ ਗਿਆ ਸੀ। ਮੁਲਜ਼ਮਾਂ ਨੇ ਖੁਦ ਇਹ ਇਕਬਾਲ ਕੀਤਾ ਹੈ ਕਿ ਉਨ੍ਹਾਂ ਨੇ ਆਪਣੇ ਮਨਸੂਬੇ ਮੁਤਾਬਿਕ ਹੀ ਹਵਾਈ ਜਹਾਜ਼ ਨੂੰ ਲਾਹੌਰ ਵਾਸਤੇ ਹਾਈਜੈਕ ਕਰਨ ਦੀ ਪਲਾਨ ਘੜੀ ਸੀ ਅਤੇ ਹਵਾਈ ਜਹਾਜ਼ ਲਾਹੌਰ ਨੂੰ ਮੋੜਣ ਤੋਂ ਇਸ ਦੇ ਆਜ਼ਾਦ ਹੋਣ ਤਕ ਹਵਾਈ ਜਹਾਜ਼ ਉਨ੍ਹਾਂ ਦੇ ਇਖਤਿਆਰ ਹੇਠ ਰਿਹਾ। ਪਾਇਲਟ ਤੇ ਕੋ-ਪਾਇਲਟ ਨੇ ਜਿਵੇਂ ਆਪਣੀ ਡਿਊਟੀ ਕਰਨੀ ਸੀ, ਉਸ ਵਾਸਤੇ ਉਹ ਆਜ਼ਾਦ ਨਹੀਂ ਸਨ। ਜੇਕਰ ਹਵਾਈ ਜਹਾਜ਼ ਦੇ ਲਾਹੌਰ ਵਲ ਮੋੜੇ ਜਾਣ ਤੋਂ ਬਾਅਦ ਉਹ ਆਪਣੀ ਕਾਰਵਾਈ ਵਾਸਤੇ ਆਜ਼ਾਦ ਹੁੰਦੇ ਤਾਂ ਉਹ ਇਕ ਦਮ ਭਾਰਤ ਨੂੰ ਮੁੜ ਗਏ ਹੁੰਦੇ। ਇਹ ਵੀ ਸਾਫ ਜ਼ਾਹਿਰ ਹੈ ਕਿ ਜਹਾਜ਼ ਦੇ ਲਾਹੌਰ ਉਤਰਨ ਤੋਂ ਬਾਅਦ ਵੀ ਮੁਲਜ਼ਮ ਜਹਾਜ਼ ਉਤੇ ਇਖਤਿਆਰ ਚਲਾਉਂਦੇ ਰਹੇ। ਜਦੋਂ ਹਵਾਈ ਜਹਾਜ਼ ਲਾਹੌਰ ਤੇ ਚੱਕਰ ਕਟ ਰਿਹਾ ਸੀ ਜਾਂ ਜਦੋਂ ਇਹ ਲਾਹੌਰ ਹਵਾਈ ਅੱਡੇ ਤੇ ਪਾਰਕ ਹੋਇਆ ਉਦੋਂ ਇਹ ਜਹਾਜ਼ ਕਿਸੇ ਹਾਲਤ ਵਿਚ ਵੀ ਭਾਰਤ ਦੀ ਹਦੂਦ ਵਿਚ ਨਹੀਂ ਸੀ। ਇਹ ਮਨੌਤ ਤਾਂ ਕਦੋਂ ਦੀ ਰੱਦ ਹੋ ਚੁਕੀ ਹੈ ਕਿ ਜੇਕਰ ਕੋਈ ਬਦੇਸ਼ੀ ਹਵਾਈ ਜਾਂ ਸਮੁੰਦਰੀ ਜਹਾਜ਼ ਕਿਸੇ ਹੋਰ ਮੁਲਕ ਦੀ ਹਦੂਦ 'ਚ ਹੋਵੇ ਤਾਂ ਇਸ ਨੂੰ ਉਸ ਦੇ ਮੁਲਕ ਦੀ ਹਦੂਦ ਮੰਨਿਆ ਜਾਣਾ ਚਾਹੀਦਾ ਹੈ।

118. ਮਿਸਟਰ ਐਸ. ਐਮ. ਜ਼ਫਰ ਐਡਵੋਕੇਟ ਦੇ ਖਿਆਲ ਵਿਚ ਤਾਜ਼ੀ-ਰਾਤੇ ਪਾਕਿਸਤਾਨ ਦੀ ਦਫਾ 402 ਏ ਵਿਚ 'ਉਡਾਨ ਵਿਚ'' ਲਫਜ਼ਾਂ ਦੀ ਅਣਹੋਂਦ ਨਾਲ ਤਾਜ਼ੀ-ਰਾਤੇ ਪਾਕਿਸਤਾਨ ਦੀ ਦਫਾ 4 ਵਿਚ ਜ਼ਿਕਰ ਕੀਤੇ ਸ਼ਖਸਾਂ ਉਤੇ ਲਾਗੂ ਹੋਣ ਤੇ ਰੋਕ ਲਗਦੀ ਹੈ ਜਿਵੇਂ ਕਿ:— ਪਾਕਿਸਤਾਨ ਦਾ ਕੋਈ ਸ਼ਹਿਰੀ ਜਾਂ ਪਾਕਿਸਤਾਨ ਦੀ

ਮੁਲਾਜ਼ਮਤ ਵਿਚ ਕੋਈ ਸ਼ਖ਼ਸ ਪਾਕਿਸਤਾਨ ਵਿਚ ਜਾਂ ਕਿਤੇ ਬਾਹਰ ਕਿਸੇ ਜਗਾਹ ਤੇ, ਪਾਕਿਸਤਾਨ ਦਾ ਸ਼ਹਿਰੀ ਜਾਂ ਕੋਈ ਹੋਰ ਜੋ ਪਾਕਿਸਤਾਨ ਦੀ ਸਰਕਾਰੀ ਮੁਲਾਜ਼ਮਤ ਵਿਚ ਹੋਵੇ, ਕਿਸੇ ਨਾਲ ਮਿਲੀ ਹੋਈ ਰਿਆਸਤ ਜਾਂ ਕਬਾਇਲੀ ਇਲਾਕੇ ਵਿਚ ਅਤੇ ਪਾਕਿਸਤਾਨ ਵਿਚ ਰਜਿਸਟਰਡ ਸਮੁੰਦਰੀ ਜਾਂ ਹਵਾਈ ਜਹਾਜ਼ ਚਾਹੇ ਉਹ ਜਹਾਜ਼ ਕਿਤੇ ਵੀ ਹੋਵੇ ਤੇ ਕੋਈ ਵੀ ਸ਼ਖ਼ਸ।

ਦਫ਼ਾ 4 ਦਾ ਮਕਸਦ ਜਿਹਾ ਕਿ ਇਸ ਵਿਚ 'ਇਸ ਕੋਡ ਨੂੰ ਇਲਾਕੇ ਦੇ ਪਾਰ ਕੀਤੇ ਜੁਰਮਾਂ ਤਕ ਵਧਾਉਣਾ ਹੈ' ਲਫ਼ਜ਼ਾਂ ਤੋਂ ਜ਼ਾਹਿਰ ਹੈ; ਇਹ ਕੋਡ ਪਾਕਿਸਤਾਨ ਦੀ ਹਦੂਦ ਤੋਂ ਪਾਰ ਕੀਤੇ ਜੁਰਮਾਂ ਨੂੰ ਲਾਗੂ ਹੋਣਾ ਸੀ। ਸੋ ਭਾਵੇਂ ਹਾਈਜੈਕ ਹੋਇਆ ਹਵਾਈ ਜਹਾਜ਼ ਪਾਕਿਸਤਾਨ ਵਿਚ ਰਜਿਸਟਰਡ ਨਹੀਂ ਸੀ ਅਤੇ ਹਾਈਜੈਕਰ ਪਾਕਿਸਤਾਨੀ ਸ਼ਹਿਰੀ ਨਹੀਂ ਹਨ ਫਿਰ ਵੀ ਹਾਈਜੈਕਿੰਗ ਦਾ ਜੁਰਮ ਪਾਕਿਸਤਾਨ ਦੀ ਹਦੂਦ ਵਿਚ ਹੋਇਆ ਸੀ। ਇਸ ਕਰਕੇ ਪੀਨਲ ਕੋਡ ਦੀ ਦਫ਼ਾ 4 ਦਾ ਸਹਾਰਾ ਲੈਣਾ ਗੈਰ-ਜ਼ਰੂਰੀ ਹੈ।

119. ਮਿਸਟਰ ਐਸ. ਐਮ. ਜ਼ਫਰ ਐਡਵੋਕੇਟ ਨੇ ਹਾਈਜੈਕਿੰਗ ਦੇ ਜੁਰਮ ਦਾ ਪੀਨਲ ਕੋਡ ਦੀ ਦਫ਼ਾ 360 ਅਤੇ 361 ਵਿਚ ਬਿਆਨ ਕੀਤੇ ਗਏ, ਉਧਾਲਾ ਕਰਨ ਦੇ ਜੁਰਮ ਨਾਲ ਟਾਕਰਾ ਕਰਨਾ ਚਾਹਿਆ ਸੀ ਅਤੇ ਦਲੀਲ ਦਿਤੀ ਸੀ ਕਿ ਉਧਾਲੇ ਵਾਂਗ ਅਗਵਾ ਕਰਨਾ ਵੀ ਜਾਰੀ ਰਹਿਣ ਵਾਲਾ ਜੁਰਮ ਨਹੀਂ ਹੈ। ਉਨ੍ਹਾਂ ਨੇ ਇਨ੍ਹਾਂ ਦੋ ਕੇਸਾਂ ਦੇ ਫੈਸਲਿਆਂ ਦਾ ਹਵਾਲਾ ਦਿਤਾ:— ਚੰਦਾ ਵਗੈਰਾ ਬਨਾਮ ਕੁਈਨ ਐਮਪਰੈਸ (18 ਪੰਜਾਬ ਰਿਕਾਰਡਜ਼, 1893, ਸਫ਼ਾ 61 ਤੇ) ਅਤੇ ਕਿੰਗ ਐਮਪਰਰ ਬਨਾਮ ਰੌਕਸਨ (ਆਲ ਇੰਡੀਆ ਰਿਪੋਰਟਰ 1921, ਅਉਧ 226)। ਦਫ਼ਾ 360 ਉਸ ਜੁਰਮ ਵਿਚ ਆਇਦ ਹੁੰਦੀ ਹੈ ਜਿਸ ਹੇਠ ਕੋਈ ਸ਼ਖ਼ਸ ਕਿਸੇ ਸ਼ਖ਼ਸ ਨੂੰ ਉਸ ਦੀ ਮਨਜ਼ੂਰੀ ਦੇ ਉਲਟ ਪਾਕਿਸਤਾਨ ਦੀ ਹਦ ਤੋਂ ਬਾਹਰ ਅਪੜਾ ਦੇਵੇ ਅਤੇ ਦਫ਼ਾ 361 ਉਥੇ ਲਾਗੂ ਹੁੰਦਾ ਹੈ ਜਿਥੇ ਕੋਈ ਸ਼ਖ਼ਸ ਕਿਸੇ 14 ਸਾਲ ਤੋਂ ਘਟ ਦੇ ਨਾਬਾਲਿਗ ਮੁੰਡੇ ਨੂੰ ਜਾਂ 16 ਸਾਲ ਤੋਂ ਘਟ ਦੀ ਨਾਬਾਲਿਗ ਕੁੜੀ ਨੂੰ ਜਾਂ ਕਿਸੇ ਪਾਗਲ ਨੂੰ ਉਸ ਨਾਬਾਲਿਗ ਜਾਂ ਪਾਗਲ ਦੇ ਕਾਨੂੰਨੀ ਸਰਪ੍ਰਸਤ ਦੀ ਹਿਫ਼ਾਜ਼ਤ ਤੋਂ, ਅਜਿਹੇ ਸਰਪ੍ਰਸਤ ਦੀ ਮਨਜ਼ੂਰੀ ਤੋਂ ਬਿਨਾ ਬਹਿਕਾਵੇ ਜਾਂ ਲੈ ਜਾਵੇ। ਪੰਜਾਬ ਰਿਕਾਰਡਜ਼ ਕੇਸ ਵਿਚ ਦਫ਼ਾ 361 ਦੇ ਲਫ਼ਜ਼ਾਂ 'ਲੈ ਜਾਵੇ' ਦਾ ਸਹਾਰਾ ਲਿਆ ਗਿਆ ਹੈ ਅਤੇ ਅਉਧ ਕੇਸ ਵਿਚ ਇਹ ਫੈਸਲਾ ਦਿਤਾ ਗਿਆ ਸੀ ਕਿ ਉਧਾਲੇ ਦਾ ਜੁਰਮ 'ਜਾਰੀ ਰਹਿਣ' ਵਾਲਾ ਜੁਰਮ ਨਹੀਂ ਹੈ। ਜਿਨ੍ਹਾਂ ਲਫ਼ਜ਼ਾਂ ਵਿਚ ਦਫ਼ਾ 360 ਅਤੇ 361 ਪੇਸ਼ ਹੋਈਆਂ ਹਨ, ਇਹ ਸਾਫ਼ ਹੈ ਕਿ ਉਨ੍ਹਾਂ ਦੀ ਲੰਫਾਜ਼ੀ ਤਾਜ਼ੀ-ਰਾਤੇ ਪਾਕਿਸਤਾਨ ਦੀ ਦਫ਼ਾ

402 ਏ ਵਿਚ ਵਰਤੀ ਲੱਫ਼ਜ਼ਾਂ ਤੋਂ ਵੱਖਰੀ ਹੈ। ਇਸ ਕਰਕੇ ਮੈਂ ਇਹ ਨਹੀਂ ਸਮਝਦਾ ਕਿ ਉਧਾਲੇ ਤੇ ਹਾਈਜੈਕਿੰਗ ਦੇ ਦੋ ਵਖ ਵਖ ਜੁਰਮਾਂ ਨੂੰ ਸਾਂਝੇ ਮਸਲੇ ਵਜੋਂ ਨਿਪਟਿਆ ਜਾ ਸਕਦਾ ਹੈ ਅਤੇ ਹਾਈਜੈਕਿੰਗ ਦਾ ਜੁਰਮ ਜਾਰੀ ਰਹਿਣ ਵਾਲਾ ਜੁਰਮ ਨਹੀਂ ਹੋ ਸਕਦਾ ਤੇ ਹਾਈਜੈਕਿੰਗ ਦੇ ਜੁਰਮ ਨਾਲ ਉਸੇ ਤਰਜ਼ ਤੇ ਸਲੂਕ ਕੀਤਾ ਜਾਣਾ ਚਾਹੀਦਾ ਹੈ।

120. ਜਿਸ ਜੁਰਮ ਵਾਸਤੇ ਮੁਲਜ਼ਮਾਂ ਤੇ ਮੁਕਦਮਾ ਚਲਾਇਆ ਗਿਆ ਹੈ ਉਹ ਭਾਰਤ ਵਿਚ ਕੀਤਾ ਗਿਆ ਸੀ ਬਾਰੇ ਜ਼ੋਰ ਦੇਣ ਵਾਸਤੇ ਮਿਸਟਰ ਵਸੀਮ ਸੱਜਾਦ ਐਡਵੋਕੇਟ ਨੇ ਇਸ ਕੇਸ ਦੇ ਚਾਰਜ ਵਿਚ ਲਾਏ ਜਾਣ ਕਿ 'ਉਹ ਨਵੀਂ ਦਿਲੀ ਤੋਂ ਸ੍ਰੀਨਗਰ ਦੀ ਉਡਾਨ ਤੇ ਸੀ' ਲਫ਼ਜ਼ਾਂ ਦਾ ਹਵਾਲਾ ਦਿਤਾ ਹੈ। ਫਿਰ ਵੀ ਬਾਕੀ ਦੇ ਚਾਰਜ ਤੋਂ ਇਹ ਲਫ਼ਜ਼ ਵੱਖਰਿਆਏ ਨਹੀਂ ਜਾ ਸਕਦੇ। ਇਨ੍ਹਾਂ ਨੂੰ ਖਾਸ ਕਰ ਕੇ ਇੰਡੀਅਨ ਏਅਰ ਕਰਾਫਟ ਬੋਇੰਗ 737 ਨੂੰ ਲਾਹੌਰ ਵਲ ਹਾਈਜੈਕ ਕਰਕੇ ਹਾਈਜੈਕਿੰਗ ਦਾ ਜੁਰਮ ਕੀਤਾ' ਲਫ਼ਜ਼ਾਂ ਦੇ ਪ੍ਰਸੰਗ ਵਿਚ ਪੜ੍ਹਿਆ ਜਾਣਾ ਚਾਹੀਦਾ ਹੈ। ਇਨ੍ਹਾਂ ਲਫ਼ਜ਼ਾਂ ਦਾ ਕੀ ਮਤਲਬ ਨਿਕਲਦਾ ਹੈ ਅਤੇ ਇਨ੍ਹਾਂ ਦਾ ਮਕਸਦ ਮੁਲਜ਼ਮਾਂ ਨੂੰ ਇਹੀ ਦਸਣਾ ਹੈ ਕਿ ਇਹ ਜੁਰਮ ਪਾਕਿਸਤਾਨ ਦੀ ਹਦੂਦ ਵਿਚ ਕੀਤਾ ਗਿਆ ਸੀ ਅਤੇ ਇਹ ਵੀ ਕਿ ਇਸਦੇ ਨਤੀਜੇ ਪਾਕਿਸਤਾਨ ਵਿਚ ਸਰਅੰਜਾਮ ਹੋਏ ਸਨ।

121. ਉਪਰ ਦਸੀਆਂ ਵਜਾਹ ਕਰਕੇ ਮੈਂ ਸਾਰੇ ਮੁਲਜ਼ਮਾਂ ਨੂੰ ਤਾਜ਼ੀ-ਰਾਤੇ ਪਾਕਿਸਤਾਨ ਦੀਆਂ ਦਫ਼ਾਵਾਂ 402 ਬੀ ਅਤੇ ਦਫ਼ਾ 34 ਹੇਠ ਮੁਜਰਿਮ ਠਹਿਰਾਉਂਦਾ ਹਾਂ।

122. ਆਖਰੀ ਪਰ ਕਾਬਲੇ-ਗੌਰ ਸਵਾਲ ਸਜ਼ਾ ਦਾ ਹੈ। ਤਾਜ਼ੀ-ਰਾਤੇ ਪਾਕਿਸਤਾਨ ਦੀ ਦਫ਼ਾ 402 ਬੀ ਮੁਤਾਬਿਕ ਜੋ ਸਖਸ਼ ਹਾਈਜੈਕਿੰਗ ਦੀ ਕਾਰਵਾਈ ਕਰਦਾ ਹੈ, ਕਰਨ ਦੀ ਸਾਜ਼ਿਸ਼ ਕਰਦਾ ਹੈ, ਕਰਨ ਦੀ ਕੋਸ਼ਿਸ਼ ਕਰਦਾ ਹੈ ਜਾਂ ਕਰਨ ਵਾਸਤੇ ਸ਼ਹਿ ਦੇਂਦਾ ਹੈ, ਉਸਨੂੰ 'ਸਜ਼ਾਏ ਮੌਤ ਜਾਂ ਉਮਰ ਕੈਦ ਦੀ ਸਜ਼ਾ ਦਿਤੀ ਜਾਵੇਗੀ ਅਤੇ ਉਸ ਦੀ ਜਾਇਦਾਦ ਜ਼ਬਤੀ ਅਤੇ ਜੁਰਮਾਨਾ ਵੀ ਕੀਤਾ ਜਾ ਸਕੇਗਾ।' ਕਿਉਂ ਕਿ ਇਹ ਦਫ਼ਾ ਕਾਨੂੰਨ ਦੀਆਂ ਕਿਤਾਬਾਂ ਵਿਚ ਅਜੇ ਹੁਣੇ ਹੀ ਸ਼ਾਮਿਲ ਕੀਤੀ ਗਈ ਹੈ, ਇਸ ਦੀ ਸਜ਼ਾ ਦੇ ਖਾਸੇ ਅਤੇ ਹੱਦ ਬਾਰੇ ਅਦਾਲਤ ਦੀ ਦੇਖ-ਰੇਖ ਵਾਸਤੇ ਕੋਈ ਅਦਾਲਤੀ ਮਿਸਾਲਾਂ ਮੌਜੂਦ ਨਹੀਂ ਹਨ। ਇਹ ਸਹੀ ਹੈ ਕਿ ਉਪਰ ਜ਼ਿਕਰ ਕੀਤੇ ਗਏ ਨਜ਼ੀਰ ਅਹਿਮਦ ਦੇ ਕੇਸ ਵਿਚ ਹਾਈਜੈਕਰ ਨੂੰ ਸਜ਼ਾਏ ਮੌਤ ਦਿਤੀ ਗਈ ਸੀ, ਪਰ ਉਸ ਕੇਸ ਦੀ ਕਾਰਵਾਈ ਫੌਜੀ ਅਦਾਲਤ ਵਿਚ ਚਲਾਈ ਗਈ ਸੀ ਤੇ ਮੈਂ ਨਹੀਂ ਮੰਨਦਾ ਕਿ ਇਕ ਫੌਜੀ ਅਦਾਲਤ ਦਾ ਫੈਸਲਾ ਇਸ ਅਦਾਲਤ ਵਿਚ ਮਿਸਾਲ ਵਜੋਂ ਇਸਤੇਮਾਲ ਕੀਤਾ ਜਾ ਸਕਦਾ ਹੈ। ਉਂਜ

ਤਾਂ 'ਸਜਾਏ-ਮੌਤ ਜਾਂ ਉਮਰ ਕੈਦ ਦੀ ਸਜ਼ਾ ਦਿਤੀ ਜਾਵੇਗੀ' ਲਫਜ਼ ਤਾਜ਼ੀ-ਰਾਤੇ ਪਾਕਿਸਤਾਨ ਦੀ ਦਫਾ 302 ਵਿਚ ਵੀ ਪਾਏ ਜਾਂਦੇ ਹਨ ਅਤੇ ਇਹ ਮੰਨਿਆ ਪਰਮੰਨਿਆ ਅਸੂਲ ਹੈ ਕਿ ਤਾਜ਼ੀ-ਰਾਤੇ ਪਾਕਿਸਤਾਨ ਦੀ ਦਫਾ 302 ਮੁਤਾਬਿਕ ਮੁਜਰਿਮ ਗਰਦਾਨੇ ਗਏ ਬੰਦੇ ਵਾਸਤੇ ਆਮ ਸਜ਼ਾ ਸਜ਼ਾਏ ਮੌਤ ਹੈ। ਕੇਸ (1902 ਇੰਡੀਅਨ ਲਾਅ ਰਿਪੋਰਟਰ, ਬੰਬਈ 216 ਐਫ. ਬੀ.) ਵਿਚ ਇਹ ਫੈਸਲਾ ਦਿਤਾ ਗਿਆ ਸੀ ਕਿ '(ਦਫਾ 302 ਹੇਠ) ਇੰਤਹਾ ਦੀ ਸਜ਼ਾ ਆਮ ਸਜ਼ਾ ਹੈ, ਮੱਠੀ ਕੀਤੀ ਗਈ ਸਜ਼ਾ ਇਕ ਛੋਟ ਹੈ। ਇਹ ਜੱਜ ਵਾਸਤੇ ਛੱਡ ਦਿਤਾ ਗਿਆ ਹੈ ਕਿ ਉਹ ਆਪਣੇ ਆਪ ਨੂੰ ਪੁੱਛੇ ਕਿ ਕੀ ਮੌਤ ਦੀ ਸਜ਼ਾ ਦੇਣ ਦੀਆਂ ਵਜਹ ਹਨ ਜਾਂ ਅਜਿਹੀ ਸੂਰਤ ਹੈ ਕਿ ਇਸ ਤੋਂ ਗੁਰੇਜ਼ ਕੀਤਾ ਜਾ ਸਕਦਾ ਹੈ।' ਰੁਸਤਮ ਬਨਾਮ ਸਰਕਾਰ (ਪੀ. ਐਲ. ਡੀ. 1971 ਲਾਹੌਰ 410) ਵਿਚ ਫੈਸਲਾ ਦਿਤਾ ਗਿਆ ਸੀ ਕਿ ਸਜ਼ਾ ਦੇ ਸਵਾਲ ਤੇ ਕੋਈ ਕਾਨੂੰਨੀ ਹਦਾਇਤਾਂ ਦੀ ਅਣਹੋਂਦ ਵਿਚ ਮੁਲਜ਼ਮ ਦੇ ਮੁਜਰਿਮ ਗਰਦਾਨੇ ਜਾਣ ਮਗਰੋਂ ਕਾਨੂੰਨ ਨੇ ਸਜ਼ਾ ਦਾ ਖਾਸਾ ਅਤੇ ਹੱਦ ਦਾ ਸਵਾਲ ਜੱਜ ਦੀ ਮਰਜ਼ੀ ਤੇ ਛੱਡ ਦਿਤਾ ਹੈ। 'ਆਮ ਤੌਰ ਤੇ ਤਾਜ਼ੀ-ਰਾਤੇ ਪਾਕਿਸਤਾਨ ਦੀ ਦਫਾ 302 ਹੇਠ ਮੁਜਰਿਮ ਠਹਿਰਾਏ ਜਾਣ ਵਾਲੇ ਮੁਕਦਮਿਆਂ ਵਿਚ ਮੁਲਜ਼ਿਮ ਦੀ ਅੱਲ੍ਹੜ ਉਮਰ, ਆਪਣੀ ਆਬਰੂ ਕਾਇਮ ਰਖਣ ਵਾਸਤੇ ਜਾਂ ਆਪਣੇ ਸੀਨੀਅਰ ਜਾਂ ਆਪਣੇ ਤੋਂ ਵੱਡੇ ਰੁਤਬੇ ਵਾਲਿਆਂ ਦੇ ਅਸਰ ਹੇਠ ਕੀਤੇ ਗਏ ਕਤਲ ਨੂੰ ਮੱਠੇ ਪੈਂਲਤਾਂ ਵਾਲੇ ਹੋਣ ਕਰਕੇ ਇਨ੍ਹਾਂ ਵਿਚ ਘਟ ਸਜ਼ਾ 'ਉਮਰ ਕੈਦ' ਨੂੰ ਜਾਇਜ਼ ਮੰਨਿਆ ਗਿਆ ਹੈ। ਇਸੇ ਤਰ੍ਹਾਂ ਹੀ ਉਨ੍ਹਾਂ ਮਾਮਲਿਆਂ ਵਿਚ ਜਿਨ੍ਹਾਂ ਵਿਚ ਮੁਜਰਿਮ ਨੇ ਮਾਰੂ ਸੱਟ ਨਹੀਂ ਮਾਰੀ ਤੇ ਉਸ ਨੂੰ 'ਦੂਜੇ ਦੀ ਜ਼ਿਮੇਦਾਰੀ' ਦੇ ਅਸੂਲ ਦੀ ਬਿਨਾ ਤੇ ਘੱਟ ਰੋਲ ਅਦਾ ਕਰਨ ਦਾ ਮੁਜਰਿਮ ਠਹਿਰਾਇਆ ਗਿਆ ਹੈ, ਅਜਿਹੇ ਮਾਮਲਿਆਂ ਵਿਚ ਅਦਾਲਤਾਂ ਨੇ ਹਮੇਸ਼ਾ ਉਮਰ-ਕੈਦ ਦੀ ਸਜ਼ਾ ਦਿਤੀ ਹੈ।

123. ਅਦਾਲਤੀ ਮਿਸਾਲ ਦੀ ਅਣਹੋਂਦ ਵਿਚ ਦਫਾ 402 ਏ ਅਤੇ ਦਫਾ 402 ਬੀ ਨੂੰ ਵੀ ਪਹਿਲੋਂ ਪੜਤਾਲਣਾ ਪਵੇਗਾ ਕਿ ਕੀ ਉਨ੍ਹਾਂ ਵਿਚ ਸਜ਼ਾ ਦੇ ਸਵਾਲ ਬਾਰੇ ਕੋਈ ਅਗਵਾਈ ਮਿਲਦੀ ਹੈ? ਦਫਾ 402 ਬੀ ਵਿਚ ਹੀ ਦੋ ਸਜ਼ਾਵਾਂ ਦਿਤੀਆਂ ਹਨ ਤੇ ਇਹ ਅਦਾਲਤ ਦੀ ਮਰਜ਼ੀ ਤੇ ਛੱਡ ਦਿਤਾ ਗਿਆ ਹੈ ਕਿ ਉਹ ਇਹ ਫੈਸਲਾ ਕਰੇ ਕਿ ਕਿਸੇ ਕੇਸ ਦੇ ਵਾਕਿਆਤ ਮੁਤਾਬਿਕ ਕਿਹੜੀ ਸਜ਼ਾ ਲਾਗੂ ਕਰਨੀ ਹੈ। ਮੇਰੇ ਖਿਆਲ ਵਿਚ 'ਤਾਕਤ ਦੀ ਵਰਤੋਂ' ਜਾਂ ਦਿਖਾਵੇ ਜਾਂ ਕਿਸੇ ਕਿਸਮ ਦੀ ਧਮਕੀ' ਲਫਜ਼ਾਂ ਵਿਚ ਕੁਝ ਅਗਵਾਈ ਮਿਲ ਸਕਦੀ ਹੈ। ਇਹ ਸਾਫ ਹੈ ਕਿ ਜਿਸ ਕੇਸ ਵਿਚ ਅਮਲ ਵਿਚ ਤਾਕਤ ਦੀ ਵਰਤੋਂ ਕੀਤੀ ਗਈ ਹੈ ਉਸ ਨੂੰ ਸਿਰਫ ਤਾਕਤ ਦੇ ਦਿਖਾਵੇ ਜਾਂ ਤਾਕਤ ਦੀ ਧਮਕੀ

ਵਾਲੇ ਕੇਸ ਦੇ ਬਰਾਬਰ ਨਹੀਂ ਰਖਿਆ ਜਾ ਸਕਦਾ। ਇਸ ਕਰਕੇ ਮੇਰੇ ਖਿਆਲ ਵਿਚ, ਆਮ ਤੌਰ ਤੇ ਸਿਰੇ ਦੀ ਸਜ਼ਾ, ਸਜ਼ਾਏ-ਮੌਤ ਸਿਰਫ ਉਸ ਕੇਸ ਵਿਚ, ਜਿਥੇ ਤਾਕਤ ਵੀ ਵਰਤੋਂ ਕੀਤੀ ਗਈ ਹੈ ਅਤੇ ਘਟ ਸਜ਼ਾ ਉਮਰ ਕੈਦ, ਦੂਜੇ ਕੇਸਾਂ ਵਿਚ, ਦਿਤੀ ਜਾਣੀ ਚਾਹੀਦੀ ਹੈ।

124. ਮਿਸਟਰ ਐਮ. ਐਸ. ਜ਼ਫਰ ਨੇ ਦਲੀਲ ਦਿਤੀ ਸੀ ਕਿ ਇਹ ਕੇਸ ਉਨ੍ਹਾਂ ਕੇਸਾਂ ਵਿਚੋਂ ਹੀ ਜਿਨ੍ਹਾਂ ਉਤੇ Lex Loci ਦਾ ਅਸੂਲ ਲਾਗੂ ਹੁੰਦਾ ਹੈ ਤੇ ਇਸ ਵਜ੍ਹਾ ਕਰਕੇ ਘਟ ਸਜ਼ਾ, ਉਮਰ ਕੈਦ, ਲਾਗੂ ਹੋਣੀ ਚਾਹੀਦੀ ਹੈ ਅਤੇ ਇਹ ਸਜ਼ਾ Lex Loci ਮੁਤਾਬਿਕ ਨੀਅਤ ਕੀਤੀ ਸਜ਼ਾ ਤੋਂ ਵਧ ਨਹੀਂ ਹੋਣੀ ਚਾਹੀਦੀ। ਇਸ ਸਿਲਸਿਲੇ ਵਿਚ ਉਨ੍ਹਾਂ ਨੇ ਇੰਡੀਅਨ ਐਂਟੀ-ਹਾਈਜੈਕਿੰਗ ਐਕਟ 1982 ਦਾ ਹਵਾਲਾ ਦਿਤਾ, ਜਿਸ ਦੀ ਦਫਾ 4 ਮੁਤਾਬਿਕ ਹਾਈਜੈਕਿੰਗ ਦੇ ਜੁਰਮ ਦੀ ਵਧ ਤੋਂ ਵਧ ਸਜ਼ਾ ਉਮਰ-ਕੈਦ ਹੈ। ਉਨ੍ਹਾਂ ਹੋਰ ਕਿਹਾ ਕਿ ਜੇ ਕਰ ਮੁਲਜ਼ਮਾਂ ਨੂੰ ਭਾਰਤ ਦੇ ਹਵਾਲੇ ਕਰ ਦਿਤਾ ਜਾਂਦਾ ਤੇ ਉਨ੍ਹਾਂ ਉਤੇ ਉਥੇ ਮੁਕੱਦਮਾ ਚਲਾਇਆ ਜਾਂਦਾ ਤਾਂ ਉਨ੍ਹਾਂ ਤੇ ਸਜ਼ਾਏ-ਮੌਤ ਲਾਗੂ ਨਹੀਂ ਹੋਣੀ ਸੀ ਤੇ ਇਸ ਕੇਸ ਵਿਚ ਸਜ਼ਾਏ ਮੌਤ ਨਾ ਦੇਣ ਵਾਸਤੇ ਇਹ ਜੋੜਵੀਂ ਬਿਨਾ ਹੈ। ਮੇਰੀ ਨਿਗਾਹ ਵਿਚ Lex Loci ਦਾ ਅਸੂਲ ਉਨ੍ਹਾਂ ਜੁਰਮਾਂ ਤੇ ਲਾਗੂ ਹੁੰਦਾ ਹੈ ਜਿਹੜੇ ਕਿਸੇ ਇਕ ਮੁਲਕ ਵਿਚ ਕੀਤੇ ਜਾਂਦੇ ਹਨ ਪਰ ਮੁਜਰਿਮ ਤੇ ਮੁਕਦਮਾ ਕਿਸੇ ਦੂਜੇ ਮੁਲਕ ਵਿਚ ਚਲਾਇਆ ਜਾਂਦਾ ਹੈ। ਅਜਿਹੇ ਕੇਸ ਵਿਚ ਨੇਮ ਇਹ ਹੁੰਦਾ ਹੈ ਕਿ ਮੁਜਰਿਮ ਨੂੰ ਉਸ ਮੁਲਕ, ਜਿਥੇ ਜੁਰਮ ਕੀਤਾ ਗਿਆ ਸੀ, ਤੋਂ ਵਧ ਸਜ਼ਾ ਨਾ ਮਿਲੇ। ਪਰ ਇਥੇ ਹਾਈਜੈਕਿੰਗ ਦਾ ਜੁਰਮ ਪਾਕਿਸਤਾਨ ਵਿਚ ਕੀਤਾ ਗਿਆ ਹੈ ਅਤੇ ਭਾਰਤੀ ਕਾਨੂੰਨ ਲਾਗੂ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਅਦਾਲਤ ਨੂੰ ਇਹ ਕਿਆਸ ਕਰਕੇ ਚਲਣਾ ਚਾਹੀਦਾ ਹੈ ਕਿ ਮੁਲਜ਼ਮ ਨੇ ਜਦੋਂ ਜਹਾਜ਼ ਨੂੰ ਲਾਹੌਰ ਨੂੰ ਹਾਈਜੈਕ ਕੀਤਾ ਸੀ ਤਾਂ ਉਨ੍ਹਾਂ ਨੂੰ ਪਤਾ ਸੀ ਕਿ ਪਾਕਿਸਤਾਨੀ ਕਾਨੂੰਨ ਮੁਤਾਬਿਕ ਇਸ ਜੁਰਮ ਦੀ ਸਜ਼ਾ ਸਜ਼ਾਏ-ਮੌਤ ਹੈ। ਇਕ ਹੋਰ ਵੀ ਗੱਲਾਂ ਤੇ ਇਹ ਬਹਿਸ ਨਾਕਾਮਯਾਬ ਹੁੰਦੀ ਹੈ। ਉਹ ਇਹ ਹੈ ਕਿ ਇਸ ਦਾ ਮਤਲਬ ਇਹ ਹੋਵੇਗਾ ਕਿ ਦਫਾ 402 ਏ ਅਤੇ 402 ਬੀ ਦਾ ਪਾਕਿਸਤਾਨੀ ਕਾਨੂੰਨ ਹਮੇਸ਼ਾ ਇਕ ਬਦੇਸ਼ੀ ਕਾਨੂੰਨ ਤੇ ਮੁਨੱਸਰ ਹੋਵੇਗਾ ਅਤੇ ਮੈਂ ਅਦਬ ਨਾਲ ਆਖਣਾ ਚਾਹਵਾਂਗਾ ਕਿ ਇਸ ਨਾਲ ਕਾਨੂੰਨ-ਘਾੜਿਆਂ ਦਾ ਮਕਸਦ ਹੀ ਖਤਮ ਹੋ ਜਾਵੇਗਾ। ਜੇ ਕਰ ਇਸ ਨੂੰ ਦਲੀਲ ਦੀ ਹੱਦ ਤਕ ਪਰਖਿਆ ਜਾਵੇ ਤਾਂ ਇਹ ਦਲੀਲ ਨਾਕਾਮਯਾਬ ਹੋ ਜਾਵੇਗੀ। ਮੰਨ ਲਓ ਕਿਸੇ ਦਾ ਕਾਨੂੰਨ ਸਿਰਫ 7 ਸਾਲ ਦੀ ਕੈਦ ਦੀ ਸਜ਼ਾ ਦੇਂਦਾ ਹੈ ਤਾਂ ਅਦਾਲਤ ਕੀ ਕਹੇਗੀ! ਕੀ ਇਹ (ਅਦਾਲਤ) ਦਫਾ 402 ਬੀ ਨੂੰ ਨਜ਼ਰ-ਅੰਦਾਜ਼ ਕਰਕੇ ਮੁਜਰਿਮ ਨੂੰ 7 ਸਾਲ ਦੀ ਸਜ਼ਾ ਦੇਵੇਗੀ? ਯਕੀਨਨ ਇਸ ਦਾ ਜਵਾਬ ਨਾਂਹ ਵਿਚ ਹੈ।

125. ਮਿਸਟਰ ਵਸੀਮ ਸੇਜਾਦ ਐਡਵੋਕੇਟ ਨੇ ਦਲੀਲ ਦਿਤੀ ਹੈ ਕਿ ਸਿਖ ਮਜ਼ਹਬ ਮੁਤਾਬਿਕ ਸਿਖ ਇਕ ਟੱਬਰ ਦੀ ਤਰਾਂ ਹਨ ਅਤੇ ਕਿਉਂਕਿ ਸਿਖਾਂ ਉਤੇ ਭਾਰਤ ਵਿਚ ਜ਼ੁਲਮ ਕੀਤੇ ਜਾ ਰਹੇ ਹਨ ਤੇ ਉਨ੍ਹਾਂ ਜ਼ੁਲਮਾਂ ਨੇ ਇਨ੍ਹਾਂ ਮੁਲਜ਼ਮਾਂ ਨੂੰ ਹਵਾਈ ਜਹਾਜ਼ ਨੂੰ ਅਗਵਾ ਕਰਨ ਵਾਸਤੇ ਹਰਕਤ ਵਿਚ ਲਿਆਂਦਾ, ਸੋ ਉਨ੍ਹਾਂ ਦਾ ਕੇਸ ਆਪਣੇ ਟੱਬਰ ਦੀ ਆਬਰੂ ਕਾਇਮ ਰਖਣ ਵਾਸਤੇ ਕੀਤੀ ਕਾਰਵਾਈ ਦੀ ਤਰਜ਼ ਤੇ ਵਿਚਾਰਿਆ ਜਾਣਾ ਚਾਹੀਦਾ ਹੈ। ਇਸ ਸੂਰਤ ਦੇ ਬਾਵਜੂਦ, ਇਸ ਦਲੀਲ ਦੀ ਕੋਈ ਕੀਮਤ ਨਹੀਂ, ਏਥੇ ਟੱਬਰ ਦੀ ਆਬਰੂ ਜਾਂ ਟੱਬਰ ਦੀਆਂ ਔਰਤਾਂ ਦਾ ਕੋਈ ਸਵਾਲ ਨਹੀਂ ਹੈ, ਇਸ ਕਰਕੇ ਮੁਲਜ਼ਮ, ਇਸ ਬਿਨਾ ਤੇ ਵੀ, ਰਿਆਇਤ ਦੇ ਹੱਕਦਾਰ ਨਹੀਂ ਹਨ।

126. ਇਸ ਕੇਸ ਵਿਚ ਕਿਸੇ ਵੀ ਮੁਲਜ਼ਮ ਨੇ ਕਿਸੇ ਨੂੰ ਵੀ ਜ਼ਖਮੀ ਨਹੀਂ ਕੀਤਾ। ਸਿਰਫ ਮੁਲਜ਼ਮ ਖੁਦ ਹੀ ਹਨ, ਜਿਨ੍ਹਾਂ ਨੂੰ ਕੋਈ ਜ਼ਖਮ ਆਏ। ਉਨ੍ਹਾਂ ਕੋਲ ਸਿਰਫ 2 ਕਿਰਪਾਨਾਂ ਸਨ, ਜਿਹੜੀਆਂ ਕਿ ਉਹ ਕਾਨੂੰਨਨ ਰਖ ਸਕਦੇ ਸਨ। ਕਮਾਂਡੋ ਐਕਸ਼ਨ ਦੌਰਾਨ ਵੀ, ਉਨ੍ਹਾਂ ਨੇ, ਕਿਸੇ ਨੂੰ ਜ਼ਖਮੀ ਨਹੀਂ ਕੀਤਾ। ਇਸ ਕਰਕੇ ਇਹ ਅਜਿਹਾ ਕੇਸ ਹੈ ਜਿਸ ਵਿਚ ਮੁਲਜ਼ਮਾਂ ਨੇ ਤਾਕਤ ਦੀ ਕੋਈ ਵਰਤੋਂ ਨਹੀਂ ਕੀਤੀ ਅਤੇ ਤਾਕਤ ਦੇ ਦਿਖਾਵੇ ਅਤੇ ਧਮਕੀ ਵਾਸਤੇ ਵੀ ਉਨ੍ਹਾਂ ਨੇ ਕਾਨੂੰਨੀ ਇਜਾਜ਼ਤ ਵਾਲੇ ਸਾਈਜ਼ ਦੀਆਂ ਕਿਰਪਾਨਾਂ ਇਸਤੇਮਾਲ ਕੀਤੀਆਂ। ਉਨ੍ਹਾਂ ਕਮਾਂਡੋਜ਼ ਨਾਲ ਮੁਕਾਬਲਾ ਵੀ ਨਹੀਂ ਕੀਤਾ ਜਾਪਦਾ। ਇਸ ਕਰਕੇ ਮੇਰਾ ਖਿਆਲ ਹੈ ਕਿ ਉਨ੍ਹਾਂ ਦਾ ਕੇਸ ਘਟ ਸਜ਼ਾ ਵਾਲਾ ਕੇਸ ਹੈ।

127. ਇਸ ਕਰਕੇ ਮੈਂ ਸਾਰੇ ਮੁਲਜ਼ਮਾਂ, ਗਜਿੰਦਰ ਸਿੰਘ, ਜਸਬੀਰ ਸਿੰਘ, ਕਰਨ ਸਿੰਘ, ਤੇਜਿੰਦਰਪਾਲ ਸਿੰਘ ਤੇ ਸਤਨਾਮ ਸਿੰਘ, ਨੂੰ ਉਮਰ-ਕੈਦ ਦੀ ਸਜ਼ਾ ਸੁਣਾਉਂਦਾ ਹਾਂ। ਇਹ ਸਜ਼ਾ, ਇਸ ਕੇਸ ਵਿਚ, ਉਨ੍ਹਾਂ ਦੀ ਗ੍ਰਿਫਤਾਰੀ, ਯਾਨਿ ਕਿ 30-9-1981, ਤੋਂ ਸ਼ੁਰੂ ਸਮਝੀ ਜਾਵੇਗੀ। ਹਰ ਇਕ 1000 ਰੁਪਏ ਜੁਰਮਾਨਾ ਵੀ ਦੇਵੇਗਾ ਤੇ ਨਾ ਦੇਣ ਦੀ ਸੂਰਤ ਵਿਚ 6 ਮਹੀਨੇ ਬਾਮੁਸ਼ੱਕਤ ਕੈਦ ਦਾ ਸਜ਼ਾਵਾਰ ਹੋਵੇਗਾ।

128. ਕਿਉਂਕਿ ਉਨ੍ਹਾਂ ਦੀ ਪਾਕਿਸਤਾਨ ਵਿਚ ਕੋਈ ਜਾਇਦਾਦ ਨਹੀਂ ਹੈ, ਇਸ ਕਰਕੇ ਉਨ੍ਹਾਂ ਦੀ ਜਾਇਦਾਦ ਜ਼ਬਤੀ ਦਾ ਹੁਕਮ ਜਾਰੀ ਕਰਨ ਦੀ ਕੋਈ ਜ਼ਰੂਰਤ ਨਹੀਂ।

129. ਮੁਕਦਮੇ ਦੀ ਸਮਗਰੀ ਸਰਕਾਰ ਵਲੋਂ ਜ਼ਬਤ ਕੀਤੀ ਜਾਏਗੀ।

ਸੁਣਾਇਆ ਗਿਆ
20-1-1986

ਜੱਜ
ਸਪੈਸ਼ਲ ਕੋਰਟ ਪੰਜਾਬ, ਲਾਹੌਰ

ਤਸਦੀਕ ਕੀਤਾ ਜਾਂਦਾ ਹੈ ਕਿ ਫੈਸਲੇ ਦੇ 113 ਸਫ਼ੇ ਹਨ। ਮੈਂ ਹਰ ਸਫ਼ਾ ਪੜ੍ਹ ਕੇ, ਠੀਕ ਕਰਕੇ ਦਸਤਖ਼ਤ ਕੀਤੇ ਹਨ।

ਜੱਜ
ਤਾਰੀਖ਼ 20.1.1986 ਸਪੈਸ਼ਲ ਕੋਰਟ ਪੰਜਾਬ, ਲਾਹੌਰ

ਹਾਈਜੈਕਰਾਂ ਨੂੰ ਸਜ਼ਾ ਸੁਣਾਏ ਜਾਣ ਵਾਲੇ ਜੱਜ ਦੇ ਦਸਤਖ਼ਤਾਂ ਵਾਲੇ ਸਫ਼ੇ ਦੀ ਫੋਟੋ ਕਾਪੀ (PP. 112-113)

their hands. It is therefore a case in which no force was used by the accused persons; and the show of force or threats was by means of regulation size kirpans. They also do not appear to have offered any resistance to the commandoes. I am therefore of the opinion that their case is one of lesser penalty.

127. I therefore sentence each of the accused persons, Gajinder Singh, Jasbir Singh, Karan Singh, Tajinder Pal Singh and Satnam Singh, to imprisonment for life. This sentence shall be deemed to have taken effect from the date of their arrest in this case, viz. 30.9.1981. Each of them shall also pay a fine of Rs.1000.00 or suffer further R.I. for six months.

128. As they do not own any property in Pakistan,

it is not necessary to order the forfeiture of their property.

129. The case property shall stand forfeited to the State.

Announced.

20.1.1986.

JUDGE,
Special Court, Punjab,
Lahore.

Certified that this judgment consists of 113 pages. Each page has been read, corrected and signed by me.

Dated.20.1.1986.

Judge,
Special Court Punjab,
Lahore.

20-1-86

REGISTRAR
Special Court, Punjab,
Lahore.

ਕੁਝ ਕੀਮਤੀ ਦਸਤਾਵੇਜ਼

From: Miss Shireen Safdar,
First Secretary(P)

بسم الله الرحمن الرحيم

EMBASSY OF PAKISTAN
CHANCERY DIVISION
35 LOWNDES SQUARE,
LONDON, SW1 9JN
TELEPHONE 01-235 2044 Ext.....

IN REPLY PLEASE QUOTE

NO. Pol-2/32/91.

1st February 1984.

Dear Dr. Dilgeer,

This is to acknowledge receipt of your letter No.J/GAJ/46/1 dated 6th December 1983 in connection with the trial of five persons involved in the hijacking of an Indian Airliner.

2 Our laws do not permit a foreign lawyer to appear in our Courts unless he has resided in Pakistan for a period not less than one year immediately preceding the date on which his application is received for admission.

3. Under the circumstances, we regret to inform you that it would not be possible to allow you to appear in the case of the hijackers in Pakistan's Courts.

Yours faithfully,

(Miss Shireen Safdar)

Dr. Harjinder Singh Dilgeer,
194, Rutland Road,
Southhall, Middx.

13/53
No. 5/68-30-Pre-II-HII/86
Government of the Punjab
Home Department

Immediate

Dated 5th June 1986

To

The Superintendent,
Central Jail Kot Lakhpat Lahore.

Sub: Permission to visit Sikh-Hijackers

Government of the Punjab has permitted Dr. Harjinder Singh Dilgeer to have an interview with Sikh Hi-jackers confined in Central Jail Kot Lakhpat Lahore on 11.6.1986 as per normal restrictions.

Section Officer Pre. II
for Home Secy

No. Even Dated 5.6.86

A copy is forwarded for information to:-

1. .. The I.G. Prisons Punjab Lahore.
2. .. Dr. Harjinder Singh Dilgeer,
Lovig Karstanga-4 Oslo-10 Norway.

Section Officer Pre. II
for Home Secy.

ਸ. ਹਰਕ੍ਰਿਸ਼ਨ ਸਿੰਘ ਦਾ ਖ਼ਤ 15-11-1983



13, Crabmill Lane,
COVENTRY
Date 16.5.1987

ਸੇਵਾ ਵਿਖੇ,
ਸ: ਗਜਿੰਦਰ ਸਿੰਘ ਕੰਮਾਂਡਰ –
ਦਲ ਖਾਲਸਾ ਇੰਟਰਨੈਸ਼ਨਲ,
ਸੈਂਟਰਲ ਜੇਲ੍ਹ,
ਕੋਟ ਲੱਖਪਤ, ਲਾਹੌਰ।

ਸਤਿਕਾਰ ਯੋਗ ਕੰਮਾਂਡਰ ਸਾਹਿਬ,
ਵਾਹਿਗੁਰੂ ਜੀ ਕਾ ਖਾਲਸਾ ।।
ਵਾਹਿਗੁਰੂ ਜੀ ਕੀ ਫਤਿਹ ।।

ਬੇਨਤੀ ਹੈ ਕਿ ਬਹੁਤ ਦੇਰ ਤੋਂ ਆਪ ਜੀ ਦੀ ਸੇਵਾ ਵਿੱਚ ਇਕ ਸ਼ਿਕਾਇਤ ਪੇਸ਼ ਕਰਨ ਦਾ ਵਿਚਾਰ ਸੀ, ਜਿਸ ਤੋਂ ਪਹਿਲਾਂ ਦਲ ਖਾਲਸਾ ਦੇ ਪਹਿਲੇ ਕੰਮਾਂਡਰ ਸ: ਮਨਮੋਹਨ ਸਿੰਘ ਨੂੰ ਵੀ ਬੇਨਤੀਆਂ ਕੀਤੀਆਂ ਜਾ ਚੁੱਕੀਆਂ ਹਨ।

ਸੰਨ 1984 ਵਿੱਚ ਸ: ਰਣਜੀਤ ਸਿੰਘ ਰਾਣਾ ਨੇ ਪੰਥਕ ਕਾਰਜ ਕਰਨ ਲਈ ਦਾਸ ਪਾਸੋਂ £1000 (ਇਕ ਹਜ਼ਾਰ ਪੌਂਡ) ਲਏ। ਜਿਸ ਕਾਰਜ ਲਈ ਉਨ੍ਹਾਂ ਇਹ ਰਕਮ ਲਈ, ਉਸ ਲਈ ਕੋਈ ਵੀ ਕਾਰਵਾਈ ਰਾਣਾ ਸਾਹਿਬ ਨੇ ਨਹੀਂ ਕੀਤੀ। ਅਤੇ ਨਾ ਹੀ ਉਸ ਕਾਰਜ ਦੀ ਪੂਰਤੀ ਜਾਂ ਖਰਚੇ ਦਾ ਕੋਈ ਸਪਸ਼ਟੀਕਰਣ ਦਿੱਤਾ ਗਿਆ, ਕਿਉਂ; ਜਿਨ੍ਹਾਂ ਸਾਲਾਂ ਵਿੱਚ ਬੇਸ਼ਕ ਇਕ ਦੋ ਕੇਸਾਂ ਦੀ ਉਨ੍ਹਾਂ ਦੇ ਵਾਰੰਟ ਹੋਏ; ਪਰ ਉਨ੍ਹਾਂ ਨੇ ਸਪਸ਼ਟੀਕਰਨ ਦੇਣਾ ਤਾਂ ਕੀ ਕਾਰਜ ਦੀ ਪੂਰਤੀ ਦੇ ਵਚਨ ਦਾ ਜਵਾਬ ਨਹੀਂ ਦਿੱਤਾ।

ਯਾਦ ਰਹੇ ਕਿ ਇਹ ਮਾਇਆ ਸ: ਮਨਮੋਹਨ ਸਿੰਘ ਜੀ ਦੀ ਮੌਜੂਦਗੀ ਵਿੱਚ ਰਣਜੀਤ ਸਿੰਘ ਨੂੰ ਦਿੱਤੀ ਗਈ ਸੀ। ਬਾਅਦ ਵਿੱਚ ਜਦ ਤੋਂ ਸ: ਮਨਮੋਹਨ ਸਿੰਘ ਅਤੇ ਰਾਣਾ ਪਾਰਟੀ ਦੇ ਨਾਰਾਜ਼ ਹੋ ਕਰਕੇ ਖੁਲ੍ਹਮ ਖੁਲ੍ਹਾ [illegible] ਇਸ ਰਕਮ ਦੀ ਵਾਪਸੀ ਲਈ [illegible] ਕੀਤਾ ਅਤੇ ਕਿਸੇ ਹੋਰ ਸਮਝ ਨੂੰ ਇਹ ਖਬਰ ਨਹੀਂ ਦਿੱਤੀ, ਜਦੋਂ ਕਿ ਇਹ ਕਿਸੇ ਸਿੱਖ ਦਾ ਅੰਤ [illegible] ਹੋਣ ਦੇ ਨਾਤੇ ਇਸ ਰਕਮ ਦੇ ਖਰਚੇ ਦਾ ਸਪਸ਼ਟੀਕਰਨ ਪ੍ਰਕਾਸ਼ਤ ਕਰਨ ਤੋਂ ਬਾਅਦ ਦਿਓਗੇ।

ਆਪ ਜੀ ਦਾ ਸ਼ੁੱਭਚਿੰਤਕ
ਤਰਸੇਮ ਸਿੰਘ ਤੂਰ

ਕਾਪੀ: ਸ: ਮਨਮੋਹਨ ਸਿੰਘ

13, CRABMILL LANE,
COVENTRY.
ਕਵੈਂਟਰੀ
12-8-1987

ਖੁੱਲ੍ਹਾ ਖ਼ਤ (ਰਜਿਸਟਰੀ ਰਾਹੀਂ)

ਸੇਵਾ ਵਿਖੇ,
ਸ: ਸਿਮਰਨਜੀਤ ਸਿੰਘ ਜੀ ਮਾਨ,
ਸੈਂਟਰਲ ਜੇਲ੍ਹ,
[illegible] ਭਾਗਲਪੁਰ [illegible],
ਬਿਹਾਰ।

ਸਤਿਕਾਰਯੋਗ ਸਿੰਘ ਸਾਹਿਬ,
ਗੁਰੂ ਫ਼ਤਹਿ,

ਇਥੇ ਸਾਡੇ ਸ਼ਹਿਰ ਦੇ ਇਕ ਉੱਘੇ ਸਿੱਖ ਆਗੂ [illegible] ਆਪ ਨੂੰ ਮਿਲਣ ਲਈ ਅਪ੍ਰੈਲ [illegible] ਗਏ ਸਨ। ਉਨ੍ਹਾਂ ਰਾਹੀਂ ਮੈਂ ਆਪ ਜੀ ਨੂੰ ਸੁਨੇਹਾ ਭੇਜਿਆ ਸੀ, ਕਿ ਤੁਹਾਡੇ ਅੰਗ-[illegible] ਜਨਰਲ ਸੈਕਟਰੀ ਸ੍ਰੀ ਮਾਨ ਰਣਜੀਤ ਸਿੰਘ ਰਾਣਾ ਨੇ [illegible] ਦੇ ਨਾਮ ਉਤੇ ਸਾਡੇ ਕੋਲੋਂ ਇਕ ਹਜ਼ਾਰ ਪੌਂਡ 1984 ਵਿਚ ਲਿਆ ਸੀ। ਜਦੋਂ ਉਹ ਇੰਗਲੈਂਡ ਵਾਪਸ ਆਏ ਤਾਂ ਪੁੱਛਣ ਤੇ ਪਤਾ ਲੱਗਾ ਕਿ ਤੁਸੀਂ ਨਾ ਤਾਂ ਰਣਜੀਤ ਸਿੰਘ ਰਾਣਾ ਤੋਂ ਕੋਈ ਅੰਗਰੱਖਿਅਕ ਲਿਆ ਹੈ ਨਾ ਹੀ ਅੰਗਰੱਖਿਅਕ ਲੈਣਾ ਚਾਹੁੰਦੇ ਹੋ, ਜਦੋਂ ਤੁਸੀਂ ਉਨ੍ਹਾਂ ਦੇ ਇਸ ਕੀਤੇ ਗ਼ਬਨ ਉਤੇ ਪਰਦਾ ਪਾਉਣ ਦੀ ਪੂਰੀ 2 ਕੋਸ਼ਿਸ਼ ਕੀਤੀ। ਜਿਸ ਕਰਕੇ 29 ਅਪ੍ਰੈਲ ਨੂੰ ਤੁਹਾਡੇ ਅਤੇ ਉਸ [illegible] ਵਿਚਕਾਰ [illegible] ਜਾਣਦੇ ਹੋ। ਅਸੀਂ ਨੂੰ ਮੈਨੂੰ ਤੁਹਾਡਾ ਸੁਨੇਹਾ ਮਿਲਿਆ ਕਿ ਸਰਦਾਰ ਸਿੰਘ ਆਪ ਕੋਈ ਅੰਗਰੱਖਿਅਕ ਲੈਣ ਨੂੰ ਤਿਆਰ ਨਹੀਂ ਅਤੇ ਇਕ ਹਜ਼ਾਰ ਪੌਂਡ ਦਾ ਗ਼ਬਨ ਉਨ੍ਹਾਂ [illegible] ਇਸ ਵਿਚ ਤੁਹਾਡਾ ਹੱਥ ਹੀ ਨਹੀਂ ਹੈ, ਤਦ ਵੀ ਜਾਂ ਤੁਹਾਨੂੰ ਅਸੀਂ ਇਕ [illegible] ਸਿੱਖ ਦੇ ਤੌਰ ਤੇ ਅਤੇ ਨਾਲ ਹੀ ਇਕ ਨਕਲ ਤੁਹਾਡੀ ਪਾਰਟੀ ਦੇ ਵਰਕਿੰਗ ਪ੍ਰੈਜ਼ੀਡੈਂਟ ਸ: ਅਮਰਿੰਦਰ ਸਿੰਘ ਜੀ ਨੂੰ ਦੇ ਦਿੱਤੀ।

ਤੁਸਾਂ ਅੱਜ ਤਕ ਕੋਈ ਕਾਰਵਾਈ ਕੀਤੀ [illegible] ਕੋਈ ਉੱਤਰ ਨਹੀਂ ਦਿੱਤਾ। ਪਰ ਮੈਨੂੰ ਇਥੇ ਤੱਕ [illegible] ਪਤਾ ਲੱਗਿਆ ਹੈ ਕਿ ਤੁਹਾਡੀ ਪਾਰਟੀ ਨੇ 17 ਮਈ 1987 ਨੂੰ ਸਾਡੇ ਪੰਜ [illegible] ਬਾਰੇ ਰਣਜੀਤ ਸਿੰਘ ਰਾਣਾ ਨੂੰ ਪਾਰਟੀ ਦੀ ਮੈਂਬਰਸ਼ਿਪ ਤੋਂ ਸਸਪੈਂਡ ਕਰ ਦਿੱਤਾ ਅਤੇ ਤੁਹਾਨੂੰ ਰਜਿਸਟਰੀ ਰਾਹੀਂ ਇਸ ਗ਼ਬਨ ਤੇ ਉਹਨਾਂ [illegible] ਬਾਰੇ ਦੱਸ ਦਿੱਤਾ ਅਤੇ ਤੁਸਾਂ [illegible] ਜਾਂਚੀ।

ਜੋ ਤੁਹਾਡੀ ਪਾਰਟੀ ਦੇ ਲੀਡਰਾਂ ਨੂੰ
ਮਿਲਦਾ ਰਿਹਾ ਹਾਂ ਪਰ ਪਤਾ ਲੱਗਾ ਹੈ ਕਿ ਤੁਸੀਂ ਇਸ ਸਮਝੌਤੇ ਬਾਰੇ

ਕੋਈ ਉੱਤਰ ਨਹੀਂ ਦਿੱਤਾ, ਜਦੋਂ ਤੁਹਾਡੇ ਵਲੋਂ ਸ: ਮਨਜੀਤ ਸਿੰਘ ਅਤੇ ਰਣਜੀਤ ਕਲਾ ਦੇ ਇਲਾਕੇ ਵਿਚ ਛਾਪੇ ਦਾ ਜਤਨ ਹੋਇਆ। ਜਿਨ੍ਹਾਂ ਦੀ ਅਸੀਂ ਤੁਹਾਡੀ ਕਦਰ ਕਰਦੇ ਹਾਂ ਪਰ 'ਤੁਹਾਡੀ ਇਸ ਪਈ ਹਰਕਤ ਨੇ ਸਾਡੇ ਅਤੇ ਹੋਰ ਅਕਾਲੀਆਂ ਪਈ ਹਰਕਤਾਂ ਦੀਆਂ ਆਸਾਂ ਉਤੇ ਪਾਣੀ ਫੇਰ ਦਿੱਤਾ ਹੈ।

ਫੌਜ ਤੇ ਪਾਕਿਸਤਾਨ ਦਾ ਕਰੋ ਅਤੇ ਤੁਸੀਂ ਇਸ ਦੇ ਹਮਾਇਤੀ ਬਣ ਜਾਓ ਤਾਂ ਤੁਹਾਡੇ ਅਤੇ ਰਣਜੀਤ ਵਿਚ ਕੀ ਫਰਕ ਰਹਿ ਜਾਂਦਾ। ਉਸ ਤੋਂ ਉਪਰ ਜਾਤੀਆਂ ਨੂੰ ਚੁੱਕੋ (ਸਹਿਯੋਗ) ਦੇ ਜੋੜੇ ਵਿਚ ਹੋਰ ਵੀ ਹੁੰਦੀ ਹੈ। ਤੁਹਾਡੇ ਵਲੋਂ ਰਣਜੀਤ ਸਿੰਘ ਦੇ ਹਿਮਾਇਤੀ ਜਾਣ ਅਤੇ ਹਿਮਾਇਤ ਦੀ ਮਨਜੀਤ ਸਿੰਘ ਤੇ ਕੋਹੇਵਾਲ ਕਰਨੈਲ ਸਿੰਘ ਨਾਲ ਹੋਣੀ ਵਾਲੇ ਪੰਥਕ ਕਾਰਜਾਂ ਦੇ ਬਹਾਨੇ ਨਹੀਂ 1984 ਵਿਚ ਪੰਜਾਬ ਜਾਵੇ ਆਪਣੇ ਦਿਮਾਗ ਉਤੇ ਇਕ ਨਿਸ਼ਾਨਾ — ਸਾਧ ਕਰਕੇ ਅਤੇ ਗੁਰਧਾਮਾਂ ਦੇ ਪਹਿਰਾਂ ਦੇ ਹੁਣ ਆਪਣੀ ਵਰਤੀ ਨਹੀਂ ਤਾਕਤ ਕਰਦੇ ਰਹਿਣਾ।

ਜਦੋਂ ਹਾਲਾਤਾਂ ਤੁਸਾਂ ਕੀਤੀ ਸੀ ਉਦੋਂ ਸਿਰਫ ਇਸ ਨਾਲ ਕੀ ਸਕਾ ਸੀ, ਜੋ ਤੁਹਾਨੂੰ ਉਦੋਂ ਉਸ ਤੋਂ ਦਾ ਪਤਾ ਲਗ ਗਿਆ ਤਾਂ "ਤਾਯਾ ਜੀ" ਤੁਹਾਡੇ ਵਰਗਾ ਵਿਸ਼ਵਾਸਘਾਤ ਕਰੋ ਦੀ ਇਸ ਸੋਚ ਨੂੰ ਨਕ ਦਿਓ ਨਾ ਪਹੁੰਚਾ। ਸਿਰਫ ਇਹੋ ਜਾਣ ਵੇਲੇ ਤੁਸੀਂ ਅਤੇ ਸ: ਗੁਰਚਰਨ ਪਹੁੰਚਾ ਸਰਕਾਰ ਦੇ ਸੰਘ-ਪੰਥ ਲਈ, ਜਦੋਂ ਗੁਰਚਰਨ ਸਿੰਘ ਦਲ ਖਾਲਸਾ ਦਾ ਫਿਊਂਡਰ ਸੰਘਪੰਥ ਸੀ ਅਤੇ ਤੁਹਾਡੇ ਵੀ ਸੀਨੀਅਰ ਸੀ, ਜੋ ਧੋਖਾ ਤੁਸਾਂ ਉਸ ਨਾਲ ਕੀਤਾ ਹੈ ਉਹ ਸਾਰੇ ਸੰਘ-ਪੰਥ ਲਈ ਹੈ। ਹਰਜਿੰਦਰ ਸਿੰਘ) ਦਿਲਜੀਤ, ਕੋਹੇਵਾਲ ਕਰਨੈਲ ਸਿੰਘ, ਮਨਜੀਤ ਸਿੰਘ ਅਤੇ ਹੋਰ ਅਨੇਕਾਂ ਗੁਰ ਸਿੱਖ ਜਾਣ ਗਏ ਹਨ।

ਜੋ ਕੋਈ ਸਿੱਖ ਗੁਰਬਾਣੀ ਸ: ਗੁਰਚਰਨ ਸਿੰਘ ਅਤੇ ਟੌਹੜੇ ਵਰਗ ਦੇ ਹਮਾਇਤੀਆਂ ਸ: ਪ੍ਰਕਾਸ਼ ਸਿੰਘ ਵਰਗਾਂ ਨੂੰ ਗੁਰਬਾਣੀ ਦਾ ਗਲਤ ਅਰਥ ਕਰੇ ਤਾਂ ਤੁਹਾਨੂੰ ਤਾਜ਼ਾ ਸੱਚ ਸੌਂਪ ਜਾਂਦਾ ਹੈ, ਤੁਸੀਂ ਉਸ ਗੁਰਬਾਣੀ ਨੂੰ ਗੋਲੀ ਮਾਰਨ ਤੱਕ ਜਾਂਦੇ ਹੋ, ਕੀ ਇਹ ਸੱਚ ਨਹੀਂ ਕਿ ਤੁਸੀਂ ਜਾਣਦੇ ਤੱਕ ਉਸ ਆਪਣੇ ਵਾਲੇ ਸਿੱਖ ਲੀਡਰ ਗੁਰਬਾਣੀ ਦੀ ਬਾਰਵੀਂ ਨਹੀਂ ਕੀਤੀ ? ਹਾਲਾਂ ਕਿ ਉਸ ਲੀਡਰ ਨੇ ਬੜਾ ਤੁਹਾਨੂੰ ਮਿਲਣ ਲਈ 800 ਪੌਂਡ ਆਪਣੀ ਜੇਬ ਵਿਚੋਂ ਖਰਚਿਆ। ਬਾਵਜੂਦ ਇਸਦੇ ਕਿ ਤੁਸਾਂ ਉਸ ਆਦਮੀ ਨੂੰ ਆਪਣੇ ਤੋਂ ਦੂਰ ਧੱਕਿਆ ਦਿੱਤਾ ਅਤੇ ਗਰੀਬ ਆਦਮੀ ਸਮਝ

ਕੇ ਤੁਰ ਗਏ ਅਤੇ ਤੁਹਾਡੇ ਅੰਦਰਲਾ ਜੀਣ-ਚਾਅ ਉਠ ਖੜਾ ਅਤੇ ਨਵਜੀਵਨ ਘਣ ਦੇ ਉਦਾਸ ਕਿਹਾ ਹੈ। ਜਿਹੜਾ ਸ਼ਹੀਦ ਸ. ਕਰਤਾਰ ਸਿੰਘ ਦੇ ਨਾਲ ਰਲਣੇ ਦਾ ਤੁਹਾਡੇ ਸੰਦੇਸ਼ਾ ਜੋ ਉਹ ਤੁਸੀਂ ਆਪਣੇ ਦੇਸ਼ ਵਤਨ ਦੇ ਪਾਕਿਸਤਾਨ ਵਿਚ ਪੰਜਾਬ ਦਾ ਨਕਸ਼ਾ ਸਹੇ, ਬਾਵਜੂਦ ਇਸ ਦੇ ਕਿ ਤੁਸੀਂ ਆਪਣੇ ਸਾਰੀ ਜ਼ਿੰਦਗੀ ਦੇ ਸ਼ਹੀਦ ਸਿੰਘ ਦੇ ਲੇਖੀ ਪਰਚਾਰ ਕੀਤਾ; ਇਹ ਵੀ ਉਮਰ

ਪਾਕਿਸਤਾਨ ਵਿਚ ਆਪਣਾ ਅਸਰ ਰਸੂਖ ਵਰਤ ਕੇ ਤੁਹਾਡੇ ਨਾਲ ਰਲਣੇ ਪਹੁੰਚਾਏ ਜਾਣ।

ਸਰਦਾਰ ਜੀਓ, ਇਸ ਵਿਚ ਕੋਈ ਸ਼ੱਕ ਨਹੀਂ ਅਸੀਂ ਸ਼ਹੀਦ। [illegible] ਇਹ ਸ਼ਹੀਦੀ ਠੀਕ ਵਿਚ ਨਾ ਹੋਏ। ਸ਼ਹੀਦ ਰਾਹ ਦੀ ਕਮਾਈ ਵਿਚ ਹੋਏ। ਜੇ ਤੁਸੀਂ ਇਸ ਸ਼ਹੀਦੀ ਨਾਲ ਸਹਿਮਤ ਹੋ ਤਾਂ ਸ਼ਹੀਦ ਜਿਹਾ ਹੈ [illegible], ਫਿਰ ਵੀ ਇਸ ਸ਼ਹੀਦ ਤੋਂ ਇਹ ਦੇਸ਼ ਵਿਚ ਦੀ ਸਰਕਾਰ ਅਤੇ ਅਦਾਲਤ ਦਾਸ ਇਨਸਾਫ਼ ਲੈਣ ਲਈ ਕਰ ਦੇਵਾਂਗਾ।

ਮੈਂ ਕੁੱਝ ਦੇਰ ਪਹਿਲਾਂ ਵਿਚ ਸਿਖਰ ਤੇ ਉਸ ਉਤੇ ਪੂਰਾ ਉਤਰੇ, ਕਈ ਸਾਲ ਹੋਏ ਜੋ ਤੁਸਾਂ ਤੋਂ ਪਰਤੂੰ ਦੀ ਰਾਹ ਤੁਸਾਂ। ਦਾਸ ਕਈ ਵਾਰੀ ਇਸ ਇਸ ਰੂਹ-ਪਰ ਦੀ ਸਫ਼ਰ ਸੱਚਤਰ ਦਾ ਜਾਣਕ ਕਰਦਾ ਹਾਂ। ਇਸ ਅੱਗੇ ਤੱਕ ਉਤਰ ਦਾ ਆਉਣਾ ਵੀ ਇਨਸਾਨ ਦੇ ਸ਼ਹਿਰਵਾਸੀਆਂ ਵਿਚ ਤੁਸਾਂ ਵਰਤੇ ਨੂੰ ਪੂਰੀ ਤਰ੍ਹਾਂ ਤੋਲਿਆ ਜਾਵੇਗਾ ਅਤੇ ਤੁਹਾਡੀ ਇਮਾਰਤ ਦਾ ਵੀ ਦੱਸਣ ਤੋਂ ਕਰਦਾ ਕਿ ਤੁਹਾਡੀ ਕਹਿਣੀ ਅਤੇ ਕਰਨੀ ਵਿਚ ਕਿਤਨਾ ਫ਼ਰਕ ਹੈ। ਮੈਂ ਤੋਰ ਆਸ ਹੈ ਇਹ ਪਤਰ ਇਸ ਸਾਰੀਆਂ ਬਾਤਾਂ ਕਿਹਾ ਹੈ, ਹੁਣ ਕਿ ਤੁਸੀਂ ਅੰਦਰ ਆਰ ਕਰੋਗੇ ਤਾਂ ਤੁਹਾਡਾ ਪੂਰੀ ਤਰ੍ਹਾਂ, ਤੇਜ਼ ਪੱਟ ਵਿਚ ਦੇਰ ਨਹੀਂ ਲਗਾਂਗੀ।

ਤੁਹਾਡਾ ਵੀਰ

ਤਰਸੇਮ ਸਿੰਘ ਤੂਰ



ਸ: ਸਤਨਾਮ ਸਿੰਘ ਦਾ
ਅਦਾਲਤੀ ਬਿਆਨ

ੴ ਸਤਿਗੁਰਪ੍ਰਸਾਦਿ ॥

ਜੋ ਸੂਰਾ ਤਿਸ ਹੀ ਹੋਇ ਮਰਣਾ ॥ ਜੋ ਭਾਗੈ ਤਿਸ ਜੋਨੀ ਫਿਰਨਾ ॥

ਜਨਾਬ-ਇ-ਵਾਲਾ !(ਮਾਨਯੋਗ ਜੱਜ ਸਾਹਿਬ)

ਮੈਂ ਜੋ ਕਾਰਵਾਈ ਕੀਤੀ ਹੈ ਉਸ ਦੀ ਤਫਸੀਲ ਦਸਣ ਤੋਂ ਪਹਿਲਾਂ ਉਸ ਦੇ ਕਰਨ ਦੇ ਕਾਰਨਾਂ ਬਾਰੇ (ਪਿਛੋਕੜ ਬਾਰੇ) ਸੰਖੇਪ ਜਿਹਾ ਦਸਣਾ ਜ਼ਰੂਰੀ ਸਮਝਦਾ ਹਾਂ ।

ਮੈਂ ਸਿਖ ਧਰਮ ਨਾਲ ਸਬੰਧ ਰਖਦਾ ਹਾਂ ਜਿਸ ਦੀ ਸਥਾਪਨਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤੀ । ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਦ ਉਹਨਾਂ ਦੇ ਦਸਾਂ ਹੀ ਸਰੂਪਾਂ ਨੇ ਸਿਖ ਧਰਮ ਨੂੰ ਸਪੂਰਨਤਾ ਪ੍ਰਦਾਨ ਕੀਤੀ । ਇਸ ਦੌਰਾਨ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਧਰਮ ਦੀ ਰਾਖੀ ਲਈ ਸ਼ਹਾਦਤ ਵੀ ਦੇਣੀ ਪਈ। 1699 ਈ: ਦੀ ਵਿਸਾਖੀ ਵਾਲੇ ਦਿਨ ਦਸਵੇਂ ਗੁਰੂ ਗੋਬਿੰਦ ਸਿਘ ਜੀ ਨੇ ਸਿਘਾਂ ਨੂੰ ਅੰਮ੍ਰਿਤ ਛਕਾ ਕੇ ਖਾਲਸੇ ਦੀ ਪਹਿਚਾਣ ਦੁਨੀਆਂ ਨਾਲੋਂ ਵਖਰੀ ਕਰ ਦਿੱਤੀ । ਵਖਰੀਆਂ ਰਵਾਇਤਾ ਕਾਇਮ ਕੀਤੀਆਂ ਗਈਆਂ, ਵਖਰੇ ਹੀ ਧਾਰਮਿਕ ਗਰੰਥ, ਝੰਡੇ ਅਤੇ ਬੋਲ ਬਾਲੇ ਕਾਇਮ ਹੋਏ । ਸਿਖ ਧਰਮ ਇਕ ਕੌਮ ਦੇ ਰੂਪ ਵਿਚ ਦੁਨੀਆਂ ਦੇ ਸਾਹਮਣੇ ਆਇਆ ।

ਸ੍ਰੀ ਗੁਰੂ ਗੋਬਿੰਦ ਸਿਘ ਜੀ ਨੇ ਸਿਖਾਂ ਨੂੰ ਹੁਕਮ ਦਿੰਦਿਆਂ ਆਖਿਆ ''ਹੁਣ ਨਾ ਤਾਂ ਡਰਨਾ ਹੈ ਨਾ ਡਰ ਕਿਸੇ ਨੂੰ ਦੇਣਾ ਹੈ। ਨਾ ਕਿਸੇ ਦਾ ਹੱਕ ਖੋਹਣਾ ਹੈ ਨਾ ਆਪਣਾ ਹੱਕ ਛੱਡਣਾ ਹੈ। ਅਜ ਤੋਂ ਸਿਖ ਕੌਮ ਕਿਸੇ ਦੀ ਗੁਲਾਮ ਨਹੀਂ ਰਹੇਗੀ। ਅਣਖ ਗੈਰਤ ਅਤੇ ਸਵੈ ਮਾਨ ਨਾਲ ਜ਼ਿੰਦਗੀ ਬਸਰ ਕਰਨੀ ਹੈ। ਗੁਲਾਮਾਂ ਵਾਂਗ ਜ਼ਿੰਦਗੀ ਬਸਰ ਕਰਨ ਨਾਲੋਂ ਮਰ ਜਾਣਾਂ ਹੀ ਚੰਗਾ ਹੋਇਆ ਕਰਦਾ ਹੈ । ਇਸ ਲਈ:-

''ਜੇ ਜੀਵੈ ਪਤਿ ਲਥੀ ਜਾਇ ॥

ਸਭੁ ਹਰਾਮੁ ਜੇਤਾ ਕਿਛੁ ਖਾਇ ॥''

ਅਤੇ ਨਾਲ ਹੀ ਕਿਹਾ:-

"ਰਾਜ ਬਿਨਾ ਨਹਿ ਧਰਮ ਚਲੈ ਹੈ, ਧਰਮ ਬਿਨਾਂ ਸਭ ਦਲੈ ਮਲੈ ਹੈ

ਕੋਊ ਕਿਸੀ ਕੋ ਰਾਜ ਨ ਦੇ ਹੈ, ਜੋ ਲੇ ਹੈ ਨਿਜ ਬਲ ਸੇ ਲੇ ਹੈ ॥"

ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਜੰਗ ਯੁੱਧਾਂ ਤੋਂ ਵਿਹਲੇ ਹੋ ਕੇ ਸਿੱਖੀ ਪ੍ਰਚਾਰ ਕਰਦੇ ਹੋਏ ਸ੍ਰੀ ਹਜ਼ੂਰ ਸਾਹਿਬ ਸੂਬਾ ਮਹਾਰਾਸ਼ਟਰ ਵਿਚ ਪਹੁੰਚੇ। ਪਹੁੰਚਣ ਪਿਛੋਂ ਉਹਨਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਸਿੱਖਾਂ ਦਾ ਜਥੇਦਾਰ ਥਾਪ ਕੇ ਜ਼ਾਲਮਾਂ ਨੂੰ ਸੋਧਣ ਲਈ ਪੰਜਾਬ ਨੂੰ ਟੋਰਿਆ।

ਜਥੇਦਾਰ ਬੰਦਾ ਸਿੰਘ ਜੀ ਨੇ ਪੰਜਾਬ ਪੁਜ ਕੇ ਜ਼ਾਲਮਾਂ ਨੂੰ ਫੜ ਕੇ ਚੰਗੀ ਤਰਾ ਭੁੰਨ ਦਿੱਤਾ। ਸਿਖ ਰਾਜ ਦੀ ਸਥਾਪਨਾ ਹੋਈ। ਸਿਖ ਰਾਜ ਦਾ ਪਹਿਲਾ ਬਾਦਸ਼ਾਹ ਬੰਦਾ ਸਿੰਘ ਆਪ ਬਣਿਆ। ਸਿਖ ਰਾਜ ਦੀ ਰਾਜਧਾਨੀ ਮੁਖਲਸਗੜ (ਲੋਹਗੜ) ਨੂੰ ਬਣਾਇਆ ਗਿਆ। ਸਿਖ ਰਾਜ ਦਾ ਸਿਕਾ ਜਾਰੀ ਕੀਤਾ ਗਿਆ ਜਿਸ ਤੇ ਹਰਫ "ਨ:-

ਦੇਗ-ਓ, ਤੇਗ-ਓ ਫਤਹ ਨੁਸਰਤ ਬੇ ਦਰੰਗ ॥

ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ ॥

1708 ਤੋਂ 1716 ਈ: ਤਕ ਪਹਿਲਾ ਸਿਖ ਰਾਜ ਕਾਇਮ ਰਿਹਾ ਪਰ ਕਿਸੇ ਕਾਰਨ ਇਹ ਰਾਜ ਹੱਥੋਂ ਜਾਂਦਾ ਰਿਹਾ। ਇਸ ਸਮੇਂ ਵਿਚ ਵੀ ਸਿੰਘ ਅਰਾਮ ਨਾਲ ਨਹੀਂ ਬੈਠੇ ਸਗੋਂ ਰਾਜ ਨੂੰ ਦੁਬਾਰਾ ਪ੍ਰਾਪਤ ਕਰਨ ਲਈ ਸੰਘਰਸ਼ ਕਰਦੇ ਰਹੇ। ਕਈ ਸਾਲਾਂ ਦੇ ਲੰਬੇ ਅਰਸੇ ਤੋਂ ਬਾਦ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਹੇਠਾਂ 1799 ਈ: ਵਿਚ ਲਾਹੌਰ ਤੇ ਕਾਬਜ਼ ਹੋਏ। ਜਿਸ ਦੀਆਂ ਹੱਦਾਂ ਸਤਲੁਜ ਤੋਂ ਦਰਾ ਖੈਬਰ ਤਕ ਅਤੇ ਕਸ਼ਮੀਰ ਤੇ ਤਿਬਤ ਤਕ ਫੈਲੀਆਂ ਹੋਈਆਂ ਸਨ। ਇਸ ਸਮੇਂ 1849 ਤਕ 50 ਸਾਲ ਸਿੰਘਾਂ ਨੇ ਅਜ਼ਾਦੀ ਦਾ ਅਨੰਦ ਮਾਣਿਆ। ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਮਗਰੋਂ ਉਸ ਦੇ ਵਜ਼ੀਰਾਂ ਅਕ੍ਰਿਤਘਣ ਨਿਮਕ ਹਰਾਮ ਗਦਾਰ ਡੋਗਰਿਆਂ ਲਾਲ ਸਿੰਘ, ਗੁਲਾਬ ਸਿੰਘ ਅਤੇ ਤੇਜਾ ਸਿੰਘ ਨੇ ਅੰਗਰੇਜ਼ਾਂ ਨਾਲ ਮਿਲ ਕੇ ਸਿਖ ਰਾਜ ਦਾ ਬੇੜਾ ਪਾ ਦਿੱਤਾ। 1846 ਈ: ਵਿਚ ਜਦੋਂ ਅੰਗਰੇਜ਼ ਲਾਹੌਰ ਆਏ ਉਸ ਸਮੇਂ ਮਹਾਰਾਜਾ ਦਲੀਪ ਸਿੰਘ ਨਾਬਾਲਗ ਸੀ। ਅੰਗਰੇਜ਼ਾਂ ਨੇ ਚਲਾਕੀ ਤੇ ਕੂਟਨੀਤੀ ਨਾਲ ਐਲਾਨ ਕੀਤਾ ਕਿ ਜਦ ਤਕ ਮਹਾਰਾਜਾ ਦਲੀਪ ਸਿੰਘ ਬਾਲਗ ਨਹੀਂ ਹੋ ਜਾਂਦਾ ਅਸੀਂ ਮਹਾਰਾਜੇ ਦੀ ਮਦਦ ਲਈ ਇਥੇ ਰਹਾਂਗੇ। ਇਹ ਅੰਗਰੇਜ਼ਾਂ ਦੀ

ਸਿਆਸੀ ਚਲਾਕੀ ਸੀ ਜੋ ਤਿੰਨ ਸਾਲ ਪਿਛੋਂ ਹੀ ਸਾਹਮਣੇ ਆ ਗਈ । 1849 ਈ: ਵਿਚ ਅੰਗਰੇਜ਼ਾਂ ਨੇ ਨਾਬਾਲਗ ਦਲੀਪ ਸਿੰਘ ਅਤੇ ਮਹਾਰਾਣੀ ਜਿੰਦਾ ਨੂੰ ਕੈਦ ਕਰਕੇ ਪੰਜਾਬ ਤੋਂ ਬਾਹਰ ਭੇਜ ਦਿਤਾ । ਲਾਹੌਰ ਦੇ ਸ਼ਾਹੀ ਕਿਲੇ ਉੱਤੋਂ ਕੇਸਰੀ ਨਿਸ਼ਾਨ ਲਾਹ ਕੇ ਅੰਗਰੇਜ਼ੀ ਰਾਜ ਦਾ ਝੰਡਾ ਯੂਨੀਅਨ ਜੈਕ ਚੜ੍ਹਾ ਦਿਤਾ । ਇਸ ਤਰਾਂ ਸਿਖ ਰਾਜ ਦਾ ਦੁਖਦਾਈ ਅੰਤ ਹੋਇਆ ।

1872 ਈ: ਨੂੰ ਬਾਬਾ ਰਾਮ ਸਿੰਘ ਜੀ ਦੀ ਅਗਵਾਈ ਹੇਠ ਸਿਖ ਲਹਿਰ ਉੱਠੀ ਜਿਸ ਨੂੰ ਇਤਿਹਾਸ ਵਿਚ ਕੂਕਾ ਲਹਿਰ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ । ਉਸ ਨੇ ਖਾਲਸਾ ਰਾਜ ਦੀ ਸਥਾਪਨਾ ਲਈ ਸੰਘਰਸ਼ ਸ਼ੁਰੂ ਕਰ ਦਿੱਤਾ । ਉਹਨਾਂ ਨੇ ਅੰਗਰੇਜ਼ ਸਰਕਾਰ ਵਿਰੁੱਧ ਨਾ ਮਿਲਵਰਤਨ ਲਹਿਰ ਚਲਾਈ । ਇਸ ਲਹਿਰ ਨੇ ਸਿਖਾਂ ਵਿਚ ਕੌਮੀ ਜਜ਼ਬਾ ਪੈਦਾ ਕੀਤਾ । ਇਸ ਲਹਿਰ ਨੇ ਅੰਗਰੇਜ਼ ਹਕੂਮਤ ਨੂੰ ਹਿਲਾ ਕੇ ਰਖ ਦਿੱਤਾ । ਬਾਬਾ ਰਾਮ ਸਿੰਘ ਜੀ ਨੂੰ ਪਕੜਿਆ ਗਿਆ ਅਤੇ ਕਾਲੇ ਪਾਣੀ ਦੀ ਸਜ਼ਾ ਹੋਈ ਅਤੇ 90 ਸਿੰਘਾਂ ਨੂੰ ਤੋਪਾਂ ਨਾਲ ਬੰਨ ਕੇ ਉਡਾ ਦਿਤਾ ਗਿਆ। ਇਸਦੇ ਪਿਛੋਂ ਇਕ ਹੋਰ ਲਹਿਰ ਉੱਠੀ ਜੋ ਸਿੰਘ ਸਭਾ ਲਹਿਰ ਦੇ ਨਾਂ ਨਾਲ ਸਾਹਮਣੇ ਆਈ । ਇਸ ਲਹਿਰ ਨੇ ਆਮ ਸਿੱਖਾਂ ਦੇ ਦਿਲ ਅੰਦਰ ਧਰਮ ਤੇ ਆਜ਼ਾਦੀ ਦਾ ਜਜ਼ਬਾ ਪੈਦਾ ਕੀਤਾ ।

ਵਿਦੇਸ਼ਾਂ ਵਿਚ ਵਸਦੇ ਸਿੰਘਾਂ ਨੇ ਵੀ ਖਾਲਸਾ ਰਾਜ ਦੀ ਪ੍ਰਾਪਤੀ ਲਈ ਵੱਡਾ ਯੋਗ ਦਾਨ ਪਾਇਆ । ਸਿੰਘਾਂ ਦਾ ਇਕ ਜਥਾ ਵੈਨਕੂਵਰ (ਕੈਨੇਡਾ) ਤੋਂ ਚਲ ਕੇ ਕਾਮਾਗਾਟਾ ਮਾਰੂ ਜਹਾਜ਼ ਰਾਹੀਂ ਅੰਗਰੇਜ਼ਾਂ ਨਾਲ ਅਜ਼ਾਦੀ ਦੀ ਲੜਾਈ ਲੜਨ ਲਈ ਬਜਬਜ ਦੇ ਘਾਟ ਕਲਕੱਤਾ ਵਿਖੇ ਪੁਜਾ । ਜਿਸ ਦਾ ਸੁਆਗਤ ਅੰਗਰੇਜ਼ ਸਰਕਾਰ ਨੇ ਗੋਲੀਆਂ ਨਾਲ ਕੀਤਾ । 67 ਸਿੰਘ ਗੋਲੀਆਂ ਲਗਣ ਨਾਲ ਸ਼ਹੀਦ ਹੋ ਗਏ ।

1920 ਈ: ਨੂੰ ਸਿੰਘਾਂ ਦਾ ਭਾਰੀ ਇਕੱਠ ਸ੍ਰੀ ਅਕਾਲ ਤਖਤ ਸਾਹਿਬ ਤੇ ਹੋਇਆ ਜਿਸ ਵਿਚ ਅਕਾਲੀ ਦਲ ਦੀ ਸਥਾਪਨਾ ਕੀਤੀ ਗਈ । ਇਸ ਇਕੱਠ ਵਿਚ ਗੁਰਦੁਆਰਿਆਂ ਨੂੰ ਸਰਕਾਰ ਦੇ ਟਾਊਟਾਂ ਤੋਂ ਅਜ਼ਾਦ ਕਰਵਾਉਣ ਅਤੇ ਕੌਮ ਦੀ ਅਜ਼ਾਦੀ ਲਈ ਸੰਘਰਸ਼ ਕਰਨ ਦਾ ਫੈਸਲਾ ਕੀਤਾ ਗਿਆ । ਅਨੇਕਾਂ ਗੁਰਦੁਆਰਿਆਂ ਨੂੰ ਪੰਥਕ ਦੋਖੀਆਂ ਤੋਂ ਅਜ਼ਾਦ ਕਰਵਾਉਂਦੇ ਹੋਏ ਸੈਂਕੜੇ ਸਿੰਘ ਸ਼ਹੀਦ ਤੇ ਅਣਗਿਣਤ ਅੰਗਹੀਣ ਹੋਏ ।

1925 ਈ: ਨੂੰ ਸਮੂਹ ਗੁਰਦੁਆਰਿਆਂ ਦਾ ਪ੍ਰਬੰਧ ਕਰਨ ਲਈ "ਸ਼ਰੋਮਣੀ ਕਮੇਟੀ" ਹੋਂਦ ਵਿਚ ਆਈ।

ਇਸੇ ਦੌਰਾਨ ਬੱਬਰ ਅਕਾਲੀ ਲਹਿਰ ਚੱਲੀ। ਜਿਸ ਦਾ ਨਿਸ਼ਾਨਾ ਸਰਕਾਰ ਦੇ ਝੋਲੀ ਚੁੱਕਾਂ ਨੂੰ ਸੋਧਣਾ ਅਤੇ ਕੌਮ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਮੁਕਤੀ ਦਵਾਣਾ ਹੀ ਸੀ। ਬੱਬਰ ਅਕਾਲੀ ਯੋਧਿਆਂ ਨੇ ਅੰਗਰੇਜ਼ ਹਕੂਮਤ ਦੀਆਂ ਜੜਾਂ ਹਿਲਾ ਕੇ ਰਖ ਦਿੱਤੀਆਂ। ਪਰ ਬਦਕਿਸਮਤੀ ਨਾਲ ਮੁਖਬਰੀਆ ਕਾਰਨ ਇਸ ਲਹਿਰ ਦੇ ਸਿੰਘਾਂ ਨੂੰ ਪਕੜ ਕੇ ਗੋਲੀ ਦਾ ਨਿਸ਼ਾਨਾਂ ਬਣਾਇਆ ਅਤੇ ਕਈਆਂ ਨੂੰ ਫਾਂਸੀ ਦੀ ਸਜ਼ਾ ਦਿਤੀ ਗਈ। ਜਿਸ ਕਾਰਨ ਇਹ ਲਹਿਰ ਆਪਣੇ ਮਿਥੇ ਨਿਸ਼ਾਨੇ ਨੂੰ ਅਪੜ ਨਾ ਸਕੀ।

ਦੂਜੇ ਪਾਸੇ ਇਸ ਉਪ-ਮਹਾਂਦੀਪ ਦੀ ਅਜਾਦੀ ਲਈ ਹਿੰਦੂਆਂ ਦੀ ਅਗਵਾਈ ਕਾਂਗਰਸ ਕਰ ਰਹੀ ਸੀ। [illegible] ਅਜ਼ਾਦੀ ਦੇ ਲਈ ਕਰ ਰਿਹਾ ਸੀ। ਜਿਹਨਾਂ ਦਾ ਮੁਖ ਨਿਸ਼ਾਨਾ ਅਜ਼ਾਦੀਪ੍ਰਾਪਤ ਕਰਨ ਤੋਂ ਬਾਦ ਆਪਣੇ ਆਪਣੇ ਰਾਜ ਭਾਗ ਪ੍ਰਾਪਤ ਕਰਨ ਦਾ ਸੀ।

26 ਅਤੇ 27 ਦਸੰਬਰ 1929 ਨੂੰ ਲਾਹੌਰ ਰਾਵੀ ਦਰਿਆ ਦੇ ਕੰਢੇ ਤੇ ਆਲ ਇੰਡੀਆ ਨੈਸ਼ਨਲ ਕਾਂਗਰਸ ਦਾ ਅਜਲਾਸ ਹੋਇਆ। ਜਿਸ ਵਿਚ ਘੱਟ ਗਿਣਤੀ ਕੌਮਾਂ ਨੂੰ ਇਸ ਉਪ ਮਹਾਂਦੀਪ ਦੀ ਅਜਾਦੀ ਤੋਂ ਬਾਦ ਇਕੱਠੇ ਰਹਿਣ ਲਈ ਕਿਹਾ। ਹਰ ਘੱਟ ਗਿਣਤੀ ਮੁਸਲਮਾਨਾਂ ਅਤੇ ਸਿੱਖਾਂ ਨੂੰ ਇਹ ਪੂਰਨ ਭਰੋਸਾ ਦੁਆਇਆ ਗਿਆ ਕਿ ਅਜਾਦ ਮੁਲਕ ਵਿਚ ਉਹਨਾਂ ਦੀ ਹੋਂਦ ਬਿਲਕੁੱਲ ਸੁਰਖਿਅਤ ਰਹੇਗੀ। ਉਹਨਾਂ ਨੂੰ ਆਪਣੇ ਧਾਰਮਿਕ ਰਹੁਰੀਤੀਆਂ ਅਨੁਸਾਰ ਜਿੰਦਗੀ ਬਸਰ ਕਰਨ ਦਾ ਹੱਕ ਹਾਸਲ ਹੋਵੇਗਾ। ਇਸ ਗਲ ਤੇ ਯਕੀਨ ਕਰਦੇ ਹੋਏ ਅਕਾਲੀ ਲੀਡਰਾਂ ਨੇ ਸਿਖ ਕੌਮ ਦੇ ਭਵਿਖ ਸਬੰਧੀ ਦੂਰ-ਅੰਦੇਸ਼ੀ ਦੀ ਸੋਚ ਨਾ ਰਖਦੇ ਹੋਏ ਆਪਣੀ ਅਜ਼ਾਦੀ ਦੀ ਜਦੋ-ਜਹਿਦ ਨੂੰ ਛੱਡਕੇ, ਹਿੰਦੂ ਕਾਂਗਰਸੀ ਮਕਾਰ ਲੀਡਰਾਂ ਦੇ ਬਹਿਕਾਵੇ ਥੱਲੇ ਆ ਕੇ ਉਹਨਾਂ ਨਾਲ ਸੰਘਰਸ਼ ਕਰਨਾ ਸ਼ੁਰੂ ਕਰ ਦਿਤਾ।

1930 ਈ: ਨੂੰ ਮੁਸਲਿਮ ਲੀਗ ਨੇ ਇਲਾਹਾਬਾਦ ਵਿਚ ਕਾਨਫਰੰਸ ਕਰਕੇ ਇਸ ਉਪ ਮਹਾਂਦੀਪ ਵਿਚ ਮੁਸਲਿਮ ਹੋਮਲੈਂਡ ਦਾ ਮਤਾ ਪਾਸ ਕਰ ਦਿਤਾ ਜਿਸ ਦਾ ਵੀਚਾਰ ਇਲਾਮਾ ਇਕਬਾਲ ਨੇ ਦਿਤਾ ਸੀ। ਇਸ ਮਤੇ ਤੋਂ ਬਾਦ ਵੀ ਸਿਖ ਲੀਡਰਾਂ ਦੀਆਂ ਅੱਖਾਂ ਪਤਾ ਨਹੀਂ ਕਿਓਂ ਨਹੀਂ ਖੁਲੀਆਂ।

1931 ਲਾਹੌਰ ਵਿਚ ਦਸ ਲਖ ਸਿਖਾਂ ਦਾ ਭਾਰੀ ਇਕੱਠ ਹੋਇਆ। ਜਿਸ ਦੀ ਅਗਵਾਈ ਅਕਾਲੀ ਦਲ ਦੇ ਪ੍ਰਧਾਨ ਬਾਬਾ ਖੜਕ ਸਿਘ ਨੇਕੀਤੀ। ਜਿਸ ਵਿਚ ਕਾਂਗਰਸੀ ਲੀਡਰਾਂ ਨੂੰ ਬੁਲਾ ਕੇ ਸਪਸ਼ਟੀਕਰਨ ਮੰਗੇ ਗਏ। ਜਿਸ ਵਿਚ ਹਿਦੂ ਬੇਈਮਾਨ ਮਕਾਰ ਲੀਡਰਾਂ ਨੇ ਯਕੀਨ ਦੁਆਏ ਕਿ ਤੁਸੀਂ ਸਾਡੇ ਨਾਲ ਰਲ ਕੇ ਚਲੋਅਜ਼ਾਦੀ ਤੋਂ ਬਾਦ ਜੋ ਸੰਵਿਧਾਨ ਬਣਾਇਆ ਜਾਵੇਗਾ ਉਹ ਸਿੱਖਾਂ ਦੀ ਮਰਜੀ ਅਨੁਸਾਰ ਹੀ ਬਣਾਇਆ ਜਾਵੇਗਾ। ਇਸ ਗਲ ਤੇ ਯਕੀਨ ਕਰਦੇ ਹੋਏ ਸਿਖ ਲੀਡਰਾਂ ਨੇ ਉਹਨਾਂ ਨਾਲ ਰਲ ਕੇ ਚਲਣਾ ਮੰਨ ਲਿਆ।

23 ਮਾਰਚ 1940 ਨੂੰ ਇੰਡੀਅਨ ਮੁਸਲਿਮ ਲੀਗ ਦੀ ਇਕ ਕਾਨਫਰੰਸ ਲਾਹੌਰ ਵਿਚ ਹੋਈ ਜਿਸ ਵਿਚ ਮੁਸਲਿਮ ਹੋਮਲੈਂਡ ਦਾ ਮਤਾ ਪਾਸ ਕੀਤਾ ਗਿਆ ਜੋ ਬਾਦ ਵਿਚ ਪਾਕਿਸਤਾਨ ਦੀ ਬੁਨਿਆਦ ਬਣਿਆ। ਅੰਗਰੇਜ਼ ਸਰਕਾਰ ਵਲੋਂ ਇਸ ਉਪ ਮਹਾਂਦੀਪ ਦੀ ਅਜ਼ਾਦੀ ਦੇ ਸਬੰਧ ਵਿਚ ਜਦੋਂ ਵੀ ਕੋਈ ਮੀਟਿੰਗ ਬੁਲਾਈ ਤਾਂ ਹਿਦੂ, ਮੁਸਲਿਮ ਅਤੇ ਸਿਖਾਂ ਦੇ ਨੁਮਾਇੰਦਿਆਂ ਨੂੰ ਸੱਦਿਆ ਜਾਂਦਾ ਰਿਹਾ।

1946 ਈ: ਨੂੰ ਕਲਕੱਤਾ ਵਿਚ ਹੋਈ ਕਾਂਗਰਸ ਕਮੇਟੀ ਦੀ ਮੀਟਿੰਗ ਵਿਚ ਬੋਲਦਿਆਂ ਜਵਾਹਰ ਲਾਲ ਨਹਿਰੂ ਨੇ ਇਹਨਾਂ ਲਫਜ਼ਾਂ ਰਾਹੀਂ ਸਿਖਾਂ ਨਾਲ ਕੀਤੇ ਵਾਇਦਿਆਂ ਨੂੰ ਸਪਸ਼ਟੀਕਰਨ ਕੀਤਾ "ਪੰਜਾਬ ਦੇ ਵਸਨੀਕ ਬਹਾਦਰ, ਸਿਘ ਖਾਸ ਸਲੂਕ ਦੇ ਹੱਕਦਾਰ ਹਨ। ਉਤਰੀ ਭਾਰਤ ਵਿਚ ਇਕ ਅਜਿਹੇ ਖਿਤੇ ਦੀ ਸਥਾਪਨਾ ਕਰ ਦਿਤੀ ਜਾਵੇ ਜਿਥੇ ਸਿਖ ਵੀ ਅਜ਼ਾਦੀ ਦਾ ਅਨੰਦ ਮਾਣ ਸਕਣ।"

1946 ਈ: ਵਿਚ ਇਕ ਵਾਰ ਮਹਾਤਮਾ ਗਾਂਧੀ ਗੁਰਦੁਆਰਾ ਸ੍ਰੀ ਸੀਸ ਗੰਜ ਵਿਖੇ ਸਿਖਾਂ ਨੂੰ ਸੰਬੋਧਨ ਕਰਕੇ ਵਿਸ਼ਵਾਸ਼ ਦੁਵਾ ਰਿਹਾ ਸੀ ਕਿ ਹਿਦੁਸਤਾਨ ਅਜ਼ਾਦ ਹੋਣ ਤੋਂ ਬਾਦ ਸਿਖਾਂ ਨੂੰ ਪੂਰਾ ਇਨਸਾਫ ਦਿਤਾ ਜਾਵੇਗਾ। ਤਾਂ ਇਸੇ ਦੌਰਾਨ ਸਿਖਾਂ ਦੇ ਭਾਰੀ ਇਕੱਠ ਵਿਚੋਂ ਇਕ ਸਿਖ ਨੇ ਖੜੇ ਹੋ ਕੇ ਗਾਂਧੀ ਨੂੰ ਪੁਛਿਆ 'ਜੇਕਰ ਦੇਸ ਅਜ਼ਾਦ ਹੋਣ ਤੋਂ ਬਾਦ ਵੀ ਕਾਂਗਰਸ ਪਾਰਟੀ ਨੇ ਸਿਖਾਂ ਨਾਲ ਇਨਸਾਫ ਨਾ ਕੀਤਾ ਤਾਂ ਸਿਖ ਕੀ ਕਰਨ।' ਇਸ ਦਾ ਉਤਰ ਦਿੰਦਿਆਂ ਗਾਂਧੀ ਨੇ ਕਿਹਾ ਕਿ ਅੱਵਲ ਤਾਂ ਕਾਂਗਰਸ ਪਾਰਟੀ ਸਿਖਾਂ ਨੂੰ ਇਨਸਾਫ ਦੇਵੇਗੀਅਗਰ ਕਾਂਗਰਸ ਨੇ ਸਿਖਾਂ ਨੂੰ ਇਨਸਾਫ ਨਾ ਦਿਤਾ ਤਾਂ ਸਿਖਾਂ ਨੂੰ ਚਾਹੀਦਾ ਹੈ ਕਿ ਆਪਣੇ ਹੱਥ ਵਿਚ ਤਲਵਾਰ ਉਠਾ ਕੇ ਆਪਣੇ ਹੱਕਾਂ ਲਈ ਸੰਘਰਸ਼ ਕਰਨ। ਰੱਬ ਤੇ ਮਨੁੱਖ ਜਾਤੀ ਉਹਨਾਂ ਦੀ ਮੱਦਦ ਕਰੇਗੀ।

ਇਸ ਮਹਾਂਦੀਪ ਦੀ ਅਜਾਦੀ ਨਾਲ ਹਿੰਦੂਆਂ ਨੂੰ ਹਿੰਦੁਸਤਾਨ, ਮੁਸਲਮਾਨਾਂ ਨੂੰ ਪਾਕਿਸਤਾਨ ਅਤੇ ਸਿਖ ਕੌਮ ਦੇ ਪੱਲੇ ਘਰਾਂ ਦੀ ਬਰਬਾਦੀ ਕਤਲੋਗਾਰਦ ਜਾਂ ਹਿੰਦੂਆਂ ਦੇ ਝੂਠੇ ਲਾਰਿਆਂ ਸਿਵਾਏ ਕੁਝ ਵੀ ਹੱਥ ਨਾ ਲੱਗਾ। ਹਿੰਦੁਸਤਾਨ ਦੀ ਅਜਾਦੀ ਤੋਂ ਬਾਦ ਮਾਸਟਰ ਤਾਰਾ ਸਿੰਘ ਨੇ ਪੰਡਤ ਜਵਾਹਰ ਲਾਲ ਨਹਿਰੂ ਨੂੰ ਕੀਤੇ ਵਾਇਦਿਆਂ ਦੀ ਯਾਦ ਤਾਜਾ ਕਰਵਾਉਂਦਿਆਂ ਪੂਰੇ ਕਰਨ ਲਈ ਕਿਹਾ। ਪਰ ਅਜਾਦੀ ਤੋਂ ਤੁਰੰਤ ਬਾਦ ਮਕਾਰ ਹਿੰਦੂ ਲੀਡਰ ਅੱਖਾਂ ਫੇਰ ਗਏ। ਮਾਸਟਰ ਤਾਰਾ ਸਿੰਘ ਦੇ ਇਸ ਸਵਾਲ ਦੇ ਉੱਤਰ ਵਿਚ ਨਹਿਰੂ ਕਹਿਣ ਲੱਗਾ ਕਿ ਮਾਸਟਰ ਜੀ ਉਹ ਸਮਾਂ ਹੋਰ ਸੀ ਹੁਣ ਹੋਰ ਹੈ। ਮਾਸਟਰ ਤਾਰਾ ਸਿੰਘ ਨੂੰ ਉਸ ਵਕਤ ਕੀਤੀ ਗਲਤੀ ਦਾ ਪਤਾ ਲੱਗਾ। ਹਿੰਦੂ ਸਰਕਾਰ ਵਲੋਂ ਸਿਖਾਂ ਦੇ ਧਾਰਮਿਕ ਚਿੰਨ ਸ੍ਰੀ ਸਾਹਿਬ ਨਾਲ ਲੈ ਕੇ ਚਲਣ ਤੇ ਪਾਬੰਦੀ ਲਗਾ ਦਿਤੀ ਗਈ।

1948 ਈ: ਵਿਚ ਗ੍ਰਹਿ ਮੰਤਰੀ ਸਰਦਾਰ ਪਟੇਲ ਵਲੋਂ ਇਕ ਗੁਪਤ ਸੈਕੂਅਲਰ ਜਾਰੀ ਕਰਕੇ ਸਾਰੇ ਜਿਲਿਆਂ ਦੇ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਗਈ ' ਕਿ ਸਿਖ ਜਰਾਇਮ ਪੇਸ਼ਾ ਕੌਮ ਹਨ। ਇਹਨਾਂ ਨੂੰ ਦਬਾ ਕੇ ਰੱਖਿਆ, ਜਾਵੇ ਅਤੇ ਇਹਨਾਂ ਤੇ ਕਰੜੀ ਨਜਰ ਰੱਖੀ ਜਾਵੇ। ਸ: ਕਪੂਰ ਸਿੰਘ ਉਸ ਸਮੇਂ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨਿਯੁਕਤ ਸਨ ਜਦੋਂ ਉਹਨਾਂ ਨੂੰ ਇਹ ਸੈਰਕੂਅਲਰ ਮਿਲਿਆ ਉਹਨਾਂ ਇਸ ਬਾਰੇ ਮਾਸਟਰ ਤਾਰਾ ਸਿੰਘ ਜੀ ਨੂੰ ਦੱਸਿਆ। ਮਾਸਟਰ ਤਾਰਾ ਸਿੰਘ ਨੇ ਕਾਨਫਰੰਸ ਕਰਕੇ ਇਸ ਸੈਰਕੂਅਲਰ ਬਾਰੇ ਸਰਕਾਰ ਕੋਲ ਪ੍ਰੋਟੈਸਟ ਕੀਤਾ। ਇਸੀ ਦਬਾ ਕਾਰਨ ਬਾਦਦ ਵਿਚ ਸੈਰਕੂਅਲਰ ਵਾਪਸ ਲੈ ਲਿਆ ਗਿਆ।

1950 ਈ: ਵਿਚੋ ਸੰਵਿਧਾਨ ਘੜਨੀ ਕਮੇਟੀ ਬਣਾਈ ਗਈ ਜਿਸ ਵਿਚ ਸਿੱਖਾਂ ਵਲੋਂ ਹੁਕਮ ਸਿੰਘ ਅਤੇ ਭੁਪਿੰਦਰ ਸਿੰਘ ਨੂੰ ਲਿਆ ਗਿਆ। ਜਦੋਂ ਸੰਵਿਧਾਨ ਬਣਾਇਆ ਜਾ ਰਿਹਾ ਸੀ ਇਹਨਾਂ ਦੋਵਾਂ ਸਿਖ ਨੁਮਾਇੰਦਿਆਂ ਪਾਸੋਂ ਕੋਈ ਸਲਾਹ ਨਾ ਲਈ ਗਈ। ਜਦੋਂ ਸੰਵਿਧਾਨ ਬਣ ਕੇ ਤਿਆਰ ਹੋਇਆ ਤਾਂ ਸਿਖ ਨੁਮਾਇੰਦਿਆਂ ਨੇ ਇਸ ਤੇ ਇਤਰਾਜ ਕੀਤਾ ਕਿ ਇਹ ਸੰਵਿਧਾਨ ਸਿਖਾਂ ਦੇ ਹੱਕਾਂ ਦੀ ਰਾਖੀ ਨਹੀਂ ਕਰਦਾ। ਇਸ ਵਿਚ ਸਿੱਖਾਂ ਦੇ ਹੱਕ ਸੁਰਖਿਅਤ ਨਹੀਂ ਹਨ। ਇਸ ਵਿਚ ਤਬਦੀਲੀ ਕੀਤੀ ਜਾਵੇ। [illegible] ਨੇ ਤਬਦੀਲੀ ਕਰਨੋਂ ਨਾਂਹ ਕਰ ਦਿਤੀ। ਜਿਸ ਤੇ ਰੋਸ ਵਜੋਂ ਸਿਖ ਨੁਮਾਇੰਦਿਆਂ ਨੇ ਲਿਖ ਕੇ ਇਹ ਦਸਖਤ ਕੀਤੇ '' ਇਹ ਸੰਵਿਧਾਨ ਸਿਖਾਂ ਦੇ ਹਕਾਂ ਦੀ ਰਾਖੀ ਨਹੀਂ ਕਰਦਾ ਇਸ ਲਈ ਅਸੀਂ ਇਸ ਨੂੰ ਰੱਦ ਕਰਦੇ ਹਾਂ। ਉਹੀ ਸੰਵਿਧਾਨ ਸਿੱਖਾਂ

ਤੇ ਹੁਣ ਤਕ ਜਬਰੀ ਠੋਕਿਆ ਜਾ ਰਿਹਾ ਹੈ।

1953 ਈ: ਨੂੰ ਭਾਸ਼ਾ ਦੇ ਅਧਾਰ ਤੇ ਕਈ ਸੂਬੇ ਬਣਾਏ ਗਏ। ਜਦੋਂ ਅਕਾਲੀ ਦਲ ਨੇ ਪੰਜਾਬੀ ਸੂਬੇ ਦੀ ਮੰਗ ਕੀਤੀ ਤਾਂ ਇਸਨੂੰ ਸਿੱਖਾਂ ਦੀ ਮੰਗ ਸਮਝ ਕੇ ਠੁਕਰਾ ਦਿਤਾ ਗਿਆ। 1955 ਈ: ਨੂੰ ਮਾਸਟਰ ਤਾਰਾ ਸਿਘ ਨੇ ਪੰਜਾਬੀ ਸੂਬੇ ਲਈ ਮੋਰਚੇ ਦਾ ਐਲਾਨ ਕਰ ਦਿਤਾ ਜੋ ਸੰਨ 66 ਤਕ ਚਲਦਾ ਰਿਹਾ। ਆਪਸੀ ਫੁੱਟ ਕਾਰਨ ਅਕਾਲੀ ਦਲ ਵਿਚ ਦੋ ਗਰੁਪ ਬਣ ਗਏ। ਇਕ ਦੀ ਅਗਵਾਈ ਮਾਸਟਰ ਤਾਰਾ ਸਿਘ ਨੇ ਤੇ ਦੂਜੇ ਦੀ ਅਗਵਾਈ ਸੰਤ ਫਤਿਹ ਸਿਘ ਨੇ ਕੀਤੀ।

ਮੋਰਚੇ ਲਗਵਾਉਣ ਤੋਂ ਬਾਵਜੂਦ ਜਦੋਂ ਸਿਖ ਕੌਮ ਨੂੰ ਆਪਣੇ ਹੱਕਾਂ ਦੀ ਪ੍ਰਾਪਤੀ ਵਿਚ ਹਿੰਦੂ ਸਰਕਾਰ ਦੇ ਸਖਤ ਰਵੱਈਏ ਕਾਰਨ ਮਾਯੂਸੀ ਦਾ ਸਾਹਮਣਾਂ ਕਰਨਾ ਪਿਆ ਤਾਂ ਮਾਸਟਰ ਤਾਰਾ ਸਿਘ ਅਕਾਲੀ ਦਲ ਵਲੋਂ 1965 ਈ: ਨੂੰ ਲੁਧਿਆਣੇ ਵਿਚ 'ਹਰੀ ਸਿਘ ਨਲਵਾ ' ਕਾਨਫਰੰਸ ਵਿਚ ਮਤਾ ਪਾਸ ਕਰਕੇ ਅੰਦਰੂਨੀ ਤੌਰ ਤੇ ਖੁਦਮੁਖਤਿਆਰ 'ਸਿੱਖ ਹੋਮਲੈਂਡ' ਦੀ ਮੰਗ ਕੀਤੀ ਗਈ।

ਦੂਜੇ ਪਾਸੇ ਸੰਤ ਫਤਿਹ ਸਿਘ ਨੇ ਬੋਲੀ ਦੇ ਅਧਾਰ ਤੇ ਪੰਜਾਬੀ ਸੂਬੇ ਦੀ ਮੰਗ ਕੀਤੀ। 1965 ਵਿਚ ਜਦੋਂ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਬਣੀ। ਸਰਕਾਰ ਨੇ ਇਸ ਸਮੇਂ ਸਿਖ ਹੋਮਲੈਂਡ ਦੀ ਮੰਗ ਤੋਂ ਘਬਰਾ ਕੇ ਬੋਲੀ ਦੇ ਅਧਾਰ ਤੇ ਪੰਜਾਬੀ ਸੂਬੇ ਦੀ ਮੰਗ ਨੂੰ ਪੂਰਾ ਕਰ ਦਿਤਾ। 1966 ਵਿਚ ਪੰਜਾਬੀ ਸੂਬਾ ਕਾਇਮ ਕਰ ਦਿਤਾ ਗਿਆ ਪਰ ਇਸ ਦੀ ਰਾਜਧਾਨੀ ਚੰਡੀਗੜ, ਪੰਜਾਬ ਦੀ ਆਰਥਿਕਤਾ ਦਾ ਧੁਰਾ ਭਾਖੜਾ ਡੈਮ ਅਤੇ ਹੋਰ ਬਹੁਤ ਸਾਰੇ ਪੰਜਾਬੀ ਬੋਲਦੇ ਇਲਾਕੇ ਜੋ ਸਿਖੀ ਪ੍ਰਭਾਵ ਵਾਲੇ ਸਨ ਪੰਜਾਬ ਤੋਂ ਬਾਹਰ ਰਖ ਲਏ ਗਏ।

ਪੰਜਾਬੀ ਸੂਬੇ ਦੀ ਸਥਾਪਨਾਂ ਤੋਂ ਬਾਦ ਜਿੰਨੀ ਵੇਰ ਵੀ ਅਕਾਲੀ ਸਰਕਾਰ ਬਣੀ ਇਸ ਨੂੰ ਕੇਂਦਰ ਸਰਕਾਰ ਵਲੋਂ ਇਸ ਸਾਜ਼ਸ਼ ਦੇ ਅਧੀਨ ਤੋੜ ਦਿਤਾ ਜਾਂਦਾ ਰਿਹਾ। ਜਿਸ ਦੇ ਸਿੱਟੇ ਵਜੋਂ 16 ਅਕਤੂਬਰ 1973 ਨੂੰ ਅਕਾਲੀ ਦਲ ਵਲੋਂ ਸ੍ਰੀ ਅਨੰਦਪੁਰ ਸਾਹਿਬ ਦਾ ਮਤਾ ਪਾਸ ਕਰਕੇ ਸੰਘਰਸ਼ ਕਰਨ ਦਾ ਫੈਸਲਾ ਕੀਤਾ ਗਿਆ। ਇਸ ਦੀ ਪ੍ਰਸ਼ਟੀ ਬਾਦ ਵਿਚ 28,29 ਨਵੰਬਰ 1978 ਦੀ 18ਵੀਂ ਸਰਬ ਹਿੰਦ ਅਕਾਲੀ ਕਾਨਫਰੰਸ ਵਿਚ ਵੀ ਕੀਤੀ ਗਈ। ਅਨੰਦਪੁਰ ਦੇ ਮਤੇ ਦੀ ਪ੍ਰਸ਼ਟੀ ਕੀਤੀ ਕਿ ਪੰਥ ਦਾ ਰਾਜਨੀਤਕ ਲਕਸ਼ ਬਿਨਾਂ ਸ਼ਕ ਦਸਵੇਂ ਗੁਰੂ ਜੀ ਦੇ ਧਰਮ ਆਦੇਸ਼ਾਂ ਸਿਖ

ਇਤਿਹਾਸ ਦੇ ਪੰਨੇ ਅਤੇ ਖਾਲਸਾ ਪੰਥ ਦੇ ਅੰਦਰ ਹੀ ਸਮਾਇਆ ਹੋਇਆ ਹੈ। ਜਿਸ ਦਾ ਮੰਤਵ ਖਾਲਸੇ ਦਾ ਬੋਲਬਾਲਾ ਹੈ। ਜਿਸ ਵਿਚ ਸਿਖਾਂ ਦਾ ਸੰਵਿਧਾਨ ਤੇ ਨਿਸ਼ਾਨ ਆਪਣਾ ਹੋਵੇਗਾ। ਸ਼ਰੋਮਣੀ ਅਕਾਲੀ ਦਲ ਹੇਠ ਲਿਖੇ ਨਿਸ਼ਾਨਿਆਂ ਦੀ ਪਰਾਪਤੀ ਲਈ ਬਚਨਬਧ ਹੈ:-

1. ਉਹ ਸਾਰੇ ਪੰਜਾਬੀ ਭਾਸ਼ੀ

1. ਉਹ ਸਾਰੇ ਪੰਜਾਬੀ ਭਾਸ਼ਾ ਅਤੇ ਸਿਖ ਕਲਚਰ ਦੇ ਇਲਾਕੇ ਜਿਹਨਾਂ ਨੂੰ ਜਾਣ ਬੁਝ ਕੇ ਪੰਜਾਬ ਤੋਂ ਬਾਹਰ ਰੱਖਿਆ ਗਿਆ ਹੈ ਉਹਨਾ ਸਾਰੇ ਇਲਾਕਿਆਂ ਨੂੰ ਪੰਜਾਬ ਵਿਚ ਮਿਲਾ ਕੇ ਇਕ ਐਸਾ ਸੂਬਾ ਬਣਾਉਣਾ ਜਿਥੇ ਸਿਖ ਕੌਮ ਅਤੇ ਸਿਖ ਧਰਮ ਦੇ ਹਿਤ ਵਿਸ਼ੇਸ਼ ਤੌਰ ਤੇ ਸੁਰਿਖਅਤ ਹੋਣ।

2. ਕੇਂਦਰ ਸਰਕਾਰ ਆਪਣੇ ਪਾਸ, ਰੱਖਿਆ, ਬਿਦੇਸ਼, ਕਰੰਸੀ ਸੰਚਾਰ ਵਿਭਾਗ ਰਖੇ ਬਾਕੀ ਸਾਰੇ ਅਧਿਕਾਰ ਪੰਜਾਬ ਨੂੰ ਮਿਲਣ।

ਇਸ ਤੋਂ ਪਹਿਲਾਂ ਸਿਖ ਕੌਮ ਤੇ ਹੁੰਦੀਆਂ ਜ਼ਿਆਦਤੀਆਂ ਦੂਰ ਕਰਵਾਉਣ ਲਈ ਅਤੇ ਸਿਖ ਕੌਮ ਦੇ ਡਿਗੇ ਵਕਾਰ ਨੂੰ ਵਹਾਲ ਕਰਨ ਲਈ ਸ: ਦਰਸ਼ਨ ਸਿਘ ਜੀ ਫੇਰੂਮਾਨ ਜੀ ਨੇ 15 ਅਗਸਤ 1969 ਨੂੰ ਮਰਨ ਵਰਤ ਸ਼ੁਰੂ ਕਰ ਦਿਤਾ। ਸ: ਦਰਸ਼ਨ ਸਿਘ ਜੀ 74 ਦਿਨਾਂ ਦੇ ਵਰਤ ਤੋਂ ਬਾਦ 27 ਅਕਤੂਬਰ 1969 ਨੂੰ ਸ਼ਹੀਦੀ ਪਾ ਗਏ। ਉਹਨਾਂ ਨੇ ਆਪਣੀ ਵਸੀਅਤ ਵਿਚ 'ਸਿਖ ਹੋਮ ਲੈਂਡ' ਦੀ ਪ੍ਰਾਪਤੀ ਨੂੰ ਸਿਖ ਕੌਮ ਦਾ ਨਿਸ਼ਾਨਾ ਦਰਸਾਇਆ।

ਹਿਦੁਸਤਾਨ ਦੇ ਵਖ ਵਖ ਹਿਸਿਆ ਵਿਚ ਸਿਖਾਂ ਨਾਲ ਹੋ ਰਹੀਆ ਜ਼ਿਆਦਤੀਆਂ ਅਤੇ ਜ਼ੁਲਮ ਕੌਮ ਦੇ ਜਜ਼ਬਾਤਾਂ ਨੂੰ ਉਭਾਰਦੇ ਰਹੇ।

1. 1964 ਨੂੰ ਇਤਿਹਾਸਕ ਗੁਰਦਵਾਰਹ ਪਾਉਂਟਾ ਸਾਹਿਬ ਉਤੇ ਪੁਲੀਸ ਨੇ ਹਮਲਾ ਕਰਕੇ 11 ਸਿਘ ਸ਼ਹੀਦ ਕਰ ਦਿਤੇ।

2. 1971 ਵਿਚ ਲਾਗੇ ਗੁਰਦੁਆਰਾ ਸ੍ਰੀ ਬਾਘਮਾੜੀ ਤੇ ਹਮਲਾ ਕਰਕੇ ਗੁਰਦੁਆਰੇ ਨੂੰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀਆਂ ਬੀੜਾਂ ਸਮੇਤ ਅਗ ਲਾ ਦਿਤੀ3. 1972 ਈ: ਨੂੰ ਰੋਪੜ ਦੇ ਨੇੜੇ ਗੁਰਦਵਾਰਾਂ ਸਦਾ ਵਰਤ ਤੇ ਹਮਲਾ ਕਰਕੇ 12 ਸਿਘ ਸ਼ਹੀਦ ਕਰ ਦਿੱਤੇ।

ਇਸ ਦੌਰਾਨ ਹੀ ਫੌਜ ਵਿਚ ਸਿਖਾਂ ਦੀ ਭਰਤੀ 40 ਪ੍ਰਤੀਸ਼ਤ ਤੋਂ ਘਟਾ ਕੇ ਅਬਾਦੀ ਦੇ ਲਿਹਾਜ ਨਾਲ 2 ਪ੍ਰਤੀਸ਼ਤ ਕਰ ਦਿਤੀ ਗਈ।

1947 ਤੋਂ ਪਹਿਲਾਂ ਅੰਗਰੇਜ਼ ਸਰਕਾਰ ਵਲੋਂ ਅੰਮ੍ਰਿਤਧਾਰੀ ਸਿੱਘਾਂ ਨੂੰ ਜੋ ਫੌਜ ਵਿਚ ਭਰਤੀ ਹੁੰਦੇ ਸਨ ਉਤਸਾਹਿਤ ਕੀਤਾ ਜਾਂਦਾ ਸੀ। ਹਿਦੂ ਸਰਕਾਰ ਉਹਨਾਂ ਨੂੰ ਪਤਿਤ ਕਰਨ ਵਿਚ ਉਤਸ਼ਾਹ ਕਰਦੀ ਹੈ। ਉਹਨੂੰ ਨੂੰ ਅਹੁਦਿਆਂ ਦਾ ਲਾਲਚ ਦੇਕੇ ਸਿਖ ਧਰਮ ਤੋਂ ਦੂਰ ਕੀਤਾ ਜਾਂਦਾ ਹੈ।

ਸਿਖ ਰਜਮੈਂਟਾਂ ਨੂੰ ਤੋੜ ਦਿਤਾ ਗਿਆ। ਇਹ ਸਭ ਇਕ ਸਾਜ਼ਸ਼ ਦੇ ਅਧੀਨ ਕੀਤਾ ਗਿਆ ਤਾਂ ਜੋ ਸਿਘਾਂ ਦੀਸ਼ਕਤੀ ਨੂੰ ਖੋਰ੍ਹੂੰ ਖੋਰ੍ਹੂੰ ਕੀਤਾ ਜਾ ਸਕੇ।

ਸਰਕਾਰੀ ਨੌਕਰੀਆਂ ਵਿਚ ਸਿਖਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਗਿਆ। ਹਰਿਆਣੇ ਰਾਜ ਵਿਚ ਬੰਸੀ ਲਾਲ ਦੀ ਹਕੂਮਤ ਦੁਰਾਨ ਜੋ ਕੋਈ ਸਿਖ ਨੌਕਰੀ ਲਈ ਗਿਆ ਤਾਂ ਕਿਹਾ ਗਿਆ ਜਾ ਪਹਿਲਾਂ ਨਾਈ ਦੀ ਦੁਕਾਨ ਤੇ ਜਾ ਕੇ ਆ ਜੇ ਨਹੀਂ ਤਾਂ ਪਹਿਲਾਂ ਹੀ ਹਿਦੂ ਮਾ ਦੀ ਕੁਖ ਜਨਮ ਲੈਣਾ ਸੀ। ਇਸ ਗੱਲ ਤੋਂ ਹਿਦੂ ਹੁਕਮਰਾਨਾ ਦੀ ਸੋਚ ਦਾ ਪਤਾ ਚਲਦਾ ਹੈ। ਇਹ ਹਲਾਤ ਸਿਖਾਂ ਨਾਲ ਭਾਰਤ ਦੇ ਦੂਜੇ ਸੂਬਿਆਂ ਵਿਚ ਵੀ ਪੇਸ਼ ਆਏ।

ਹਰਿਆਣੇ ਰਾਜ ਵਿਚ 30 ਲਖ ਸਿਖ ਵਸਦੇ ਹਨ। ਹਰਿਆਣੇ ਦੀ ਰਾਜ ਭਾਸ਼ਾ ਹਿਦੀ ਹੈ ਰਾਜ ਵਿਚ ਦੂਜੀ ਭਾਸ਼ਾ ਦਾ ਦਰਜਾ ਪੰਜਾਬੀ ਦੀ ਬਜਾਏ ਤੇਲਗੂ ਨੂੰ ਦਿਤਾ ਗਿਆ ਜਦ ਕਿ ਹਰਿਆਣੇ ਵਿਚ ਇਕ ਵੀ ਤੇਲਗੂ ਨਹੀਂ ਵਸਦਾ।

ਇਹ ਸਭ ਹੋਣ ਤੋਂ ਬਾਅਦ ਸਿਖਾਂ ਨੇ ਮਹਿਸੂਸ ਕੀਤਾ ਕਿ ਸਾਡੇ ਨਾਲ ਦੂਜੇ ਦਰਜੇ ਦੇ ਸਹਿਰੀ ਅਤੇ ਗੁਲਾਮਾਂ ਵਰਗਾ ਵਰਤਾਉ ਕੀਤਾ ਜਾ ਰਿਹਾ ਹੈ। ਇਨ੍ਹਾਂ ਉਪਰੋਕਤ ਹਲਾਤਾ ਨੇ ਹੀ ਸਿਖ ਕੌਮ ਨੂੰ ਆਜਾਦੀ ਦੇ ਸੰਘਰਸ ਲਈ ਉਤਸਾਹਤ ਕੀਤਾ।

ਐਮਰਜੈਂਸੀ ਤੋਂ ਬਾਅਦ ਜਦੋਂ ਜਨਤਾ ਪਾਰਟੀ ਸਤਾ ਵਿਚ ਆਈ ਤਾਂ ਅਕਾਲੀ ਲੀਡਰਾਂ ਨੂੰ ਸਾਇਦ ਸ਼ੱਕ ਸੀ ਕਿ ਜਨਤਾ ਪਾਰਟੀ ਸਾਡੇ ਹੱਕਾਂ ਤੇ ਹਮਦਰਦੀ ਨਾਲ ਵਿਚਾਰ ਕਰੇਗੀ ਪਰ 15 ਜਨਵਰੀ 1987 ਨੂੰ ਪੁੰਡਲੀ ਵਿਚ ਸਕਰਾਕ ਵਲੋਂ ਗੋਲੀ ਚਲਾ ਕੇ ਚਾਰ ਸਿਘ ਸ਼ਹੀਦ ਕਰ ਦਿਤੇ। ਇਹ ਜਨਤਾ ਸਰਕਾਰ ਦਾ ਸਿਖਾ ਨੂੰ ਪਹਿਲਾ ਤੋਹਫਾ ਸੀ।

ਹਿੰਦੁਸਤਾਨ ਦੀ ਗੁਲਾਮੀ ਤੋਂ ਬਾਦ ਸਿਖ ਧਰਮ ਨੂੰ ਖਤਮ ਕਰਨ ਵਾਸਤੇ ਉਸ ਸਮੇਂ ਦੀ ਸਰਕਾਰ ਦੇ ਗ੍ਰਹਿ ਮੰਤਰੀ ਪਟੇਲ ਵਲੋਂ ਇਕ ਸਾਜ਼ਸ਼ ਤਿਆਰ ਕੀਤੀ ਗਈ। ਇਸੇ ਸਾਜ਼ਿਸ਼ ਦੇ ਅਧੀਨ: ਇਕ ਸ਼ਰਾਬੀ ਕਬਾਬੀ,ਬਦਚਲਣ ਆਦਮੀ ਅਵਤਾਰ ਸਿਘ ਨੂੰ , ਜਿਸਨੂੰ ਸਿਖ ਧਰਮ ਵਿਚੋਂ ਸਿਖ ਵਿਰੋਧੀ ਹਰਕਤਾਂ ਕਰਕੇ ਛੇਕਿਆ ਹੋਇਆ ਸੀ ਅੱਗੇ ਲਿਆਂਦਾ । ਭਾਰਤ ਸਰਕਾਰ ਵਲੋਂ ਹਰ ਤਰਾਂ ਦੀ ਮੱਦਦ ਤੇ ਭਰੋਸਾ ਦਿਤਾ ਗਿਆ । ਇਹ ਸਿੱਖੀ ਦੇ ਭੇਸ ਵਿਚ ਇਕ ਨਿਰੰਕਾਰੀ ਗ੍ਰਿਹ ਦਾ ਮੁਖੀ ਬਣਿਆ । ਸਰਕਾਰ ਹੇਠ ਦਿਲੀ ਵਿਚ ਇਸਨੇ ਆਪਣਾ ਹੈਡਕੁਆਰਟਰ ਬਣਾ ਕੇ ਸਰਕਾਰ ਦੀ ਸ਼ਹਿ ਉਤੇ ਆਪਣੇ ਖਰੀਦੇ ਹੋਏ ਚਾਟੜਿਆਂ ਦੁਆਰਾ ਭੋਲੇ ਭਾਲੇ ਸਿਖਾਂ ਨੂੰ ਵਰਗਲਾ ਕੇ ਹੋਲੀ ਹੋਲੀ ਸਿਖ ਧਰਮ ਨੂੰ ਢਾਹ ਲਾਉਣੀ ਸ਼ੁਰੂ ਕਰ ਦਿੱਤੀ । ਇਹਨਾਂ ਨਕਲੀ ਨਿਰੰਕਾਰੀਆਂ ਨੇ ਆਪਣੀਆਂ ਪੁਸਤਕਾਂ ਵਿਚ ਸਿਖ ਧਰਮ ਵਿਰੁੱਧ ਪ੍ਰਚਾਰ ਕਰਨਾ ਸ਼ੁਰੂ ਕਰ ਦਿਤਾ । ਇਹਨਾਂ ਦੀਆਂ ਯੁਗ ਪੁਰਸ਼ ਅਤੇ ਅਵਤਾਰ ਬਾਣੀ ਅਜਿਹੀਆਂ ਕਿਤਾਬਾਂ ਹਨ,ਜਿਨ੍ਹਾਂ ਵਿਚ ਸਿਖ ਗੁਰੂ ਸਹਿਬਾਨ ਦੀ ਘੋਰ ਨਿਰਾਦਰੀ ਕੀਤੀ ਗਈ । ਅਵਤਾਰ ਸਿਘ ਦੀ ਮੌਤ ਤੋਂ ਬਾਦ ਉਹਦਾ ਪੁਤ ਗੁਰਬਚਨਾ ਇਸ ਗ੍ਰੇਹ ਦਾ ਮੁਖੀ ਬਣਿਆ । ਇਸ ਨੇ ਬੜੀ ਭਾਰੀ ਅੱਤ ਚੁਕ ਲਈ। ਸਿਖਾਂ ਨੂੰ ਗੁਮਰਾਹ ਕਰਨ ਲਈ ਇਸਨੇ ਪੰਜਾਬ ਭਰ ਵਿਚ ਆਪਣੇ ਕੇਂਦਰ ਸਥਾਪਤ ਕੀਤੇ ।

ਦਮਦਮੀ ਟਕਸਾਲ ਦੇ ਉਸ ਸਮੇਂ ਦੇ ਮੁਖੀ ਸੰਤ ਬਾਬਾ ਕਰਤਾਰ ਸਿਘ ਜੀ ਖਾਲਸਾ ਭਿੰਡਰਾਂਵਾਲਿਆਂ ਨੇ ਇਸ ਝੂਠ ਦੇ ਪ੍ਰਚਾਰ ਨੂੰ ਕਾਫੀ ਠੱਲ ਪਾਈ । ਸਿਖਾਂ ਨੂੰ ਇਸ ਗ੍ਰਿਹ ਦੀਆਂ ਮੰਦੀਆ ਭਾਵਨਾਵਾ ਤੋਂ ਸੁਚੇਤ ਕੀਤਾ । ਇਸ ਸਮੇਂ ਦੌਰਾਨ ਸੰਤ ਕਰਤਾਰ ਸਿਘ ਜੀ ਗੁਰਪੁਰੀ ਸੁਧਾਰ ਗਏ ਅਤੇ ਸੰਤ ਬਾਬਾ ਜਰਨੈਲ ਸਿਘ ਜੀ ਦਮਦਮੀ ਟਕਸਾਲ ਦੇ ਮੁਖੀ ਵਜੋਂ ਅੱਗੇ ਆਏ। ਸਮਾਂ ਚਲਦਾ ਗਿਆ । 13 ਅਪਰੈਲ 1978 ਦੀ ਵਿਸਾਖੀ ਆਈ । ਇਸ ਪਵਿਤਰ ਦਿਹਾੜੇ ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਤਿਆਰ ਕੀਤੀ ਸੀ । ਇਹ ਦਿਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਜੀ ਵਿਖੇ ਬੜੀ ਸ਼ਾਨੋ ਸ਼ੌਕਤ ਨਾਲ ਮਨਾਇਆ ਜਾ ਰਿਹਾ ਸੀ । ਮੰਜੀ ਸਾਹਿਬ ਵਿਖੇ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਜੁੜੀ ਹੋਈ ਸੀ ਜਿਸ ਵਿਚ ਸੰਤ ਬਾਬਾ ਜਰਨੈਲ ਸਿਘ ਜੀ ਵੀ ਮੌਜੂਦ ਸਨ । ਅਜੀਤ ਨਗਰ ਵਿਖੇ ਅਖੰਡ ਕੀਰਤਨੀ ਜਥੇ ਵਲੋਂ ਵੱਡੀ ਪੱਧਰ ਤੇ ਵਿਸਾਖੀ ਦਾ ਪੁਰਬ ਮਨਾਇਆ ਜਾ ਰਿਹਾ ਸੀ। ਜਿਸ ਵਿਚ ਭਾਈ ਫੌਜਾ ਸਿਘ ਤੇ ਚੜਦੀ ਕਲਾ ਵਾਲੇ ਸਿੱਖ ਮੌਜੂਦ ਸਨ ।

ਇਸੇ ਦਿਨ ਨਕਲੀ ਨਿਰੰਕਾਰੀਆਂ ਨੇ ਜਾਣ ਬੁੱਝ ਕੇ ਸਰਕਾਰ ਦੀ ਸ਼ਹਿ ਉੱਤੇ ਸਿਖਾਂ ਨੂੰ ਚਿੜਾਉਣ ਲਈ ਗੁਰਬਚਨੇ ਅਤੇ ਉਸਦੀ ਘਰਵਾਲੀ ਨੂੰ ਪਾਲਕੀਆਂ ਵਿਚ ਬਿਠਾ ਕੇ ਜਲੂਸ ਅੰਮ੍ਰਿਤਸਰ ਸ਼ਹਿਰ ਦੇ ਬਾਜ਼ਾਰਾਂ ਵਿਚ ਘੁਮਾਇਆ ਗਿਆ। ਜਲੂਸ ਵਿਚ ਸਿਖ ਗੁਰੂ ਸਹਿਬਾਨ ਦੀ ਸ਼ਾਨ ਦੇ ਖਿਲਾਫ ਮੰਦ ਭਾਸ਼ਾ ਵਰਤੀ ਗਈ ਜੋ ਲਿਖਣ ਤੋਂ ਬਾਹਰ ਹੈ।

ਸਿਖ ਗੁਰੂ ਸਹਿਬਾਨ ਜੀ ਦੀ ਸ਼ਾਨ ਦੇ ਖਿਲਾਫ ਇਹ ਕੁਬਚਨ ਕਦੋਂ ਬਰਦਾਸ਼ਤ ਕਰ ਸਕਦੇ ਹਨ। ਸਿਘਾਂ ਨੇ ਸ੍ਰੀ ਦਰਬਾਰ ਸਾਹਿਬ ਪਹੁੰਚ ਕੇ ਸੰਤ ਬਾਬਾ ਜਰਨੈਲ ਸਿਘ ਜੀ ਅਤੇ ਹੋਰ ਸਾਰੀ ਸੰਗਤ ਨੂੰ ਸਥਿਤੀ ਤੋਂ ਜਾਣੂ ਕਰਵਾਇਆ। ਸੰਤ ਜਰਨੈਲ ਸਿਘ ਜੀ ਨੇ ਕੁਝ ਮੁਖੀ ਸਿਘਾਂ ਨਾਲ ਸਲਾਹ ਕਰਕੇ ਭਾਈ ਸਾਹਿਬ ਭਾਈ ਫੌਜਾ ਸਿਘ ਜੀ ਦੀ ਅਗਵਾਈ ਵਿਚ ਇਕ ਜਥਾ ਪ੍ਰੋਟੈਸਟ ਕਰਨ ਲਈ ਤੋਰਿਆ ਕਿ ਸਾਡੇ ਗੁਰੂ ਸਹਿਬਾਨ ਜੀ ਦਾ ਅਪਮਾਨ ਕਰਨਾ ਬੰਦ ਕੀਤਾ ਜਾਏ। ਸ਼ਾਂਤ ਮਈ ਪ੍ਰੋਟੈਸਟ ਕਰਦਾ ਹੋਇਆ ਜਥਾ ਨਕਲੀ ਨਿਰੰਕਾਰੀਆਂ ਦੇ ਪੰਡਾਲ ਕੋਲ ਪੁਜਾ ਤਾਂ ਨਿਰੰਕਾਰੀਏ ਜੋ ਪਹਿਲਾਂ ਹੀ ਸੁਚੇਤ ਸਨ ਕਿ ਅਜ ਵੱਧ ਤੋਂ ਵੱਧ ਸਿਖਾਂ ਦਾ ਖੂਨ ਪੀਤਾ ਜਾਵੇ ਤਾਂ ਜੋ ਇਹ ਆਉਣ ਵਾਲੇ ਸਮੇਂ ਦੌਰਾਨ ਉਹਨਾਂ ਦੀ ਵਿਰੋਧਤਾ ਕੋਈ ਨਾ ਕਰ ਸਕੇ। ਪੰਡਾਲ ਲਾਗੇ ਪੁਜਣ ਸਾਰ ਹੀ ਪੰਡਾਲ ਅੰਦਰ ਪਹਿਲਾਂ ਤੋਂ ਹੀ ਪੁਜ਼ੀਸ਼ਨਾਂ ਲਈ ਬੈਠੇ ਨਕਲੀ ਨਿਰੰਕਾਰੀਆਂ ਨੇ ਸਿਖਾਂ ਉੱਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਫਟੜ ਹੋਏ ਸਿਘਾਂ ਉੱਤੇ ਤੇਜ਼ਾਬ ਦੀਆਂ ਬੋਤਲਾਂ ਸੁਟੀਆਂ ਗਈਆਂ ਤੇ ਤੇਜ਼ ਧਾਰ ਹਥਿਆਰਾਂ ਨਾਲ ਉਹਨਾਂ ਨੂੰ ਮਾਰਿਆ ਗਿਆ। ਪੁਲੀਸ ਇਹ ਸਭ ਕੁਝ ਇਕ ਦਰਸ਼ਕ ਵਜੋਂ ਦੇਖਦੀ ਰਹੀ। ਪੁਲੀਸ ਨੇ ਨਕਲੀ ਨਿਰੰਕਾਰੀਆਂ ਨੂੰ ਰੋਕਣ ਦੀ ਬਜਾਏ ਸਿਘਾਂ ਉੱਤੇ ਹੀ ਫਾਇਰਿੰਗ ਕੀਤੀ। ਅੰਮ੍ਰਿਤਸਰ ਜ਼ਿਲੇ ਦਾ ਐਸ ਐਸ ਪੀ ਅਤੇ ਡੀ ਸੀ ਦੋਨੋਂ ਨਿਰੰਕਾਰੀਏ ਸਨ। ਇਹ ਸਭ ਕੁਝ ਉਸਦੀ ਮਿਲੀ ਭੁਗਤ ਨਾਲ ਹੀ ਹੋਇਆ ਤਾਂ ਹੀ ਤਾਂ ਇੰਨੇ ਕਤਲੇਆਮ ਹੋਣ ਦੇ ਬਾਵਜੂਦ 3 ਘੰਟੇ ਸੰਮੇਲਨ ਜਾਰੀ ਰਿਹਾ।

13 ਸਿਘ ਮੌਕੇ ਤੇ ਸ਼ਹੀਦ ਹੋ ਗਏ ਅਤੇ 50 ਦੇ ਕਰੀਬ ਸਖਤ ਜਖਮੀਂ ਹੋਏ।

ਜਦ ਇਸ ਘਟਨਾ ਦਾ ਪਤਾ ਦਰਬਾਰ ਸਾਹਿਬ ਵਿਚ ਅਤੇ ਹੋਰ ਜਗ੍ਹਾ ਲੱਗਾ ਤਾਂ ਸਿਖਾਂ ਨੇ ਵਾਰਦਾਤ ਵਾਲੀ ਥਾਂ ਨੂੰ ਭੱਜਣਾਂ ਸ਼ੁਰੂ ਕੀਤਾ। ਜਦੋਂ ਕਿ ਸਿਖ ਉਥੇ ਪਹੁੰਚਦੇ

ਇਸ ਤੋਂ ਪਹਿਲਾਂ ਹੀ ਸਰਕਾਰੀ ਅਧਿਕਾਰੀਆਂ ਨੇ ਅੰਮ੍ਰਿਤਸਰ ਤੋਂ ਗੁਰਬਚਨੇ ਨੂੰ ਬਾਹਰ ਕੱਢ ਦਿੱਤਾ ਤਾਂ ਕਿ ਸਿਖ ਕੋਈ ਪ੍ਰਤੀਕਰਮ ਨਾ ਕਰ ਸਕਣ। ਰਾਤ ਗੁਰਬਚਨਾ ਜਲੰਧਰ ਕਮਿਸ਼ਨਰ ਦੇ ਘਰ ਰਿਹਾ ਦੂਜੇ ਦਿਨ ਕਮਿਸ਼ਨਰ ਦੀ ਕਾਰ ਰਾਹੀਂ ਦਿੱਲੀ ਜਾ ਪੁੱਜਾ। ਦਿੱਲੀ ਪੁਜ ਕੇ ਗੁਰਬਚਨਾ ਉਸ ਸਮੇਂ ਦੇ ਪ੍ਰਧਾਨ ਮੰਤਰੀ ਮੁਰਾਰ ਜੀ ਡਿਸਾਈ ਦੀ ਕੋਠੀ ਗਿਆ। ਮੁਰਾਰ ਜੀ ਡਿਸਾਈ ਨੇ 13 ਸਿੰਘਾਂ ਦੇ ਖੂਨੀ ਨੂੰ ਆਪਣੇ ਘਰ ਪਨਾਹ ਦਿਤੀ। ਪਨਾਹ ਹੀ ਨਹੀਂ ਦਿਤੀ ਸਗੋਂ ਹੋਰ ਹੌਂਸਲਾ ਸ਼ੇਰੀ ਦਿੱਤੀ। ਇਸੇ ਕਰਕੇ ਤਾਂ ਹੌਸਲਾ ਵਧਣ ਕਰਕੇ ਕਾਨਪੁਰ ਵਿਚ 8 ਅਤੇ ਦਿੱਲੀ ਵਿਚ 2 ਹੋਰ ਸਿਘ ਸ਼ਹੀਦ ਕਰ ਦਿੱਤੇ। ਪਹਿਲਾਂ ਤਾਂ ਕੇਸ ਹੀ ਕੋਈ ਨਾ ਬਣਾਇਆ। ਜਦੋਂ 14 ਮਈ 1978 ਨੂੰ ਲੱਖਾਂ ਸਿਘ ਦਿੱਲੀ ਦੀਆਂ ਸੜਕਾਂ ਤੇ ਰੋਹ ਭਰਿਆ ਮਾਰਚ ਕਰਦੇ ਹੋਏ ਮੁਰਾਰ ਜੀ ਦੀ ਕੋਠੀ ਪਹੁੰਚੇ ਤਾਂ ਡਿਸਾਈ ਜਾਣ ਬੁਝ ਕੇ ਸਿਘਾਂ ਨੂੰ ਚਿੜਾਉਣ ਵਾਸਤੇ ਬਾਹਰ ਦੌਰੇ ਉੱਤੇ ਚਲਾ ਗਿਆ। ਇਸ ਗਲ ਨਾਲ ਸਿੱਖਾਂ ਦੇ ਮਨਾਂ ਅੰਦਰ ਡਿਸਾਈ ਸਰਕਾਰ ਵਿਰੁੱਧ ਬੜਾ ਗੁੱਸਾ ਤੇ ਨਫਰਤ ਪੈਦਾ ਹੋਈ ਕਿਉਂਕਿ ਇਕ ਤਾਂ ਸਿਘਾਂ ਦੇ ਕਾਤਲ ਨੂੰ ਪਨਾਹ ਦਿਤੀ ਦੂਜਾ ਮੈਮੋਰੰਡਮ ਦੇਣ ਗਏ ਸਿਘਾਂ ਨੂੰ ਮਿਲਣ ਤੋਂ ਪਹਿਲਾਂ ਹੀ ਜਾਣ ਬੁਝ ਕੇ ਦਿੱਲੀ ਤੋਂ ਬਾਹਰ ਚਲਾ ਗਿਆ।

ਜਲੂਸ ਦੀ ਸਮਾਪਤੀ ਤੋਂ ਬਾਦ ਗੁਰਦੁਆਰਾ ਸ੍ਰੀ ਰਕਾਬ ਗੰਜ ਦਿੱਲੀ ਵਿਖੇ ਭਾਰੀ ਇਕੱਠ ਹੋਇਆ ਜਿਸ ਵਿਚ ਕੌਮ ਦੇ ਆਗੂਆਂ ਨੇ ਫੈਸਲਾ ਲਿਆ ਕਿ 17ਮਈ ਵਾਲੇ ਦਿਨ ਸਮੂਹ ਜਥੇਬੰਦੀਆਂ ਦਾ ਇਕੱਠ ਸ੍ਰੀ ਅਕਾਲ ਤਖਤ ਸਾਹਿਬ ਉੱਤੇ ਕੀਤਾ ਜਾਵੇਗਾ। ਜਿਸ ਵਿਚ ਨਕਲੀ ਨਿਰੰਕਾਰੀਆਂ ਵਾਰੇ ਵੀਚਾਰ ਕੀਤਾ ਜਾਵੇਗਾ। 17 ਮਈ ਨੂੰ ਸਿਖ ਜਥੇਬੰਦੀਆਂ ਦਾ ਇਕੱਠ ਸ੍ਰੀ ਅਕਾਲ ਤਖਤ ਸਾਹਿਬ ਉਪਰ ਹੋਇਆ ਜਿਸ ਵਿਚ ਫੈਸਲਾ ਹੋਇਆ 10 ਜੂਨ ਵਾਲੇ ਦਿਨ ਨਕਲੀ ਨਿਰੰਕਾਰੀਆਂ ਦੇ ਖਿਲਾਫ ਹੁਕਮਨਾਮਾ ਜਾਰੀ ਕੀਤਾ ਜਾਵੇਗਾ।

10 ਜੂਨ 1978 ਨੂੰ ਨਕਲੀ ਨਿਰੰਕਾਰੀਆਂ ਵਿਰੁੱਧ ਹੁਕਮਨਾਮਾ ਜਾਰੀ ਹੋਇਆ। ਜਿਸ ਵਿਚ ਇਹਨਾਂ ਨੂੰ ਗੈਰ ਸਿਖ ਕਰਾਰ ਦਿਤਾ ਗਿਆ। ਇਸ ਹੁਕਮਨਾਮੇ ਵਿਚ ਸਿਖ ਕੌਮ ਨੂੰ ਹਦਾਇਤ ਦਿਤੀ ਗਈ ਕਿ ਅਜ ਤੋਂ ਇਹਨਾਂ ਨਾਲ ਰੋਟੀ-ਬੇਟੀ ਦੀ ਸਾਂਝ ਖਤਮ ਅਤੇ ਯੋਗ ਤਰੀਕੇ ਨਾਲ ਨਿਰੰਕਾਰੀਆਂ ਨੂੰ ਵਧਣ ਫੁੱਲਣ ਤੋਂ ਰੋਕਿਆ ਜਾਵੇ। ਇਹ ਹੁਕਮਨਾਮਾ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿਘ ਸਾਹਿਬ ਗਿਆਨੀ ਸਾਧੂ ਸਿਘ ਭੌਰਾ ਜੀ ਨੇ ਜਾਰੀ ਕੀਤਾ।

ਸਰਕਾਰ ਨੇ ਸਿਖਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ 60 ਨਕਲੀ ਨਿਰੰਕਾਰੀਆਂ ਨੂੰ ਗ੍ਰਿਫਤਾਰ ਕਰਕੇ ਅੰਮ੍ਰਿਤਸਰ ਸ਼ੈਸ਼ਨ ਕੋਰਟ ਦੀ ਜਗਾ ਪੰਜਾਬ ਤੋਂ ਬਾਹਰ ਕਰਨਾਲ (ਹਰਿਆਣਾ) ਵਿਚ ਮੁਕੱਦਮਾ ਚਲਾਇਆ। ਇਕ ਸਾਲ ਬਾਦ ਫੈਸਲਾ ਸੁਣਾਉਂਦੇ ਹੋਏ ਜੱਜ ਨੇ ਕਾਤਲਾਂ ਨੂੰ ਬਾ-ਇਜਤ ਬਰੀ ਕਰ ਦਿੱਤਾ। ਇਹ ਮੱਤ ਕੁਛ ਸਰਕਾਰ ਦੇ ਆਦੇਸ਼ਾ ਤੇ ਹੋਇਆ। ਕਤਲ ਕਰਨ ਵਾਲਿਆਂ ਨੂੰ ਸੱਚਾ ਜਾਣਦੇ ਹੋਏ ਬਰੀ ਕਰ ਦਿੱਤਾ ਅਤੇ ਕਤਲ ਹੋਣ ਵਾਲਿਆਂ ਨੂੰ ਦੋਸ਼ੀ ਕਰਾਰ ਦੇ ਦਿੱਤਾ।

ਇਸ ਨਾਲ ਸਿਖਾਂ ਦੇ ਮਨਾਂ ਅੰਦਰ ਭਾਰਤ ਸਰਕਾਰ ਵਿਰੁੱਧ ਗੁੱਸਾ ਤੇ ਨਫਰਤ ਪੈਦਾ ਹੋਈ ਅਤੇ ਸਰਕਾਰ ਤੋਂ ਕਿਸੇ ਕਿਸਮ ਦੀ ਇਨਸਾਫ ਦੀ ਆਸ ਨਾ ਰਹੀ। ਸਿਖਾਂ ਦੇ ਮਨਾਂ ਅੰਦਰ ਉਸ ਸਮੇਂ ਆਪਣੇ ਹੱਕ ਆਪ ਲੈਣ ਦੀ ਭਾਵਨਾ ਪੈਦਾ ਹੋਈ। ਸਿਖਾਂ ਨੇ ਆਪਣੇ ਪਿਤਾ ਸ੍ਰੀ ਗੁਰੂ ਗੋਬਿੰਦ ਸਿਘ ਦੇ ਹੁਕਮ ਤੇ ਚਲਣ ਦਾ ਫੈਸਲਾ ਕੀਤਾ ਜਿਸ ਵਿਚ ਉਹਨਾਂ ਨੇ ਕਿਹਾ ਸੀ:-

ਚੂ ਕਾਰ ਅਜ ਹਮਹ ਹੀਲਤੇ ਦਰ ਗੁਜ਼ਸ਼ਤ ॥

ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ ॥

ਸਿਖ ਨੌਜਵਾਨਾਂ ਦੇ ਮਨਾਂ ਅੰਦਰ ਇਹ ਲਫਜ਼ ਘਰ ਕਰ ਗਏ। ਕੁਝ ਯੋਧਿਆਂ ਨੇ ਆਪਣੇ ਪਿਤਾ ਸ੍ਰੀ ਗੁਰੂ ਗੋਬਿੰਦ ਸਿਘ ਜੀ ਦਾ ਹੁਕਮ ਮੰਨਦੇ ਹੋਏ ਉਪਰੋਕਤ ਬਚਨ ਨੂੰ ਪੂਰਾ ਕੀਤਾ। ਸਿਖਾਂ ਦੇ ਕਾਤਲ ਅਤੇ ਉਸ ਦੇ ਟਾਊਟਾਂ ਨੂੰ ਜਿਹਨਾਂ ਨੂੰ ਸਰਕਾਰ ਨੇ ਬਰੀ ਕੀਤਾ ਸੀ ਆਪ ਸਜ਼ਾ ਦੇਣ ਦਾ ਫੈਸਲਾ ਕੀਤਾ।

24 ਅਪਰੈਲ 1980 ਨੂੰ ਕੁਝ ਯੋਧਿਆਂ ਨੇ ਸਿਖ ਕੌਮ ਦੀ ਅਣਖ ਨੂੰ ਅਤੇ ਗੈਰਤ ਨੂੰ ਕਾਇਮ ਰਖਣ ਵਾਸਤੇ ਨਿਰੰਕਾਰੀ ਮੁਖੀ ਗੁਰਬਚਨੇ ਦੇ ਘਰੇ ਜਾ ਕੇ ਉਸਨੂੰ ਸਿਘਾਂ ਦੇ ਕਤਲਾਂ ਦੀ ਸਜ਼ਾ ਦਿਤੀ ਅਤੇ ਸਿਖ ਕੌਮ ਵਿਚ ਆਤਮ ਵਿਸ਼ਵਾਸ਼ ਦੀ ਭਾਵਨਾ ਪੈਦਾ ਕੀਤੀ।

13 ਅਪ੍ਰੈਲ 1978 ਦੇ ਦਿਨ ਸਾਕੇ ਤੋਂ ਬਾਦ ਜੋ ਦਮਦਮੀ ਟਕਸਾਲ ਦੇ ਮੁਖੀ ਬਾਬਾ ਸੰਤ ਜਰਨੈਲ ਸਿਘ ਜੀ ਖਾਲਸਾ ਭਿੰਡਰਾਂਵਾਲੇ ਸਿਖ ਕੌਮ ਦੀ ਅਗਵਾਈ ਕਰਨ ਲਈ ਉਭਰ ਕੇ ਸਾਹਮਣੇ ਆਏ। ਸੰਤ ਜੀ ਨੇ ਸਿਖਾਂ ਦੇ ਦਿਲਾਂ ਅੰਦਰ ਉਠ ਰਹੇ ਜਜ਼ਬਾਤਾਂ ਦੀ ਤਰਜਮਾਨੀ ਕੀਤੀ ਅਤੇ ਕੌਮ ਨੂੰ ਸਿੱਖੀ ਦੀਆਂ ਪੁਰਾਤਨ ਲੀਹਾਂ ਤੇ ਤੋਰਿਆ।

13 ਅਪਰੈਲ ਦੇ ਇਸ ਸਾਕੇ ਨੇ ਹੀ ਸਿਖਾਂ ਨੂੰ ਇਕ ਪਲੇਟ ਫਾਰਮ ਤੇ ਹਿਕੱਠਾ ਕੀਤਾ

13 ਅਪਰੈਲ ਦੇ ਡੁੱਲੇ ਇਸ ਖੂਨ ਤੋਂ ਹੀ 6 ਅਗਸਤ 1978 ਨੂੰ 'ਦਲ ਖਾਲਸਾ' ਹੋਂਦ ਵਿਚ ਆਇਆ। ਜਿਸ ਨੇ ਕੌਮ ਸਾਹਮਣੇ ਖਾਲਿਸਤਾਨ ਦਾ ਨਿਸ਼ਾਨਾ ਰੱਖਿਆ।

13 ਅਪਰੈਲ 1978 ਦੇ ਡੁੱਲੇ ਸਹੀਦਾਂ ਦੇ ਖੂਨ ਤੋਂ ਹੀ ਬੱਬਰ ਖਾਲਸਾ ਜਥੇਬੰਦੀ ਹੋਂਦ ਵਿਚ ਆਈ ਜਿਸਨੇ ਸੀਸ ਤਲੀ ਤੇ ਰਖ ਕੇ ਧਰਮ ਲਈ ਜੂਝਣ ਦਾ ਫੈਸਲਾ ਕੀਤਾ।

ਨਕਲੀ ਨਿਰੰਕਾਰੀ ਗੁਰਬਚਨੇ ਦੇ ਕਤਲ ਤੋਂ ਬਾਦ ਸਰਕਾਰ ਨੇ ਸੰਤ ਬਾਬਾ ਜਰਨੈਲ ਸਿਘ ਜੀ ਖਾਲਸਾ ਭਿੰਡਰਾਂਵਾਲਿਆਂ ਨੂੰ ਉਲਝਾਉਣ ਦਾ ਯਤਨ ਕੀਤਾ। ਮਹਾਸ਼ਾ ਪ੍ਰੈਸ ਨੇ ਸੰਤਾਂ ਦੀ ਗ੍ਰਿਫਤਾਰੀ ਲਈ ਬੜਾ ਖੌਰੂ ਪਾਇਆ ਪਰ ਸਰਕਾਰ ਆਪਣੇ ਮਿਸ਼ਨ ਵਿਚ ਕਾਮਯਾਬ ਨਾ ਹੋ ਸਕੀ।

ਹਿਦੂ ਪ੍ਰੈਸ ਨੇ ਮਸਾਲੇ ਲਾ ਲਾ ਕੇ ਸਿਖਾਂ ਤੇ ਜਖਮਾਂ ਤੇ ਖੂਨਾ ਪੁਨਾ ਨਿਮਕ ਛਿੜਕਿਆ। ਪਰ ਸਿਰ ਤੇ ਸਰਕਾਰ ਦਾ ਹੱਥ ਹੋਣ ਕਰਕੇ ਇਹਨਾਂ ਦੀ ਗੰਦੀ ਜਬਾਨ ਵਧਦੀ ਹੀ ਗਈ। ਲਾਲਾ ਜਗਤ ਨਰਾਇਣ ਨੇ ਆਪਣੇ ਆਰਟੀਕਲ ਵਿਚ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਸਿਘ ਸਾਹਿਬ ਗਿਆਨੀ ਗੁਰਦਿਆਲ ਸਿਘ ਜੀ ਅਜਨੋਹਾ ਅਤੇ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਗੁਰਚਰਨ ਸਿਘ ਟੌਹੜਾ ਨੂੰ ਦੇਸ਼ ਦੇ ਗਦਾਰ ਦੱਸਿਆ।ਸਿਖ ਇਤਿਹਾਸ ਦੇ ਤੱਥਾਂ ਨੂੰ ਤੋੜ ਮਰੋੜ ਕੇ ਪੇਸ਼ ਕਰਨ ਲੱਗਾ। ਜਦੋਂ ਇਸਨੇ ਆਪਣੀਆਂ ਅਖਬਾਰੀ ਲਿਖਤਾਂ ਵਿਚ ਸਿਖ ਗੁਰੂ ਸਹਿਬਾਨ ਦਾ ਅਪਮਾਨ ਕਰਨਾ ਸ਼ੁਰੂ ਕੀਤਾ ਤਾਂ ਇਹ ਗੱਲ ਸਿੰਘਾਂ ਲਈ ਬਰਦਾਸ਼ਤ ਤੋਂ ਬਾਹਰ ਸੀ। ਸਿੰਘ ਸੂਰਮੇ ਤੋਂ ਰਿਹਾ ਨਾ ਗਿਆ। ਗੁਰੂ ਜੀ ਦੀ ਓਟ ਤੇ ਆਸਰਾ ਲੈ ਕੇ ਇਸਨੂੰ ਇਸਦੇ ਕਰਮਾਂ ਦੀ ਸਜਾ ਦੇਕੇ ਦੋਜਖ ਵਿਚ ਪੁਜਾ ਦਿਤਾ।

9 ਸਤੰਬਰ 1981 ਨੂੰ ਲਾਲਾ ਜਗਤ ਨਰਾਇਣ ਗੱਡੀ ਚੜਿਆ। ਗੱਡੀ ਚੜਾਉਣ ਵਾਲਾ ਤਾਂ ਹੱਥ ਨਾ ਆਇਆ ਪਰ ਸਿੰਘਾਂ ਉਤੇ ਜੁਲਮ ਦਾ ਤੂਫਾਨ ਆ ਖੜਾ ਹੋਇਆ ਹਿਦੂਆਂ ਨੇ ਹਜੂਮ ਦੀ ਸ਼ਕਲ ਵਿਚ ਸਿਖ ਵਸੋਂ ਤੇ ਹਮਲੇ ਕਰਨੇ ਸ਼ੁਰੂ ਕਰ ਦਿਤੇ। ਸਿਖਾਂ ਦੀਆਂ ਦੁਕਾਨਾਂ ਸਾੜੀਆਂ ਗਈਆਂ। ਵਹੀਕਲਾਂ ਨੂੰ ਅੱਗਾਂ ਲਾਈਆਂ ਗਈਆਂ। ਜੋ ਜੋ ਜੁਲਮ ਸਿੰਘਾਂ ਨਾਲ ਹੋਇਆ ਸਾਰਾ ਦਸਣ ਤੋਂ ਬਾਹਰ ਹੈ। ਹਿਦੂ ਪ੍ਰੈਸ

ਨੇ ਇਸ ਕਤਲ ਦੇ ਸਬੰਧ ਵਿਚ ਸੰਤ ਜਰਨੈਲ ਸਿਘ ਜੀ ਭਿੰਡਰਾਂਵਾਲਿਆਂ ਦੀ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਅਪਮਾਨ ਸਿਰ ਤੇ ਚੁੱਕ ਲਿਆ। ਇਸ ਤੋਂ ਪਹਿਲਾ ਸੰਤ ਜਰਨੈਲ ਸਿੰਘ ਜੀ ਦਾ ਨਾਮ ਜਾਣ ਬੁਝ ਕੇ ਐਫ. ਆਈ.ਆਰ. ਵਿਚ ਲਿਖਾਇਆ ਗਿਆ ਤਾਂ ਜੋ ਇਸ ਕਤਲ ਕੇਸ ਵਿਚ ਫਸਾ ਕੇ ਆਪਣੀਆਂ ਸਾਜ਼ਸ਼ਾਂ ਨੂੰ ਅਮਲੀ ਰੂਪ ਦਿਤਾ ਜਾ ਸਕੇ।

ਇਸ ਤੇ ਸਰਕਾਰ ਨੇ 11 ਤਾਰੀਖ ਨੂੰ ਵਾਰੰਟ ਗ੍ਰਿਫਤਾਰੀ ਜਾਰੀ ਕਰ ਦਿਤੇ। ਸੰਤ ਜਰਨੈਲ ਸਿਘ ਜੀ ਉਸਸਮੇਂ ਹਰਿਆਣੇ ਰਾਜ ਦੇ ਇਕ ਪਿੰਡ ਚੰਦੋਕਲਾਂ ਵਿਚ ਬੈਠੇ ਧਰਮ ਦਾ ਪ੍ਰਚਾਰ ਕਰ ਰਹੇ ਸਨ। 10,000 ਹਜ਼ਾਰ ਪੁਲੀਸ ਤੇ ਪੈਰਾ ਮਿਲਟਰੀ ਨੇ ਰਲਕੇ ਚੰਦੋਕਲਾਂ ਪਿੰਡ ਨੂੰ ਘੇਰਾ ਪਾ ਕੇ ਸੰਤ ਜੀ ਨੂੰ ਮਾਰਨ ਦੀ ਕੋਸ਼ਸ਼ ਕੀਤੀ ਪਰ ਸਰਕਾਰ ਕਾਮਯਾਬ ਨਾ ਹੋ ਸਕੀ। ਸੰਤ ਜੀ ਆਪਣੇ ਹੈਡ ਕੁਆਰਟਰ ਗੁਰਦਰਸ਼ਨ ਪ੍ਰਕਾਸ਼ ਚੌਕ ਮਹਿਤਾ ਪੁਜ ਗਏ। ਛਿਥੀ ਹੋਈ ਜ਼ਾਲਮ ਪੁਲੀਸ ਨੇ ਆਪਣਾ ਗੁਬਰ ਪਿੰਡ ਦੇ ਲੋਕਾਂ ਤੇ ਢਾਉਣਾ ਸ਼ੁਰੂ ਕਰ ਦਿੱਤਾ। ਪਿੰਡ ਦੇ ਸਾਰੇ ਵਸਨੀਕਾਂ ਨੂੰ ਪਿੰਡ ਤੋਂ ਬਾਹਰ ਕੱਠਾ ਕਰਕੇ ਬਠਾਲ ਲਿਆ। ਨੌਜਵਾਨਾਂ ਨੂੰ ਬੜੀ ਬੇਰਹਿਮੀ ਨਾਲ ਮਾਰਿਆ ਕੁਟਿਆ ਗਿਆ। ਬਜ਼ੁਰਗਾਂ ਦੀ ਬੇਇਜਤੀ ਕੀਤੀ ਗਈ। ਔਰਤਾਂ ਅਤੇ ਬੱਚਿਆਂ ਨੂੰ ਵੀ ਬਖਸ਼ਿਆ ਨਹੀਂ ਗਿਆ। ਪਿੰਡ ਦੀ ਤਲਾਸ਼ੀ ਲਈ ਗਈ। ਤਲਾਸ਼ੀ ਦੌਰਾਨ ਜੋ ਵੀ ਗਹਿਣਾ ਗੱਟਾ ਨਗਦੀ ਜਾਂ ਹੋਰ ਕੀਮਤੀ ਸਮਾਨ ਹੱਥ ਲੱਗਾ ਸਰਕਾਰੀ ਡਾਕੂਆਂ ਨੇ ਲੁੱਟ ਲਿਆ। ਟਕਸਾਲ ਦੀਆਂ ਧਰਮ ਪ੍ਰਚਾਰ ਦੀਆਂ ਬੱਸਾਂ ਤੇ ਉਹਨਾਂ ਤੇ ਰੱਖੀਆਂ ਇਥਾ .ਤੂ ਦੀਆ ਕਿਤਾਬਾਂ (ਸੈਂਚੀਆ ਅਤੇ ਹੋਰ ਧਾਰਮਿਕ ਲਿਟਰੇਚਰ) ਨੂੰ ਜਾਣ ਬੁਝ ਕੇ ਸਾੜ ਕੇ ਸਵਾਹ ਕੀਤਾ ਗਿਆ।

ਮੇਰਾ ਇਥੇ ਇਹ ਦਸਣਾ ਯੋਗ ਹੋਵੇਗਾ ਕਿ ਸਰਕਾਰ ਸੰਤ ਜਰਨੈਲ ਸਿਘ ਭਿੰਡਰਾਂਵਾਲਿਆਂ ਨੂੰ ਕਿਉਂ ਖਤਮ ਕਰਨਾ ਚਾਹੁੰਦੀ ਸੀ ?

(13 ਅਪਰੈਲ 1978 ਦੇ ਖੂਨੀ ਸਾਕੇ ਤੋਂ ਬਾਦ ਸੰਤ ਜਰਨੈਲ ਸਿਘ ਭਿੰਡਰਾਂਵਾਲੇ ਸਿਖ ਕੌਮ ਦੇ ਜਜ਼ਬਾਤਾਂ ਦੀ ਤਰਜ਼ਮਾਨੀ ਕਰਨ ਲਈ ਅੱਗੇ ਆਏ ਅਤੇ ਦੁਨੀਆਂ ਸਾਹਮਣੇ ਮਹਾਨ ਸ਼ਖਸ਼ੀਅਤ ਦੀ ਹੈਸੀਅਤ ਵਜੋਂ ਉਭਰੇ। ਉਹਨਾਂ ਨੇ ਸਿਖ ਕੌਮ ਨੂੰ ਜਗਾਉਣ ਲਈ ਸਾਰੇ ਭਾਰਤ ਦਾ ਕਈ ਵਾਰ ਦੌਰਾ ਕੀਤਾ ਅਤੇ ਸੰਗਤਾਂ ਨੂੰ ਦਸਿਆ ਕਿ ਕਿਵੇਂ ਸਿਖ ਕੌਮ ਨੂੰ ਖਤਮ ਕਰਨ ਦੀਆਂ ਸਾਜ਼ਸ਼ਾਂ ਰਚੀਆਂ ਜਾ ਰਹੀਆਂ ਹਨ। ਸੰਤ ਜੀ ਨੇ ਨਕਲੀ ਨਿਰੰਕਾਰੀ, ਰਾਧਾ ਸੁਆਮੀ, ਨਾਮ ਧਾਰੀਏ, ਅਨੰਦਪੁਰੀਏ

ਆਦਿ ਗਰੋਹਾਂ ਦਾ ਪੱਰਦਾ ਫਾਸ਼ ਕੀਤਾ। ਦੱਸਿਆ ਕਿਵੇਂ ਇਹ ਗ੍ਰੋਹ ਸਿਖ ਕੌਮ ਨੂੰ ਖਤਮ ਕਰ ਰਹੇ ਹਨ। ਉਹਨਾਂ ਨੇ ਕੌਮਿਉਨਿਸਟ ਆਰ ਐਸ ਐਸ, ਸ਼ਿਵ ਸੈਨਾ,ਭਾਰਤ ਦੀ ਵਿਦਿਆ ਪ੍ਰਣਾਲੀ, ਭਾਰਤੀ ਮੀਡੀਆ ਅਤੇ ਹਿਦੂ ਪ੍ਰੈਸ,ਫਿਲਮਾਂ ਆਦਿ ਬਾਰੇ ਦੱਸਿਆ ਕਿ ਇਹ ਕਿਵੇਂ ਸਿੱਖੀ ਨੂੰ ਗੁੱਝੀ ਮਾਰ ਮਾਰ ਰਹੇ ਹਨ। ਉਹਨਾਂ ਨੇ ਸਿਖ ਕੌਮ ਵਿਚ ਧਾਰਮਿਕ ਰਾਜਸੀ ਅਤੇ ਦੂਜੇ ਖੇਤਰਾਂ ਵਿਚ ਸਿਖੀ ਦੀਆਂ ਪੁਰਾਤਨ ਰਹੁ ਰੀਤਾਂ ਅਨੁਸਾਰ ਕ੍ਰਾਂਤੀ ਪੈਦਾ ਕੀਤੀ। ਸੰਤ ਜੀ ਦੇ ਇਸ ਪ੍ਰਚਾਰ ਨਾਲ ਸਿਖ ਨੌਜਵਾਨ ਜੋ ਜੋ ਸਿਖੀ ਪ੍ਰਣੋ ਤੋਂ ਪਤਿਤ ਹੋ ਚੁਕੇ ਸਨ ਭਾਰੀ ਗਿਣਤੀ ਵਿਚ ਸਿਖੀ ਵਲ ਨੂੰ ਮੁੜਨ ਲੱਗੇ। ਸੰਤ ਜੀ ਨੇ ਸਿੱਖਾਂ ਨੂੰ ਹਿੰਦੂਆਂ ਦੀ ਗੁਲਾਮੀ ਦਾ ਅਹਿਸਾਸ ਦੁਆਇਆ।

ਸੰਤ ਜਰਨੈਲ ਸਿੰਘ ਜੀ ਕਹਿਣੀ ਤੇ ਕਰਨੀ ਦੇ ਪੂਰੇ ਸਨ। ਉਹਨਾਂ ਨੇ ਕੌਮ ਨੂੰ ਅਕਾਲੀ ਲੀਡਰਾਂ ਤੋਂ ਵੀ ਨਿਜਾਤ ਦੁਆਈ। ਜਿਹੜੇ ਤਕਰੀਬਨ 60 ਸਾਲ ਤੋਂ ਸਿਖ ਕੌਮ ਨੂੰ ਗੁਮਰਾਹ ਕਰਕੇ ਉਹਨਾਂ ਦੇ ਜਜ਼ਬਾਤਾਂ ਨੂੰ ਭੜਕਾ ਕੇ ਆਪਦੇ ਨਿਜੀ ਸਿਆਸੀ ਮੁਫਾਦ ਲਈ ਵਰਤ ਰਹੇ ਸਨ।

ਇਸੇ ਤਰਾਂ ਸਿਖ ਕੌਮ ਨੂੰ ਸੰਤ ਜੀ ਪਾਸੋਂ ਬੜੀਆਂ ਆਸਾਂ ਬੱਝ ਗਈਆਂ। ਕੌਮ ਦਾ ਵੱਡਾ ਤਬਕਾ ਉਹਨਾ ਦੀ ਅਗਵਾਈ ਹੇਠ ਆਣ ਇਕੱਠਾ ਹੋਇਆ। ਆਲ ਇਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਭਾਈ ਅਮਰੀਕ ਸਿਘ ਜੀ ਦੀ ਅਗਵਾਈ ਹੇਠਾਂ ਪਹਿਲਾਂ ਹੀ ਸੰਤ ਜੀ ਦੇ ਨਾਲ ਬੜੀ ਸਰਗਰਮੀ ਨਾਲ ਹਿਸਾ ਲੈ ਰਹੀ ਸੀ। ਸੰਤ ਜੀ ਨੇ ਸਿਖ ਕੌਮ ਨੂੰ ਹਿਦੂਆਂ ਦੀ ਗੁਲਾਮੀ ਤੋਂ ਆਜ਼ਾਦ ਕਰਵਾਉਣ ਦਾ ਭਰੋਸਾ ਦਿਤਾ ਅਤੇ ਸਿਖਾਂ ਨੂੰ ਅਣਖ ਤੇ ਗੈਰਤ ਦੀ ਜਿੰਦਗੀ ਜੀਉਣ ਲਈ ਕਿਹਾ। ਉਹਨਾ ਨੇ ਸਪੱਸ਼ਟ ਕੀਤਾ ਸਿਖ ਨਾ ਗੁਲਾਮ ਰਿਹਾ ਨਾ ਹੀ ਰਹੇਗਾ। ਸਿਖ ਹਮੇਸ਼ਾ ਬਾਗੀ ਜਾਂ ਬਾਦਸ਼ਾਹ ਰਿਹਾ।

ਸੰਤ ਜੀ ਨੇ ਸਾਰੀਆਂ ਸਿੱਖ ਧਰਮ ਵਿਰੋਧੀ ਤਾਕਤਾਂ ਦਾ ਪਰਦਾ ਫਾਸ਼ ਕੀਤਾ ਕਿ ਕਿਵੇ. ਸਿਖੀ ਦੀ ਹੋਂਦ ਨੂੰ ਖਤਮ ਕਰਨ ਦੇ ਕੋਝੇ ਜਤਨਾਂ ਵਿਚ ਲੱਗੀਆਂ ਹੋਈਆਂ ਹਨ। ਜਦੋਂ ਹਿਦੂ ਸਰਕਾਰ ਨੇ ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆ ਦੇ ਹੁੰਦਿਆਂ ਹੋਇਆਂ ਆਪਣੇ ਨਾਪਾਕ ਇਰਾਦੇ ਅਸਫਲ ਹੁੰਦੇ ਵੇਖੇ ਤਾਂ ਸੰਤ ਜੀ ਦੇ ਖਿਲਾਫ ਝੂਠਾ ਪਰਾਪੇਗੰਡਾ ਸ਼ੁਰੂ ਕਰ ਦਿਤਾ। ਉਹਨਾਂ ਦੇ ਨਾਮ ਨਾਲ ਅਤਿਵਾਦੀ, ਵੱਖਵਾਦੀ ਅਤੇ ਦਹਿਸ਼ਤਪਸੰਦ ਆਦਿ ਘਟੀਆ ਸ਼ਬਦ ਜੋੜੇ ਗਏ ਪਰ ਮਹਾਨ ਸ਼ਖਸ਼ੀਅਤਾਂ ਦੇ ਨਾਮ

ਨਾਲ ਲਗ ਕੇ ਇਹ ਲਫਜ਼ ਵੀ ਸਤਿਕਾਰਯੋਗ ਬਣ ਗਏ।

ਹਿਦੂ ਪ੍ਰੈਸ ਨੇ ਵੀ ਸੰਤ ਜੀ ਦੇ ਖਿਲਾਫ ਝੂਠਾ ਪਰਾਪੇਗੰਡਾ ਸ਼ੁਰੂ ਕਰ ਦਿੱਤਾ। ਸੰਤ ਜੀ ਨੂੰ ਇਕੋ ਵਾਰ ਮੁਹਾਜ਼ਾ ਤੇ ਲੜਨਾ ਪੈ ਰਿਹਾ ਸੀ। ਸਰਕਾਰ ਨੇ ਸੰਤ ਜੀ ਨੂੰ ਖਤਮ ਕਰਨ ਦਾ ਤਾਂ ਹੀ ਮਨਸੂਬਾ ਬਣਾਇਆ ਤਾਂ ਜੋ ਉਹ ਸਿਖ ਕੌਮ ਦੀ ਅਜ਼ਾਦੀ ਦੀ ਕਿਰਨ ਜੋ ਕਿ ਸਿੱਖਾਂ ਦੀ ਤਹਰੀਕ ਦੀ ਅਗਵਾਈ ਕਰ ਰਹੀ ਸੀ ਨਾ ਕਰ ਸਕਣ। ਭਾਰਤ ਸਰਕਾਰ ਚਾਹੁੰਦੀ ਸੀ ਕਿ ਸਿਖ ਕੌਮ ਆਪਣੀ ਵਖਰੀ ਪਹਿਚਾਣ, ਇਜ਼ਤ, ਗੈਰਤ ਅਤੇ ਅਣਖ ਨਾਲ ਸਿਰ ਉਠਾ ਕੇ ਨਾ ਤੁਰ ਸਕੇ। ਧਰਮ ਵਧ ਫੁੱਲ ਨਾ ਸਕੇ ਤੇ ਹੌਲੀ ਹੌਲੀ ਹਿਦੂਆਂ ਵਿਚ ਹੀ ਜਜ਼ਬ ਹੋ ਜਾਵੇ। ਇਸ ਸੋਚੀ ਸਾਜ਼ਸ਼ ਦਾ ਪਹਿਲਾ ਮਰਹੱਲਾ 13/9/81 ਨੂੰ ਪਿਡ ਚੰਦੋ ਕਲਾਂ ਵਿਚ ਖੇਡਿਆ ਗਿਆ। ਜਿਸ ਵਿਚ ਲਾਲਾ ਜਗਤ ਨਾਰਾਇਣ ਦੇ ਕਤਲ ਦੇ ਸਬੰਧ ਵਿਚ ਐਫ ਆਈ ਆਰ ਦਾ ਸਹਾਰਾ ਲਿਆ ਗਿਆ।

ਜਦੋਂ ਸੰਤ ਜਰਨੈਲ ਸਿਘ ਜੀ ਪਿੰਡ ਚੰਦੋਕਲਾਂ ਤੋਂ ਸਹੀ ਸਲਾਮਤ ਮਹਿਤਾ ਚੌਕ ਪੁਜ ਗਏ ਤਾਂ 10 ਹਜ਼ਾਰ ਪੁਲੀਸ ਨੇ ਆ ਮਹਿਤਾ ਚੌਕ ਨੂੰ ਘੇਰਾ ਪਾ ਲਿਆ। ਸੰਤ ਜੀ ਨੂੰ ਆਤਮ ਸਮਰਪਣ ਕਰਨ ਲਈ ਕਿਹਾ ਗਿਆ। ਪਰ ਸੰਤ ਜੀ ਨੇ ਨਾਂਹ ਕਰ ਦਿਤੀ। ਉਹਨਾਂ ਨੇ ਸਮੇਂ ਨੂੰ ਵਿਚਾਰਦੇ ਹੋਏ ਸਿਖ ਜਥੇਬੰਦੀਆਂ, ਪੰਥਕ ਲੀਡਰਾਂ ਅਤੇ ਸਿਖ ਸੰਗਤਾਂ ਨਾਲ ਸਲਾਹ ਮਸ਼ਵਰੇ ਪਿਛੋਂ 20 ਸਤੰਬਰ ਵਾਲੇ ਦਿਨ ਸ਼ਾਂਤਮਈ ਪੂਰਵਕ ਗ੍ਰਿਫਤਾਰੀ ਦੇਣ ਦਾ ਐਲਾਨ ਕਰ ਦਿਤਾ। ਮੈਂ (ਸਤਨਾਮ ਸਿਘ) ਵੀ ਉਹਨੀਂ ਦਿਨੀਂ ਮਹਿਤਾ ਚੌਕ ਗਿਆ ਤੇ ਸੰਤ ਜੀ ਨੂੰ ਮਿਲਿਆ।

ਹੋਰ ਸਾਰੀ ਸੰਗਤ ਜੋ ਸੰਤ ਜੀ ਨੂੰ ਮਿਲਣ ਜਾਂਦੀ ਸੀ ਸੰਤ ਜੀ ਨੂੰ ਬੇਨਤੀ ਕਰਦੀ ਸੀ ਕਿ ਗ੍ਰਿਫਤਾਰੀ ਨਾ ਦੇਵੇ। ਪਰ ਸੰਤ ਜੀ ਨੇ ਕਿਹਾ "ਹੁਣ ਮੈਂ ਮਨ ਬਣਾਂ ਚੁਕਿਆ ਹਾਂ ਗ੍ਰਿਫਤਾਰੀ ਜ਼ਰੂਰ ਦੇਵਾਂਗਾ। ਮੈਂ ਤਾਂ ਮੌਤ ਲਾੜੀ ਨੂੰ ਵਿਆਹੁਣ ਜਾਣਾ ਹੈ। ਜੋ ਸਰਕਾਰ ਪਾਸ ਕੋਈ ਸਬੂਤ ਹੈ ਤਾਂ ਪ੍ਰਬੰਧ ਕਰ ਲਵੇ।

20 ਸਤੰਬਰ ਦਾ ਦਿਨ ਆਇਆ। ਸਾਰੀਆਂ ਸਿਖ ਜਥੇਬੰਦੀਆਂ, ਸੰਪਰਦਾਵਾਂ, ਸਭਾ, ਸੁਸਾਇਟੀਆਂ ਸਮੇਤ ਲੱਖਾਂ ਸੰਗਤਾਂ ਦਾ ਇਕੱਠ ਹੋਇਆ। ਕੌਮ ਦੇ ਲੀਡਰਾਂ ਤੇ ਵਿਦਵਾਨਾਂ ਨੇ ਵਿਚਾਰ ਸੰਗਤਾਂ ਸਾਹਮਣੇ ਰੱਖੇ। ਅੰਤ ਵਿਚ ਸੰਤ ਜੀ ਨੇ ਆਪਣੇ ਭਾਸ਼ਨ ਦੌਰਾਨ ਸਿਖ ਸੰਗਤਾਂ ਨੂੰ ਸ਼ਾਂਤ ਰਹਿਣ ਲਈ ਕਿਹਾ। ਦਿਵਾਨ ਦੀ ਸਮਾਪਤੀ ਤੋਂ ਬਾਦ ਅਰਦਾਸ ਕਰਨ ਉਪਰੰਤ ਸੰਤ ਜੀ ਗ੍ਰਿਫਤਾਰੀ ਲਈ ਚਲ ਪਏ। ਸਿਖ ਸੰਗਤਾਂ ਨੇ ਸਜਲ ਨੇਤ੍ਰਾਂ ਨਾਲ ਆਪਣੀ ਜਾਨ ਤੋਂ ਪਿਆਰੇ ਕਹਿਣੀ ਤੇ ਕਰਨੀ ਦੇ

ਸੰਤ ਸਿਪਾਹੀ ਨੂੰ ਵਦਾਇਗੀ ਦਿਤੀ। ਸ਼ਾਂਤਮਈ ਗ੍ਰਿਫਤਾਰੀ ਹੋਣ ਦੇ ਬਾਵਜੂਦ ਸਰਕਾਰ ਨੇ ਗਿਣੀ ਮਿਥੀ ਸਾਜ਼ਸ਼ ਦੇ ਅਧੀਨ ਫਾਇਰਿੰਗ ਕਰਕੇ ਸੈਂਕੜੇ ਸਿਖ ਸ਼ਹੀਦ ਤੇ ਫੱਟੜ ਕਰ ਦਿਤੇ। ਸ਼ਹੀਦ ਸਿਖਾਂ ਦੀਆਂ ਮ੍ਰਿਤਕ ਦੇਹਾਂ ਵੀ ਉਹਨਾਂ ਦੇ ਵਾਰਸਾਂ ਨੂੰ ਨਹੀਂ ਦਿਤੀਆਂ ਗਈਆਂ। ਸੰਤ ਜੀ ਦੀ ਗ੍ਰਿਫਤਾਰੀ ਤੇ ਭਾਰੀ ਗਿਣਤੀ ਵਿਚ ਸਿਖਾਂ ਦੀ ਸ਼ਹੀਦੀ ਤੋਂ ਬਾਦ ਸਿਖ ਕੌਮ ਵਿਚ ਭਾਰੀ ਗੁੱਸਾ ਤੇ ਰੋਹ ਜਾਗਿਆ। ਸੰਤ ਜੀ ਦੀ ਰਿਹਾਈ ਲਈ ਥਾਂ ਥਾਂ ਮੁਜ਼ਾਹਰੇ ਹੋਣੇ ਸ਼ੁਰੂ ਹੋ ਗਏ। ਵਿਦੇਸ਼ਾਂ ਵਿਚ ਵਸਦੇ ਸਿਖਾਂ ਨੇ ਵੀ ਰੋਹ ਭਰੇ ਮੁਜ਼ਾਹਰੇ ਕੀਤੇ। ਪਰ ਸਰਕਾਰ ਦੇ ਕੰਨਾਂ ਤੇ ਜੂੰ ਨਾ ਸਰਕੀ। ਸਿਖ ਨੌਜਵਾਨਾਂ ਨੇ ਜਦੋਂ ਵੇਖਿਆ ਕਿ ਸ਼ਾਂਤੀ ਦੇ ਅਰਥ ਉਪਾਵ ਸਭ ਵਿਅਰਥ ਹਨ। ਕੋਈ ਦਲੀਲ ਅਪੀਲ ਦੀ ਸੁਣਵਾਈ ਨਹੀਂ ਤਾਂ ਗੁਰੂ ਨਾਨਕ ਦੇਵ ਜੀ ਦੇ ਕਹੇ ਹੁਕਮ ਤੇ ਚਲਣ ਦਾ ਫੈਸਲਾ ਕੀਤਾ। ਜਿਸ ਵਿਚ ਉਹਨਾਂ ਕਿਹਾ ਸੀ:—

"ਆਪਣ ਹੱਥੀ ਆਪਣਾ ਆਪੇ ਹੀ ਕਾਜ ਸਵਾਰੀਐ ॥"

ਮਹਿਤੇ ਚੌਂਕ ਦੀ ਕਤਲੇਆਮ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਗ੍ਰਿਫਤਾਰੀ ਤੋਂ ਬਾਦ ਖਾਲਸਾ ਦੀ ਸੁਪਰੀਮ ਪੰਚਾਇਤ ਦੀ ਮੀਟਿੰਗ ਗੁਰੂ ਨਾਨਕ ਨਿਵਾਸ ਦਰਬਾਰ ਸਾਹਿਬ (ਅੰਮ੍ਰਿਤਸਰ) ਵਿਖੇ ਹੋਈ ਜਿਸ ਵਿਚ ਮੈਂ (ਸਤਨਾਮ ਸਿੰਘ) ਸ: ਗਜਿੰਦਰ ਸਿੰਘ ਅਤੇ ਬਾਕੀ ਸੁਪਰੀਮ ਪੰਚਾਇਤ ਦੇ ਮੈਂਬਰ ਸ਼ਾਮਲ ਹੋਏ। ਮੀਟਿੰਗ ਵਿਚ ਵਿਚਾਰ ਕੀਤੀ ਗਈ ਕਿ ਦਿਲੀ ਸਰਕਾਰ ਸਿਖਾਂ ਦੀ ਹਮੇਸ਼ਾਂ ਤੋਂ ਹੀ ਦੁਸ਼ਮਣ ਰਹੀ ਹੈ। ਇਸਨੇ 1947 ਤੋਂ ਪਹਿਲਾਂ ਤੇ ਬਾਦ ਵੀ ਸਿਖਾਂ ਨਾਲ ਜ਼ਿਆਦਤੀਆਂ ਤੇ ਬੇ-ਇਨਸਾਫੀਆਂ ਕੀਤੀਆਂ ਹਨ ਜੋ ਹੁਣ ਵੀ ਜਾਰੀ ਹਨ। ਸੰਨ 1947 ਵਿਚ ਜੋ ਵਾਇਦੇ ਸਿਖ ਕੌਮ ਨਾਲ ਕੀਤੇ ਸਨ ਉਹਨਾਂ ਤੋਂ ਮੁਕਰ ਗਈ ਹੈ ਅਤੇ ਸਿਖ ਕੌਮ ਦੀ ਹੋਂਦ ਨੂੰ ਖਤਮ ਕਰਨ ਦੀਆਂ ਸਾਜ਼ਸ਼ਾਂ ਜਾਰੀ ਹਨ। ਝੂਠੇ ਕਤਲ ਕਾਂਡ ਵਿਚ ਸੰਤਾਂ ਨੂੰ ਫਸਾਇਆ ਗਿਆ ਹੈ।

ਇਹ ਵੀ ਵਿਚਾਰਿਆ ਗਿਆ ਕਿ ਕਿਵੇਂ ਚੰਦੋਕਲਾਂ ਪਿੰਡ ਵਿਚ ਸਿਖਾਂ ਤੇ ਅੰਨ੍ਹੇ-ਵਾਹ ਤਸ਼ੱਦਦ ਕੀਤਾ ਗਿਆ, ਉਪਰੰਤ ਪਿੰਡ ਵਿਚ ਖੜੀਆਂ ਟਕਸਾਲ ਦੀਆਂ ਬੱਸਾਂ ਜਿਨ੍ਹਾਂ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸੈਂਚੀਆਂ ਸਨ ਨੂੰ ਜਾਣ ਬੁਝ ਕੇ ਸਾੜਿਆ ਗਿਆ। ਉਸ ਤੋਂ ਬਾਅਦ ਮਹਿਤਾ ਚੌਕ ਵਿਚ ਸੰਤ ਜੀ ਦੀ ਸ਼ਾਂਤੀ ਪੂਰਵਕ ਗ੍ਰਿਫਤਾਰੀ ਹੋਣ ਦੇ ਬਾਵਜੂਦ ਇਡੇ ਵੱਡੇ ਸਿਖਾਂ ਦੇ ਇਕੱਠ ਨੂੰ ਨਾ ਬਰਦਾਸ਼ਤ ਕਰਦੀ ਹੋਈ ਸਰਕਾਰ ਨੇ ਬੁਖਲਾ ਕੇ ਅੰਨੇਵਾਹ ਫਾਇਰਿੰਗ ਸ਼ੁਰੂ ਕਰ ਦਿਤੀ। ਜਿਸ ਨਾਲ ਸੈਂਕੜੇ ਸਿਖ ਸ਼ਹੀਦ

ਹੋਏ। ਇਸ ਗੱਲ ਤੇ ਵੀ ਵਿਚਾਰ ਹੋਈ ਕਿ ਜੋ ਦੁਨੀਆਂ ਵਿਚ ਛੋਟੀਆਂ ਛੋਟੀਆਂ ਘਟਨਾਵਾਂ ਵੀ ਹੋ ਜਾਣ ਤਾਂ ਮਨੁਖ ਦੇ ਹੱਕਾਂ ਦੀ ਰਾਖੀ ਕਰਨ ਵਾਲੇ ਅਲੰਬਰਦਾਰ ਰੌਲੀ ਪਾਉਣ ਲੱਗਦੇ ਹਨ, ਪਰ ਸਿਖ ਕੌਮ ਤੇ ਹਿਦੂਸਤਾਨ ਸਰਕਾਰ ਵਲੋਂ ਅੰਨੇ ਤਸ਼ੱਦਦ ਦੀ ਕਿਸੇ ਵੀ ਆਵਾਜ਼ ਨਾ ਕੱਢੀ। ਭਾਰਤੀ ਪ੍ਰੈਸ ਵੀ ਸਿਖਾਂ ਦੇ ਕੇਸਾਂ ਨੂੰ ਤਰੋੜ ਮਰੋੜ ਕੇ ਪੇਸ਼ ਕਰਦੀ ਹੈ।

ਸਾਰੀ ਸਥਿਤੀ ਨੂੰ ਵਾਚਣ ਤੋਂ ਬਾਅਦ ਇਸ ਗੱਲ ਤੇ ਵਿਚਾਰ ਕੀਤੀ ਕਿ ਕੋਈ ਐਸੀ ਕਾਰਵਾਈ ਕੀਤੀ ਜਾਵੇ ਜਿਸ ਨਾਲ ਦੁਨੀਆ ਦਾ ਅਤੇ ਉਨਾਂ ਮਨੁਖਤਾ ਦੀ ਰਾਖੀ ਕਰਨ ਵਾਲੇ ਅਦਾਰਿਆਂ ਦਾ ਧਿਆਨ ਆਪਣੀ ਵੱਲ ਖਿਚਿਆ ਜਾਵੇ ਤਾਂ ਜੋ ਇਹ ਦੱਸਿਆ ਜਾ ਸਕੇ ਕਿ ਕਿਵੇਂ ਹਿਦੂ ਸਮਰਾਜ ਦੀ ਸਰਕਾਰ ਧਰਮ ਨਿਰਪੱਖਕਤਾ ਦਾ ਬੁਰਕਾ ਪਾ ਕੇ ਸਿਖਾਂ ਤੇ ਜ਼ੁਲਮ ਕਰ ਰਹੀ ਹੈ। ਇਸ ਲਈ ਸਿਖ ਹਿਦੂਸਤਾਨ ਦੀ ਗੁਲਾਮੀ ਦੇ ਪਿੰਜਰੇ ਵਿਚੋਂ ਅਜ਼ਾਦ ਹੋਣਾ ਚਾਹੁੰਦੇ ਹਨ। ਆਪਣੀ ਵਖਰੀ ਅਜ਼ਾਦ ਸਟੇਟ (ਖਾਲਿਸਤਾਨ) ਸਥਾਪਨ ਕਰਨਾ ਚਾਹੁੰਦੇ ਹਨ ਤਾਂ ਕਿ ਅਸੀ ਵੀ ਆਪਣੇ ਧਾਰਮਿਕ ਰਹੁ ਰੀਤਾਂ ਅਨੁਸਾਰ ਅਵੱਖ ਅਤੇ ਗੌਰਤ ਦੀ ਜ਼ਿੰਦਗੀ ਬਸਰ ਕਰ ਸਕੀਏ। ਆਪਣੀ ਹੋਂਦ ਨੂੰ ਬਰਕਰਾਰ ਰੱਖ ਸਕੀਏ ਅਤੇ ਆਪਣੇ ਧਰਮ ਨੂੰ ਫੁਲ ਫੁਲਾ ਸਕੀਏ।

ਕਈ ਐਕਸ਼ਨਾਂ ਤੇ ਵੀਚਾਰ ਕੀਤੀ ਗਈ ਆਖਰ ਇਹ ਫੈਸਲਾ ਕੀਤਾ ਗਿਆ — ਸਿਖ ਕੌਮ ਦੇ ਪੱਖ ਨੂੰ ਅਤੇ ਹਿਦੂਸਤਾਨ ਸਰਕਾਰ ਵਲੋਂ ਸਿਖਾਂ ਤੇ ਕੀਤੇ ਜਾ ਰਹੇ ਤਸ਼ੱਦਦ ਨੂੰ ਤਾਂ ਹੀ ਦੁਨੀਆਂ ਸਾਹਮਣੇ ਰੱਖਿਆ ਜਾ ਸਕਦਾ ਹੈ ਕਿ ਹਿਦੂਸਤਾਨ ਦਾ ਜਹਾਜ਼ ਅਗਵਾ ਕੀਤਾ ਜਾਵੇ ਅਤੇ ਲਾਹੌਰ (ਪਾਕਿਸਤਾਨ) ਲਜਾਇਆ ਜਾਵੇ। ਇਸ ਕਾਰਵਾਈ ਦਾ ਸੁਝਾਉ ਮੈਂ (ਸਤਨਾਮ ਸਿੰਘ ਪਾਊਂਟਾ ਸਾਹਿਬ) ਨੇ ਦਿਤਾ। ਜੋ ਸਾਰੇ ਮੈਂਬਰਾਂ ਨੇ ਖੁਸ਼ੀ ਨਾਲ ਮਨਜ਼ੂਰ ਕੀਤਾ। ਇਹ ਵੀ ਫੈਸਲਾ ਕੀਤਾ ਕਿ ਇਸ ਐਕਸ਼ਨ ਦੀ ਕਾਰਵਾਈ ਸ: ਸਤਨਾਮ ਸਿੰਘ ਪਾਊਂਟਾ ਸਾਹਿਬ ਅਤੇ ਸ: ਗਜਿੰਦਰ ਸਿੰਘ ਦੀ ਸਰਕਰਦਗੀ ਹੇਠਾਂ ਕੀਤੀ ਜਾਵੇ। ਕਿਉਂਕਿ ਇਹ ਦੋਵੇਂ ਹੀ ਦਲ ਖਾਲਸਾ ਦੇ ਮੁਖ ਪੰਚ ਹਨ। ਇਹ ਵੀ ਫੈਸਲਾ ਹੋਇਆ ਕਿ ਇਹ ਆਪਣੀ ਲੋੜ ਮੁਤਾਬਿਕ ਕੁਝ ਸਾਥੀਆਂ ਨੂੰ ਨਾਲ ਲੈ ਲੈਣ। ਸੋ ਮੈਂ ਤੇ ਗਜਿੰਦਰ ਸਿੰਘ ਨੇ ਵਿਚਾਰ ਕਰਕੇ ਸ: ਜਸਬੀਰ ਸਿੰਘ, ਸ: ਤੇਜਿੰਦਰਪਾਲ ਸਿੰਘ ਅਤੇ ਸ: ਕਰਨ ਸਿੰਘ ਮੁਜਾਹਿਦ ਨੂੰ ਨਾਲ ਲਿਜਾਣ ਦਾ ਫੈਸਲਾ ਕੀਤਾ। ਇਸ ਕਾਰਜ ਨੂੰ ਪੂਰਾ ਕਰਨ ਵਾਸਤੇ 29 ਸਤੰਬਰ 1981 ਦੀ ਤਾਰੀਖ ਮਿਥੀ ਗਈ। ਇਸ ਗੱਲ ਤੇ ਵਿਚਾਰ ਕੀਤੀ ਗਈ ਕਿ ਇਸ ਕਾਰਵਾਈ ਨੂੰ ਕਿਵੇਂ ਸਿਰੇ ਚੜਾਇਆ ਜਾਵੇ। ਸੋ ਮੈਂ ਤੇ ਸ: ਗਜਿੰਦਰ ਸਿੰਘ ਨੇ ਸਲਾਹ ਕਰਕੇ ਇਹ ਫੈਸਲਾ ਲਿਆ ਕਿ ਸ: ਗਜਿੰਦਰ ਸਿੰਘ ਸ: ਜਸਬੀਰ ਸਿੰਘ ਨੂੰ ਲੈਕੇ ਕਾਕਪਿਟ ਵਿਚ ਜਾਵੇਗਾ ਅਤੇ ਸ: ਸਤਨਾਮ ਸਿੰਘ ਆਪਣੇ ਬਾਕੀ ਦੇ ਸਾਥੀਆਂ ਸ: ਤੇਜਿੰਦਰਪਾਲ ਸਿੰਘ ਅਤੇ ਸ: ਕਰਨ ਸਿੰਘ ਨਾਲ ਕੈਬਿਨ ਦੀ ਜ਼ੁਮੇਵਾਰੀ ਨਿਭਾਏਗਾ।

ਉਨ੍ਹਾਂ ਦੇ ਕਾਕਪਿਟ ਵਿਚ ਦਾਖਲ ਹੁੰਦੇ ਸਾਰ ਹੀ ਮੈਂ ਬੋਲੇ ਸੋ ਨਿਹਾਲ ਦਾ ਜੈਕਾਰਾ ਛੱਡਿਆ ਤੇ ਆਪਣੇ ਦੋਵੇਂ ਸਾਥੀਆਂ ਨੂੰ ਨਾਲ ਲੈ ਕੇ ਕਾਕਪਿਟ ਦੇ ਪਾਸ ਚਲੇ ਗਿਆ ਤਾਂ ਕਿ ਸਵਾਰੀਆਂ ਨੂੰ ਦੱਸਿਆ ਜਾ ਸਕੇ ਕਿ ਇਹ ਐਕਸ਼ਨ ਅਸੀਂ ਕਿਉਂ ਕੀਤੀ ਹੈ। ਮੈਂ ਸਵਾਰੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਹ ਐਕਸ਼ਨ ਅਸੀਂ ਤਾਂ ਕੀਤੀ ਹੈ ਇਕ ਤਾਂ ਚੰਦੋਕਲਾਂ ਵਿਚ ਪੁਲੀਸ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸੈਂਚੀਆਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਦੀਆਂ ਟੇਪਾਂ ਅਤੇ ਹੋਰ ਧਾਰਮਿਕ ਲਿਟਰੇਚਰ, ਧਰਮ ਪ੍ਰਚਾਰ ਲਈ ਵਰਤੀਆਂ ਜਾਂਦੀਆਂ ਬੱਸਾਂ ਨੂੰ ਅਗਨ ਭੇਟ ਕੀਤਾ ਗਿਆ।

(2)ਸੰਤ ਬਾਬਾ ਜਰਨੈਲ ਸਿਘ ਜੀ ਨੂੰ 20 ਸਤੰਬਰ ਨੂੰ ਹਿਦੂਸਤਾਨ ਦੀ ਜ਼ਾਲਮ ਸਰਕਾਰ ਵਲੋਂ ਲਾਲਾ ਜਗਤ ਨਰਾਇਣ ਦੇ ਝੂਠੇ ਕਤਲ ਕੇਸ ਵਿਚ ਗ੍ਰਿਫਤਾਰ ਕਰਨਾ ਅਤੇ ਉਸ ਤੋਂ ਬਾਅਦ ਸ਼ਾਂਤਮਈ ਸਿਘਾਂ ਤੇ ਜ਼ਾਲਮ ਪੁਲੀਸ ਵਲੋਂ ਅੰਨ੍ਹੇਵਾਹ ਫਾਇਰਿੰਗ ਕਰਕੇ ਸੈਂਕੜੇ ਸਿਘ ਸ਼ਹੀਦ ਤੇ ਫਟੜ ਕਰ ਦਿਤੇ ਗਏ। ਇਹ ਕਾਰਵਾਈ ਅਸੀਂ ਰੋਸ ਵਜੋਂ ਕੀਤੀ ਹੈ। ਸੋ ਮੈਂ (ਸਤਨਾਮ ਸਿਘ ਪਾਉਂਟਾ ਸਾਹਿਬ) ਨੇ ਸਾਰੀਆਂ ਸਵਾਰੀਆਂ ਨੂੰ ਅਪੀਲ ਕੀਤੀ ਕਿ ਉਹ (ਸਵਾਰੀਆਂ) ਸਾਨੂੰ ਸਹਿਯੋਗ ਦੇਣ ਤਾਂ ਜੋ ਅਸੀਂ ਆਪਣੇ ਮਿਸ਼ਨ ਵਿਚ ਕਾਮਯਾਬ ਹੋ ਸਕੀਏ। ਅਸੀਂ ਕਿਸੇ ਵੀ ਸਵਾਰੀ ਨੂੰ ਕੋਈ ਤੰਗੀ ਨਹੀਂ ਪੁਚਾਵਾਂਗੇ। ਸਾਡੀ ਲੜਾਈ ਸਿਰਫ ਜ਼ੁਲਮ ਤੇ ਜ਼ਾਲਮ ਦੇ ਖਿਲਾਫ ਹੈ। ਅਸੀਂ ਹਿਦੂਸਤਾਨ ਸਰਕਾਰ ਵਿਰੁਧ ਲੜ ਰਹੇ ਹਾਂ ਸੋ ਸਿਖ ਧਰਮ ਦੇ ਅਸੂਲਾਂ ਮੁਤਾਬਿਕ ਸਿਖ ਕਿਸੇ ਬੇਗੁਨਾਹ ਨੂੰ ਤੰਗ ਨਹੀਂ ਕਰਦਾ। ਸੋ ਸਵਾਰੀਆਂ ਨੇ ਸਾਨੂੰ ਪੂਰਾ ਸਹਿਯੋਗ ਦੇਣ ਦਾ ਵਚਨ ਦਿਤਾ ਤੇ ਸਾਡੇ ਨਾਲ ਹਮਦਰਦੀ ਪ੍ਰਗਟ ਕੀਤੀ।

ਜਦੋਂ ਮੈਂ,

* ਖਾਲਿਸਤਾਨ—ਜਿੰਦਾਬਾਦ
* ਸੰਤ ਬਾਬਾ ਜਰਨੈਲ ਸਿਘ ਜੀ ਖਾਲਸਾ ਭਿੰਡਰਾਂਵਾਲੇ ਜਿੰਦਾਬਾਦ
* ਚੌਂਕ ਮਹਿਤਾ ਦੇ ਸ਼ਹੀਦ ਜਿੰਦਾਬਾਦ
* ਕੇਸਰੀ ਨਿਸ਼ਾਨ ਸਾਹਿਬ ਇਨ ਯੂ ਐਨ ਓ

29 ਸਤੰਬਰ ਨੂੰ ਅਸੀਂ ਪੰਜੇ ਸਿਘ ਮਿਥੇ ਪ੍ਰੋਗਰਾਮ ਅਨੁਸਾਰ ਇੰਡੀਅਨ ਏਅਰਲਾਇਨ ਵਿਚ ਸਵਾਰ ਹੋਏ। ਉਡਾਨ ਤੋਂ ਕੁਝ ਮਿੰਟਾਂ ਬਾਅਦ ਸ: ਗਜਿੰਦਰ ਸਿਘ ਅਤੇ ਸ: ਜਸਬੀਰ ਸਿਘ ਟੌਇਲਟ ਗਏ। ਐਨ ਉਸ ਸਮੇਂ ਜਿਸ ਸਮੇਂ ਕਾਕਪਿਟ ਵਿਚੋਂ ਏਅਰ ਹੋਸਟਸ ਚਾਹ ਦੇ ਕੇ ਬਾਹਰ ਨਿਕਲੀ ਤਾਂ ਸ: ਗਜਿੰਦਰ ਸਿਘ ਅਤੇ ਜਸਬੀਰ ਸਿਘ ਬੂਹਾ ਖੁਲ੍ਹਾ ਦੇਖਦੇ ਹੋਏ ਕਾਕਪਿਟ ਵਿਚ ਦਾਖਲ ਹੋ ਗਏ।

* ਬਣਕੇ ਰਹੇਗਾ ਖਾਲਿਸਤਾਨ
* ਭਾਰਤ ਸਾਡਾ ਦੇਸ਼ ਨਹੀਂ ਹੈ ਸਾਡਾ ਦੇਸ਼ ਹੈ ਖਾਲਿਸਤਾਨ
* ਸਿਖ ਵਖਰੀ ਕੌਮ
* ਜ਼ਾਲਮ ਭਾਰਤ ਸਰਕਾਰ ਮੁਰਦਾ ਬਾਦ
* ਦਲ ਖਾਲਸਾ ਜ਼ਿੰਦਾਬਾਦ
* ਖਾਲਿਸਤਾਨ ਲਈ ਜੂਝਦੇ ਸਿਘ ਜ਼ਿੰਦਾਬਾਦ
* ਬੋਲੇ ਸੋ ਨਿਹਾਲ ਸਤ ਸ੍ਰੀ ਅਕਾਲ

ਆਦਿ ਨਾਹਰੇ ਲਗਾਏ ਤਾਂ ਸਵਾਰੀਆਂ ਨੇ ਖੁਸ਼ੀ ਖੁਸ਼ੀ ਇਨਾ ਦਾ ਜੁਆਬ ਦਿਤਾ।

ਇਸ ਸਮੇਂ ਜਹਾਜ਼ ਲਾਹੌਰ ਹਵਾਈ ਅੱਡੇ ਤੇ ਉਤਰ ਗਿਆ। ਕੁਝ ਸਮੇਂ ਬਾਅਦ ਸ: ਗਜਿੰਦਰ ਸਿਘ ਮੇਰੇ ਪਾਸ ਕੈਬਿਨ ਵਿਚ ਆਇਆ ਤੇ ਦੱਸਿਆ ਕਿ ਕੁਝ ਸਮੇਂ ਬਾਅਦ ਪਾਕਿਸਤਾਨੀ ਉਚ ਅਧਿਕਾਰੀ ਗੱਲ-ਬਾਤ ਕਰਨ ਲਈ ਆ ਰਹੇ ਹਨ। ਮੈਂ ਸ: ਗਜਿੰਦਰ ਸਿਘ ਨੂੰ ਕਿਹਾ ਕਿ ਤੂੰ ਅਧਿਕਾਰੀਆਂਨਾਲ ਗੱਲ ਬਾਤ ਕਰਨ ਚਲਿਆ ਜਾ ਅਤੇ ਜਾ ਕੇ ਉਨ੍ਹਾਂ ਨੂੰ ਇਸ ਕਾਰਵਾਈ ਦੀ ਹਕੀਕਤ ਤੋਂ ਜਾਣੂ ਕਰਵਾ। ਜਾਕੇ ਆਪਣੀ ਇਸ ਕਾਰਵਾਈ ਕਰਨ ਦਾ ਮਕਸਦ ਦੱਸੀਂ।

ਨਾਲ ਇਹ ਵੀ ਕਿਹਾ ਕਿ ਇਹ ਗੱਲ ਜਾ ਕੇ ਕਹੀਂ ਕਿ ਅਸੀਂ ਦਲ ਖਾਲਸਾ ਜਥੇਬੰਦੀ ਨਾਲ ਸਬੰਧ ਰਖਦੇ ਹਾਂ ਜਿਹੜੀ ਕਿ ਖਾਲਿਸਤਾਨ ਦੀ ਤਹਰੀਕ ਨੂੰ ਚਲਾ ਰਹੀ ਹੈ। ਇਸ ਜਥੇਬੰਦੀ ਦੇ ਦੋ ਮੁਖ ਪੰਚ ਸ: ਸਤਨਾਮ ਸਿਘ ਪਾਉਂਟਾ ਸਾਹਿਬ ਅਤੇ ਮੈਂ ਇਸ ਕਾਰਵਾਈ ਵਿਚ ਸ਼ਾਮਲ ਹਾਂ। ਸੋ ਇਹ ਕਾਰਵਾਈ ਅਸੀਂ ਸੰਤ ਜਰਨੈਲ ਸਿਘ ਜੀ ਭਿੰਡਰਾਂਵਾਲਿਆ ਦੀ ਝੂਠੇ ਕਤਲ ਕੇਸ ਵਿਚ ਗ੍ਰਿਫਤਾਰੀ ਅਤੇ ਗ੍ਰਿਫਤਾਰੀ ਤੋਂ ਬਾਅਦ ਉਨ੍ਹਾਂ ਨੂੰ ਕਤਲ ਕਰਨ ਦੀ ਸਾਜ਼ਿਸ ਸਣੇ ਸੰਤ ਜੀ ਦੀ ਗ੍ਰਿਫਤਾਰੀ ਤੋਂ ਬਾਅਦ ਚੌਂਕ ਮਹਿਤਾ ਵਿਚ ਸਿਖਾਂ ਦਾ ਕਤਲੇਆਮ ਚੰਦੋਕਲਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸੈਂਚੀਆਂ, ਕਥਾ ਦੀਆਂ ਟੇਪਾਂ ਅਤੇ ਧਰਮ ਪਰਚਾਰ ਦੀਆਂ ਦੋ ਬੱਸਾਂ, ਚੰਦੋਕਲਾਂ ਪਿੰਡ ਵਿਚ ਪੁਲੀਸ ਵਲੋਂ ਅੰਨ੍ਹੇਵਾਹ ਤਸ਼ੱਦਦ ਦੇ ਰੋਸ ਵਜੋਂ ਕੀਤੀ ਗਈ ਹੈ। ਅਸੀਂ ਹੁਣ ਸੰਤ ਬਾਬਾ ਜਰਨੈਲ ਸਿਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਰਿਹਾਈ ਚਾਹੁੰਦੇ ਹਾਂ। ਹੋਰ ਵਡੇ ਖਾਲਿਸਤਾਨੀ ਲੀਡਰਾਂ ਦੀ ਰਿਹਾਈ, ਹਿੰਦੂ ਸਾਮਰਾਜ ਦੀ ਗੁਲਾਮੀ ਤੋਂ ਸਿਖਾਂ ਦੀ ਅਜਾਦੀ ਚਾਹੁੰਦੇ ਹਾਂ ਅਤੇ ਆਪਣੀ ਵਖਰੀ ਗਵਰਨਿੰਗ ਸਿਖ ਸਟੇਟ ਖਾਲਿਸਤਾਨ ਬਣਾਉਣਾ ਚਾਹੁੰਦੇ ਹਾਂ ਇਸ ਲਈ ਇਹ ਕਾਰਵਾਈ ਕੀਤੀ ਗਈ ਹੈ ਤਾਂ ਜੋ ਦੁਨੀਆ ਨੂੰ ਗੱਲ ਦੱਸੀ ਜਾ ਸਕਦੇ ਕਿ ਕਿਵੇਂ

ਹਿੰਦੂ ਸਾਮਰਾਜ ਦੀ ਸਰਕਾਰ ਸਿਖਾਂ ਤੇ ਜ਼ੁਲਮ ਕਰ ਰਹੀ ਹੈ ਅਤੇ ਕਿਵੇਂ 1947 ਤੋਂ ਲੈ ਕੇ ਹੁਣ ਤਕ ਸਿਖਾਂ ਨੂੰ ਗੁਲਾਮੀ ਦੇ ਸੰਗਲਾਂ ਵਿਚ ਜਕੜਿਆ ਹੋਇਆ ਹੈ। ਸੋ ਸਾਨੂੰ ਤੁਸੀਂ ਆਪਣਾ ਪੂਰਾ ਸਹਿਯੋਗ ਦਿਓ ਤਾਂ ਕਿ ਅਸੀਂ ਆਪਣੇ ਮਿਸ਼ਨ ਵਿਚ ਕਾਮਯਾਬ ਹੋ ਸਕੀਏ। ਬਾਦ ਵਿਚ ਜਦੋਂ ਸ: ਗਜਿੰਦਰ ਸਿਘ ਮੇਰੇ ਪਾਸ ਗੱਲ ਬਾਤ ਕਰਨ ਬਾਅਦ ਆਇਆ ਤਾਂ ਉਸਨੇ ਮੈਨੂੰ ਦੱਸਿਆ ਕਿ ਕਮਿਸ਼ਨਰ ਸਾਹਿਬ (ਲਾਹੌਰ) ਆਏ ਸਨ ਉਹਨਾਂ ਨੂੰ ਮੈਂ ਉਪਰੋਕਤ ਸਾਰੀਆਂ ਗੱਲਾਂ ਤੋਂ ਜਾਣੂ ਕਰਾ ਦਿਤਾ ਹੈ। ਸੋ ਉਨ੍ਹਾਂ ਸਾਨੂੰ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਵਾਇਆ ਤੇ ਹਮਦਰਦੀ ਪ੍ਰਗਟ ਕੀਤੀ ਹੈ। ਸੋ ਅਸੀਂ ਉਨ੍ਹਾਂ ਤੇ ਪੂਰਾ ਭਰੋਸਾ ਕਰਦੇ ਹੋਏ ਜਹਾਜ਼ ਦੇ ਦਰਵਾਜ਼ੇ ਖੋਲ੍ਹ ਦਿਤੇ ਸਵਾਰੀਆਂ ਅਤੇ ਪਾਕਿਸਤਾਨੀ ਅਧਿਕਾਰੀ ਬਿਨਾ ਰੋਕ ਟੋਕ ਉਤੇ ਥੱਲੇ ਜਾਂਦੇ ਰਹੇ। ਸਵਾਰੀਆਂ ਹੇਠਾਂ ਉਤਰ ਕੇ ਘੁਮ ਫਿਰ ਕੇ ਸਿਗਰਟ ਵਗੈਰਾ ਪੀ ਕੇ ਆਉਂਦੀਆਂ ਜਾਂਦੀਆਂ ਰਹੀਆਂ। ਜਹਾਜ਼ ਵਿਚ ਵੀ ਇਕ ਦੂਜੇ ਨਾਲ ਮਿਲਦੇ ਗਿਲਦੇ ਰਹੇ ਅਤੇ ਖੇਡਦੇ ਰਹੇ। ਸਾਰਾ ਸਮਾਂ ਹੀ ਪਿਆਰ ਅਤੇ ਸਦਭਾਵਨਾ ਦਾ ਮਹੌਲ ਬਣਿਆ ਰਹਿਆ। ਮੈਂ ਦਰਵਾਜ਼ੇ ਖੁਲਦੇ ਸਾਰ ਹੀ ਉਹ ਅਧਿਕਾਰੀਆਂ ਨੂੰ ਸੁਨੇਹਾ ਭੇਜ ਕੇ ਸਵਾਰੀਆਂ ਵਾਸਤੇ ਖਾਣਾ, ਕੋਲਡ ਡਰਿੰਕ, ਚਾਹ ਆਦਿ ਮੰਗਵਾਈ। ਇਕ ਲੇਡੀ ਸਵਾਰੀ ਦੇ ਬਿਮਾਰ ਹੋਣ ਤੇ ਉਸੇ ਵੇਲੇ ਮੈਡੀਕਲ ਅਫਸਰ ਮੰਗਵਾਇਆ ਗਿਆ ਜਿਸ ਨੇ ਆਕੇ ਸਵਾਰੀ ਨੂੰ ਚੈਕਅਪ ਕੀਤਾ ਤਾਂ ਡਾ: ਦੀ ਸਲਾਹ ਮੁਤਾਬਿਕ ਉਸਦਾ ਇਲਾਜ ਉਥੇ ਨਾ ਹੋਣ ਕਰਕੇ ਉਸ ਸਵਾਰੀ ਨੂੰ ਉਸੇ ਵੇਲੇ ਡਾਕਟਰੀ ਇਲਾਜ ਲਈ ਬਾਹਰ ਹਸਪਤਾਲ ਭੇਜ ਦਿਤਾ ਗਿਆ ਅਤੇ ਨਾਲ ਹੀ ਸਾਰੀਆਂ ਸਵਾਰੀਆਂ ਲਈ ਡਾਕਟਰਾਂਦੀ ਟੀਮ ਮੰਗਵਾਈ ਗਈ ਤਾਂ ਜੋ ਜਿਸ ਕਿਸੇ ਨੂੰ ਵੀ ਡਾਕਟਰੀ ਸਹਾਇਤਾ ਦੀ ਲੋੜ ਹੋਵੇ ਉਸਨੂੰ ਦਿਤੀ ਜਾ ਸਕੇ।

ਸੋ ਸਵਾਰੀਆਂ ਦੀ ਹਰ ਪੱਖੋਂ ਪੂਰੇ ਤਰੀਕੇ ਨਾਲ ਦੇਖ ਭਾਲ ਕੀਤੀ ਗਈ। ਮਨੁਖੀ ਹਮਦਰਦੀ ਦੇ ਤਹਿਤ ਮੈਂ ਔਰਤਾਂ ਤੇ ਬੱਚਿਆਂ ਨੂੰ ਰਲੀਜ਼ ਕਰ ਦਿਤਾ ਜਿਨ੍ਹਾਂ ਨੂੰ ਲਿਜਾਣ ਦਾ ਪ੍ਰਬੰਧ ਪਹਿਲਾ ਹੀ ਕਰਵਾ ਲਿਆ ਗਿਆ ਸੀ। ਇਸ ਤੋਂ ਕੁਝ ਸਮੇਂ ਬਾਅਦ ਵਿਦੇਸੀਆਂ, ਸਿਖਾਂ ਤੇ ਮੁਸਲਮਾਨਾ ਨੂੰ ਰਿਹਾ ਕਰ ਦਿਤਾ ਗਿਆ।

ਪਾਕਿਸਤਾਨੀ ਅਧਿਕਾਰੀ ਜਹਾਜ਼ ਵਿਚ ਆਏ ਉਨ੍ਹਾਂ ਨੇ ਮੈਨੂੰ ਦੱਸਿਆ ਕਿ ਹਿੰਦੋਸਤਾਨ ਦਾ ਰਾਜਦੂਤ ਤੁਹਾਡੇ ਨਾਲ ਗਲਬਾਤ ਕਰਨੀ ਚਾਹੁੰਦਾ ਹੈ। ਤਾਂ ਮੈਂ ਹਾਲਾਤ ਦਾ ਜਾਇਜ਼ਾ ਲੈਂਦੇ ਹੋਏ ਅਤੇ ਆਪਣੀ ਜ਼ੁਮੇਵਾਰੀ ਦਾ ਅਹਿਸਾਸ ਕਰਦੇ ਹੋਏ ਗਜਿੰਦਰ ਸਿਘ ਨੂੰ ਬੁਲਾ ਕੇ ਕਿਹਾ ਕਿ ਹਿੰਦੋਸਤਾਨ ਦਾ ਰਾਜਦੂਤ ਸਾਡੇ ਨਾਲ ਗਲਬਾਤ ਕਰਨੀ ਚਾਹੁੰਦਾ ਹੈ ਤੇ ਉਸਨੂੰ ਜਾ ਕੇ ਆਪ ਮਿਲ ਆਓ ਤੇ ਮੰਗਾਂ ਤੇ ਕਾਰਵਾਈ ਦੇ ਮਕਸਦ ਬਾਰੇ

ਜਾਣੂ ਕਰਵਾ ਦੇਣਾ ਕਿ ਅਸੀਂ ਖਾਲਿਸਤਾਨੀ ਤਹਰੀਕ ਨੂੰ ਦੁਨੀਆਂ ਸਾਮਹਣੇ ਲਿਆਣਾ ਚਾਹੁੰਦੇ ਹਾਂ। ਹਿੰਦੂ ਸਾਮਰਾਜ ਦੀ ਗੁਲਾਮੀ ਤੋਂ ਸਿਖ ਕੌਮ ਦੀ ਆਜ਼ਾਦੀ ਚਾਹੁੰਦੇ ਹਾਂ। ਅਤੇ ਆਪਣੀ ਵਖਰੀ ਗਵਰਨਿੰਗ ਸਟੇਟ ਬਣਾਉਣੀ ਚਾਹੁੰਦੇ ਹਾਂ। ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਦੀ ਰਿਹਾਈ ਚਾਹੁੰਦੇ ਹਾਂ ਜਿਨ੍ਹਾਂ ਨੂੰ ਝੂਠੇ ਕਤਲ ਕੇਸ 'ਚ ਗ੍ਰਿਫਤਾਰ ਕੀਤਾ ਗਿਆ ਹੈ। ਚੌਕ ਮਹਿਤਾ ਵਿਚ ਜੋ ਸਿਖ ਜ਼ਾਲਮ ਸਰਕਾਰ ਨੇ ਸ਼ਹੀਦ ਕੀਤੇ ਹਨ ਉਨ੍ਹਾਂ ਦੇ ਪਰਵਾਰਾਂ ਦੀ ਮਦਦ ਲਈ ਅਵਜਾਨੇ ਵਜੋਂ 5 ਲੱਖ ਡਾਲਰ ਚਾਹੁੰਦੇ ਹਾਂ। ਜਿਹੜੇ ਖਾਲਿਸਤਾਨੀ ਲੀਡਰ ਸਰਕਾਰ ਵਲੋਂ ਗ੍ਰਿਫਤਾਰ ਕੀਤੇ ਗਏ ਹਨ ਉਨ੍ਹਾਂ ਦੀ ਰਿਹਾਈ ਚਾਹੁੰਦੇ ਹਾਂ।

ਸ: ਗਜਿੰਦਰ ਸਿੰਘ ਗੱਲ ਬਾਤ ਕਰਨ ਲਈ ਗਿਆ ਤੇ ਜਾਕੇ ਰਾਜਦੂਤ ਨੂੰ ਸਾਰੀਆਂ ਗੱਲਾਂ ਤੋਂ ਜਾਣੂ ਕਰਵਾ ਦਿਤਾ। ਕੁਝ ਸਮੇਂ ਬਾਦ ਜਦੋਂ ਉਹ ਵਾਪਸ ਆਇਆ ਤਾਂ ਉਸਨੇ ਆਕੇ ਮੈਨੂੰ ਸੂਚਿਤ ਕੀਤਾ ਕਿ ਮੈਂ ਰਾਜਦੂਤ ਨੂੰ ਉਹਨਾਂ ਸਾਰੀਆਂ ਗੱਲਾਂ ਤੋਂ ਜਾਣੂ ਕਰਵਾ ਦਿਤਾ ਹੈ ਜੋ ਤੁਸੀਂ ਕਹੀਆਂ ਸਨ।

ਸਾਰੀ ਰਾਤ ਸਵਾਰੀਆਂ ਬੜੇ ਅਰਾਮ ਨਾਲ ਸੁਤੀਆਂ ਜਿਹਨਾ ਦੇ ਚੇਹਰਿਆਂ ਤੇ ਕੋਈ ਦਹਿਸ਼ਤ ਜਾ ਡਰ ਦਾ ਨਿਸ਼ਾਨ ਨਹੀਂ ਸੀ।

30 ਸਤੰਬਰ 1981 ਦੀ ਸਵੇਰ ਆਈ। ਪਾਕਿਸਤਾਨੀ ਅਧਿਕਾਰੀਆਂ ਤੇ ਵਿਸ਼ਵਾਸ ਕਰਕੇ ਸਾਡੇ ਦੋ ਸਿਖ ਸ: ਕਰਨ ਸਿੰਘ ਅਤੇ ਸ: ਗਜਿੰਦਰਪਾਲ ਸਿੰਘ ਇਸ਼ਨਾਨ ਕਰਨ ਲਈ ਏਅਰ ਪੋਰਟ ਦੀ ਬਿਲਡਿੰਗ ਵਿਚ ਚਲੇ ਗਏ। ਮੈਂ (ਸਤਨਾਮ ਸਿੰਘ) ਅਤੇ ਜਸਬੀਰ ਸਿੰਘ ਜਹਾਜ਼ ਵਿਚ ਹੀ ਰਹੇ। ਮੈਂ ਅਗਲੇ ਦਰਵਾਜ਼ੇ ਵਿਚ ਅਤੇ ਜਸਬੀਰ ਸਿੰਘ ਪਿਛਲੇ ਦਰਵਾਜ਼ੇ ਵਿਚ ਖੜਾ ਸੀ। ਸ: ਗਜਿੰਦਰ ਸਿੰਘ ਜਹਾਜ਼ ਤੋਂ ਦੂਰ ਬੈਠਾ ਕਮਿਸ਼ਨਰ ਨਾਲ ਗਲਬਾਤ ਕਰ ਰਿਹਾ ਸੀ। ਇਸ ਸਮੇਂ ਦਾ ਫਾਇਦਾ ਉਠਾਉਂਦੇ ਹੋਏ ਪਾਕਿਸਤਾਨੀ ਅਧਿਕਾਰੀਆਂ ਨੇ ਸਾਡੇ ਨਾਲ ਵਿਸ਼ਵਾਸਘਾਤ ਕੀਤਾ।

ਸਵੇਰੇ ਤਕਰੀਬਨ 8 ਕੁ ਵਜੇ ਕੁਝ ਬੰਦੇ ਡਾਂਗਰੀਆ ਪਾਕੇ ਸਵੀਪਰ ਦੇ ਭੇਸ ਵਿਚ ਸਫਾਈ ਕਰਨ ਲਈ ਜਹਾਜ਼ ਵਿਚ ਦਾਖਲ ਹੋਏ। ਉਨ੍ਹਾਂ ਨੇ ਮਿਥੇ ਪ੍ਰੋਗਰਾਮ ਅਨੁਸਾਰ ਸਾਡੇ ਉਪਰ ਕਮਾਂਡੋ ਐਕਸ਼ਨ ਕਰਨਾ ਸ਼ੁਰੂ ਕਰ ਦਿਤਾ। ਮੈਂ (ਸਤਨਾਮ ਸਿੰਘ ਪਾਉਂਟਾ ਸਾਹਿਬ) ਉਸ ਸਮੇਂ ਜਹਾਜ਼ ਦੀ ਅਗਲੀ ਖਿੜਕੀ ਵਿਚ ਖੜਾ ਸੀ ਇਕ ਬੰਦੇ ਨੇ ਮੇਰੇ ਪਿਛੋਂ ਲੱਤ ਮਾਰੀ ਜਿਸ ਨਾਲ ਮੈਂ ਪਉੜੀਆਂ ਤੋਂ ਰਿੜਦਾ ਹੋਇਆ ਮੂੰਹ ਭਾਰ ਜ਼ਮੀਨ ਤੇ ਜਾ ਡਿਗਿਆ ਤੇ ਮੇਰਾ ਸਿਰ ਫਟ ਗਿਆ। ਝਾੜੀਆਂ ਵਿਚ ਲੁਕੇ ਕੁਝ ਬੰਦਿਆਂ ਨੇ ਮੈਨੂੰ ਕਾਬੂ ਕਰ ਲਿਆ। ਉਸ ਸਮੇਂ ਮੇਰੇ ਹੱਥ ਵਿਚ ਕਿਰਪਾਨ ਸੀ ਜੋ ਉਹਨਾਂ ਨੇ ਖੋਹ ਲਈ। ਮੈਨੂੰ ਸਤਕ

ਤੇ ਲਿਟਾ ਕੇ 6-7 ਬਾ-ਮੁਸੱਲਾ ਫੌਜੀਆਂ ਨੇ ਅੰਨੇ ਵਾਹ ਮਾਰਨਾ ਕੁਟਣਾ ਸ਼ੁਰੂ ਕਰ ਦਿਤਾ। ਜਿਸ ਨਾਲ ਮੇਰੇ ਸਰੀਰ ਉਪਰ ਬੜੀਆਂ ਚੋਟਾਂ ਆਈਆਂ। ਪਿਛਲੀ ਖਿੜਕੀ ਵਿਚੋਂ ਜਸਬੀਰ ਨੂੰ ਕਾਬੂ ਕਰ ਲਿਆ ਅਤੇ ਬੈਠੇ ਰਾਜਿੰਦਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਉਸ ਦਿਨ ਤੋਂ ਲੈ ਕੇ ਅਜ ਤਕ ਅਸੀਂ ਜੇਲ੍ਹ ਦੀਆਂ ਕੋਠੜੀਆਂ ਵਿਚ ਬੰਦ ਹਾਂ।

ਮਾਨਯੋਗ ਅਦਾਲਤ ਦੇ ਸਾਹਮਣੇ ਮੈਂ ਇਕ ਅਜੇਹੀ ਅੱਖੀਂ ਦੇਖੀ ਘਟਨਾ ਬਿਆਨ ਕਰਨੀ ਚਾਹਾਂਗਾ ਜਿਸ ਨੇ ਮੇਰੇ ਮਨ ਵਿਚ ਗੁਲਾਮੀ ਦਾ ਅਹਿਸਾਸ ਤੇ ਅਜ਼ਾਦੀ ਦੀ ਤੜਫ ਪੈਦਾ ਕੀਤੀ:—

ਮੈਂ ਸੰਨ 1964 ਵਿਚ ਪਾਉਂਟਾ ਸਾਹਿਬ ਵਿਖੇ ਗੁਰਦੁਆਰਾ ਸਾਹਿਬ ਦੇ ਅੰਦਰ ਅਹਾਤੇ ਵਿਚ ਬਣੇ ਹਾਈ ਸਕੂਲ ਵਿਚ ਪੜਦਾ ਸਾਂ।

ਇਸ ਗੁਰਦੁਆਰੇ ਵਿਚ ਕਾਫੀ ਸਮੇਂ ਤੋਂ ਇਕ ਮਹੰਤ ਕਾਬਜ਼ ਸੀ ਜੋ ਸਿਖੀ ਪਰੰਪਰਾਵਾਂ ਤੋਂ ਉਲਟ ਕੁਕਰਮ ਕਰਦਾ ਸੀ ਅਤੇ ਵਕਤ ਦੀ ਸਰਕਾਰ ਉਸ ਦੀ ਪੂਰੀ ਤਰ੍ਹਾਂ ਪਿਠ ਠੋਕ ਰਹੀ ਸੀ। ਗੁਰਦੁਆਰਾ ਸਾਹਿਬ ਜੀ ਦੀ ਆਮਦਨ ਨੂੰ ਉਹ ਨਿਜੀ ਸਵਾਰਥਾਂ ਅਤੇ ਐਸ਼ੋਅਰਾਮ ਲਈ ਵਰਤ ਰਿਹਾ ਸੀ। ਜਦੋਂ ਗੁਰਦੁਆਰਾ ਸਾਹਿਬ ਬੰਦ ਹੁੰਦੇ ਉਸਦੇ ਮੰਦੇ ਕੁਕਰਮਾਂ ਦਾ ਪਤਾ ਤਰਨਾ ਦਲ ਦੇ ਮੁਖੀ ਬਾਬਾ ਹਰਭਜਨ ਸਿੰਘ ਜੀ ਨੂੰ ਲੱਗਾ ਤਾਂ ਉਨ੍ਹਾਂ ਨੇ ਗੁਰਦੁਆਰਾ ਸਾਹਿਬ ਵਿਚੋਂ ਮਹੰਤ ਨੂੰ ਕੱਢ ਕੇ ਸਿਖ ਪਰੰਪਰਾਵਾਂ ਨੂੰ ਦੁਬਾਰਾ ਕਾਇਮ ਕੀਤਾ। ਦੁਰਾਚਾਰੀ ਮਹੰਤ ਨੇ ਗੁਰਦੁਆਰਾ ਸਾਹਿਬ ਦੇ ਫੰਡ ਦਾ ਲੱਖਾਂ ਰੁਪਿਆ ਕਢਵਾ ਲਿਆ ਅਤੇ ਸਿਖਾਂ ਨੂੰ ਗੁਰਦੁਆਰਾ ਸਾਹਿਬ ਵਿਚੋਂ ਕੱਢਣ ਵਾਸਤੇ ਸਰਕਾਰ ਨੂੰ ਲੱਖਾਂ ਰੁਪਏ ਰਿਸ਼ਵਤ ਦੇਕੇ ਗੁਰਦੁਆਰਾ ਸਾਹਿਬ ਜੀ ਉਪਰ ਪੁਲੀਸ ਚਾੜ ਲਿਆਂਦੀ ਤਾਂ ਜੋ ਸਿਘਾਂ ਨੂੰ ਕੱਢ ਕੇ ਦੁਬਾਰਾ ਕਾਬਜ਼ ਹੋਕੇ ਮਨਮਰਜ਼ੀਆਂ ਕਰ ਸਕੇ।

ਇਸ ਗੁਰਦੁਆਰਾ ਸਾਹਿਬ ਜੀ ਦੀ ਸਿਖ ਕੌਮ ਵਿਚ ਬੜੀ ਭਾਰੀ ਮੱਹਤਤਾ ਹੈ। 17ਵੀਂ ਸਦੀ ਦੇ ਅਖੀਰ ਵਿਚ ਦਸਵੇਂ ਗੁਰੂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਥੇ ਆਏ। ਸਾਢੇ ਚਾਰ ਸਾਲ ਇਸ ਜਗਹ ਬਿਰਾਜਮਾਨ ਰਹੇ। ਇਸੇ ਹੀ ਜਗਾ ਉਪਰ ਉਨਾਂ ਨੇ ਕਵੀ ਦਰਬਾਰ ਦੀ ਸ਼ੁਰੂਆਤ ਕੀਤੀ। ਇਥੇ ਹੀ ਗੁਰੂ ਸਾਹਿਬ ਜੀ ਸਿਘਾਂ ਨੂੰ ਸ਼ਸਤਰ ਵਿਦਿਆ ਸਿਖਲਾਉਂਦੇ ਰਹੇ। ਇਸ ਹੀ ਅਸਥਾਨ ਤੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਦਾ ਜਨਮ ਹੋਇਆ। ਇਸੇ ਹੀ ਅਸਥਾਨ ਤੋਂ ਗੁਰੂ ਸਾਹਿਬ ਜੀ ਨੇ ਬਾਈਧਾਰ ਦੇ ਹਿਦੂ ਰਾਜਿਆਂ ਨਾਲ ਪਹਿਲਾ ਯੁਧ ਲੜਿਆ ਅਤੇ ਉਨਾਂ ਦੇ ਦੰਦ ਖਟੇ ਕੀਤੇ। ਇਸੇ ਹੀ ਅਸਥਾਨ ਤੇ ਬੁਧੂਸ਼ਾਹ ਸਤਿਗੁਰੂ ਜੀ ਦਾ ਮੁਰੀਦ ਬਣਿਆਂ ਅਤੇ ਭੰਗਾਣੀ ਦੇ ਵਿਚ ਲੜੇ ਧਰਮ ਯੁਧ ਵਿਚ 4

ਪੁਤਰਾਂ ਅਤੇ 700 ਮੁਰੀਦਾ ਸਮੇਤ ਸ਼ਾਮਲ ਹੋਇਆ। ਇਸ ਯੁੱਧ ਵਿਚ ਉਸਦੇ 2 ਪੁਤਰਾਂ ਨੇ ਸ਼ਹਾਦਤ ਦਾ ਜਾਮ ਪੀਤਾ। ਯੁਧ ਜਿਤਣ ਤੋਂ ਬਾਅਦ ਇਸੇ ਹੀ ਅਸਥਾਨ ਤੇ ਉਸਨੂੰ ਸਨਮਾਨਿਤ ਕੀਤਾ ਗਿਆ ਸੀ। ਇਹ ਸੀ ਪਾਉਂਟਾ ਸਾਹਿਬ ਜੀ ਦੇ ਗੁਰਦੁਆਰਾ ਸਾਹਿਬ ਜੀ ਦਾ ਸੰਖੇਪ ਇਤਹਾਸ।

22 ਮਈ 1964 ਦੇ ਦਿਨ ਦੁਪਹਿਰ ਕੁ ਵੇਲੇ ਸ੍ਰੀ ਗੁਰਦੁਆਰਾ ਸਾਹਿਬ ਦੇ ਅੰਦਰ ਦਾਖਲ ਹੀ ਹੋਣ ਲਗਾ ਸੀ ਤਾ ਅਚਾਨਕ ਬਾਹਰੋਂ ਪੁਲੀਸ ਦੀਆਂ ਗੱਡੀਆਂ ਆਈਆਂ। ਪੁਲੀਸ ਨੇ ਉਤਰਦਿਆਂ ਸਾਰ ਹੀ ਗੁਰਦੁਆਰਾ ਸਾਹਿਬ ਜੀ ਦੀ ਇਮਾਰਤ ਨੂੰ ਘੇਰਾ ਪਾ ਲਿਆ ਗੁਰਦੁਆਰਾ ਸਾਹਿਬ ਦੇ ਅੰਦਰ ਉਸ ਸਮੇਂ 35 ਦੇ ਕਰੀਬ ਸਿਘ ਮੌਜੂਦ ਸਨ। ਪੁਲੀਸ ਮੇਰੇ ਦੇਖਦੇ ਦੇਖਦੇ ਗੁਰਦੁਆਰਾ ਸਾਹਿਬ ਦੇ ਅੰਦਰ ਦਾਖਲ ਹੋਈ ਅਤੇ ਅਹਾਤੇ ਵਿਚ ਘੁਮਦੇ ਸਿਘਾਂ ਨੂੰ ਬੜੀ ਬੇਰਹਿਮੀ ਨਾਲ ਮਾਰਨਾ ਕੁਟਣਾ ਸ਼ੁਰੂ ਕਰ ਦਿਤਾ ਉਸ ਸਮੇਂ ਦਿਵਾਨ ਹਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਜਾਰੀ ਸਨ। 15 ਸਿਘਾਂ ਨੇ ਗੁਰਦੁਆਰਾ ਸਾਹਿਬ ਜੀ ਦੇ ਅੰਦਰ ਦਾਖਲ ਹੋਕੇ ਅੰਦਰੋਂ ਦਰਵਾਜ਼ੇ ਬੰਦ ਕਰ ਲਏ ਤਾਂ ਜੋ ਸ੍ਰੀ ਅਖੰਡ ਪਾਠ ਖੰਡਨ ਨਾ ਹੋ ਸਕਣ। ਪਰ ਜਾਲਮ ਪੁਲੀਸ ਨੇ ਗੁਰਦੁਆਰਾ ਸਾਹਿਬ ਜੀ ਹਾਲ ਦੇ ਰੋਸ਼ਨਦਾਨਾ ਰਾਹੀਂ ਅੰਦਰਲੇ ਸਿਘਾਂ ਨੂੰ ਗੋਲੀਆਂ ਮਾਰੀਆਂ। ਸਿਘਾਂ ਨੇ ਚਲ ਰਹੇ ਸ੍ਰੀ ਅਖੰਡ ਪਾਠ ਸਾਹਿਬ ਨੂੰ ਬਚਾਉਣ ਲਈ ਮਿਸਾਲ ਕਾਇਮ ਕੀਤੀ ਜਦੋਂ ਅਖੰਡ ਪਾਠ ਕਰਦਾ ਪਾਠੀ ਸਿਘ ਸ਼ਹੀਦ ਹੋ ਗਿਆ ਤਾਂ ਦੂਸਰਾ ਸਿਘ ਪਾਠ ਉਪਰ ਬੈਠ ਗਿਆ ਜਦੋਂ ਦੂਜਾ ਵੀ ਸ਼ਹੀਦੀ ਪ੍ਰਾਪਤ ਕਰ ਗਿਆ ਤਾਂ ਤੀਸਰਾ ਸਿਘ ਪਾਠ ਜਾਰੀ ਰਖਣ ਲਈ ਬੈਠ ਗਿਆ। ਇਸ ਤਰ੍ਹਾਂ ਸਿਘ ਨੇ ਜਿਨਾਂ ਚਿਰ ਸਾਰੇ ਸ਼ਹੀਦ ਨਹੀਂ ਹੋ ਗਏ ਜਾਂ ਗੰਭੀਰ ਫਟੜ ਨਹੀਂ ਹੋ ਗਏ ਸ੍ਰੀ ਅਖੰਡ ਪਾਠ ਜਾਰੀ ਰਖਣ ਦਾ ਹਰ ਉਪਰਾਲਾ ਕੀਤਾ। 35 ਸਿਘਾਂ ਵਿਚੋਂ 8 ਸਿਘ ਥਾਂ ਤੇ ਹੀ ਸ਼ਹੀਦ ਹੋ ਗਏ ਤੇ ਬਾਕੀ ਗੰਭੀਰ ਰੂਪ ਵਿਚ ਫਟੜ ਹੋਏ ਜਿਨ੍ਹਾਂ ਵਿਚੋਂ ਤਿੰਨ ਸਿਘ ਜਖਮਾਂ ਦੀ ਤਾਬ ਨਾ ਸਹਾਰਦੇ ਹੋਏ ਹਸਪਤਾਲ ਵਿਚ ਜਾ ਕੇ ਦਮ ਤੋੜ ਗਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਨੂੰ ਵੀ ਕਈ ਗੋਲੀਆ ਲੱਗੀਆਂ। ਆਪਣੇ ਜ਼ੁਲਮ ਤੇ ਪੜਦਾ ਪਾਉਣ ਲਈ ਗੁਰਦਵਾਰਾ ਸਾਹਿਬ ਅੰਦਰ ਹੋਏ ਸ਼ਹੀਦ 8 ਸਿਘਾਂ ਦਿਆਂ ਮ੍ਰਿਤਕ ਸਰੀਰਾਂ ਨੂੰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਖੂਨ ਨਾਲ ਲਿਬੜੇ ਸਰੂਪ ਨੂੰ ਦੂਰ ਜੰਗਲ ਵਿਚ ਲਿਜਾ ਕੇ ਅੱਗ ਨਾਲ ਸਾੜ ਦਿਤਾ ਗਿਆ। ਤਾਂ ਕਿ ਸਿਖਾਂ ਨੂੰ ਪਤਾ ਨਾ ਚਲ ਸਕੇ ਕਿ ਜਿਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕੀਤੀ ਗਈ ਹੈ ਅਤੇ ਸਿਖਾਂ ਨੂੰ ਗੋਲੀਆਂ ਮਾਰਕੇ ਸ਼ਹੀਦ ਕੀਤਾ ਹੈ ਸ੍ਰੀ ਗੁਰਦੁਆਰਾ ਸਾਹਿਬ ਅੰਦਰ ਸਿਘਾਂ ਦੇ ਡੁਲ੍ਹੇ ਖੂਨ ਨੂੰ ਸਾਫ ਕਰਕੇ ਅਤੇ ਕੰਧਾਂ ਤੇ ਲੱਗੀਆਂ ਗੋਲੀਆਂ ਦੇ ਨਿਸ਼ਾਨ ਮਿਟਾਣ ਦੀ

ਅਸਫਲ ਕੋਸ਼ਿਸ਼ ਕੀਤੀ ਗਈ। ਪਰ ਉਹ ਸ਼ਹੀਦਾਂ ਦੇ ਖ਼ੂਨ ਦੇ ਧੱਬੇ ਮਿਟਾਣ ਵਿਚ ਸਫਲ ਨਾ ਹੋ ਸਕੇ।

ਹਸਪਤਾਲ ਜਾਂਦੇ ਹੋਏ ਤਿੰਨਾ ਸਿਖ ਸ਼ਹੀਦਾਂ ਦਾ ਸਸਕਾਰ ਹਜਾਰਾਂ ਦੀ ਗਿਣਤੀ ਵਿਚ ਸਿਖ ਸੰਗਤਾਂ ਨੇ ਕੀਤਾ। ਸਿਖ ਸੰਗਤਾਂ ਦੇ ਮਨਾਂ ਤੇ ਇਸ ਬੇਦਰਦਾਨਾ ਕਤਲੇ ਆਮ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੀਤੀ ਬੇਅਦਬੀ ਦਾ ਸਰਕਾਰ ਪ੍ਰਤੀ ਬੜਾ ਗਮ ਤੇ ਗੁੱਸਾ ਪਾਇਆ ਜਾ ਰਿਹਾ ਸੀ।

ਇਹ ਸਾਰਾ ਸਾਕਾ ਮੇਰੀਆਂ ਅੱਖਾਂ ਸਾਹਮਣੇ ਵਾਪਰਿਆ। ਇਸ ਸਾਕੇ ਦਾ ਮੇਰੇ ਮਨ ਉਪਰ ਏਨਾ ਅਸਰ ਹੋਇਆ ਕਿ ਹਿੰਦੁਸਤਾਨ ਸਰਕਾਰ ਵਿਰੁਧ ਮੇਰੇ ਮੰਨ ਵਿਚ ਗੁਸਾ ਤੇ ਨਫਰਤ ਪੈਂਦਾ ਹੋਈ। ਹਰ ਸਮੇਂ ਮੇਰੇ ਸਾਹਮਣੇ ਉਹੀ ਸੀਨ ਦਿਸਦੇ ਰਹਿੰਦੇ। ਮੈਨੂੰ ਖਾਣਾ ਪੀਣਾ, ਅਰਾਮ ਕਰਨਾ ਭੁਲ ਗਿਆ। ਇਸਦਾ ਵੱਡਾ ਕਾਰਨ ਇਹ ਵੀ ਸੀ ਕਿ ਜਿਹੜੇ ਸਿਖ ਇਸ ਸਾਕੇ ਵਿਚ ਸ਼ਹੀਦ ਹੋਏ ਸਨ ਉਹਨਾ ਨਾਲ ਜਾਤੀ ਤੌਰ ਤੇ ਮੇਰਾ ਬਹੁਤ ਪਿਆਰ ਸੀ। ਇਸੇ ਕਾਰਨ ਮੈਂ ਆਪਣੀ ਪੜ੍ਹਾਈ ਅਗੇ ਜਾਰੀ ਨਾ ਰੱਖ ਸਕਿਆ।

ਗੁਰਦੁਆਰਾ ਕਈ ਦਿਨ ਬੰਦ ਰਿਹਾ। ਇਨਾਂ ਦਿਨਾ ਵਿਚ ਹੀ ਕੌਮ ਦੇ ਲੀਡਰ ਮਾਸਟਰ ਤਾਰਾ ਸਿਘ ਅਤੇ ਸੰਤ ਫਤਹਿ ਸਿਘ ਆਪਣੇ ਹਮਾਇਤੀਆਂ ਸਮੇਤ ਉਥੇ ਪੁਜ ਗਏ ਅਤੇ ਉਨ੍ਹਾਂ ਨੇ ਸਰਕਾਰ ਵਿਰੁਧ ਸੰਘਰਸ਼ ਜਾਰੀ ਕਰ ਦਿਤਾ ਤੇ ਮੰਗ ਕੀਤੀ ਕਿ ਇਸ ਜ਼ਾਲਮਾਨਾ ਕਾਰਵਾਈ ਦੀ ਜਾਂਚ ਕਰਵਾਈ ਜਾਵੇ ਅਤੇ ਦੋਸ਼ੀਆਂ ਨੂੰ ਸਜ਼ਾ ਦਿਤੀ ਜਾਵੇ। ਇਹ ਸੰਘਰਸ਼ ਕਈ ਮਹੀਨੇ ਚਲਦਾ ਰਿਹਾ। ਪਰ ਬਾਦ ਇਸ ਕੇਸ ਨੂੰ ਖੁਰਦ ਬੁਰਦ ਕਰ ਦਿਤਾ ਗਿਆ ਕਿਉਂਕਿ ਇਸ ਪਿਛੇ ਸਰਕਾਰ ਦਾ ਹੱਥ ਸੀ।

ਸ੍ਰੀ ਗੁਰਦੁਆਰਾ ਸਾਹਿਬ ਅੰਦਰ ਸਿਖਾਂ ਦਾ ਭਾਰੀ ਇਕੱਠ ਚਲਦਾ ਰਿਹਾ। ਹਜਾਰਾਂ ਦੀ ਗਿਣਤੀ ਵਿਚ ਸਿਖ ਸੰਗਤਾਂ ਗੁਰਦੁਆਰਾ ਸਾਹਿਬ ਵਿਚ ਆਉਂਦੀਆਂ ਜਾਂਦੀਆਂ ਰਹੀਆਂ। ਮੇਰਾ ਇਹ ਸਾਰਾ ਸਮਾ ਸਿਖ ਲੀਡਰਾਂ ਦੇ ਵਿਚਾਰ ਸੁਣਦੇ ਅਤੇ ਸਿਖ ਸੰਗਤਾਂ ਦੀ ਸੇਵਾ ਕਰਦਿਆਂ ਬਤੀਤ ਹੋਇਆ ਇਨ੍ਹਾਂ ਹਾਲਾਤਾਂ ਤੋਂ ਮੈਨੂੰ ਸਿਖ ਸਿਆਸਤ ਅਤੇ ਹਿੰਦੂ ਸਾਮਰਾਜ ਦੀ ਸਰਕਾਰ ਵਲੋਂ ਸਿਖਾਂ ਨਾਲ 1941 ਤੋਂ ਪਹਿਲਾਂ ਦੇ ਵਿਸ਼ਵਾਸ ਅਤੇ 1947 ਤੋਂ ਬਾਅਦ ਕੀਤੇ ਵਿਸ਼ਵਾਸਘਾਤਾਂ ਦਾ ਪਤਾ ਲੱਗਾ। ਅਤੇ 47 ਤੋਂ ਹੁਣ ਤਕ ਹਿੰਦੂ ਸਾਮਰਾਜ ਵਲੋਂ ਹੋ ਰਹੀਆਂ ਜ਼ਿਆਦਤੀਆਂ ਅਤੇ ਜ਼ੁਲਮਾਂ ਦਾ ਪਤਾ ਲੱਗਾ ਕਿ ਕਿਵੇਂ ਸਿਖਾਂ ਨਾਲ ਮਤਰੇਈ ਮਾਂ ਵਰਗਾ ਸਲੂਕ ਕੀਤਾ ਜਾਂਦਾ ਹੈ। ਜੇਕਰ ਇਸੇ ਤਰਾਂ ਸਿਖ ਦਬੇ

ਜਾਂਦੇ ਰਹੇ ਤਾਂ ਸਿਖ ਕੌਮ ਦੀ ਹੋਂਦ ਹੀ ਖਤਮ ਹੋ ਜਾਵੇਗੀ। ਸੋ ਮੈਂ ਮਨ ਨਾਲ ਫੈਸਲਾ ਕੀਤਾ ਕਿ ਜਦ ਤਕ ਸਿਖ ਕੌਮ ਅਜਾਦ ਨਹੀਂ ਹੋ ਜਾਂਦੀ ਮੈਂ ਸਿਖ ਕੌਮ ਦੀ ਅਜਾਦੀ ਲਈ ਸੰਘਰਸ਼ ਕਰਾਂਗਾ। ਮੈਂ ਆਪਣੇ ਫੈਸਲੇ ਤੋਂ ਆਪਣੇ ਮਾਂ ਬਾਪ ਨੂੰ ਜਾਣੂ ਕਰਵਾਇਆ। ਉਨ੍ਹਾਂ ਨੇ ਮੇਰੀਆ ਗੱਲਾ ਨੂੰ ਗੰਭੀਰਤਾ ਨਾਲ ਸੋਚ ਵੀਚਾਰ ਕੇ ਮੇਰੇ ਸਿਰ ਤੇ ਹੱਥ ਰੱਖਿਆ ਤੇ ਕਿਹਾ ਪੁਤਰ ਜੇ ਤੂੰ ਕੌਮ ਲਈ ਕੰਮ ਕਰ ਰਿਹਾ ਹੈ ਵਾਹਿਗੁਰੂ ਤੇਰੇ ਅੰਗ ਸੰਗ ਸਹਾਈ ਹੋਵੇ ਅਤੇ ਸਾਡੀਆ ਦੁਆਵਾ ਵੀ ਤੇਰੇ ਨਾਲ ਹਨ। 1965 ਦੇ ਸ਼ੁਰੂ ਵਿਚ ਮੈਂ ਘਰ ਬਾਰ ਛੱਡ ਦਿਤਾ ਅਤੇ ਸੰਘਰਸ਼ ਦੇ ਰਾਹ ਉੱਤੇ ਇਹ ਕਹਿਕੇ ਤੁਰ ਪਿਆ ਕਿ ਜਾਂ ਤਾਂ ਖਾਲਿਸਤਾਨ ਦੀ ਸਥਾਪਨਾ ਤਕ ਜਾਂ ਖੂਨ ਦੇ ਆਖਰੀ ਕਤਰੇ ਤਕ ਸੰਘਰਸ ਕਰਦਾ ਰਹਾਂਗਾ ਅਤੇ ਜਾਂ ਸ਼ਹਾਦਤ ਪਾ ਜਾਵਾਂਗਾ।

ਸਭ ਤੋਂ ਪਹਿਲਾ ਮੈਂ 1965 ਵਿਚ ਪਾਉਂਟਾ ਸਾਹਿਬ ਜੀ ਵਿਖੇ ਹੀ ਸਾਹਿਬਜਾਦਾ ਅਜੀਤ ਸਿੰਘ ਦਲ ਵਿਚ ਸ਼ਾਮਲ ਹੋ ਗਿਆ। ਜਿਸ ਦਾ ਮੁਖ ਉਦੇਸ਼ ਸਿਖ ਧਰਮ ਅਤੇ ਸਿਖ ਕੌਮ ਦੀ ਬਿਹਤਰੀ ਲਈ ਕੰਮ ਕਰਨਾ ਅਤੇ ਸਿਖ ਨੌਜਵਾਨਾਂ ਨੂੰ ਸ਼ਸਤਰ ਵਿਦਿਆ ਦੇਣੀ ਸੀ ਤਾਂ ਕਿ ਆਣ ਵਾਲੇ ਵਕਤ ਵਿਚ ਸਿਖ ਕੌਮ ਦੇ ਹੱਕਾਂ ਲਈ ਸੰਘਰਸ਼ ਕਰ ਸਕਣ। ਇਹ ਦਲ 1972 ਤਕ ਸਿਖੀ ਹੱਕਾਂ ਲਈ ਜੂਝਦਾ ਰਿਹਾ।

1972 ਵਿਚ ਮੈਂ ਹਿਮਾਚਲ ਪ੍ਰਦੇਸ਼ ਦੀ ਸਟੇਟ ਦੇ ਸਿਖਾਂ ਨੂੰ ਜਥੇਬੰਦ ਕਰਕੇ ਹਿਮਾਚਲ ਸਟੇਟ ਅਕਾਲੀ ਦਲ ਕਾਇਮ ਕੀਤਾ ਗਿਆ ਜਿਸ ਦਾ ਕਿ ਬਾਦ ਵਿਚ ਮੈਂ ਪ੍ਰਧਾਨ ਚੁਣਿਆ ਗਿਆ। 1973 ਵਿਚੋਂ ਹਰਿਆਣੇ ਦੇ ਮੁੱਖ ਮੰਤਰੀ ਬੰਸੀ ਲਾਲ ਨੇ ਸਿਖਾਂ ਦੇ ਹਰਿਆਣੇ ਦੇ ਰਾਜ ਵਿਚ ਦਾਖਲ ਹੋਣ ਤੇ ਪਾਬੰਦੀ ਲਗਾ ਦਿਤੀ। ਇਸ ਪਾਬੰਦੀ ਨੂੰ ਤੋੜਨ ਵਾਸਤੇ ਉਸ ਸਮੇਂ ਦੇ ਅਕਾਲੀ ਦਲ ਦੇ ਪ੍ਰਧਾਨ ਮੋਹਣ ਸਿੰਘ ਤੁੜ ਨੇ ਬੰਸੀ ਲਾਲ ਨੂੰ ਚੈਲਿੰਜ ਪਾਂਤਾ ਅਤੇ 21 ਜੁਲਾਈ ਨੂੰ ਕਰਨਾਲ ਵਿਖੇ ਜਲੂਸ ਕੱਢਣ ਦਾ ਫੈਸਲਾ ਕੀਤਾ। ਇਸ ਲਈ ਜਲੂਸ ਨੂੰ ਰੋਕਣ ਵਾਸਤੇ ਸਰਕਾਰ ਨੇਂ ਕਰਨਾਲ ਵਿਚ ਸਖਤ ਹਿਫਾਜਤੀ ਪ੍ਰਬੰਧ ਕਰ ਲਏ ਅਤੇ ਸਹਿਰ ਵਿਚ ਦਫਾ 144 ਲਗਾ ਦਿਤੀ। ਅਕਾਲੀ ਦਲ ਦੇ ਕੱਢੇ ਜਾਣ ਵਾਲੇ ਜਲੂਸ ਵਿਚ ਸ਼ਾਮਲ ਹੋਣ ਲਈ ਮੈਂ ਵੀ ਹਿਮਾਚਲ ਸਟੇਟ ਅਕਾਲੀ ਦਲ ਦੇ ਵਰਕਰਾਂ ਸਮੇਤ ਪਾਉਂਟਾ ਸਾਹਿਬ ਤੋਂ ਕਰਨਾਲ ਪੁਜਾ। ਅਸੀਂ ਜਲੂਸ ਵਿਚ ਸ਼ਾਮਿਲ ਹੋਕੇ ਦਫਾ 144 ਦੀਆਂ ਪਾਬੰਦੀਆਂ ਨੂੰ ਤੋੜ ਕੇ ਗ੍ਰਿਫਤਾਰੀ ਦੇ ਦਿਤੀ। ਮੈਂ 40 ਦਿਨ ਅੰਬਾਲਾ ਅਤੇ ਕਰਨਾਲ ਦੀਆਂ ਜੇਹਲਾਂ ਵਿਚ ਰਿਹਾ।

15 ਜੂਨ 1975 ਨੂੰ ਇਕ ਜੱਥਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਅਰਦਾਸ ਕਰਕੇ ਡੀ ਸੀ ਦੇ ਦਫਤਰ ਉਪਰ ਹਿਦੁਸਤਾਨ ਦਾ ਤਿਰੰਗਾ ਝੰਡਾ ਲਾਹ ਕੇ ਖਾਲਸਈ ਕੇਸਰੀ ਨਿਸ਼ਾਨ ਸਾਹਿਬ ਝੁਲਾਉਣ ਲਈ ਜਿਹੜਾ 25 ਸਿਖਾਂ ਦਾ ਜਥਾ ਗਿਆ ਉਸ ਵਿਚ ਮੈਂ ਵੀ ਸ਼ਾਮਲ ਸੀ। ਰਸਤੇ ਵਿਚ ਪੁਲੀਸ ਨੇ ਜ਼ਬਰਦਸਤੀ ਇਸ ਜਥੇ ਨੂੰ ਰੋਕ ਕੇ ਗ੍ਰਿਫਤਾਰ ਕਰ ਲਿਆ। ਇਸ ਜਥੇ ਦਾ ਮੁੱਖ ਨਿਸ਼ਾਨਾ ਪੰਜਾਬ ਵਿਚ ਵਸਦੇ ਸਿਖਾਂ ਨੂੰ ਖੁਦਮੁਖਤਿਆਰੀ ਦਵਾਣਾ ਸੀ। ਜੂਨ ਮਹੀਨੇ ਦੇ ਅਖੀਰ ਤਕ ਮੈਂ ਜੇਲ ਵਿਚ ਰਿਹਾ।

28 ਜੂਨ 1975 ਨੂੰ ਮੈਂ ਸਿਵਲ ਸੈਕਟਰੀਏਟ ਚੰਡੀਗੜ੍ਹ ਤੋਂ ਤਿਰੰਗਾ ਝੰਡਾ ਲਾਹ ਕੇ ਕੇਸਰੀ ਨਿਸ਼ਾਨ ਸਾਹਿਬ ਲਹਿਰਾਉਣ ਦੀ ਕੋਸ਼ਸ਼ ਕੀਤੀ। ਪੁਲੀਸ ਨੇ ਮੈਨੂੰ ਗ੍ਰਿਫਤਾਰ ਕਰ ਲਿਆ ਤੇ ਕਾਫੀ ਤਸ਼ੱਦਦ ਮੇਰੇ ਉਪਰ ਕੀਤਾ। 25 ਜੂਨ 1975 ਨੂੰ ਜਦੋਂ ਇੰਦਰਾ ਸਰਕਾਰ ਨੇ ਹਿਦੁਸਤਾਨ ਵਿਚ ਐਮਰਜੈਂਸੀ ਲਗਾਈ ਤਾਂ ਅਕਾਲੀ ਦਲ ਨੇ ਇਸ ਨੂੰ ਹੁਟਾਉਣ ਲਈ ਮੋਰਚਾ ਲਗਾਇਆ। ਮੈਂ ਐਮਰਜੈਂਸੀ ਵਿਰੁੱਧ ਪ੍ਰਚਾਰ ਕੀਤਾ ਜਿਸ ਕਾਰਨ ਮੈਨੂੰ ਪੁਲੀਸ ਨੇ ਗ੍ਰਿਫਤਾਰ ਕਰ ਲਿਆ ਅਤੇ 6 ਮਹੀਨੇ ਲਈ ਜੇਹਲ ਦੀਆਂ ਸੀਖਾਂ ਪਿਛੇ ਡੱਕ ਦਿਤਾ।

ਜਦੋਂ 13 ਅਪਰੈਲ 1978 ਵਾਲੀ ਵਿਸਾਖੀ ਵਾਲੇ ਦਿਨ ਜਦੋਂ ਨਕਲੀ ਨਿਰੰਕਾਰੀਆਂ ਨੇ ਸਰਕਾਰ ਦੀ ਸ਼ਹਿ ਤੇ 13 ਸਿਖਾਂ ਨੂੰ ਸ਼ਹੀਦ ਕੀਤਾ ਤਾਂ ਇਸਦੇ ਰੋਸ ਵਜੋਂ 23 ਅਪਰੈਲ ਨੂੰ ਪਾਉਂਟਾ ਸਾਹਿਬ ਵਿਖੇ 500 ਸਿੰਘਾਂ ਨੇ ਸਰਕਾਰ ਵਿਰੋਧੀ ਜਲੂਸ ਕੱਢਿਆ ਜਿਸ ਦੀ ਅਗਵਾਈ ਮੈਂ ਕੀਤੀ।

13 ਅਪਰੈਲ 1978 ਦੀ ਵਿਸਾਖੀ ਨੂੰ ਸਿਖਾਂ ਦੇ ਸਰਕਾਰੀ ਸ਼ਹਿ ਤੇ ਹੋਏ ਨਿਰੰਕਾਰੀਆਂ ਦੇ ਹੱਥੋਂ ਕਤਲੇਆਮ ਦੇ ਵਿਰੁੱਧ ਰੋਸ ਪ੍ਰਗਟ ਕਰਨ ਲਈ ਸਿੱਖ ਜਥੇਬੰਦੀਆਂ ਵਲੋਂ ਦਿਲੀ ਵਿਚ ਜੋਸ਼ ਤੇ ਰੋਹ ਭਰਪੂਰ ਮੁਜ਼ਾਹਰਾ ਕਰਨ ਦਾ ਫੈਸਲਾ ਕੀਤਾ ਗਿਆ ਜਿਸ ਵਿਚ ਸ਼ਾਮਲ ਹੋਣ ਲਈ ਸਿਖਾਂ ਨੂੰ ਅਪੀਲ ਕੀਤੀ ਗਈ। ਇਸ ਅਪੀਲ ਵਜੋਂ ਮੈਂ ਵੀ ਆਪਣੇ ਇਲਾਕੇ ਵਲੋਂ ਇਕ ਜਥਾ ਲੈ ਕੇ ਜਲੂਸ ਵਿਚ ਸ਼ਾਮਲ ਹੋਣ ਲਈ ਚਲ ਪਿਆ ਤਾਂ ਜੋ ਆਪਣੇ ਜਜ਼ਬਾਤਾਂ ਦਾ ਪ੍ਰਗਟਾਵਾ ਕੀਤਾ ਜਾ ਸਕੇ।

6 ਅਗਸਤ 1978 ਨੂੰ ਚੰਡੀਗੜ੍ਹ ਵਿਚ ਸਿਖ ਨੌਜਵਾਨ ਜਥੇਬੰਦੀਆਂ ਦਾ ਇਕ ਇਕੱਠ ਹੋਇਆ ਜਿਸ ਵਿਚ 13 ਅਪਰੈਲ 1978 ਤੋਂ ਉਪਜੇ ਹਾਲਤ ਅਤੇ ਉਸ ਤੋਂ ਬਾਦ ਸਿਖ ਕੌਮ ਦੇ ਭਵਿਖ ਸੰਬੰਧੀ ਵੀਚਾਰਾਂ ਕੀਤੀਆਂ ਗਈਆਂ। 1947 ਤੋਂ ਪਹਿਲਾਂ ਸਿਖ ਕੌਮ ਨਾਲ ਕੀਤੇ ਵਿਸ਼ਵਾਸ ਅਤੇ 47 ਪਿਛੋਂ ਕੀਤੇ ਵਿਸ਼ਵਾਸਘਾਤਾਂ ਤੇ ਵੀ

ਵੀਚਾਰ ਕੀਤੀ ਗਈ। 1947 ਤੋਂ ਬਾਦ ਜੋ ਜੋ ਤਸ਼ੱਦਦ ਸਿਖ ਕੌਮ ਤੇ ਕੀਤਾ ਗਿਆ ਅਤੇ ਨਾਲ ਹੀ ਅਕਾਲੀ ਦਲ ਵਲੋਂ ਮੋਰਚੇ ਲਾਏ ਗਏ ਉਸ ਵਿਚ ਕੌਮ ਦੀ ਅਨਰਜੀ ਨੂੰ ਐਵੇਂ ਨਸ਼ਟ ਕੀਤਾ ਗਿਆ,ਇਸ ਲਈ ਇਸ ਇਕੱਠ ਵਿਚ ਇਹ ਫੈਸਲਾ ਕੀਤਾ ਗਿਆ ਕਿ ਸਿਖ ਕੌਮ ਦੀ ਹੋਂਦ ਨੂੰ ਬਚਾਉਣ ਲਈ ਅਤੇ ਸੁਨਹਿਰੀ ਭਵਿਖ ਵਾਸਤੇ ਲੰਬੀ ਲੜਾਈ ਲੜੀ ਜਾਵੇ । ਅਗਰ ਇਹ ਲੜਾਈ ਨਾ ਲੜੀ ਗਈ ਤਾਂ ਹਿਦੂ ਸਾਮਰਾਜ ਅਤੇ ਸਿਖ ਵਿਰੋਧੀ ਗ੍ਰਹਿ ਸਿਖ ਧਰਮ ਨੂੰ ਖਤਮ ਕਰ ਦੇਣਗੇ । ਇਕ ਦਿਨ ਅਜਿਹਾ ਆਵੇਗਾ ਕਿ ਸਿਖ ਧਰਮ ਹਿੰਦੂ ਧਰਮ ਵਿਚ ਜਜ਼ਬ ਹੋ ਜਾਵੇਗਾ । ਸੋ ਹੁਣੇ ਹੀ ਸਿਖ ਕੌਮ ਨੂੰ ਲਾਮਬੰਦ ਕਰਕੇ ਵਖਰੀ ਸੋਵਰਨਿੰਗ ਸਟੇਟ (ਖਾਲਿਸਤਾਨ) ਲਈ ਸੰਘਰਸ਼ ਕਰ ਦੇਣਾ ਚਾਹੀਦਾ ਹੈ ।

ਇਸ ਇਕੱਠ ਵਿਚ ਜਥੇਬੰਦੀਆਂ ਨੂੰ ਮਿਲਕੇ ਲਗਾਤਾਰ ਨਾਮ ਦਲ-ਖਾਲਸਾ ਨੂੰ ਫੇਰ ਸੁਰਜੀਤ ਕੀਤਾ ਗਿਆ ਜਿਸਨੇ 18ਵੀਂ ਸਦੀ ਵਿਚ ਸਿਖ ਕੌਮ ਦੀਆਂ 12 ਮਿਸਲਾਂ ਨੂੰ ਇਕੱਠਾ ਕਰੇ ਖਾਲਸਾ ਰਾਜ ਲਈ ਸੰਘਰਸ਼ ਕੀਤਾ ਅਤੇ ਆਖਰ ਇਹ 1799 ਈ. ਵਿਚ ਮਹਾਰਾਜਾ ਰਣਜੀਤ ਸਿਘ ਦੀ ਅਗਵਾਈ ਹੇਠਾਂ ਖਾਲਸਾ ਰਾਜ ਪ੍ਰਾਪਤ ਕਰ ਲਿਆ । ਕੁਝ ਜਥੇਬੰਦੀਆਂ ਨੇ ਆਪਣੀ ਹੋਂਦ ਨੂੰ ਖਤਮ ਕਰਕੇ ਦਲ ਖਾਲਸਾ ਦੇ ਝੰਡੇ ਹੇਠ ਆਣ ਇਕੱਠਿਆਂ ਹੋਈਆਂ । ਉਸੇ ਦਿਨ ਹੀ ਇਸ ਇਕੱਠ ਵਿਚ 5 ਮੁਖ ਚੁਣੇ ਗਏ ਜਿਹਨਾਂ ਦਾ ਦਰਜਾ ਬਰਾਬਰ ਸੀ ਕਿਉਂਕਿ ਗੁਰਮਤ ਵਿਚ ਪ੍ਰਧਾਨਗੀ ਸਿਸਟਮ ਨਹੀਂ ਹੈ ।ਪੰਚ ਪਰਧਾਨ ਸਿਸਟਮ ਹੀ ਲਾਗੂ ਹੁੰਦਾ ਹੈ। ਤਾਂ ਕਿ ਇਕ ਆਦਮੀ ਡਿਕਟੇਟਰ ਸ਼ਿਪ ਰਾਹੀਂ ਗਲਤ ਫੈਸਲੇ ਲੈ ਕੇ ਕੌਮ ਨੂੰ ਨੁਕਸਾਨ ਨਾ ਪੁਚਾਸਕੇ ਜਿਵੇਂ ਕਿ ਪਹਿਲੇ ਸਿਖ ਲੀਡਰ ਪਹੁੰਚਦੇ ਰਹੇ ਹਨ । ਜਿਹੜੇ ਮੁਖ ਪੰਚ ਚੁਣੇ ਗਏ ਉਹਨਾਂ ਦੇ ਨਾਮ ਹੇਠਾਂ ਦਿਤੇ ਗਏ ਹਨ :

1 ਸਰਦਾਰ ਮੁਹਿਦਰ ਸਿਘ ਦਿਲੀ

2 ਸਰਦਾਰ ਹਰਜਿੰਦਰ ਸਿਘਦਿਲਗੀਰ

3 ਸ: ਜਸਵੰਤ ਸਿਘ ਠੇਕੇਦਾਰ

੪ ਸ: ਸਤਨਾਮ ਸਿਘ 'ਪਾਉਂਟਾ ਸਾਹਿਬ'

੫. ਸ: ਹਰਸਿਮਰਨ ਸਿਘ

ਦਲ ਖਾਲਸਾ ਜਥੇਬੰਦੀ ਚਲਾਉਣ ਲਈ ਮੁਖ ਪੰਚਾਂ ਨੂੰ ਪੂਰੇ ਅਧਿਕਾਰ ਦਿਤੇ ਗਏ। ਬਾਦ ਵਿਚ ਇਸ ਜਥੇਬੰਦੀ ਦਾ ਸੰਵਿਧਾਨ ਬਣਾਇਆ ਗਿਆ।

ਨਾਲ ਹੀ ਇਸਦੇ ਮੁੱਖ ਪੰਜ ਨਿਸ਼ਾਨੇ ਮਿਥੇ ਗਏ।

1 ਪੂਰਨ ਪ੍ਰਭੂ ਸੱਤਾ ਸੰਪੰਨ ਖਾਲਿਸਤਾਨ ਦੀ ਪ੍ਰਾਪਤੀ ਲਈ ਸੰਘਰਸ਼ ਕਰਨਾ।

2 ਦੁਨੀਆਂ ਭਰ ਦੀਆਂ ਅਜਾਦੀ ਲਈ ਸੰਘਰਸ਼ ਸ਼ੀਲ ਕੌਮਾਂ ਨਾਲ ਤਾਲ ਮੇਲ ਪੈਦਾਂ ਕਰਨਾ।

3 ਸਿਖਾਂ ਵਿਚ ਧਾਰਮਿਕ ਜਾਗਰਤੀ ਅਤੇ ਧਾਰਮਿਕ ਚੇਤਨਾ ਪੈਦਾ ਕਰਨਾ।

4 ਪੰਥ ਵਿਰੋਧੀ ਸੰਸਥਾਵਾਂ, ਸੰਪਰਦਾਵਾਂ ਅਤੇ ਨਕਲੀ ਗੁਰੂ ਡੰਮ ਦਾ ਡਟ ਕੇ ਮੁਕਾਬਲਾ ਕਰਨਾ।

5 ਸਿਖ ਕੌਮ ਦੇ ਆਰਥਿਕ ਸ਼ੋਸ਼ਣ ਦਾ ਮੁਕਾਬਲਾ ਕਰਨਾ।

13 ਅਗਸਤ 1978 ਨੂੰ ਪੰਜ ਨਿਸ਼ਾਨਿਆਂ ਦਾ ਪ੍ਰੈਸ ਕਾਨਫਰੰਸ ਕਰਕੇ ਐਲਾਨ ਕੀਤਾ ਗਿਆ ਜਿਸ ਵਿਚ ਦਸਿਆ ਗਿਆ ਕਿ ਦਲ ਖਾਲਸਾ ਇਹਨਾਂ ਨਿਸ਼ਾਨਿਆਂ ਦੀ ਪੂਰਤੀ ਕਰਨ ਲਈ ਸੰਘਰਸ਼ ਕਰਦਾ ਰਹੇਗਾ ਜਦ ਤਕ ਇਹਦੀ ਪੂਰਤੀ ਨਹੀਂ ਹੋ ਜਾਂਦੀ। ਸਿਖ ਕੌਮ ਨੂੰ ਅਪੀਲ ਕੀਤੀ ਗਈ ਕਿ ਗੁਲਾਮੀ ਦੇ ਸੰਗਲਾਂ ਨੂੰ ਤੋੜ ਕੇ ਅਜਾਦੀ ਦੀ ਜਿੰਦਗੀ ਬਸਰ ਕਰਨ ਲਈ ਦਲ ਖਾਲਸਾ ਦੇ ਝੰਡੇ ਹੇਠਾਂ ਇਕੱਠੇ ਹੋਣ। ਸਿਖ ਕੌਮ ਨੂੰ ਇਹ ਵੀ ਅਪੀਲ ਕੀਤੀ ਗਈ ਕਿ ਹਿੰਦੁਸਤਾਨ ਦੇ ਅਜਾਦੀ ਦਿਵਸ 15 ਅਗਸਤ ਦਾ ਬਾਈਕਾਟ ਕੀਤਾ ਜਾਵੇ ਅਤੇ ਇਸ ਦਿਨ ਤਿਰੰਗੇ ਦੀ ਥਾਂ ਕੇਸਰੀ ਨਿਸ਼ਾਨ ਸਾਹਿਬ ਨੂੰ ਇਕੱਠੇ ਹੋਕੇ ਸਲਾਮੀ ਦਿਤੀ ਜਾਵੇ।

ਅਤੇ ਇਹ ਦਿਨ ਖਾਲਿਸਤਾਨ ਸੰਘਰਸ਼ ਦਿਵਸ ਦੇ ਰੂਪ ਵਿਚ ਮਨਾਇਆ ਜਾਵੇ।

ਦਲ ਖਾਲਸਾ ਜਥੇਬੰਦੀ ਵਲੋਂ ਅਕਤੂਬਰ 1978 ਵਿਚ ਅਨੰਦਪੁਰ ਸਾਹਿਬ ਵਿਖੇ ਵਰਕਿੰਗ ਟਰੇਨਿੰਗ ਕੈਂਪ ਲਾਇਆ ਗਿਆ ਤਾਂ ਕਿ ਨੌਜਵਾਨਾਂ ਵਿਚ ਧਾਰਮਿਕ ਅਤੇ ਰਾਜਸੀ ਚੇਤਨਤਾ ਪੈਦਾ ਕੀਤੀ ਜਾ ਸਕੇ। ਇਸ ਕੈਂਪ ਵਿਚ ਹੀ 1979 ਵਿਚ ਆ ਰਹੀ ਸ਼ਰੋਮਣੀ ਪ੍ਰਬੰਧਕ ਕਮੇਟੀ ਦੀ ਚੋਣ ਲੜਨ ਦਾ ਫੈਸਲਾ ਕੀਤਾ।

ਇਸੇ ਕੈਂਪ ਵਿਚ ਹੀ ਸ: ਹਰਜਿੰਦਰ ਸਿਘ ਦਿਲਗੀਰ ਦੀ ਜਗਾ ਉਪਰ ਸ: ਗਜਿੰਦਰ ਸਿਘ ਨੂੰ ਮੁਖ ਪੰਚ ਲਿਆ ਗਿਆ ।

28-29 ਨਵੰਬਰ 1978 ਨੂੰ ਅਕਾਲੀ ਦਲ ਦੀ 18ਵੀਂ ਸਰਬ ਹਿਦ ਕਾਨਫਰੰਸ ਲੁਧਿਆਣੇ ਵਿਖੇ ਹੋਈ ਜਿਸ ਵਿਚ ਲੱਖਾਂ ਸਿਖ ਸ਼ਾਮਲ ਹੋਏ। ਜਿਸ ਵਿਚ ਦਲ ਖਾਲਸਾ ਨੇ ਖਾਲਿਸਤਾਨ ਦੇ ਹੱਕ ਵਿਚ ਲੱਖਾਂ ਦੀ ਤਦਾਦ ਵਿਚ ਪੈਂਫਲਿਟ ਆਏ ਲੋਕਾਂ ਵਿਚ ਵੰਡੇ ਜਿਹਨਾ ਵਿਚ ਇਹ ਦਸਿਆ ਗਿਆ ਸੀ ਕਿ ਖਾਲਿਸਤਾਨ ਕਿਉਂ ਚਾਹੀਦਾ, ਖਾਲਿਸਤਾਨ ਕਿਹੋ ਜਿਹਾ ਹੋਵੇਗਾ। ਖਾਲਿਤਸਾਨ ਕਿੰਨਾ ਇਲਾਕਿਆਂ ਤਕ ਸੀਮਤ ਹੋਵੇਗਾ। ਇਹਨਾਂ ਵੰਡੇ ਪੈਂਫਲਟਾਂ ਦਾ ਮਤਲਬ ਕੌਮ ਨੂੰ ਖਾਲਿਸਤਾਨ ਤਹਰੀਕ ਤੋਂ ਜਾਣੂੰ ਕਰਵਾਉਣਾ ਸੀ। ਇਹ ਪੈਂਫਲਿਟ ਵੰਡਣ ਦੀ ਸੇਵਾ ਮੈਂ ਅਤੇ ਹੋਰ ਦਲ ਖਾਲਸਾ ਦੇ ਮੁਖ ਪੰਚਾ ਨੇ ਆਪ ਕੀਤੀ। ਇਹਨਾ ਪੈਂਫਲਿਟਾਂ ਦਾ ਆਏ ਲੋਕਾਂ ਤੇ ਬਹੁਤ ਅਸਰ ਹੋਇਆ।

31 ਮਾਰਚ 1979 ਦੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਆਈਆਂ। ਦਲ ਖਾਲਸਾ ਜਥੇਬੰਦੀ ਨੇ ਇਹ ਚੋਣਾਂ ਲੜਨ ਦਾ ਇਸ ਲਈ ਫੈਸਲਾ ਕੀਤਾ ਕਿ ਅਕਾਲੀ ਦਲ ਨੇ ਪਿਛਲੇ 60 ਸਾਲਾਂ ਵਿਚ ਸਿਖ ਕੌਮ ਦੇ ਸੁਨਿਹਰੀ ਸੁਧਾਰ ਲਈ ਕੋਈ ਕੰਮ ਨਾ ਕੀਤਾ। ਅਸੀਂ ਇਹ ਚੋਣਾਂ ਜਿਤ ਕੇ ਸਿਖ ਕੌਮ ਦੇ ਸੁਨਿਹਰੀ ਭਵਿਖ ਲਈ ਸੰਘਰਸ਼ ਕਰਕੇ ਆਜ਼ਾਦ ਖਾਲਿਸਤਾਨ ਦੀ ਸਥਾਪਨਾ ਕਰਨੀ ਚਾਹੁੰਦੇ ਹਾਂ ਤਾਂ ਜੋ ਸਿਖ ਧਰਮ ਫੁਲ ਫਲ ਸਕੇ ਅਤੇ ਸਿਖ ਕੌਮ ਦੀ ਅਣਖ ਤੇ ਗੈਰਤ ਦੀ ਜਿੰਦਗੀ ਬਸਰ ਕਰ ਸਕੇ।

ਅਸੀਂ ਇਹ ਚੋਣਾਂ ਜਿਤ ਕੇ ਸਿਖ ਕੌਮ ਦੇ ਸੁਨਿਹਰੀ ਭਵਿਖ ਲਈ ਸੰਘਰਸ਼ ਕਰਕੇ ਖਾਲਿਸਤਾਨ ਦੀ ਸਥਾਪਨਾ ਕਰਨੀ ਚਾਹੁੰਦੇ ਹਾਂ ਤਾਂ ਜੋ ਸਿਖ ਕੌਮ ਫੁਲ ਫਲ ਸਕੇ। ਸਿਖ ਕੌਮ ਦੀ ਹੋਂਦ ਬਰਕਰਾਰ ਰਹਿ ਸਕੇ।

ਮੈਂ ਇਥੇ ਮਾਨਯੋਗ ਅਦਾਲਤ ਨੂੰ ਆਪਣੇ ਅਤੇ ਦਲ ਖਾਲਸਾ ਜਥੇਬੰਦੀਆਂ ਦੀਆਂ ਸਰਗਰਮੀਆਂ ਵਾਰੇ ਦਸਣਾ ਜਰੂਰੀ ਸਮਝਦਾ ਹਾਂ।

8 ਦਸੰਬਰ 1979 ਨੂੰ ਦਲ ਖਾਲਸਾ ਦਾ ਡੈਲੀਗੇਟ ਇਜਲਾਸ ਗੁਰਦਾਸਪੁਰ ਵਿਚ ਹੋਇਆ ਜਿਸ ਵਿਚ ਪਿਛਲੀਆਂ ਸਰਗਰਮੀਆਂ ਦਾ ਜਾਇਜਾ ਲਿਆ ਗਿਆ ਅਤੇ ਆਣ ਵਾਲੇ ਵਕਤ ਵਿਚ ਸਾਰੇ ਉਤਰੀ ਭਾਰਤ ਵਿਚ ਖਾਲਿਸਤਾਨ ਦੇ ਹੱਕ ਵਿਚ

ਕਾਨਫਰੰਸਾਂ ਅਤੇ ਜਲੂਸ ਕੱਢਣ ਦਾ ਫੈਸਲਾ ਕੀਤਾ ਗਿਆ। ਇਸੇ ਹੀ ਇਜਲਾਸ ਵਿਚ ਸਿਖਾਂ ਨੂੰ ਅਪੀਲ ਕੀਤੀ ਕਿ ਹਿੰਦੁਸਤਾਨ ਦਾ ਸੰਵਿਧਾਨ ਸਿਖਾਂ ਤੇ ਜਬਰੀ ਠੋਸਿਆ ਗਿਆ ਹੈ ਇਸ ਲਈ ਆਉਣ ਵਾਲੀਆਂ ਪਾਰਲੀਮੈਂਟ ਚੋਣਾਂ ਵਿਚ ਸਿਖ ਵੋਟਾਂ ਦਾ ਬਾਈਕਾਟ ਕਰਨ। ਇਸੇ ਹੀ ਇਜਲਾਸ ਵਿਚ ਸ: ਮਹਿੰਦਰ ਸਿਘ ਦੀ ਜਗ੍ਹਾ ਸਤਨਾਮ ਸਿਘ ਨਾਰੰਗਵਾਲ ਨੂੰ ਦਲ ਖਾਲਸਾ ਦਾ ਮੁਖ ਪੰਚ ਲਿਆ ਗਿਆ।

੧੦ ਫਰਵਰੀ ੧੯੮੦ ਨੂੰ ਚੰਡੀਗੜ੍ਹ ਵਿਖੇ ਸੈਕਟਰ 22 ਦੇ ਗੁਰਦੁਆਰੇ ਵਿਚ ਇਕ ਸਿਖ ਕਾਨਫਰੰਸ ਹੋਈ ਜਿਸ ਵਿਚ ਖਾਲਿਸਤਾਨ ਦੇ ਹੱਕ ਵਿਚ ਪ੍ਰਚਾਰ ਕੀਤਾ ਗਿਆ।

੧ ਮਾਰਚ ੧੯੮੦ ਨੂੰ ਸ੍ਰੀ ਆਨੰਦਪੁਰ ਸਾਹਿਬ ਜੀ ਵਿਖੇ ਅਕਾਲੀ ਦਲ ਕਾਨਫਰੰਸ ਹੋਈ ਜਿਸ ਵਿਚ ਦਲ ਖਾਲਸਾ ਦੇ ਆਗੂਆਂ ਵਲੋਂ ਅਕਾਲੀ ਲੀਡਰਾਂ ਤੋਂ ਜਵਾਬ ਮੰਗੇ ਕਿ ਕਦੋਂ ਤਕ ਤੁਸੀਂ ਸਿਖ ਕੌਮ ਨੂੰ ਗੁਮਰਾਹ ਕਰਕੇ ਉਸ ਦੇ ਜਜ਼ਬਾਤਾਂ ਨੂੰ ਭੜਕਾ ਕੇ ਛੱਡ ਕੇ ਕੌਮ ਦੀ ਤਾਕਤ ਨੂੰ ਅਜਾਈਂ ਗਵਾਂਦੇ ਰਹੋਗੇ।

੩ ਅਗਸਤ ੧੯੮੦ ਨੂੰ ਚੰਡੀਗੜ੍ਹ ਵਿਖੇ ਦਲ ਖਾਲਸਾ ਵਲੋਂ ਕਾਨਫਰੰਸ ਹੋਈ ਜਿਸ ਵਿਚ ਵੱਡੀ ਗਿਣਤੀ ਵਿਚ ਸਿਖ ਸ਼ਾਮਲ ਹੋਏ। ਇਥੇ ਖਾਲਿਸਤਾਨ ਦੇ ਹੱਕ ਵਿਚ ਪ੍ਰਚਾਰ ਕੀਤਾ ਗਿਆ ਅਤੇ ਸਿਖਾਂ ਨੂੰ ਬੇਨਤੀ ਕੀਤੀ ਗਈ ਕਿ ਉਹ ਚਲ ਰਹੇ ਸੰਘਰਸ਼ ਵਿਚ ਸ਼ਾਮਲ ਹੋਣ। ੧੫ ਅਗਸਤ ੧੯੮੦ ਨੂੰ ਹਿੰਦੁਸਤਾਨ ਦੇ ਅਜ਼ਾਦੀ ਦਿਵਸ ਤੇ ਦਲ ਖਾਲਸਾ ਵਲੋਂ ਅੰਮ੍ਰਿਤਸਰ ਸ਼ਹਿਰ ਵਿਚ ਜਲੂਸ ਕੱਢਣ ਦਾ ਫੈਸਲਾ ਲੈਣਾ।

੧੩ ਅਪ੍ਰੈਲ ੧੯੮੧ ਨੂੰ ਸ੍ਰੀ ਦਰਬਾਰ ਸਾਹਿਬ ਅੰਦਰ ਦਲ ਖਾਲਸਾ ਦੀ ਕਾਨਫਰੰਸ ਹੋਈ। ਇਸ ਮੌਕੇ ਤੇ ਹਜ਼ਾਰਾਂ ਦੀ ਗਿਣਤੀ ਵਿਚ ਸਿਖ ਨੌਜਵਾਨ ਸ਼ਾਮਲ ਹੋਏ ਜਿਹੜੇ ਖਾਲਿਸਤਾਨ ਦੇ ਹੱਕ ਵਿਚ ਨਾਹਰੇ ਮਾਰਦੇ ਹੋਏ ੧੯੭੮ ਨੂੰ ਹੋਏ ਸ਼ਹੀਦਾਂ ਦੀ ਯਾਦ ਤੇ ਪਹਿਲੇ ਵਿਚ ਕੇਸਰੀ ਨਿਸ਼ਾਨ ਸਾਹਿਬ ਝੁਲਾਇਆ ਗਿਆ ਅਤੇ ਬੰਦੂਕਾਂ ਦੇ ਫਾਇਰਾਂ ਨਾਲ ਸਲਾਮੀ ਦਿਤੀ ਗਈ।

੧੯ ਜਨਵਰੀ ੧੯੮੧ ਨੂੰ ਪਟਿਆਲੇ ਵਿਚ ਦਲ ਖਾਲਸਾ ਜਥੇਬੰਦੀ ਵਲੋਂ ਕਾਨਫਰੰਸ ਕੀਤੀ ਗਈ ਅਤੇ ਖਾਲਿਸਤਾਨ ਦੇ ਹੱਕ ਵਿਚ ਪ੍ਰਚਾਰ ਕੀਤਾ ਗਿਆ।

੪ ਮਾਰਚ ੧੯੮੪ ਨੂੰ ਖਰੜ (ਰੋਪੜ) ਵਿਖੇ ਦਲ ਖਾਲਸਾ ਦੀ ਕਾਨਫਰੰਸ ਹੋਈ ਜਿਸ ਵਿਚ ਖਾਲਿਸਤਾਨ ਦੇ ਹੱਕ ਵਿਚ ਪ੍ਰਚਾਰ ਕੀਤਾ ਗਿਆ।

15,16 ਮਾਰਚ ੧੯੮੪ ਨੂੰ ਸਿਖ ਐਜੂਕੇਸ਼ਨਲ ਕਾਨਫਰੰਸ ਦੀ ਖਾਲਸਾ ਦੀਵਾਨ ਵਲੋਂ ਚੰਡੀਗੜ੍ਹ ਵਿਚ ਕੀਤੀ ਗਈ, ਜਿਸ ਦੀ ਪ੍ਰਧਾਨਗੀ ਸ. ਗੰਗਾ ਸਿੰਘ ਢਿੱਲੋਂ ਨੇ ਕੀਤੀ, ਜਿਸ ਵਿਚ ਸਿਖ ਕੌਮ ਦੇ ਭਵਿੱਖ ਬਾਰੇ ਵਿਚਾਰਾਂ ਹੋਈਆਂ। ਇਸ ਕਾਨਫਰੰਸ ਵਿਚ ਦਲ ਖਾਲਸਾ ਦੇ ਨੌਜਵਾਨਾਂ ਨੇ ਖਾਲਿਸਤਾਨ ਦੇ ਹੱਕ ਵਿਚ ਨਾਹਰੇ ਲਾਏ। ਜਿਸ ਨਾਲ ਕਾਨਫਰੰਸ ਵਿਚ ਮਾਹੌਲ ਐਸਾ ਬਣ ਗਿਆ ਕਿ ਕਾਨਫਰੰਸ ਵਿਚ ਪੁੱਜੇ ਆਗੂਆਂ ਨੂੰ ਮਜਬੂਰਨ ਸਿਖ ਕੌਮ ਦੇ ਭਵਿੱਖ ਬਾਰੇ ਸੋਚਣਾ ਪੈ ਗਿਆ ਜਿਸ ਕਰਕੇ ਉਹਨਾਂ ਨੇ ਸਿਖ ਇਕ ਵਖਰੀ ਕੌਮ ਹੈ ਅਤੇ ਸਿਖ ਕੌਮ ਨੂੰ U.N.O. ਵਿਚ ਐਸੋਸੀਏਟ ਮੈਂਬਰਸ਼ਿਪ ਚਾਹੀਦੀ ਹੈ ਦਾ ਮਤਾ ਪਾਸ ਕੀਤਾ।

੨੮ ਮਾਰਚ ੧੯੮੪ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਲੇ ਮਹੱਲੇ ਵਾਲੇ ਦਿਨ ਦਲ ਖਾਲਸਾ ਵਲੋਂ ਖਾਲਿਸਤਾਨ ਦੇ ਹੱਕ ਵਿਚ ਹਥਿਆਰਬੰਦ ਮਾਰਚ ਕੀਤਾ। ਇਸ ਮਾਰਚ ਵਿਚ ਸੈਂਕੜੇ ਹੀ ਸਿਖ ਸ਼ਾਮਲ ਹੋਏ। ਇਸ ਕੀਤੇ ਮਾਰਚ ਤੋਂ ਬਾਦ ਸਰਕਾਰ ਨੇ ਖਾਲਿਸਤਾਨੀ ਸਿਖਾਂ ਤੇ N.S.A. ਲਾਣ ਦਾ ਫੈਸਲਾ ਕੀਤਾ। ੨੪ ਮਈ ੧੯੮੪ ਨੂੰ ਦਲ ਖਾਲਸਾ ਅਤੇ ਨੈਸ਼ਨਲ ਆਫ ਖਾਲਿਸਤਾਨ ਵਲੋਂ ਖਾਲਿਸਤਾਨ ਦੇ ਹੱਕ ਵਿਚ ਜਲੂਸ ਕਢਿਆ ਗਿਆ। ੨੮ ਮਈ ੧੯੮੪ ਨੂੰ ਦਲ ਖਾਲਸਾ ਦੇ ਵਰਕਰ ੩੧ ਮਈ ਨੂੰ ਅੰਮ੍ਰਿਤਸਰ ਸ਼ਹਿਰ ਵਿਚ ਕਢੇ ਜਾਣ ਵਾਲੇ ਜਲੂਸ ਸਬੰਧੀ ਇਸ਼ਤਿਹਾਰ ਵੰਡ ਰਹੇ ਸਨ। ਹਿੰਦੂ ਗੁੰਡਿਆਂ ਨੇ ਉਹਨਾਂ ਤੇ ਹਮਲਾ ਕਰ ਦਿਤਾ ਪੁਲੀਸ ਨੇ ਵੀ ਹਿੰਦੂਆਂ ਨੂੰ ਕੁਝ ਕਹਿਣ ਦੀ ਬਜਾਏ ਉਲਟਾ ਸਿਖਾਂ ਨੂੰ ਗ੍ਰਿਫਤਾਰ ਕਰ ਲਿਆ।

ਸਿਖਾਂ ਵਲੋਂ ਅੰਮ੍ਰਿਤਸਰ ਸਾਹਿਬ ਜੀ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦਿਵਾਉਣ ਲਈ ਸਿਗਰਟ, ਤਮਾਕੂ ਅਤੇ ਸ਼ਰਾਬ ਆਦਿ ਦੀਆਂ ਦੁਕਾਨਾਂ ਸ਼ਹਿਰ ਵਿਚੋਂ ਬਾਹਰ ਕੱਢਣ ਲਈ ੩੧ ਮਈ ੧੯੮੪ ਨੂੰ ਇਕ ਵਿਸ਼ਾਲ ਜਲੂਸ ਕੱਢਣ ਦਾ ਫੈਸਲਾ ਕੀਤਾ।

ਇਸ ਤੋਂ ਪਹਿਲਾਂ ੨੯ ਮਈ ੧੯੮੪ ਨੂੰ ਹਿੰਦੂਆਂ ਨੇ ਇਕੱਠੇ ਹੋਕੇ ਅੰਮ੍ਰਿਤਸਰ ਵਿਖੇ ਜਲੂਸ ਕੱਢਿਆ। ਜਲੂਸ ਦੇ ਦੌਰਾਨ ਰਾਹ ਜਾਂਦੇ ਸਿਖਾਂ ਨੂੰ ਫੜਕੇ ਮਾਰਿਆ ਕੁਟਿਆ ਗਿਆ ਅਤੇ ਸਿਖ ਵਿਰੋਧੀ ਨਾਹਰੇ ਲਾਏ

* ਕੰਛ ਕੜਾ ਕਿਰਪਾਨ, ਇਹਨੂੰ ਭੇਜੋ ਪਾਕਿਸਤਾਨ ।

* ਇਕੋ ਟੋਕੀ ਪਹਿਣ ਨਹੀਂ ਦੇਣੀ ਸਿਰ ਤੇ ਪਗੜੀ ਰਹਿਣ ਨਹੀਂ ਦੇਣੀ ।

* ਹਿੰਦੂ ਨੇ ਲਲਕਾਰਾ ਹੈ ਇਹ ਪੰਜਾਬ ਹਮਾਰਾ ਹੈ ।

* ਬੀੜੀ ਸਿਗਰਟ ਪੀਵਾਂਗੇ ਸ਼ਾਨ ਨਾਲ ਜੀਵਾਂਗੇ ।

ਬਾਦ ਵਿਚ ਗੁਰਦੁਆਰਿਆਂ ਤੇ ਹਮਲੇ ਕੀਤੇ ਗਏ । ਜਦੋਂ ਇਸ ਜਲੂਸ ਦੀਆਂ ਖਬਰਾਂ ਅਖਬਾਰਾਂ ਰਾਹੀਂ ਸਿਖਾਂ ਨੂੰ ਮਿਲੀਆਂ ਤਾਂ ਸਿਖਾਂ ਦੇ ਮਨਾਂ ਅੰਦਰ ਜੋਸ਼ ਤੇ ਗੁੱਸੇ ਦੀ ਲਹਿਰ ਦੌੜ ਗਈ ।

31 ਮਈ 1981 ਵਾਲੇ ਦਿਨ ਹਜਾਰਾਂ ਦੀ ਗਿਣਤੀ ਵਿਚ ਸਿਘ ਸ੍ਰੀ ਦਰਬਾਰ ਸਾਹਿਬ ਮੰਜੀ ਸਾਹਿਬ ਉੱਤੇ ਇਕੱਠੇ ਹੋਏ ਬਾਦ ਵਿਚ ਸ਼ਹਿਰ ਵਿਖੇ ਖਾਲਿਸਤਾਨ ਦੇ ਹੱਕ ਵਿਚ ਬੜਾ ਭਾਰੀ ਜਲੂਸ ਕੱਢਿਆ ਗਿਆ ਜਿਸ ਦੀ ਅੰਰਗੇਨਾਈਜ਼ ਦਲ ਖਾਲਸਾ ਅਤੇ ਆਲ ਇੰਡੀਆ ਸਿਖ ਸਟੂਡੈਂਟ ਫੈਡਰੇਸ਼ਨ ਦੇ ਆਗੂਆਂ ਨੇ ਕੀਤੀ । ਇਸ ਦੀ ਅਗਵਾਈ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਮੀਤ ਪ੍ਰਧਾਨ ਜਥੇਦਾਰ ਪ੍ਰੀਤਮ ਸਿਘ ਅਤੇ ਸੰਤ ਜਰਨੈਲ ਸਿਘ ਭਿੰਡਰਾਂਵਾਲਿਆਂ ਨੇ ਕੀਤੀ । ਜਲੂਸ ਦੌਰਾਨ ਖਾਲਿਸਤਾਨ ਦੇ ਹੱਕ ਵਿਚ ਨਾਹਰੇ ਮਾਰੇ । 5 ਜੁਲਾਈ 1981 ਨੂੰ ਦਿਲੀ ਵਿਚ ਸਿਖ ਬੁਧੀਜੀਵੀਆਂ ਦੀ ਕਾਨਫਰੰਸ ਸਰਕਾਰ ਵਲੋਂ ਕਰਵਾਈ ਗਈ ਜਿਸ ਨੂੰ ਸਿਖ ਕੌਮ ਦੇ ਗਦਾਰ ਗੁਪਾਲ ਸਿਘ ਦਰਦੀ ਨੇ ਅੰਰਗੇਨਾਈਜ਼ ਕੀਤਾ । ਉਸ ਸਮੇਂ ਦਾ ਗ੍ਰਹਿ ਮੰਤਰੀ ਜੈਲ ਸਿਘ ਜਿਸ ਵਿਚ ਮੁਖ ਬੁਲਾਰਾ ਸੀ । ਇਹ ਕਾਨਫਰੰਸ ਸਿਖ ਇਕ ਵਖਰੀ ਕੌਮ ਅਤੇ ਖਾਲਿਸਤਾਨ ਦੇ ਵਿਰੋਧ ਵਿਚ ਕੀਤੀ ਗਈ । ਇਸ ਵਿਚ ਮੈਂ ਸ਼ਾਮਲ ਹੋਕੇ ਖਾਲਿਸਤਾਨ ਦੇ ਹੱਕ ਵਿਚ ਨਾਹਰੇ ਮਾਰੇ ਅਤੇ ਵਿਘਨ ਪਾਇਆ ।

26 ਜੁਲਾਈ 1981 ਨੂੰ ਅਕਾਲੀ ਦਲ ਵਲੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਵਿਸ਼ਵ ਸਿਖ ਕਾਨਫਰੰਸ ਕੀਤੀ ਗਈ ਜਿਸ ਵਿਚ ਦਲ ਖਾਲਸਾ ਜਥੇਬੰਦੀ ਵਲੋਂ ਸਟਾਲ ਲਗਾ ਕੇ ਲੱਖਾਂ ਦੀ ਗਿਣਤੀ ਵਿਚ ਪੈਂਫਲਿਟ ਵੰਡੇ ।

ਗੁਰਦਾਸਪੁਰ ਵਿਚ ਜੁਲਾਈ ਦੇ ਪਹਿਲੇ ਹਫਤੇ ਮੈਂ ਪ੍ਰੈਸ ਕਾਨਫਰੰਸ ਕੀਤੀ ਅਤੇ ਦੱਸਿਆ ਕਿ 'ਦਲ ਖਾਲਸਾ' ਸਰਕਾਰੀ ਬਿਲਡਿੰਗਾਂ ਤੋਂ ਤਿਰੰਗੇ ਝੰਡੇ ਲਾਹ ਕੇ ਕੇਸਰੀ ਨਿਸ਼ਾਨ ਸਾਹਿਬ ਲਹਿਰਾਏਗਾ । 15 ਅਗਸਤ ਨੂੰ (ਹਿੰਦੁਸਤਾਨ ਦਾ ਅਜ਼ਾਦੀ ਦਿਨ)

ਦਲ ਖਾਲਸਾ ਵਲੋਂ ਕਈ ਥਾਵਾਂ ਤੇ ਕੇਸਰੀ ਨਿਸ਼ਾਨ ਸਾਹਿਬ ਲਹਿਰਾ ਕੇ ਸਲਾਮੀਆਂ ਦਿਤੀਆਂ ਗਈਆਂ। ਅੰਮ੍ਰਿਤਸਰ ਵਿਚ ਮੇਰੇ ਨਾਲ ਬਲਵੀਰ ਸਿੰਘ ਸੰਧੂ ਵੀ ਸ਼ਾਮਲ ਸੀ।

16 ਅਗਸਤ ਵਾਲੇ ਦਿਨ ਕੰਮਿਉਨਿਸਟ ਪਾਰਟੀਆਂ ਵਲੋਂ ਜਲੰਧਰ ਵਿਚ ਕਾਨਫਰੰਸ ਕੀਤੀ ਗਈ। ਇਹ ਕਾਨਫਰੰਸ ਸਿਖ ਇਕ ਵਖਰੀ ਕੌਮ ਅਤੇ ਖਾਲਿਸਤਾਨ ਦੇ ਵਿਰੋਧ ਕੀਤੀ ਗਈ ਜਿਸ ਦਾ ਦਲ ਖਾਲਸਾ ਨੇ ਡਟ ਕੇ ਵਿਰੋਧ ਕੀਤਾ।

27 ਅਗਸਤ 1981 ਨੂੰ ਪੰਜਾਬ ਦੀ ਅਸੈਂਬਲੀ ਹਾਲ ਵਿਚ ਮੈਂ ਆਪਣੇ ਇਕ ਸਾਥੀ ਨੂੰ ਨਾਲ ਲੈ ਕੇ ਖਾਲਿਸਤਾਨ ਦੇ ਹੱਕ ਵਿਚ ਅਤੇ ਹਿੰਦੂ ਸਾਮਰਾਜ ਦੇ ਵਿਰੋਧ ਨਾਹਰੇ ਮਾਰਕੇ ਆਪਣੇ ਜਜ਼ਬਾਤਾਂ ਦਾ ਪ੍ਰਗਟਾਵਾ ਕੀਤਾ ਅਤੇ ਕੰਨਾਂ ਤੋਂ ਬੋਲੀ ਸਰਕਾਰ ਦੇ ਕੰਨਾਂ ਵਿਚ ਅਵਾਜ਼ ਪਾਉਣ ਦੀ ਕੋਸ਼ਸ਼ ਕੀਤੀ ਕਿ ਸਿਖ ਹਿੰਦੁਸਤਾਨ ਦੀ ਗੁਲਾਮੀ ਤੋਂ ਅਜ਼ਾਦ ਹੋਣਾ ਚਾਹੁੰਦੇ ਹਨ। ਮੈਨੂੰ ਪੁਲੀਸ ਨੇ ਗ੍ਰਿਫਤਾਰ ਕਰ ਲਿਆ ਅਤੇ ਜੇਹਲ ਭੇਜ ਦਿਤਾ। ਮੇਰੇ ਇਥੇ ਆਉਣ ਤੋਂ ਪਹਿਲਾਂ ਮੇਰੇ ਸਿਰ ਬਗਾਵਤ ਵਰਗਿਆ ਦੇ ਕਈ ਕੇਸ ਪਾਏ ਗਏ ਸਨ। 7 ਸਤੰਬਰ ਨੂੰ ਬਟਾਲਾ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਵਾਹ ਪੁਰਬ ਦੇ ਮੌਕੇ ਤੇ ਜਿਥੇ ਕਿ ਹਜ਼ਾਰਾਂ ਹੀ ਸਿਖ ਸ਼ਾਮਲ ਹੁੰਦੇ ਹਨ ਇਸ ਦੌਰਾਨ ਦਲ ਖਾਲਸਾ ਵਲੋਂ ਖਾਲਿਸਤਾਨ ਦੇ ਹੱਕ ਵਿਚ ਜਲੂਸ ਕੱਢਿਆ ਗਿਆ ਅਤੇ ਪ੍ਰਚਾਰ ਕੀਤਾ ਗਿਆ। ਅਤੇ ਸਿਖ ਸੰਗਤਾਂ ਨੂੰ ਅਪੀਲ ਕੀਤੀ ਗਈ ਕਿ ਸਾਰੇ ਮਿਲਕੇ ਖਾਲਿਸਤਾਨ ਦੀ ਪ੍ਰਾਪਤੀ ਲਈ ਜੁਟਣ। ਜਹਾਜ਼ ਅਗਵਾ ਕਰਨ ਦੀ ਸਾਡੀ ਇਸ ਕਾਰਵਾਈ ਕਰਨ ਤੋਂ ਬਾਦ ਸੈਂਕੜੇ ਬੇਕਸੂਰ ਦਲ ਖਾਲਸਾ ਦੇ ਮੈਂਬਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਹਨਾ ਉਤੇ ਤਸ਼ੱਦਦ ਕੀਤਾ ਗਿਆ, ਹਾਲਾਂਕਿ ਅਸੀਂ ਜਹਾਜ਼ ਵਿਚ ਕਿਸੇ ਵੀ ਸਵਾਰੀ ਨੂੰ ਦੁੱਖ ਨਹੀਂ ਦਿਤਾ। ਮੈਂ ਉਪਰੋਕਤ ਦਿਤੀਆਂ ਦਲ ਖਾਲਸਾ ਦੇ ਹਰ ਪਰੋਗਰਾਮ ਵਿਚ ਸਰਗਰਮੀ ਨਾਲ ਸ਼ਾਮਿਲ ਹੁੰਦਾ ਰਿਹਾ ਸੀ।

ਸਾਡੇ ਆਣ ਤੋਂ ਬਾਦ ਦਲ ਖਾਲਸਾ ਜਥੇਬੰਦੀ ਨੇ ਸਰਕਾਰ ਨੂੰ ਇਕ ਅਲਟੀਮੇਟਮ ਦਿਤਾ ਕਿ ਅੰਮ੍ਰਿਤਸਰ ਸ਼ਹਿਰ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਕਰਾਰ ਦਿਤਾ ਜਾਵੇ। ਤੰਬਾਕੂ ਸਿਗਰਟ ਅਤੇ ਸ਼ਰਾਬ ਮਾਸ ਦੀਆਂ ਦੁਕਾਨਾਂ ਸ਼ਹਿਰ ਵਿਚੋਂ ਕੱਢ ਲਈਆਂ ਜਾਣ ਨਹੀਂ ਤਾਂ ਗਊਆਂ ਝਟਕਾਈਆਂ ਜਾਣਗੀਆਂ। ਦਲ ਖਾਲਸਾ ਦੇ ਕੁਝ ਵਰਕਰਾਂ ਵਲੋਂ ਇਹ ਅਲਟੀਮੇਟਮ ਖਤਮ ਹੋਣ ਪਰ ਗਊਆਂ ਦੇ ਸਿਰ ਵੱਢ ਕੇ ਹਿੰਦੂ ਮੰਦਰਾਂ

ਸਾਹਮਣੇ ਟੰਗਾ ਜਾਏ ਤਾਂ ਕਿ ਇਹਨਾਂ ਨੂੰ ਪਤਾ ਚਲੇ ਕਿ ਧਾਰਮਿਕ ਜਜ਼ਬਾਤਾਂ ਨੂੰ ਠੇਸ ਕਿਵੇਂ ਪਹੁੰਚਦੀ ਹੈ। ਹਿੰਦੂਆਂ ਨੇ ਇਸ ਗਲ ਤੋਂ ਚਿੜ ਕੇ ਕਈ ਗੁਰਦੁਆਰਿਆਂ ਤੇ ਹਮਲੇ ਕੀਤੇ ਅਤੇ ਸਿਖਾਂ ਦੀਆਂ ਦੁਕਾਨਾਂ ਲੁੱਟੀਆਂ।

ਇਸ ਕਾਰਵਾਈ ਤੋਂ ਪਿਛੋਂ ਦਲ ਖਾਲਸਾ ਦੇ ਵਰਕਰ ਗ੍ਰਿਫਤਾਰ ਕੀਤੇ ਅਤੇ ਉਹਨਾਂ ਤੇ ਕਾਫੀ ਤਸ਼ੱਦਦ ਕੀਤਾ ਗਿਆ। ਦਲ ਖਾਲਸਾ ਦੇ ਮੁਖ ਪੰਚ ਸ. ਜਸਵੰਤ ਸਿੰਘ ਠੇਕੇਦਾਰ ਅਤੇ ਭਾਈ ਮਨਮੋਹਨ ਸਿੰਘ ਅਤੇ ਸੁਖਜਿੰਦਰ ਸਿੰਘ ਕਾਹਨੂੰਵਾਲ ਨੂੰ ਇਸ਼ਤਿਹਾਰੀ ਕਰਾਰ ਦੇ ਕੇ ਉਹਨਾਂ ਦੇ ਸਿਰਾਂ ਤੇ ਪੰਜਾਹ ਪੰਜਾਹ ਹਜ਼ਾਰ ਮੁੱਲ ਰਖਿਆ ਗਿਆ। ਪਰ ਦੂਜੇ ਪਾਸੇ ਸਿਖ ਗੁਰਦਵਾਰਿਆਂ ਦੀ ਬੇਅਦਬੀ ਕਰਨ ਵਾਲਿਆਂ ਨੂੰ ਮੁਆਫ ਕੀਤਾ ਗਿਆ। ਉਹਨਾਂ ਨੂੰ ਕੋਈ ਸਜ਼ਾ ਨਾ ਦਿਤੀ ਗਈ।

1 ਮਈ 1982 ਨੂੰ ਹਿੰਦੂ ਸਾਮਰਾਜ ਦੀ ਕੇਂਦਰੀ ਸਰਕਾਰ ਨੇ ਦਲ ਖਾਲਸਾ ਅਤੇ ਨੈਸ਼ਨਲ ਆਫ ਖਾਲਿਸਤਾਨ ਨੂੰ ਗੈਰ ਕਾਨੂੰਨੀ ਕਰਾਰ ਦੇ ਦਿਤਾ ਤਾਂ ਕਿ ਇਹਨਾਂ ਜਥੇਬੰਦੀਆਂ ਨੂੰ ਦਬਾ ਦਿਤਾ ਜਾਏ ਜਿਸ ਨਾਲ ਇਹ ਖਾਲਿਸਤਾਨ ਦੀ ਪ੍ਰਾਪਤੀ ਲਈ ਸੰਘਰਸ਼ ਨਾ ਕਰ ਸਕਣ।

19 ਜੁਲਾਈ 1982 ਨੂੰ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਭਾਈ ਅਮਰੀਕ ਸਿੰਘ ਜੀ ਅਤੇ ਬਾਬਾ ਠਾਰਾ ਸਿੰਘ ਜੀ ਨੂੰ ਗ੍ਰਿਫਤਾਰ ਕਰ ਲਿਆ। ਉਹਨਾਂ ਉਤੇ ਇਕ ਸਾਜ਼ਸ਼ ਦੇ ਅਧੀਨ ਝੂਠਾ ਹੀ ਇਕ ਨਕਲੀ ਨਿਰੰਕਾਰੀ ਜੋਗਿੰਦਰ ਸਿੰਘ ਸ਼ਾਂਤ ਦੀ ਹੱਤਿਆ ਵਿਚ ਸ਼ਾਮਲ ਹੋਣ ਦਾ ਕੇਸ ਪਾ ਦਿਤਾ। ਜਦੋਂ ਇਸ ਗਲ ਦੀ ਖਬਰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਸੁਣੀ ਤਾਂ ਉਹ ਮਹਿਤੇ ਚੌਕ ਤੋਂ ਸ੍ਰੀ ਦਰਬਾਰ ਸਾਹਿਬ ਪੁਜ ਗਏ। ਸੰਤ ਜੀ ਨੇ ਉਸੇ ਹੀ ਦਿਨ ਸ੍ਰੀ ਅਕਾਲ ਤਖਤ ਸਾਹਿਬ ਤੇ ਅਰਦਾਸ ਕਰਦੇ ਹੋਏ ਇਹਨਾਂ ਦੋਹਨਾਂ ਉਪਰੋਕਤ ਸਿੰਘਾਂ ਅਤੇ ਹੋਰ ਝੂਠੇ ਕੇਸਾਂ ਵਿਚ ਫੜੇ ਹੋਏ ਅੰਮ੍ਰਿਤਧਾਰੀ ਸਿੰਘਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਮੋਰਚਾ ਲਾ ਦਿਤਾ। ਅਕਾਲੀ ਦਲ ਨੇ ਉਸ ਸਮੇਂ ਕਪੂਰੀ ਵਿਚ ਮੋਰਚਾ ਲਗਾਇਆ ਹੋਇਆ ਸੀ ਜੋ ਬੁਰੀ ਤਰਾਂ ਅਸਫਲ ਹੋ ਗਿਆ ਸੀ। ਇਸ ਲਈ ਅਕਾਲੀ ਨੇਤਾਵਾਂ ਨੇ ਸੰਤਾਂ ਦੀ ਚੜ੍ਹਦੀ ਕਲਾ ਦੇਖ ਕੇ ਅਤੇ ਆਪਣੀ ਸਿਆਸੀ ਸਾਖ ਨੂੰ ਬਚਾਉਣ ਲਈ ਕਪੂਰੀ ਮੋਰਚਾ ਵਿਚੇ ਹੀ ਛਡ ਦਿਤਾ ਅਤੇ ਸੰਤ ਜੀ ਵਲੋਂ ਚਲਾਏ ਮੋਰਚੇ ਵਿਚ ਸ਼ਾਮਲ ਹੋ ਗਏ। ਇਸਨੂੰ 'ਧਰਮ ਯੁੱਧ' ਮੋਰਚੇ ਦਾ ਨਾਮ ਦਿਤਾ ਗਿਆ। ਸ੍ਰੀ ਅਨੰਦਪੁਰ ਸਾਹਿਬ ਜੀ ਦਾ ਮਤਾ ਹੀ

ਮੁਖ ਨਿਸ਼ਾਨਾ ਰਖਿਆ ਗਿਆ ਜਿਸ ਵਿਚ ਕੁਝ ਹੋਰ ਮੰਗਾਂ ਦਰਜ ਕਰ ਦਿਤੀਆਂ ਗਈਆਂ। ਇਥੇ ਇਹ ਗਲ ਵੀ ਵਰਣਨਯੋਗ ਹੈ ਕਿ ਉਸ ਸਮੇਂ ਖਾਲਿਸਤਾਨ ਤਹਰੀਕ ਵੀ ਜੋਰਾਂ ਤੇ ਸੀ ਜਿਸ ਨੂੰ ਦਲ ਖਾਲਸਾ , ਬੱਬਰ ਖਾਲਸਾ ਅਤੇ ਨੈਸ਼ਨਲ ਆਫ ਖਾਲਿਸਤਾਨ ਚਲਾ ਰਹੀ ਸੀ।

ਸ਼ਾਂਤਮਈ ਮੋਰਚਾ ਚਲਦਾ ਰਿਹਾ। ਜਿਸ ਦੌਰਾਨ ਲੱਖਾਂ ਹੀ ਗ੍ਰਿਫਤਾਰੀਆਂ ਅਤੇ ਬਿਅੰਤ ਹੀ ਸਿੰਘਾਂ ਦੀਆਂ ਸ਼ਹਾਦਤਾਂ ਹੋ ਚੁਕੀਆਂ ਸਨ। ਜਾਲਮ ਸਰਕਾਰ ਮੋਰਚੇ ਦੀ ਕਾਮਯਾਬੀ ਤੋਂ ਬੁਖਲਾ ਗਈ। ਸਰਕਾਰ ਵਲੋਂ ਮੋਰਚੇ ਨੂੰ ਫੇਲ ਕਰਨ ਲਈ ਉਪਰਾਲੇ ਜਾਰੀ ਰਹੇ। ਸਰਕਾਰ ਨੂੰ ਸਿਖਾਂ ਦੇ ਮਨਾਂ ਅੰਦਰ ਦਹਿਸ਼ਤ ਫਲਾਉਣ ਲਈ ਦਹਿਸ਼ਤ ਦਾ ਦੌਰ ਅਪਣਾਇਆ। ਨੌਜਵਾਨਾਂ ਨੂੰ ਪਕੜ ਕੇ ਹਰ ਤਰਾਂ ਦੇ ਤਸੀਹੇ ਦਿਤੇ ਗਏ। ਕਈਆਂ ਨੂੰ ਤਾਂ ਝੂਠੇ ਪੁਲੀਸ ਮੁਕਾਬਲੇ ਬਣਾ ਕੇ ਸ਼ਹੀਦ ਕਰ ਦਿਤਾ ਗਿਆ ਜਿਸ ਵਿਚ ਭਾਈ ਕੁਲਵੰਤ ਸਿੰਘ ਨਾਗੋਕੇ, ਭਾਈ ਅਮਰਜੀਤ ਸਿੰਘ ਦਹੇੜੂ, ਭਾਈ ਮੁਸੀਬਤ ਸਿੰਘ, ਭਾਈ ਗੁਰਮੀਤ ਸਿੰਘ ਰਾਹੋਂ ਅਤੇ ਭਾਈ ਹਰਦੇਵ ਸਿੰਘ ਆਦਿ ਸਿੰਘਾਂ ਦੇ ਨਾਮ ਖਾਸ ਵਰਣਨ ਯੋਗ ਹਨ।

ਫੌਜ ਵਿਚ ਭਰਤੀ ਸਿੰਘਾਂ ਤੇ ਵੀ ਹਿੰਦੂ ਫੌਜੀ ਅਫਸਰਾਂ ਵਲੋਂ ਤਸ਼ੱਦਦ ਕੀਤਾ ਗਿਆ। ਭਾਈ ਸੀਤਲ ਸਿੰਘ ਅਤੇ ਭਾਈ ਪਿਆਰਾ ਸਿੰਘ ਨੂੰ ਫੌਜੀ ਅਫਸਰਾਂ ਨੇ ਝੂਠੇ ਕੇਸਾਂ ਵਿਚ ਅਣਮਨੁੱਖੀ ਤਸੀਹੇ ਦੇਕੇ ਸ਼ਹੀਦ ਕਰ ਦਿਤਾ। ਜਦੋਂ ਭਾਈ ਸੀਤਲ ਸਿੰਘ ਜੀ ਦਾ ਪੋਸਟ ਮਾਰਟਮ ਕੀਤਾ ਤਾਂ ਉਸਦੇ ਅੰਦਰੋਂ ਅੱਧਾ ਕਿਲੋ ਲਾਲ ਮਿਰਚਾਂ ਨਿਕਲੀਆਂ।

ਅੰਮ੍ਰਿਤਧਾਰੀ ਸਿੰਘਾਂ ਉਪਰ ਹੁੰਦਾ ਤਸ਼ੱਦਦ ਦੇਖ ਕੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨਾ ਸਹਾਰ ਸਕੇ। ਉਹਨਾਂ ਨੇ ਨੌਜਵਾਨਾਂ ਨੂੰ ਆਪਣੀ ਰਾਖੀ ਆਪ ਕਰਨ ਲਈ ਪਰੇਰਿਆ। ਸੰਤ ਜੀ ਨੇ ਸਿੰਘਾਂ ਨੂੰ ਆਪਣੇ ਧਰਮ ਦੀ ਰਾਖੀ ਕਰਨ ਲਈ ਸ਼ਾਸਤਰ ਰਖਣ ਲਈ ਕਿਹਾ ਉਹਨਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਕਹੇ ਹੋਏ ਉਸ ਬਚਨ ਨੂੰ ਦੁਹਰਾਇਆ ਜਿਸ ਵਿਚ ਉਹਨਾਂ ਨੇ ਕਿਹਾ ਸੀ :-

ਸ਼ਾਸਤ੍ਰਨ ਕੇ ਅਧੀਨ ਹੈ ਰਾਜ ॥

ਇਸ ਲਈ ਸ਼ਸਤਰਾਂ ਤੋਂ ਬਿਨਾਂ ਧਰਮ ਦੀ ਰਾਖੀ ਨਹੀਂ ਹੋ ਸਕਦੀ।

ਉਹਨਾਂ ਨੇ ਸਪੱਸ਼ਟ ਕਿਹਾ ਕਿ ਹੁਣ ਕਿਸੇ ਤੇ ਵਾਧਾ ਕਰਨਾ ਨਹੀਂ ਅਤੇ ਕਿਸੇ ਦਾ

ਵਾਧਾ ਕੀਤਾ ਸਹਾਰਿਆ ਨਹੀਂ ਜਾਣਾ । ਉਹਨਾਂ ਨੇ ਸੰਤ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਉਹ ਬਚਨ ਚੇਤੇ ਕਰਵਾਏ ਜਿਹਨਾਂ ਵਿਚ ਉਹਨਾਂ ਕਿਹਾ ਸੀ ਸਿੱਖੀ ਅਸੀਂ ਕਦੇ ਧੀਆਂ ਦੇ ਡੋਲੇ ਦੇਕੇ ਰਾਜ ਨਹੀਂ ਲਿਆ। ਰਾਜ ਉਸੇ ਤਰਾਂ ਲਵਾਂਗੇ ਜਿਸ ਤਰਾਂ ਪੁਰਾਤਨ ਸਿੰਘ ਲੈਂਦੇ ਆਏ ਹਨ । ਨਹੀਂ ਤਾਂ ਘੋੜਿਆਂ ਦੀਆਂ ਕਾਠੀਆਂ ਤੇ ਚੜ ਕੇ ਹੀ ਗੁਜ਼ਾਰਾ ਕਰਾਂਗੇ। ਸੰਤ ਜੀ ਦੇ ਇਸ ਪ੍ਰਚਾਰ ਨਾਲ ਹਰ ਸਿਖ ਨੌਜਵਾਨ, ਬੱਚਾ, ਬੁੱਢਾ ਉਹਨਾਂ ਦਾ ਕਾਇਲ ਹੋਗਿਆ । ਪਰ ਸਰਕਾਰ ਸੰਤ ਜੀ ਦੇ ਪ੍ਰਚਾਰ ਨੂੰ ਸਹਾਰ ਨਾ ਸਕੀ । ਸਿਖਾਂ ਦੀਆਂ ਮੰਗਾਂ ਨੂੰ ਜਾਣ ਬੁੱਝ ਕੇ ਲਮਕਾਇਆ ਜਾ ਰਿਹਾ ਸੀ । ਹਿੰਦੂ ਸਰਕਾਰ ਨੇ ਸੰਤ ਜੀ ਨੂੰ ਅਤਿਵਾਦੀ ਉਗਰਵਾਦੀ ਆਖ ਕੇ ਦੁਨੀਆਂ ਵਿਚ ਪ੍ਰਚਾਰਨਾ ਸ਼ੁਰੂ ਕਰ ਦਿਤਾ ਤਾਂ ਜੋ ਉਹ ਆਉਣ ਵਾਲੇ ਐਕਸ਼ਨ ਨੂੰ ਦੁਨੀਆਂ ਦੇ ਸਾਹਮਣੇ ਠੀਕ ਦਸ ਸਕੇ । ਸਰਕਾਰ ਨੇ ਹਿੰਦੂ ਸਿਖ ਫਸਾਦ ਸ਼ੁਰੂ ਕਰਵਾਏ ਇਹਨਾਂ ਫਸਾਦਾਂ ਦੀ ਜਿੰਮੇਵਾਰੀ ਸੰਤਾਂ ਉਪਰ ਮੜਨੀ ਸ਼ੁਰੂ ਕਰ ਦਿਤੀ ਤਾਂ ਜੋ ਦਰਬਾਰ ਸਾਹਿਬ ਉਪਰ ਹਮਲਾ ਕੀਤਾ ਜਾ ਸਕੇ ।

ਮੇਰਾ ਇਥੇ ਸ੍ਰੀ ਦਰਬਾਰ ਸਾਹਿਬ ਜੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਜੀ ਬਾਰੇ ਸੰਖੇਪ ਮਾਤਰਾ ਵਿਚ ਦਸਣਾ ਯੋਗ ਹੋਵੇਗਾ ।

ਸ੍ਰੀ ਦਰਬਾਰ ਸਾਹਿਬ ਦੀ ਨੀਂਹ ਸਿਖ ਧਰਮ ਦੇ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਸੂਫੀ ਮੁਸਲਮਾਨ ਸੰਤ ਸਾਂਈ ਮੀਆਂ ਮੀਰ ਪਾਸੋਂ ਸੰਨ 1589 ਈ: ਵਿਚ ਰਖਵਾਈ । ਇਮਾਰਤ ਦੇ ਮੁਕੰਮਲ ਹੋਣ ਪਰ ਇਸ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ । ਦਰਬਾਰ ਸਾਹਿਬ ਜੀ ਦੇ ਚੌਗਿਰਦੇ ਬਣੇ ਤਾਲ ਨੂੰ ਪੱਕਿਆ ਕਰਵਾਇਆ । ਬਾਦ ਵਿਚ ਜਦੋਂ ਸਿਖਾਂ ਦਾ ਰਾਜ ਆਇਆ ਤਾਂ ਮਹਾਰਾਜਾ ਰਣਜੀਤ ਸਿੰਘ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਉਪਰ ਸੋਨੇ ਦੇ ਪਤਰੇ ਚੜਾ ਦਿਤੇ। ਸ੍ਰੀ ਦਰਬਾਰ ਸਾਹਿਬ ਸਿੱਖਾਂ ਦੇ ਧਾਰਮਿਕ ਕੇਂਦਰ ਵਜੋਂ ਜਾਣਿਆ ਜਾਣ ਲਗ ਪਿਆ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਦ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਆਉਣ ਵਾਲੇ ਸਮੇਂ ਨੂੰ ਮੁੱਖ ਰਖਦੇ ਹੋਏ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਬਿਲਕੁੱਲ ਸਾਹਮਣੇ ਸਿੱਖਾਂ ਦੇ ਰਾਜਸੀ ਹੈਡਕੁਆਰਟਰ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਸਥਾਪਨਾ ਕਰ ਦਿਤੀ। ਉਹਨਾਂ ਨੇ ਭਗਤੀ ਨਾਲ ਸ਼ਕਤੀ ਨੂੰ ਜੋੜ ਦਿਤਾ। ਇਸੇ ਲਈ ਪਹਿਲਾਂ ਆਪ ਮੀਰੀ ਅਤੇ ਪੀਰੀ (ਭਗਤੀ ਤੇ ਸ਼ਕਤੀ) ਦੀਆਂ ਦੋ ਤਲਵਾਰਾਂ ਪਹਿਨੀਆਂ ਅਤੇ ਸਿਖਾਂ ਨੂੰ ਹਥਿਆਰ ਰੱਖਣ ਦਾ ਹੁਕਮ ਦਿਤਾ। ਉਹਨਾਂ ਕਿਹਾ ਜਿਸ

ਕਿਸੇ ਨੇ ਵੀ ਮੇਰੇ ਦਰਸ਼ਨਾ ਨੂੰ ਆਉਣਾ ਹੋ ਭੇਟਾ ਵਜੋਂ ਚੰਗੇ ਸ਼ਸ਼ਤਰ ਤੇ ਘੋੜੇ ਲੈ ਕੇ ਆਉਣ। ਅਕਾਲ ਤਖਤ ਦੀ ਉਚਾਈ ਦਿਲੀ ਦੇ ਤਖਤ ਤੋਂ ਢਾਈ ਫੁੱਟ ਜ਼ਿਆਦਾ ਰੱਖੀ। ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਦ ਜਿੰਨੇ ਵੀ ਸਿਖ ਕੌਮ ਨੇ ਜ਼ੁਲਮ ਵਿਰੁੱਧ ਅਜ਼ਾਦੀ ਲਈ ਸੰਘਰਸ਼ ਕੀਤੇ ਸਾਰੇ ਹੀ ਸ੍ਰੀ ਅਕਾਲ ਤਖਤ ਸਾਹਿਬ ਤੇ ਗੁਰਮਤੇ ਕਰਕੇ ਕੀਤੇ ਗਏ। ਅਜ ਵੀ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਜਾਰੀ ਹੋਇਆ ਹੁਕਮਨਾਮਾ ਸਾਰੇ ਹੀ ਸੰਸਾਰ ਦੇ ਸਿਖਾਂ ਲਈ ਇਲਾਹੀ ਫੁਰਮਾਨ ਹੈ। ਸਾਰੇ ਹੀ ਸਿਖ ਉਸ ਦੇ ਮੰਨਣ ਦੇ ਪਾਬੰਦ ਹਨ।

ਇਸੇ ਤਰਾਂ ਸਮੇਂ ਸਮੇਂ ਕਈ ਹੁਕਮਨਾਮੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਹੁੰਦੇ ਰਹੇ। ਜੇਕਰ ਕੋਈ ਸਿਖ ਸਿਖ ਸਿਧਾਂਤਾਂ ਦੇ ਖਿਲਾਫ ਕੋਈ ਕੰਮ ਕਰੇ ਤਾਂ ਉਸਨੂੰ ਸ੍ਰੀ ਅਕਾਲ ਤਖਤ ਸਾਹਿਬ ਉਪਰ ਬੁਲਾ ਕੇ ਸਜ਼ਾ ਦਿਤੀ ਜਾਂਦੀ ਭਾਵੇਂ ਉਹ ਵੱਡੇ ਤੋਂ ਵੱਡਾ ਕਿਉਂ ਨਾ ਹੋਵੇ। ਹਰ ਕੋਈ ਅਕਾਲ ਤਖਤ ਸਾਹਿਬ ਦੇ ਹੁਕਮ ਦਾ ਪਾਬੰਦ ਹੈ ਜੋਕੋਈ ਹੁਕਮ ਨਹੀਂ ਮੰਨਦਾ ਤਾਂ ਸਿਖੀ ਤੋਂ ਖਾਰਜ ਕਰ ਦਿਤਾ ਜਾਂਦਾ ਹੈ।

ਸਿਖ ਕੌਮ ਵਿਚ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਉਹ ਹੈਸੀਅਤ ਹੈ ਜਿਵੇਂ ਕੈਥਲਿਕ ਧਰਮ ਵਿਚ ਪੋਪ ਦੀ ਹੁੰਦੀ ਹੈ। ਸਿਖ ਕੌਮ ਦੇ ਧਾਰਮਿਕ ਅਤੇ ਸਿਆਸੀ ਮਤਭੇਦ ਦੂਰ ਨਾ ਹੋਣ ਤਾਂ ਅਕਾਲ ਤਖਤ ਸਾਹਿਬ ਨੂੰ ਹੀ ਫੈਸਲੇ ਨਿ[illegible] ਦਾ ਅਧਿਕਾਰ ਹੈ।

ਮਹਾਰਾਜਾ ਰਣਜੀਤ ਸਿੰਘ ਜੀ ਵਲੋਂ ਸ੍ਰੀ ਹਰਿਮੰਦਰ ਸਾਹਿਬ ਉਪਰ ਸੋਨੇ ਦੀ ਸੇਵਾ ਕੀਤੀ ਗਈ। ਇਹ ਸਭ ਰਾਜ ਦੇ ਕ੍ਰਿਸਮੇ ਹਨ। ਜੇਕਰ ਸਿਖਾਂ ਦਾ ਰਾਜ ਨਾ ਹੁੰਦਾ ਤਾਂ ਸ੍ਰੀ ਦਰਬਾਰ ਸਾਹਿਬ ਦੀ ਰੂਪ ਰੇਖਾ ਉਹ ਨਹੀਂ ਸੀ ਹੋਣੀ ਜਿਹੜੀ ਕਿ ਅਜ ਹੈ।

ਸ੍ਰੀ ਹਰਿਮੰਦਰ ਸਾਹਿਬ ਸਿਖ ਕੌਮ ਵਿਚ ਉਸੇ ਤਰਾਂ ਦੀ ਮਹਾਨਤਾ ਰਖਦਾ ਹੈ ਜਿਸ ਤਰਾਂ ਕਿ ਮੁਸਲਮਾਨ ਧਰਮ ਵਿਚ ਮੱਕਾ ਕਾਬਾ। ਇਥੋਂ ਸਿਖਾਂ ਨੂੰ ਆਤਮਿਕ ਤੇ ਰੂਹਾਨੀ ਸ਼ਾਤੀ ਮਿਲਦੀ ਹੈ। ਇਥੇ ਦਿਨ ਰਾਤ ਅੰਮ੍ਰਿਤਮਈ ਗੁਰਬਾਣੀ ਦੀ ਵਰਖਾ ਹੁੰਦੀ ਰਹਿੰਦੀ ਹੈ ਤੇ ਹਰ ਰੋਜ਼ ਹਜ਼ਾਰਾਂ ਸ਼ਰਧਾਲੂਆਂ ਦੇ ਮਸਤਕ ਝੁਕਦੇ ਹਨ। ਇਥੇ ਆਇਆ ਹਰ ਸ਼ਰਧਾਲੂ ਦਰਬਾਰ ਸਾਹਿਬ ਦੀ ਹਦੂਦ ਤੋਂ ਬਾਹਰ ਹੀ ਜੋੜੇ ਉਤਾਰ ਕੇ ਹੱਥ ਪੈਰ ਧੋ ਕੇ ਪ੍ਰਕਰਮਾ ਵਿਚ ਦਾਖਲ ਹੁੰਦਾ ਹੈ। ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਕੇ ਸਿਖ ਜਨਮਾਂ ਜਨਮਾਤਰਾਂ ਦੀ ਮੈਲ ਧੋਂਦਾ ਹੈ। ਪ੍ਰਕਰਮਾ ਕਰਨ ਤੋਂ ਬਾਦ ਸ੍ਰੀ ਦਰਬਾਰ

ਸਾਹਿਬ ਵਿਚ ਦਾਖਲ ਹੁੰਦਾ ਹੈ ਜਿਥੇ ਸਿਖ ਦੀਆਂ ਮਨੋਕਾਮਨਾਵਾਂ ਪੂਰੀਆਂ ਹੁੰਦੀਆਂ ਹਨ ।

ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਕਿਸੇ ਵੀ ਜਾਤੀ ਬਰਾਦਰੀ ਜਾਂ ਕੌਮ ਦਾ ਮਨੁੱਖ ਚਲਾ ਜਾਵੇ ਤਾਂ ਬਿਨਾਂ ਕਿਸੇ ਭੇਦ ਭਾਵ ਤੋਂ ਉਸ ਨਾਲ ਇਕੋ ਜਿਹਾ ਸਲੂਕ ਕੀਤਾ ਜਾਂਦਾ ਹੈ । ਸ੍ਰੀ ਦਰਬਾਰ ਸਾਹਿਬ ਗਏ ਹਰ ਯਾਤਰੂ ਨੂੰ ਮੁਫਤ ਲੰਗਰ ਰਹਿਣ ਲਈ ਕਮਰਾ ਤੇ ਬਿਸਤਰਾ ਮਿਲਦਾ ਹੈ ।

ਅੰਤ ਉਹੀ ਹੋਇਆ ਜਿਸ ਦਾ ਸਾਡੇ ਮਨਾਂ ਅੰਦਰ ਡਰ ਸੀ । 3 ਜੂਨ 1984 ਨੂੰ ਸਿਖ ਕੌਮ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਮਨਾ ਰਹੀ ਸੀ । ਇਹ ਦਿਨ ਪੰਜਾਬ ਭਰ ਵਿਚ ਵੱਡੇ ਪੈਮਾਨੇ ਤੇ ਮਨਾਇਆ ਜਾ ਰਿਹਾ ਸੀ । ਇਸ ਦਿਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਧਰਮ ਦੀ ਰਖਿਆ ਲਈ ਸ਼ਹੀਦੀ ਦਿਤੀ ਸੀ । ਹਜ਼ਾਰਾਂ ਦੀ ਗਿੰਣਤੀ ਵਿਚ ਸਿਖ ਸੰਗਤਾਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਇਕੱਤਰ ਹੋਕੇ ਬੜੀ ਧੂਮ ਧਾਮ ਨਾਲ ਗੁਰਪੁਰਬ ਮਨਾ ਰਹੀਆਂ ਸਨ । ਸ਼ਾਇਦ ਸਰਕਾਰ ਪਹਿਲਾਂ ਹੀ ਅਜੇਹੀ ਤਾਕ ਵਿਚ ਬੈਠੀ ਸੀ ਕਿ ਸਿਖ ਜ਼ਿਆਦਾ ਤੋਂ ਜ਼ਿਆਦਾ ਇਕੱਠੇ ਹੋਣ ਤਾਂ ਵੱਧ ਤੋਂ ਵੱਧ ਉਹਨਾਂ ਦੇ ਖੂਨ ਨਾਲ ਹੋਲੀ ਖੇਡੀ ਜਾਵੇ । ਪੰਜਾਬ ਵਿਚ ਅਣਮਿਥੇ ਸਮੇਂ ਲਈ ਕਰਫਿਊ ਲਗਾ ਦਿਤਾ ਗਿਆ । ਪ੍ਰੈਸ ਤੇ ਪੂਰਨ ਪਾਬੰਦੀ ਲਗਾ ਦਿਤੀ ਗਈ । ਪੰਜਾਬ ਦੀ ਟੈਲੀਫੋਨ ਸੇਵਾ ਬਾਕੀ ਦੁਨੀਆਂ ਨਾਲੋਂ ਕੱਟ ਦਿਤੀ ਗਈ । ਸਾਰੇ ਹੀ ਬਦੇਸ਼ੀ ਪਤਰਕਾਰਾਂ ਨੂੰ ਪੰਜਾਬ ਭਰ 'ਚੋਂ ਬਾਹਰ ਕੱਢ ਦਿਤਾ ਗਿਆ ਤਾਂ ਜੋ ਜਿਹੜਾ ਤਸ਼ੱਦਦ ਸਿਖਾਂ ਤੇ ਕੀਤਾ ਜਾਵੇ ਉਸ ਦਾ ਪਤਾ ਦੁਨੀਆਂ ਨੂੰ ਨਾ ਲਗ ਸਕੇ । ਹਿੰਦੂ ਸਾਮਰਾਜੀ ਸਰਕਾਰ ਨੇ ਅਪਰੇਸ਼ਨ ਨੀਲਾ ਤਾਰਾ ਹੇਠ ਸਾਰੇ ਪੰਜਾਬ ਨੂੰ ਫੌਜ ਦੇ ਹਵਾਲੇ ਕਰ ਦਿਤਾ ਗਿਆ ਤੇ ਕਰਫਿਊ ਲਗਾ ਕੇ ਲੋਕਾਂ ਨੂੰ ਘਰਾਂ ਵਿਚ ਹੀ ਡੱਕ ਦਿਤਾ ਗਿਆ । ਪੰਜਾਬ ਦੇ ਹਰ ਚੌਰਾਹੇ ਤੇ ਹਰ ਰਸਤੇ ਤੇ ਟੈਂਕ ਅਤੇ ਤੋਪਾਂ ਲਗਾ ਦਿਤੀਆਂ ।

ਸ੍ਰੀ ਅੰਮ੍ਰਿਤਸਰ ਵਿਖੇ ਇਕ ਲਖ ਫੌਜ ਨੇ ਜਾ ਸ੍ਰੀ ਦਰਬਾਰ ਸਾਹਿਬ ਨੂੰ ਘੇਰਾ ਪਾਇਆ । ਕੋਈ ਵੀ ਅੰਦਰੋਂ ਬਾਹਰ ਅਤੇ ਬਾਹਰੋਂ ਅੰਦਰ ਨਹੀਂ ਸੀ ਜਾ ਸਕਦਾ । ਬਿਨਾਂ ਕੋਈ ਵਾਰਨਿੰਗ ਦਿਤੇ ਅਚਨਚੇਤ ਸ੍ਰੀ ਦਰਬਾਰ ਸਾਹਿਬ ਉਪਰ ਤੋਪਾਂ ਨਾਲ ਗੋਲਾਬਾਰੀ ਸ਼ੁਰੂ ਕਰ ਦਿਤੀ । ਉਸ ਸਮੇਂ ਹਜ਼ਾਰਾਂ ਦੀ ਗਿਣਤੀ ਵਿਚ ਸਿਖ ਸੰਗਤ ਗੁਰਪੁਰਬ ਹੋਣ ਕਰਕੇ ਅੰਦਰ ਮੌਜੂਦ ਸੀ ਜੋ ਕਰਫਿਊ ਕਾਰਨ ਵਾਪਸ ਘਰਾਂ ਨੂੰ ਨਾ ਜਾ ਸਕੇ ਉਹਨਾਂ ਨੂੰ ਵੀ ਬਾਹਰ ਨਹੀਂ ਆਉਣ ਦਿਤਾ ।

ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅੰਦਰ ਬੈਠੇ ਜੁਝਾਰੂ ਸਿੰਘਾਂ ਦੀ ਅਗਵਾਈ ਸ੍ਰੀਮਾਨ ਸੰਤ ਬਾਬਾ ਜਰਨੈਲ ਸਿੰਘ ਜੀ ਭਿੰਡਰਾਂਵਾਲੇ ਕਰ ਰਹੇ ਸਨ। ਜਦੋਂ ਉਹਨਾਂ ਨੇ ਵੇਖਿਆ ਕਿ ਹਿੰਦੂ ਸਾਮਰਾਜ ਦੀ ਫੌਜ ਨੇ ਸ੍ਰੀ ਦਰਬਾਰ ਸਾਹਿਬ ਉਪਰ ਹਮਲਾ ਕਰ ਦਿਤਾ ਹੈ ਤਾਂ ਉਹਨਾਂ ਨੇ ਆਖਰੀ ਗੋਲੀ ਅਤੇ ਆਖਰੀ ਖੂਨ ਦੇ ਕਤਰੇ ਤਕ ਸ੍ਰੀ ਦਰਬਾਰ ਸਾਹਿਬ ਦੀ ਪਵਿਤਰਤਾ ਨੂੰ ਬਰਕਰਾਰ ਰਖਣ ਦਾ ਫੈਸਲਾ ਕੀਤਾ। ਸੰਤ ਜੀ ਸਿੰਘ ਯੋਧਿਆਂ ਨੂੰ ਨਾਲ ਲੈ ਕੇ ਸ੍ਰੀ ਦਰਬਾਰ ਸਾਹਿਬ ਦੀ ਪਵਿਤਰਤਾ ਨੂੰ ਬਰਕਰਾਰ ਰਖਣ ਲਈ ਡਟ ਗਏ। ਜਦੋਂ ਫੌਜ ਨੇ ਸ੍ਰੀ ਦਰਬਾਰ ਸਾਹਿਬ ਜੀ ਦੇ ਅੰਦਰ ਦਾਖਲ ਹੋਣ ਦੀ ਕੋਸ਼ਸ਼ ਕੀਤੀ ਤਾਂ ਅੱਗੋਂ ਸਿੰਘ ਯੋਧਿਆਂ ਨੇ ਉਹਨਾਂ ਦੇ ਛੱਕੇ ਛੁੜਾ ਦਿਤੇ। ਇਹੋ ਯਤਨ ਕਈ ਵਾਰ ਕੀਤਾ ਗਿਆ ਪਰ ਹਮਲਾਵਾਰਾਂ ਦੀ ਸਿੰਘ ਸੂਰਮਿਆਂ ਦੇ ਸਾਹਮਣੇ ਕੋਈ ਪੇਸ਼ ਨਹੀਂ ਸੀ ਚਲਦੀ।

ਫੌਜੀ ਹਾਕਮਾਂ ਨੂੰ ਇਹ ਸੋਚਣ ਲਈ ਮਜਬੂਰ ਹੋਣਾ ਪਿਆ ਕਿ ਸਿੰਘ ਜਿਊਂਦੇ ਜੀਅ ਉਹਨਾਂ ਨੂੰ ਸ੍ਰੀ ਦਰਬਾਰ ਸਾਹਿਬ ਦੀ ਹਦੂਦ ਅੰਦਰ ਪੈਰ ਨਹੀਂ ਰਖਣ ਦੇਣਗੇ। ਇਸ ਲਈ ਫੌਜ ਨੇ ਟੈਂਕ ਅਤੇ ਬਖਤਰ ਬੰਦ ਗੱਡੀਆਂ ਅੰਦਰ ਵਾੜ ਦਿਤੀਆਂ। ਟੈਂਕ ਸ੍ਰੀ ਹਰਿਮੰਦਰ ਸਾਹਿਬ ਦੀ ਪਰਕਰਮਾ ਅੰਦਰ ਵਾੜ ਦਿਤੇ ਗਏ। ਆਖਰ ਸਿੰਘ ਰਵਾਇਤੀ ਅਤੇ ਲਾਇਸੈਂਸੀ ਹਥਿਆਰਾਂ ਨਾਲ ਟੈਂਕਾਂ ਅਤੇ ਤੋਪਾਂ ਦਾ ਕੀ ਮੁਕਾਬਲਾ ਕਰ ਸਕਦੇ ਸੀ। ਫਿਰ ਵੀ ਸਿੰਘਾਂ ਨੇ ਦਿਲ ਨਾ ਛੱਡਿਆ। ਗੋਲੀ ਸਿੱਕਾ ਖਤਮ ਹੋਣ ਦੀ ਸੂਰਤ ਵਿਚ ਸ੍ਰੀ ਸਾਹਿਬ ਧੂਹ ਕੇ ਦੁਸ਼ਮਣਾਂ ਦੇ ਗਲ ਵਿਚ ਜਾ ਪੈਂਦੇ। ਅਨੇਕਾਂ ਨੂੰ ਮਾਰਦੇ ਗੁਰੂ ਦੇ ਚਰਨਾਂ ਵਿਚ ਹੀ ਸ਼ਹੀਦ ਹੋ ਜਾਂਦੇ। ਇਸੇ ਤਰਾਂ ਬਹੁਤ ਹੀ ਸਿੰਘ ਸ਼ਹੀਦੀ ਦਾ ਜਾਮ ਪੀ ਗਏ। ਆਪਣੀਆਂ ਅੱਖਾਂ ਸਾਹਮਣੇ ਅਪਵਿਤਰਤਾ ਨੂੰ ਬਰਦਾਸ਼ਤ ਨਾ ਕਰ ਸਕੇ। ਫੌਜ ਨੇ ਪਰਕਰਮਾ ਵਿਚ ਖੜੇ ਕੇ ਟੈਂਕਾਂ ਤੋਪਾਂ ਰਾਹੀਂ ਸ੍ਰੀ ਅਕਾਲ ਤਖਤ ਸਾਹਿਬ ਜੀ ਉਪਰ ਗੋਲੇ ਵਰਤਾਉਣੇ ਸ਼ੁਰੂ ਕਰ ਦਿਤੇ। ਇਹਨਾਂ ਦਾ ਮੰਤਵ ਸੀ ਕਿ ਸੰਤ ਬਾਬਾ ਜਰਨੈਲ ਸਿੰਘ ਜੀ ਦੀ ਨਿਵਾਸ ਸ੍ਰੀ ਅਕਾਲ ਤਖਤ ਸਾਹਿਬ ਉਪਰ ਹੈ ਉਹਨਾਂ ਨੂੰ ਖਤਮ ਕੀਤਾ ਜਾਵੇ। ਦੂਜਾ ਜਿਸ ਅਸਥਾਨ ਤੋਂ ਸਿੰਘਾਂ ਨੂੰ ਸ਼ਕਤੀ ਤੇ ਅਜ਼ਾਦੀ ਦੀ ਪਰੇਰਨਾ ਮਿਲਦੀ ਹੈ ਉਸ ਨੂੰ ਨਸ਼ਟ ਕੀਤਾ ਜਾਵੇ। ਤੋਪਾਂ ਦੇ ਗੋਲਿਆਂ ਨਾਲ ਸ੍ਰੀ ਅਕਾਲ ਤਖਤ ਸਾਹਿਬ ਜੀ ਨੂੰ ਨਸ਼ਟ ਕਰ ਦਿਤਾ ਗਿਆ। ਸੰਤ ਜਰਨੈਲ ਸਿੰਘ ਜੀ, ਭਾਈ ਅਮਰੀਕ ਸਿੰਘ, ਮੇਜਰ ਜਨਰਲ ਸੁਬੇਗ ਸਿੰਘ

ਅਨੇਕਾਂ ਯੋਧਿਆਂ ਨਾਲ ਹਰਿਮੰਦਰ ਸਾਹਿਬ ਜੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਪਵਿਤਰਤਾ ਨੂੰ ਕਾਇਮ ਰਖਦੇ ਹੋਏ ਸ਼ਹੀਦੀ ਦਾ ਜਾਮ ਪੀ ਗਏ ।

ਭਗਤੀ ਤੇ ਸ਼ਕਤੀ ਦੇ ਪੁੰਜ ਸੰਤ ਸਿਪਾਹੀਆਂ ਨੂੰ EXTREMISTS TERRORISTS ਆਖ ਕੇ ਸ਼ਹੀਦ ਕਰ ਦਿਤਾ ਗਿਆ। ਹਜ਼ਾਰਾਂ ਦੀ ਗਿਣਤੀ ਵਿਚ ਉਹ ਯਾਤਰੂ ਸ਼ਹੀਦ ਕਰ ਦਿਤੇ ਗਏ ਜਿਹੜੇ ਗੁਰਪੁਰਬ ਹੋਣ ਕਾਰਨ ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨਾਂ ਨੂੰ ਆਏ ਸਨ। ਇਹਨਾਂ ਵਿਚ ਬੱਚੇ, ਬੁਢੇ ਔਰਤਾਂ ਬਹੁਤ ਗਿਣਤੀ ਵਿਚ ਸ਼ਾਮਲ ਸਨ ਜਿਹਨਾਂ ਨੂੰ ਜ਼ਾਲਮਾਂ ਨੇ ਮਾਫ ਨਹੀਂ ਕੀਤਾ। 2 ਮਹੀਨੇ ਦੇ ਬੱਚੇ ਨੂੰ ਵੀ ਅਤਿਵਾਦੀ ਆਖ ਕੇ ਗੋਲੀ ਨਾਲ ਮਾਰ ਦਿਤਾ ਗਿਆ। ਜੇਕਰ ਕੋਈ ਫੱਟੜ ਸਿੰਘ ਇਹਨਾਂ ਦੇ ਹੱਥ ਲੱਗਾ ਤਾਂ ਗੋਲੀ ਨਾਲ ਉਡਾ ਦਿਤਾ ਗਿਆ। ਜੇ ਕਿਸੇ ਪਾਣੀ ਮੰਗਿਆ ਤਾਂ ਮੂੰਹ ਵਿਚ ਪਿਸ਼ਾਬ ਪਾਇਆ। ਜੋ ਜੋ ਜ਼ੁਲਮ ਹਿੰਦੂ ਸਾਮਰਾਜ ਦੇ ਫੌਜੀਆਂ ਨੇ ਉਥੇ ਕੀਤਾ ਸਾਰੇ ਦਾ ਸਾਰਾ ਦਸਣ ਤੋਂ ਬਾਹਰ ਹੈ। ਜੇਕਰ ਦੁਨੀਆਂ ਦੇ ਕਾਗਜ਼ ਵੀ ਇਕੱਠੇ ਕਰ ਲਈਏ ਤਾਂ ਵੀ ਬਿਆਨ ਨਹੀਂ ਕੀਤਾ ਜਾ ਸਕਦਾ। ਪਰਕਰਮਾ ਵਿਚ ਖੂਨ ਹੀ ਖੂਨ ਵਹਿ ਰਿਹਾ ਸੀ। ਪਵਿਤਰ ਸਰੋਵਰ ਦਾ ਜਲ ਵੀ ਸਿੰਘਾਂ ਦੇ ਖੂਨ ਨਾਲ ਲਾਲ ਹੋ ਗਿਆ।

ਹਮਲਾਵਰਾਂ ਵਲੋਂ ਸ੍ਰੀ ਦਰਬਾਰ ਸਾਹਿਬ ਜੀ ਉਪਰ ਕਾਬਜ਼ ਹੋਣ ਤੋਂ ਬਾਦ ਮਿਥੇ ਪਰੋਗਰਾਮ ਅਨੁਸਾਰ ਸਿਖ ਸ਼ਕਤੀ ਤੇ ਸਿਖ ਇਤਿਹਾਸ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਗਈ। ਰਾਇਫਰੈਂਸ ਲਾਇਬਰੇਰੀ ਜਿਸ ਵਿਚ ਸਿਖ ਇਤਿਹਾਸ ਦਾ ਬਹੁਮੁੱਲਾ ਸ਼ਰਮਾਇਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਉਹ ਬੀੜਾਂ ਜਿਹਨਾਂ ਉਪਰ ਗੁਰੂ ਸਹਿਬਾਨ ਜੀ ਦੇ ਦਸਖਤ ਸਨ ਨੂੰ ਜਾਣ ਬੁਝ ਕੇ ਸਾੜ ਕੇ ਸਵਾਹ ਕਰ ਦਿਤਾ ਗਿਆ। ਸਿਖ ਅਜਾਇਬ ਘਰ ਜਿਥੋਂ ਸਿਖਾਂ ਨੂੰ ਚਿਤਰਾਂ ਦੁਆਰਾ ਸਿਖੀ ਦੀ ਪਰੇਰਨਾ ਮਿਲਦੀ ਸੀ ਨੂੰ ਵੀ ਤਬਾਹ ਕਰ ਦਿਤਾ ਗਿਆ। ਤੋਸ਼ਾਖਾਨਾ ਜਿਸ ਵਿਚ ਬਹੁਮੁਲੀਆਂ ਪੁਰਾਤਨ ਵਸਤਾਂ ਅਤੇ ਕੀਮਤੀ ਹੀਰੇ ਜਵਾਰਾਤ ਸੀ ਨੂੰ ਲੁੱਟ ਲਿਆ ਗਿਆ ਤੇ ਪਰਦਾ ਪਾਉਣ ਦੇ ਲਈ ਅਗ ਲਗਾ ਦਿਤੀ ਗਈ। ਸ੍ਰੀ ਅਕਾਲ ਤਖਤ ਸਾਹਿਬ ਜੀ ਉਪਰ ਰੱਖੇ ਇਤਹਾਸਕ ਸ਼ਸਤਰ ਵੀ ਲੁੱਟ ਲਏ ਗਏ। ਸ਼੍ਰੋਮਣੀ ਕਮੇਟੀ ਅਤੇ ਸੰਤ ਬਾਬਾ ਜਰਨੈਲ ਸਿੰਘ ਜੀ ਦਾ ਬੇਅੰਤ ਖਜ਼ਾਨਾ ਜੋ ਕਰੋੜਾਂ ਦੀ ਗਿਣਤੀ ਵਿਚ ਸੀ ਲੁੱਟ ਲਿਆ ਗਿਆ

ਸ੍ਰੀ ਹਰਿਮੰਦਰ ਸਾਹਿਬ ਜੀ ਉਪਰ 500 ਤੋਂ ਵਧ ਗੋਲੀਆਂ ਦੇ ਨਿਸ਼ਾਨ ਹੁਣ ਵੀ ਦੇਖੇ ਜਾ ਸਕਦੇ ਹਨ।

ਸ੍ਰੀ ਦਰਬਾਰ ਸਾਹਿਬ ਦੇ ਚੌਗਿਰਦੇ ਜਿਹੜੇ ਬਾਜ਼ਾਰ ਹੋਟਲ ਜਾਂ ਘਰ ਸਨ ਵਿਚੋਂ ਲੋਕਾਂ ਨੂੰ ਕੱਢ ਕੇ ਮਾਰਿਆ ਗਿਆ, ਫਿਰ ਘਰਾਂ ਤੇ ਦੁਕਾਨਾਂ ਨੂੰ ਲੁਟਿਆ। ਉਪਰੰਤ ਇਸਤੇ ਪਰਦਾ ਪਾਉਣ ਲਈ ਅਗ ਲਾ ਦਿਤੀ ਗਈ। ਹਿੰਦੂ ਸਾਮਰਾਜ ਦੇ ਫੌਜੀਆਂ ਵਲੋਂ ਅਜਿਹੀ ਹੀ ਘਨਾਉਣੀ ਕਾਰਵਾਈ ਪੰਜਾਬ ਦੇ 40 ਹੋਰ ਇਤਿਹਾਸਕ ਗੁਰਦੁਆਰਿਆਂ ਵਿਚ ਵੀ ਕੀਤੀ ਗਈ ਜਿਹਨਾਂ ਵਿਚ ਸ੍ਰੀ ਤਰਨਤਾਰਨ ਸਾਹਿਬ, ਦੁਖ ਨਿਵਾਰਨ ਪਟਿਆਲਾ ਅਤੇ ਸ੍ਰੀ ਮੁਕਤਸਰ ਦੇ ਗੁਰਦੁਆਰਿਆਂ ਦੇ ਨਾਮ ਖਾਸ ਵਰਣਨ ਯੋਗ ਹਨ।

ਜਦੋਂ ਸ੍ਰੀ ਦਰਬਾਰ ਸਾਹਿਬ ਜੀ ਉਪੁਰ ਫੌਜੀ ਹਮਲੇ ਦਾ ਪਤਾ ਪਿੰਡਾਂ ਵਿਚ ਰਹਿਣ ਵਾਲੇ ਸਿਖਾਂ ਨੂੰ ਲੱਗਾ ਉਹਨਾਂ ਨੇ ਲੱਗੇ ਕਰਫਿਊ ਦੇ ਬਾਵਜੂਦ ਜਥੇ ਬਣਾ ਕੇ ਸ੍ਰੀ ਦਰਬਾਰ ਸਾਹਿਬ ਦੀ ਪਵਿਤਰਤਾ ਨੂੰ ਬਰਕਰਾਰ ਰਖਣ ਲਈ ਚਾਲੇ ਪਾ ਦਿਤੇ ਜਦੋਂ ਫੌਜੀਆਂ ਨੇ ਸਿਖਾਂ ਦੇ ਜਥਿਆਂ ਨੂੰ ਸ੍ਰੀ ਅੰਮ੍ਰਿਤਸਰ ਵਲ ਵਧਦੇ ਦੇਖਿਆ ਤਾਂ ਫਾਇਰਿੰਗ ਕਰਕੇ ਹਜ਼ਾਰਾਂ ਸਿਖ ਸ਼ਹੀਦ ਕਰ ਦਿਤੇ।

ਬਣਾਈ ਹੋਈ ਵਿਉਂਤ ਅਨੁਸਾਰ ਦਹਿਸ਼ਤ ਫੈਲਾਉਣ ਲਈ ਪਿੰਡਾਂ ਦਾ ਰੁਖ ਕੀਤਾ। ਹਰ ਸਿਖ ਘਰ ਦੀ ਤਲਾਸ਼ੀ ਹੋਈ। ਅੰਮ੍ਰਿਤਧਾਰੀ ਸਿਖਾਂ ਨੂੰ ਫੜ ਕੇ ਮਿਲਟਰੀ ਕੈਂਪਾਂ ਵਿਚ ਲਿਜਾ ਕੇ ਟਾਰਚਰ ਕੀਤਾ ਗਿਆ। 16 ਸਾਲਾਂ ਦੀ ਉਮਰ ਤੋਂ ਉਪਰ ਦੇ ਸਿਖ ਨੌਜਵਾਨਾਂ ਨੂੰ ਪਕੜ ਲਿਆ ਗਿਆ। ਜਿਹਨਾਂ ਵਿਚੋਂ ਕਈਆਂ ਨੂੰ ਦਹਿਸ਼ਤ ਪਸੰਦ ਆਖ ਕੇ ਗੋਲੀ ਨਾਲ ਉਡਾ ਦਿਤਾ ਗਿਆ। ਬਾਕੀਆਂ ਤੇ ਕਤਲਾਂ ਤੇ ਡਾਕਿਆਂ ਦੇ ਝੂਠੇ ਕੇਸ ਪਾਕੇ ਜੇਲਾਂ ਦੀਆਂ ਕੋਠੜੀਆਂ ਵਿਚ ਬੰਦ ਕਰ ਦਿਤਾ ਗਿਆ। ਤਲਾਸ਼ੀ ਦੌਰਾਨ ਘਰਾਂ ਦਾ ਸਾਰਾ ਕੀਮਤੀ ਸਮਾਨ ਟੂੰਬ ਛੱਲਾ ਜੋ ਲਭਦੀ ਸੀ ਜੀ ਹੱਥ ਆਇਆ ਇਹਨਾਂ ਫੌਜੀ ਵਰਦੀਆਂ ਵਿਚ ਵਿਚਰਦੇ ਡਾਕੂਆਂ ਨੇ ਲੁੱਟ ਲਿਆ। ਧੀਆਂ ਭੈਣਾਂ ਦੀਆਂ ਇਜਤਾਂ ਨੂੰ ਹੱਥ ਪਾਇਆ। ਜਿਸ ਕਿਸੇ ਨੇ ਵੀ ਜ਼ਰਾ ਜਿੰਨੀ ਵਿਰੋਧਤਾ ਕਰਨ ਦੀ ਕੋਸ਼ਸ਼ ਕੀਤੀ ਤਾਂ ਗੋਲੀ ਮਾਰ ਦਿਤੀ ਗਈ। ਸਿਖ ਜ਼ਿੰਮੀਦਾਰਾਂ ਦੇ ਘਰਾਂ ਵਿਚ ਹਥਿਆਰ ਤਾਂ ਕੀ ਰੰਬਾ ਦਾਤਰੀ ਨਹੀਂ ਛੱਡੀ ਗਈ।

ਸ੍ਰੀ ਦਰਬਾਰ ਸਾਹਿਬ ਉਪਰ ਇਸ ਫੌਜੀ ਹਮਲੇ ਨਾਲ ਦੁਨੀਆਂ ਭਰ ਦੇ ਸਿਖਾਂ ਵਿਚ ਰੋਸੇ ਅਤੇ ਰੋਹ ਦੀ ਲਹਿਰ ਦੌੜ ਗਈ । ਦੁਨੀਆਂ ਭਰ ਵਿਚ ਜਿਥੇ ਵੀ ਸਿਖ ਵਸਦੇ ਸਨ ਰੋਹ ਭਰੇ ਮੁਜ਼ਾਹਰੇ ਕੀਤੇ ਗਏ ।

ਦਰਬਾਰ ਸਾਹਿਬ ਦੇ ਇਸ ਸਾਕੇ ਨੇ ਹਿੰਦੁਸਤਾਨ [illegible] ਵਾਸੀ ਸਿਖਾਂ ਦੇ ਹਿਰਦੇ ਵਲੂੰਧਰ ਕੇ ਰਖ ਦਿਤੇ । ਸਮੇਂ ਦੀ ਮਜਬੂਰੀ [illegible] ਚੁਪ ਤਾਂ ਜ਼ਰੂਰ ਸਨ ਪਰ ਦਿਲਾਂ ਦੇ ਅੰਦਰ ਇਸ ਦਾ ਬਦਲਾ ਲੈਣ ਦੀ ਅੱਗ [illegible] ਰਹੀ ਸੀ । ਸਰਕਾਰੀ ਨੌਕਰੀਆਂ ਤੇ ਲੱਗੇ ਸਿਖਾਂ ਨੇ ਆਪਣੇ ਉਚ ਪਦਵੀਆਂ [illegible] । ਨੌਕਰੀਆਂ ਨੂੰ ਲਮ ਲਤ ਮਾਰ ਦਿਤੀ ਅਜਿਹਾ ਰੋਸ ਵਜੋਂ ਕੀਤਾ ਗਿਆ ।

ਸਿਖ ਫੌਜੀਆਂ ਦੇ ਮਨਾਂ ਤੇ ਸ੍ਰੀ ਦਰਬਾਰ ਸਾਹਿਬ ਜੀ ਦੇ [illegible] ਦਾ ਏਨਾ ਅਸਰ ਹੋਇਆ ਕਿ ਉਹਨਾਂ ਨੇ ਫੌਜੀ ਛਾਉਣੀਆਂ ਵਿਚੋਂ ਬਗਾਵਤ ਕਰ ਦਿਤੀ ਅਤੇ ਹਥਿਆਰਾਂ ਸਮੇਤ ਸ੍ਰੀ ਅੰਮ੍ਰਿਤਸਰ ਵਲ ਨੂੰ ਚਾਲੇ ਪਾ ਦਿਤੇ । ਬਾਦ ਵਿਚ ਜਿਹਨਾਂ ਨੂੰ ਘੇਰ ਕੇ ਕਈਆਂ ਨੂੰ ਸ਼ਹੀਦ ਕਰ ਦਿਤਾ ਗਿਆ ਅਤੇ ਕਈ ਨੌਸਣ ਭੱਜਣ ਵਿਚ ਸਫਲ ਹੋ ਗਏ । ਕਈਆਂ ਨੂੰ ਬੰਦੀ ਬਣਾ ਲਿਆ ਗਿਆ ।

ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਅੰਗ ਰਖਿਅਕਾਂ ਵਿਚੋਂ ਜਿਹੜੇ ਸਿਖ ਸਨ ਜਿਹਨਾਂ ਉਪਰ ਉਸਨੂੰ ਪੂਰਾ ਵਿਸ਼ਵਾਸ਼ ਸੀ ਦਰਬਾਰ ਸਾਹਿਬ ਜੀ ਦੇ ਸਾਕੇ ਦਾ ਉਹਨਾਂ ਦੇ ਮਨਾਂ ਦਾ ਇਨਾ ਅਸਰ ਹੋਇਆ ਜਿ ਦਾ ਪ੍ਰਮਾਣ 31 ਅਕਤੂਬਰ 1984 ਵਾਲੇ ਦਿਨ ਸਾਹਮਣੇ ਆਇਆ ।

ਅਜ ਤਕ ਜਦੋਂ ਕਿਸੇ ਵੀ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਜੀ ਦੀ ਬੇਅਦਬੀ ਕੀਤੀ ਤਾਂ ਸਿਖ ਸੂਰਮੇ ਜ਼ਾਲਮ ਨੂੰ ਸਜ਼ਾ ਦੇਣ ਲਈ ਮੈਦਾਨ ਵਿਚ ਨਿਤਰਦੇ ਰਹੇ । ਪੁਰਾਤਨ ਸਿਖੀ ਦੀਆਂ ਰਵਾਇਤਾਂ ਤੇ ਚਲਦੇ ਹੋਏ ਗੁਰੂ ਦੇ ਅਣਖੀਲੇ ਯੋਧੇ ਭਾਈ ਬੇਅੰਤ ਸਿਘ ਅਤੇ ਭਾਈ ਸਤਵੰਤ ਸਿਘ ਨੇ ਸ: ਸੁਖਾ ਸਿਘ ਅਤੇ ਸ: ਮਹਿਤਾਬ ਸਿਘ ਬਣ ਕੇ 42 ਗੁਰਧਾਮਾਂ ਦੀ ਬੇਅਦਬੀ ਅਤੇ ਸੰਤ ਜਰਨੈਲ ਸਿਘ ਜੀ, ਭਾਈ ਅਮਰੀਕ ਸਿਘ ਜੀ ਅਤੇ ਭਾਈ ਸੁਬੇਗ ਸਿਘ ਜੀ ਤੇ ਹਜ਼ਾਰਾਂ ਸਿਘਾਂ ਦੇ ਕਾਤਲ ਨੂੰ ਜਮਪੁਰੀ ਦੀ ਟਿਕਟ ਦਿਤੀ ਤੇ ਮਰਦੀ ਸਿਖ ਕੌਮ ਵਿਚ ਸਵਾਸ ਪਾਏ । ਸਿਖ ਕੌਮ ਦੀ ਡਿਗੀ ਹੋਈ ਮੁੱਛ ਨੂੰ ਉਤਾਂਹ ਕੀਤਾ ।

ਰਜੀਵ ਗਾਂਧੀ ਵਲੋਂ ਆਪਣੀ ਮਾਂ ਦੇ ਕਤਲ ਦਾ ਬਦਲਾ ਲੈਣ ਲਈ ਅਤੇ ਸਿਖਾਂ ਨੂੰ ਸਬਕ ਸਿਖਾਉਣ ਲਈ ਹਿਦੂ ਜਨੂੰਨੀ ਕਾਂਗਰਸੀ ਗੁੰਡਿਆਂ ਨੂੰ ਹਦਾਇਤ ਦੇਕੇ ਦੇਸ਼ ਭਰ ਵਿਚ ਸਿਖਾਂ ਦਾ ਕਤਲੇਆਮ ਕਰਵਾਇਆ ਗਿਆ। ਇਹਨਾਂ ਹਕੂਮਤ ਦੇ ਨਸ਼ੇ ਵਿਚ ਜੋ ਜੋ ਅਤਿਆਚਾਰ ਸਿਖਾਂ ਉਪਰ ਕੀਤੇ ਹਨ ਉਹ ਬਿਆਨ ਨਹੀਂ ਕੀਤੇ ਜਾ ਸਕਦੇ। ਪੰਜੀ ਹਜ਼ਾਰ ਦੇ ਕਰੀਬ ਸਿਖਾਂ ਦੇ ਖੂਨ ਨਾਲ ਹੋਲੀ ਖੇਡੀ ਗਈ। ਸਿਖ ਅਬਾਦੀਆਂ ਉਪਰ ਹਮਲੇ ਕੀਤੇ ਗਏ। ਸਿਖਾਂ ਨੂੰ ਪਰਿਵਾਰਾਂ ਸਮੇਤ ਮਕਾਨਾਂ ਦੇ ਅੰਦਰ ਹੀ ਤੇਘਾਕੇ ਸਾੜ ਦਿਤਾ ਗਿਆ ਕੀਮਤੀ ਸਮਾਨ ਲੁੱਟ ਲਿਆ ਗਿਆ। ਨੌਜਵਾਨ ਲੜਕੀਆਂ ਦੀ ਇਜ਼ਤ ਪਿਉ ਪੁਤਰਾਂ ਦੇ ਸਾਹਮਣੇ ਹੀ ਲੁੱਟੀ ਗਈ। ਮਾਵਾਂ ਸਾਹਮਣੇ ਉਹਨਾਂ ਦੇ ਬੱਚਿਆਂ ਨੂੰ ਅਤੇ ਉਹਨਾਂ ਦੇ ਪਤੀਆਂ ਨੂੰ ਕਤਲ ਕਰ ਦਿਤਾ ਗਿਆ। ਅਨੇਕਾਂ ਉਪਰ ਪੈਟਰੋਲ ਪਾਕੇ ਜਿਉਂਦੇ ਜੀਅ ਸਾੜਿਆ ਗਿਆ। ਅਨੇਕਾਂ ਹੀ ਸਿਖਾਂ ਨੂੰ ਗੱਡੀਆਂ ਬੱਸਾਂ ਵਿਚੋਂ ਲਾਹ ਕੇ ਤੇਲ ਪਾ ਕੇ ਸਾੜਿਆ ਗਿਆ। ਅਨੇਕਾਂ ਹੀ ਸਿਖਾਂ ਨੂੰ ਉਹਨਾ ਦੇ ਵਹੀਕਲਾਂ ਸਮੇਤ ਸਾੜ ਦਿਤਾ ਗਿਆ। ਅਨੇਕਾਂ ਹੀ ਸਿਖਾਂ ਦੇ ਜਬਰੀ ਕੇਸ ਕਤਲ ਕਰ ਦਿਤੇ ਗਏ। ਦਾਹੜੀ ਕਤਲ ਕਰ ਦਿਤੀ ਗਈ ਅਤੇ ਉਹਨਾਂ ਦੇ ਮੂੰਹ ਵਿਚ ਪਿਸ਼ਾਬ ਪਾਇਆ ਗਿਆ। ਇਹ ਸਭ ਕੁਝ ਸਰਕਾਰ ਦੀ ਸ਼ਹਿ ਤੇ ਹੋਇਆ। ਪੁਲੀਸ ਸਭ ਕੁਝ ਦਰਸ਼ਕ ਬਣਕੇ ਦੇਖਦੀ ਰਹੀ ਤੇ ਲੁਟੇਰਿਆਂ ਨੂੰ ਹੋਰ ਉਤਸ਼ਾਹਤ ਕਰਦੀ ਰਹੀ। ਮੈਂ ਦੁਨੀਆਂ ਨੂੰ ਪੁਛਣਾ ਚਾਹੁੰਦਾ ਹਾਂ ਇਹਨਾਂ ਬੇਗੁਨਾਹਾਂ ਦਾ ਜੋ ਖੂਨ ਬਹਾਇਆ ਗਿਆ ਇਹਨਾਂ ਦਾ ਕੀ ਕਸੂਰ ਸੀ ?

ਇਸ ਕਤਲੇ-ਆਮ ਤੋਂ ਪਿਛੋਂ ਕਲਕੱਤੇ ਤੋਂ ਛਪਣ ਵਾਲੇ ਵੀਕਲੀ ਸੰਡੇ ਦੇ ਐਡੀਟਰ ਮਿ: ਐਮ ਜੇ ਅਕਬਰ ਨੂੰ ਇਕ ਇਟਰਵਿਊ ਦੌਰਾਨ ਰਾਜੀਵ ਗਾਂਧੀ ਨੇ ਕਿਹਾ ਜਦੋਂ ਕੋਈ ਵੱਡਾ ਦਰਖਤ ਡਿਗਦਾ ਹੈ ਤਾਂ ਧਰਤੀ ਹਿਲਦੀ ਹੈ। ਮੈਂ ਰਾਜੀਵ ਗਾਂਧੀ ਨੂੰ ਪੁਛਣਾ ਚਾਹੁੰਦਾ ਹਾਂ ਮਹਾਤਮਾ ਗਾਂਧੀ ਵੱਡਾ ਦਰਖਤ ਨਹੀਂ ਸੀ। ਜੇ ਸੀ ਉਸਦੇ ਡਿਗਣ ਨਾਲ ਧਰਤੀ ਕਿਉਂ ਨਾ ਹਿਲੀ। ਰਾਜੀਵ ਦਾ ਕਹਿਣਾ ਸੀ ਕਿ ਇੰਦਰਾਗਾਂਧੀ ਬੜੀ ਪਾਪੂਲਰ ਲੀਡਰ ਸੀ ਲੋਕਾਂ ਵਲੋਂ ਅਜਿਹਾ ਪ੍ਰਤੀਕਰਮ ਹੋਣਾ ਜਰੂਰੀ ਸੀ। ਕੀ ਮਹਾਤਮਾ ਗਾਂਧੀ ਪਾਪੂਲਰ ਨਹੀਂ ਸੀ ? ਜੇ ਸੀ ਤਾਂ ਅਜਿਹਾ ਪ੍ਰਤੀਕਰਮ ਉਦੋਂ ਕਿਉਂ ਨਾ ਹੋਇਆ ? ਕਿਉਂਕਿ ਕਾਤਲ ਹਿਦੂ ਸੀ। ਉਪਰੋਕਤ ਗਲ ਤੋਂ ਇਸ ਗਲ ਦਾ ਭਲੀ ਪ੍ਰਕਾਰ ਪਤਾ ਲਗਦਾ ਹੈ ਕਿ ਸਾਰੀ ਕਤਲੇਆਮ ਰਾਜੀਵ ਦੀ ਸ਼ਹਿ ਤੇ ਹੋਈ।

ਅਗਰ ਮਾਬਰਾ ਅਤੇ ਸ਼ਤੀਲਾ ਵਿਚ 500-600 ਫਲਸਤੀਨੀਆਂ ਦਾ ਕਤਲ ਕਰ ਦਿਤਾ ਜਾਂਦਾ ਹੈ ਸ੍ਰੀ ਲੰਕਾ ਵਿਚ 400 ਤਾਮਲਾਂ ਦਾ ਕਤਲ ਕਰ ਦਿਤਾ ਜਾਂਦਾ ਹੈ ਸਾਊਥ ਅਫਰੀਕਾ ਵਿਚ 'ਸ਼ਾਰਪਵਿਲੇ' ਜਾਂ ਕੇਪ ਟਾਊਨ ਵਿਖੇ 69 ਜਾਂ 19 ਕਾਲੇ ਲੋਕਾਂ ਦਾ ਕਤਲ ਕਰ ਦਿਤਾ ਜਾਂਦਾ ਹੈ ਤਾਂ ਦੁਨੀਆਂ ਦੇ ਆਲਮੀ ਅਦਾਰੇ ਰੌਲੇ ਪਾਉਣ ਲਗਦੇ ਹਨ ਅਤੇ ਨਿਖੇਧੀ ਦੇ ਮਤੇ ਪਾਸ ਕਰਦੇ ਹਨ। ਪਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਜੀ ਵਿਖੇ ਹਿਦੂ ਜਨੂੰਨੀ ਫੌਜ ਵਲੋਂ ਹਜਾਰਾਂ ਸ਼ਰਧਾਲੂ ਸਿਖ ਜਿਹਨਾਂ ਵਿਚ ਹਜਾਰਾਂ ਬੱਚੇ ਬੁੱਢੇ ਔਰਤਾਂ ਨੂੰ ਕਤਲ ਕਰਕੇ ਉਹਨਾਂ ਦੇ ਲਹੂ ਨਾਲ ਹੋਲੀ ਖੇਡੀ ਜਾਂਦੀ ਹੈ। ਸਿਖਾਂ ਦੀਆਂ ਲਾਸ਼ਾਂ ਤੇ ਖੜੇ ਹੋ ਕੇ ਭੰਗੜੇ ਪਾਏ ਜਾਂਦੇ ਹਨ ਅਤੇ ਖੁਸ਼ੀਆਂ ਮਨਾਈਆਂ ਜਾਂਦੀਆਂ ਹਨ ਅਤੇ ਭੰਗੜੇ ਪਾਏ ਜਾਂਦੇ ਲੱਡੂ ਵੰਡੇ ਜਾਂਦੇ ਹਨ। ਫੌਜ ਨੇ ਹਜਾਰਾਂ ਹੀ ਸਿਖ ਨੌਜਵਾਨ ਫੜਕੇ ਕੈਂਪਾਂ ਵਿਚ ਲਿਜਾ ਕੇ ਤਸ਼ੱਦਦ ਕਰਕੇ ਮਾਰ ਦਿਤੇ ਹਨ ਬਾਦ ਵਿਚ ਝੂਠਾ (ਫਰਜੀ) ਪੁਲੀਸ ਮੁਕਾਬਲਾ ਬਣਾ ਕੇ ਦਿਖਾਏ ਗਏ। ਇਦਰਾ ਗਾਂਧੀ ਦੇ ਕਤਲ ਤੋਂ ਬਾਦ ਹਿਦੂ ਜਨੂੰਨੀ ਗੁੰਡਿਆਂ ਨੇ ਸਰਕਾਰ ਦੀ ਸ਼ਹਿ ਤੇ ਹਜਾਰਾਂ ਹੀ ਸਿਖਾਂ ਦਾ ਕਤਲੇਆਮ ਕੀਤਾ। ਉਸ ਸਮੇਂ ਕਿਥੇ ਗਈ ਸੀ ਇਹ ਇੰਟਰਨੈਸ਼ਨਲ ਰੈਡ ਕਰਾਸ ਸੁਸਾਇਟੀ ?

ਕਿਥੇ ਗਈਆਂ ਇਹ ਜਥੇਬੰਦੀਆਂ (ਅਦਾਰੇ) M.S.T.I. ਹੁਮਿਨ ਰਾਈਟ ਕਮਿਸ਼ਨ U.N.O. ਨੌਨ ਅਲਾਇੰਡ ਮੂਮੈਂਟ, O.I.C. ਅਰਬ ਲੀਗ, ਕਾਮਨਵੈਲਥ ?

ਕੀ ਇਹਨਾਂ ਦੇ ਮੂੰਹ ਨੂੰ ਤਾਲੇ ਲਗ ਗਏ ?

ਕੀ ਇਹ ਹਿਦੁਸਤਾਨ ਤੋਂ ਡਰਦੇ ਸਨ ?

ਕੀ ਸਿਖ ਮਨੁੱਖ ਨਹੀ ਹਨ ?

ਕੀ ਸਿਖਾਂ ਦਾ ਖੂਨ ਖੂਨ ਨਹੀਂ ਹੈ ?

ਕਿਉਂਕਿ ਸਿਖਾਂ ਦੀ ਹਮਦਰਦੀ ਕੋਈ ਨਹੀ ਕਰਦਾ ਇਸ ਲਈ ਇਹ ਚੁਪ ਹਨ।

ਦਸ ਲਖ ਨੌ ਮਿਲੀਅਨ, 40 ਲਖ ਫਲਸਤੀਨੀ, ਇਕ ਕਰੋੜ ਕਸ਼ਮੀਰੀ, ਡੇਢ ਕਰੋੜ ਅਫਗਾਨਿਸਤਾਨੀ, ਡੇਢ ਕਰੋੜ ਪਛਮੀ ਸਾਗਰ ਦੇ ਲੋਕ ਆਪਣੀ ਕੌਮੀ ਅਜਾਦੀ ਲਈ ਸੰਘਰਸ਼ ਕਰਨ ਤਾਂ ਉਹ ਅਜਾਦੀ ਪਸੰਦ ਹਨ ਹੁਰੀਅਤ ਪਸੰਦ ਹਨ ਮੁਜਾਹਿਦ ਹਨ, ਬਹਾਦਰ ਹਨ ਅਤੇ ਯੋਧੇ ਹਨ।

ਜੇਕਰ ਸਿਖ 2 ਕਰੋੜ ਦੀ ਅਬਾਦੀ ਹੁੰਦੇ ਹੋਏ ਆਪਣੇ ਖੁਸੇ ਹੋਏ ਰਾਜ ਦੀ ਪ੍ਰਾਪਤੀ ਲਈ ਸੰਘਰਸ਼ ਕਰਨ ਤਾਂ ਇਹ ਵਿਤਹਾਪਸੰਦ ਹਨ। ਸਿਖ ਗੈਰਤ ਅਤੇ ਅਣਖ ਦੀ ਜਿੰਦਗੀ ਬਸਰ ਕਰਨ ਲਈ ਸੰਘਰਸ਼ ਕਰਦੇ ਹਨ ਤਾਂ ਇਹ ਦਹਿਸ਼ਤਗਰਦ ਹਨ। ਸਿਖ ਆਪਣੀ ਹੋਂਦ ਨੂੰ ਬਚਾਉਣ ਲਈ ਸੰਘਰਸ਼ ਕਰਨ ਤਾਂ ਅਤਿਵਾਦੀ ਹਨ।

ਕੀ ਇਹ ਦੋਹਰੀ ਨੀਤੀ ਨਹੀਂ ਅਪਣਾਈ ਜਾ ਰਹੀ। ਜੇਕਰ ਕੋਈ ਅਲਅਥਸਾ (ਯੂਰੋਸਲਮ) ਨੂੰ ਨੁਕਸਾਨ ਪਹੁੰਚਾਣ ਦੀ ਕੋਸ਼ਸ਼ ਕਰੇ ਤਾਂ ਸਾਰਾ ਆਲਮੀ ਇਸਲਾਮ ਤੜਫ ਉਠਦਾ ਹੈ। ਸਖਤ ਨਿਖੇਧੀਆਂ ਕੀਤੀਆਂ ਜਾਂਦੀਆਂ ਹਨ। ਦੋਸ਼ੀਆਂ ਨੂੰ ਸਖਤ ਸਜਾਵਾਂ ਦੇਣ ਦੀਆਂ ਦੁਹਾਈਆਂ ਪਾਈਆਂ ਜਾਂਦੀਆਂ ਹਨ। ਹੋਰ ਵੀ ਆਲਮੀ ਅਦਾਰੇ ਨਿਖੇਧੀ ਕਰਦੇ ਨਹੀਂ ਥੱਕਦੇ।

ਜੇਕਰ ਸ੍ਰੀ ਲੰਕਾ ਵਿਚ ਰਾਧਾਪੁਰ ਵਿਚ ਬੋਧੀਆਂ ਦੇ ਕਿਸੇ ਮਰਕਜੀ ਮਠ ਨੂੰ ਤਾਮਲਾ ਵਲੋਂ ਨੁਕਸਾਨ ਪਹੁਚਾਇਆ ਜਾਵੇ ਤਾਂ ਸਾਡੇ ਅਲਾਮੀ ਅਦਾਰੇ ਨਿਖੇਧੀ ਕਰਦੇ ਹਨ।

ਇਸ ਦੇ ਉਲਟ ਦੂਜੇ ਪਾਸੇ ਸਿਖਾਂ ਦੇ ਸਭ ਤੋਂ ਵੱਡੇ ਧਾਰਮਿਕ ਕੇਂਦਰ ਉਤੇ ਡੈਣ ਇੰਦਰਾ ਦੇ ਹੁਕਮ ਨਾਲ ਹਿਦੂ ਸਾਮਰਾਜ ਦੇ ਜਨੂਨੀ ਫੋਜੀਆਂ ਨੇ ਹਮਲਾ ਕਰ ਦਿਤਾ। ਸ੍ਰੀ ਅਕਾਲ ਤਖਤ ਸਾਹਿਬ ਜੀ ਨੂੰ ਢਾਹ ਦਿਤਾ। ਸ੍ਰੀ ਦਰਬਾਰ ਸਾਹਿਬ ਕੰਪਲੈਕਸ ਨੂੰ ਟੈਂਕਾਂ ਅਤੇ ਤੋਪਾਂ ਨਾਲ ਤਬਾਹ ਕਰ ਦਿਤਾ। ਸ੍ਰੀ ਹਰਿਮੰਦਰ ਸਾਹਿਬ ਨੂੰ ਗੋਲੀਆਂ ਨਾਲ ਛਲਣੀ ਕਰ ਦਿਤਾ। ਹਜਾਰਾਂ ਦੀ ਤਦਾਦ ਵਿਚ ਬੱਚਿਆਂ ਬੁੱਢਿਆਂ ਔਰਤਾਂ ਨੂੰ ਕਤਲ ਕ੍ਰੋਰ ਦਿਤਾ ਗਿਆ। ਔਰਤਾਂ ਦੀ ਬੇਪਤੀ ਕਰ ਦਿਨੀ ਗਈ ਪਰ ਕਿਸੇ ਮਨੁੱਖੀ ਹੱਕਾਂ ਦੀ ਰਾਖੀ ਕਰਨ ਵਾਲੀ ਜਥੇਬੰਦੀ ਨੇ ਪਤਾ ਨਹੀਂ ਜਬਾਨ ਕਿਉਂ ਨਹੀਂ ਖੋਲੀ? ਕੀ ਇਹ ਰੱਬ ਦਾ ਘਰ ਨਹੀਂ? ਜਿਸ ਤਰਾਂ ਰੋਮਨ ਕੈਥਲਿਕ ਚਰਚ ਹੈ। ਕੀ ਇਸੇ ਲਈ ਜ਼ਬਾਨ ਨਾ ਖੋਹਲੀ ਕਿ ਇਹ ਸਿਖਾਂ ਦਾ ਕੇਂਦਰ ਹੈ? ਕੀ ਮਨੁੱਖੀ ਹੱਕਾਂ ਦੀਆਂ ਦਾਵੇਦਾਰ ਜਥੇਬੰਦੀਆਂ ਹਿਦੁਸਤਾਨ ਤੋਂ ਡਰਦੀਆਂ ਹਨ?

ਅਗਰ ਤਾਮਲਾਂ ਦਾ ਕਤਲੇਆਮ ਹੁੰਦਾ ਹੈ ਤਾਂ M.S.T.I. ਦੇ ਨੁਮਾਇੰਦੇ ਉਥੇ ਪੁੱਜ ਜਾਂਦੇ ਹਨ। ਅਗਰ ਤਾਮਲ ਜੇਹਲਾਂ ਵਿਚ ਬੰਦ ਹੋਣ ਤਾਂ ਉਹਨਾਂ ਦੀ ਜਾਂਚ ਪੜਤਾਲ ਕੀਤੀ ਜਾਂਦੀ ਹੈ। ਇੰਟਰਨੈਸ਼ਨਲ ਰੈਡ ਕਰਾਸ ਉਥੇ ਕੈਂਪ ਲਗਾ ਦਿੰਦੀ ਹੈ। ਜਖਮੀਆਂ ਦਾ ਇਲਾਜ ਕੀਤਾ ਜਾਂਦਾ ਹੈ। ਜੇਕਰ ਫਲਸਤੀਨੀਆਂ ਦਾ ਕਤਲ ਹੋਵੇ

ਤਾਂ ਇੰਟਰਨੈਸ਼ਨਲ ਰੈਡ ਕਰਾਸ ਉਥੇ ਜਾ ਕੇ ਸਾਰਾ ਪ੍ਰਬੰਧ ਕਰਦੀ ਹੈ। ਜੇਕਰ ਕਿਧਰੇ ਸਾਊਥ ਅਫਰੀਕਾ ਵਿਚ ਤਸ਼ੱਦਦ ਹੁੰਦਾ ਹੈ ਤਾਂ ਉਪਰੋਕਤ ਜਥੇਬੰਦੀ ਉਥੇ ਵੀ ਜਾ ਪੁਜਦੀ ਹੈ। ਦੁਨੀਆਂ ਵਿਚ ਹੋਰ ਵੀ ਜਿਥੇ ਕਿਤੇ ਕਿਸੇ ਦੇਸ਼ ਦੀ ਸਰਕਾਰ ਵਲੋਂ ਉਥੋਂ ਦੇ ਵਾਸੀ ਲੋਕਾਂ ਤੇ ਜ਼ੁਲਮ ਤਸ਼ੱਦਦ ਕੀਤਾ ਜਾਵੇ ਤਾਂ ਇੰਟਰਨੈਸ਼ਨਲ ਰੈਡ ਕਰਾਸ ਉਥੇ ਪੁਜ ਜਾਂਦੀ ਹੈ।

ਪਰ ਪੰਜਾਬ ਵਿਚ ਹਜ਼ਾਰਾਂ ਹੀ ਸਿਖ ਹਿੰਦੂ ਜਨੂਨੀ ਫੌਜੀਆਂ ਨੇ ਕਤਲ ਕਰ ਦਿਤੇ ਅਣਗਿਣਤੀ ਹੀ ਜ਼ਖਮੀਂ ਤੇ ਅੰਗਹੀਣ ਹੋਏ। ਹਜ਼ਾਰਾਂ ਹੀ ਸਿਖ ਸਮੇਂ ਸਿਰ ਡਾਕਟਰੀ ਸਹਾਇਤਾ ਨਾ ਮਿਲਣ ਕਰਕੇ ਤੜਫਦੇ ਮਰ ਗਏ। ਇਥੇ ਪਹੁੰਚ ਕੇ ਇੰਟਰਨੈਸ਼ਨਲ ਰੈਡ ਕਰਾਸ ਸੁਸਾਇਟੀ ਨੇ ਕੈਂਪ ਕਿਉਂ ਨਾ ਲਗਾਇਆ ? ਕੀ ਇਹ ਉਹਨਾਂ ਦੇ ਫਰਜ਼ ਵਿਚ ਨਹੀਂ ਆਉਂਦਾ ?

ਹਾਂ ਭਾਰਤ ਦੀ ਸਰਕਾਰ ਨਹੀਂ ਸੀ ਚਾਹੁੰਦੀ ਕਿ ਕੋਈ ਆਲਮੀ ਜਥੇਬੰਦੀ ਇਥੇ ਆਕੇ ਉਹਨਾ ਦੇ ਕੀਤੇ ਜ਼ੁਲਮਾਂ ਨੂੰ ਦੇਖੇ।

ਕੀ ਪੰਜਾਬ ਆਉਣ ਲਈ ਇੰਟਰਨੈਸ਼ਨਲ ਰੈਡ ਕਰਾਸ ਸੁਸਾਇਟੀ ਨੇ ਜ਼ੋਰ ਪਾਇਆ ? ਨਹੀ !

ਹੁਣ ਤਕ ਪੰਜਾਹ ਹਜ਼ਾਰ ਸਿਖਾਂ ਨੂੰ ਹਿੰਦੂ ਸਾਮਰਾਜ ਅਤੇ ਉਸਦੀ ਸਰਕਾਰ ਵਲੋਂ ਕਤਲ ਕੀਤਾ ਜਾ ਚੁਕਾ ਹੈ। ਹਜ਼ਾਰਾਂ ਹੀ ਸਿਖ ਤਸ਼ੱਦਦ ਹੋਣ ਨਾਲ ਅੰਗਹੀਣ ਹੋ ਗਏ ਅਤੇ ਹਜ਼ਾਰਾਂ ਹੀ ਸਿਖ ਜੇਲਾਂ ਵਿਚ ਬੰਦ ਤਸ਼ੱਦਦ ਸਹਾਰ ਰਹੇ ਹਨ। ਸਿਖ ਨੌਜਵਾਨਾਂ ਨੂੰ ਫੌਜੀ ਫੜਕੇ ਕੈਂਪਾਂ ਵਿਚ ਲਿਜਾ ਕੇ ਟਾਰਚਰ ਕਰਦੇ ਹਨ ਜਦੋਂ ਤਸ਼ੱਦਦ ਨਾਲ ਉਹਨਾਂ ਦੀ ਮੌਤ ਹੋ ਜਾਂਦੀ ਹੈ ਤਾਂ ਬਾਹਰ ਲਿਜਾ ਕੇ ਫਰਜ਼ੀ ਪੁਲੀਸ ਮੁਕਾਬਲਾ ਬਣਾ ਕੇ ਦਿਖਾ ਦਿਤਾ ਜਾਂਦਾ ਹੈ। ਇਹੋ ਜਿਹੀਆਂ ਘਟਨਾਵਾਂ ਹਰ ਰੋਜ਼ ਵਾਪਰਦੀਆਂ ਹਨ।

ਮੈਂ ਪੁਛਣਾ ਚਾਹੁੰਦਾ ਹਾਂ M.S.T. ਇੰਟਰਨੈਸ਼ਨਲ ਨੂੰ, ਇੰਗਲੈਂਡ ਵਿਚ ਬਣੇ ਮਨੁੱਖੀ ਹੱਕਾਂ ਦੇ ਕਮਿਸ਼ਨ ਪਾਸੋਂ ਅਮਰੀਕਾ ਵਿਚ ਬਣੇ ਹਿਊਮੈਨ ਰਾਈਟਸ ਕਮਿਸ਼ਨ ਪਾਸੋਂ ਕਿ ਉਹਨਾਂ ਨੇ ਆਪਣੇ ਨੁਮਾਇੰਦੇ ਹਿੰਦੁਸਤਾਨ ਭੇਜਣ ਦੀ ਖੇਚਲ ਕੀਤੀ ? ਤਾਂ ਜੋ ਹਿੰਦੁਸਤਾਨ ਦੀ ਸਰਕਾਰ ਵਲੋਂ ਜੋ ਜੋ ਜ਼ੁਲਮ ਹੋਇਆ ਉਹ ਦੁਨੀਆਂ ਸਾਹਮਣੇ ਆਵੇ ਅਤੇ ਜਿਸ ਮਕਸਦ ਵਾਸਤੇ ਸਿਖ ਸੰਘਰਸ਼ ਕਰ ਰਹੇ ਹਨ ਉਸਦੀ ਸਹੀ ਤਸਵੀਰ ਨੂੰ ਦੁਨੀਆਂ ਸਾਹਮਣੇ ਰੱਖਿਆ ਜਾ ਸਕੇ।

ਕੀ ਸਿਖਾਂ ਦੇ ਹੱਕ ਵਿਚ ਕੋਈ ਅਵਾਜ਼ ਉਠਾਉਣ ਵਾਲਾ ਨਹੀਂ ਤਾਂ ਕੀ ਸਿਖ ਮਨੁੱਖ ਨਹੀਂ ? ਕੀ ਇਹਨਾਂ ਦਾ ਖੂਨ ਖੂਨ ਨਹੀ ? ਕੀ ਸਿਖ ਮਨੁੱਖੀ ਹੱਕਾਂ ਦੀ ਰਾਖੀ ਕਰਨ ਵਾਲੇ ਪੈਮਾਨੇ ਤੇ ਨਹੀਂ ਆਉਂਦਾ।

ਜਦੋਂ ਐਨਾ ਜ਼ੁਲਮ ਹੋਣ ਦੇ ਬਾਵਜੂਦ ਮਨੁੱਖੀ ਹੱਕਾਂ ਦੀ ਰਾਖੀ ਲਈ ਬਣੇ ਸਾਰੇ ਅਦਾਰੇ ਹਿੰਦੂ ਸਾਮਰਾਜ ਦੀ ਸਰਕਾਰ ਵਲੋਂ ਸਿਖਾਂ ਤੇ ਹੋ ਰਹੇ ਜ਼ੁਲਮਾਂ ਦੀ ਨਿਰਪਖੀ ਅਤੇ ਸਿਖਾਂ ਦੇ ਖਿਲਾਫ ਇਨਸਾਫ ਦੀ ਗਲ ਨਹੀਂ ਕਰਦੇ ਤਾਂ ਸਿਖ ਕੌਮ ਕੋਲ ਅਣਖ ਅਤੇ ਗੈਰਤ ਦੀ ਜਿੰਦਗੀ ਜੀਉਣ ਲਈ ਖਾਲਿਸਤਾਨ ਦੀ ਪ੍ਰਾਪਤੀ ਦੇ ਸੰਘਰਸ਼ ਤੋਂ ਬਿਨਾਂ ਹੋਰ ਚਾਰਾ ਵੀ ਕੀ ਰਹਿ ਜਾਂਦਾ ਹੈ।

ਜੇਕਰ ਦਖਣੀ ਅਫਰੀਕਾ ਦੇ ਕਾਲੇ ਲੋਕਾਂ ਦਾ ਆਗੂ ਮਨਸਨ ਮੰਡੇਲਾ ਨੂੰ ਗ੍ਰਿਫਤਾਰ ਕਰਕੇ ਜੇਲ ਵਿਚ ਬੰਦ ਕਰ ਦਿਤਾ ਜਾਂਦਾ ਹੈ। ਉਸਦੀ ਰਿਹਾਈ ਲਈ ਕਾਲੇ ਲੋਕ ਸੰਘਰਸ਼ ਕਰਨ ਤਾਂ ਉਸਨੂੰ U.N.O. ਸਮੇਤ ਸਾਰੇ ਆਲਮੀ ਅਦਾਰੇ ਜਾਇਜ ਕਰਾਰ ਦਿੰਦੇ ਹਨ ਅਤੇ ਉਹਨਾਂ ਦੀ ਮੱਦਦ ਕੀਤੀ ਜਾਂਦੀ ਹੈ।

ਪਰ ਜਦੋਂ ਸਿਖ ਕੌਮ ਦੇ ਦਿਲ ਦਿਮਾਗ ਸੰਤ ਬਾਬਾ ਜਰਨੈਲ ਸਿਘ ਜੀ ਭਿੰਡਰਾਂਵਾਲਿਆਂ ਨੂੰ ਝੂਠੇ ਕਤਲ ਕੇਸ ਵਿਚ ਫਸਾ ਕੇ ਜੇਲ ਵਿਚ ਬੰਦ ਕਰ ਦਿਤਾ ਜਾਵੇ ਨਾਲ ਇਹ ਸ਼ੰਕਾਂ ਹੋਵੇ ਕਿ ਉਹਨਾਂ ਨੂੰ ਖਤਮ ਕਰ ਦਿਤਾ ਜਾਏਗਾ। ਉਹਨਾਂ ਦੀ ਰਿਹਾਈ ਲਈ ਸਾਡੇ ਵਤਨੋ ਕੁਝ ਸਿਘ ਕੋਈ ਕਾਰਵਾਈ ਕਰਨ ਤਾਂ ਇਸਦੀ ਵਿਰੋਧਤਾ ਕੀਤੀ ਜਾਂਦੀ ਹੈ। ਇਸ ਕਾਰਵਾਈ ਨੂੰ ਜੁਰਮ ਕਿਹਾ ਜਾਂਦਾ ਹੈ। ਦਹਿਸ਼ਤ ਗਰਦ ਆਖਿਆ ਜਾਂਦਾ ਹੈ।

ਜੇਕਰ ਦਸ ਲਖ ਨੈਂਮਿਬੀਅਨ ਦੇ ਹੱਕ ਨੂੰ ਸਵੀਕਾਰਿਆ ਜਾ ਸਕਦਾ ਹੈ ਅਤੇ 40 ਲਖ ਫਲਸੀਤੀਅਨ ਦੇ ਹੱਕ ਨੂੰ ਸਵਕਾਰਿਆ ਜਾ ਸਕਦਾ ਹੈ ਅਤੇ 5 ਲੱਖ ਪੱਛਮੀ ਸਹਾਰਾ ਦੇ ਹੱਕ ਨੂੰ ਸਵੀਕਾਰਿਆ ਜਾ ਸਕਦਾ ਹੈ, ਇਕ ਕਰੋੜ ਕਸ਼ਮੀਰੀਆਂ ਦੇ ਹੱਕ ਨੂੰ ਸਵੀਕਾਰਿਆ ਜਾ ਸਕਦਾ ਹੈ , ਤਾਮਲਾਂ ਦੀ ਜਦੋਜਾਹਿਦ ਨੂੰ ਸਵੀਕਾਰਿਆ ਜਾ ਸਕਦਾ ਹੈ ਸਾਈਪਰਸ ਦੀ ਜਦੋਜਾਹਿਦ ਨੂੰ ਸਵੀਕਾਰਿਆ ਜਾ ਸਕਦਾ ਹੈ ਅਤੇ ਦਖਣੀ ਅਫਰੀਕਾ ਦੇ ਕਾਲੇ ਲੋਕਾਂ ਦੇ ਜਦੋਜਹਿਦ ਨੂੰ ਸਵੀਕਾਰਿਆ ਜਾ ਸਕਦਾ ਹੈ ਤਾਂ 2 ਕਰੋੜ ਸਿਖ ਕੌਮ ਦੀ ਅਜ਼ਾਦੀ ਦੀ ਜਦੋਜਹਿਦ ਨੂੰ ਕਿਉਂ ਨਹੀਂ ਸਵੀਕਾਰਿਆ ਜਾ ਸਕਦਾ ? ਹਾਲਾਂਕਿ U.N.O. ਦੇ ਚਾਰਟਰ ਵਿਚ ਆਪਣੀ ਕਿਸਮਤ ਦਾ ਆਪ

ਫੈਸਲਾ ਕਰਨ ਦੇ ਹੱਕ ਵਿਚ ਹਾਸਲ ਕਰਨ ਦੇ ਸੰਘਰਸ਼ ਨੂੰ ਮਾਨਤਾ ਦਿਤੀ ਗਈ ਹੈ ਤੇ ਇਸਨੂੰ ਸਵੀਕਾਰਿਆ ਗਿਆ ਹੈ ਕਿ ਕੋਈ ਵੀ ਕੌਮ ਆਪਣੇ ਹੱਕਾਂ ਲਈ ਸੰਘਰਸ਼ ਕਰੇ ਤਾਂ U.N.O. ਉਸਦੀ ਪੂਰੀ ਮੱਦਦ ਕਰੇਗਾ। ਇਸ ਲਈ ਸਿਖਾਂ ਦੀ ਜਦੋ ਜਹਿਦ ਦੀ ਲਹਿਰ ਨੂੰ ਨਹੀਂ ਸਵੀਕਾਰਿਆ ਕਿਉਂਕਿ ਇਸ ਜਦੋਜਹਿਦ ਦੀ ਹਮਾਇਤ ਕੋਈ ਨਹੀਂ ਕਰਦਾ। ਕੀ ਸਾਰੇ ਹਿਦੂ ਸਾਮਰਾਜ ਤੋਂ ਡਰਦੇ ਹਨ ?

ਉਹ ਕਿਹੜੀ ਸੋਚ ਤੇ ਵਿਚਾਰ ਧਾਰਾ ਹੈ ਜਿਹੜੀ ਹਿਦੂ ਸਾਮਰਾਜ ਵਲੋਂ ਹੋਏ ਜ਼ੁਲਮੋ ਤਸ਼ੱਦਦ ਨੂੰ ਅਤੇ ਸਿਖ ਧਰਮ ਨੂੰ ਹਿਦੂ ਧਰਮ ਵਿਚ ਜਜ਼ਬ ਕਰਨ ਅਤੇ ਸਿਖ ਧਰਮ ਨੂੰ ਖਤਮ ਕਰਨ ਦੀਆਂ ਕੋਸ਼ਸ਼ਾਂ ਤੇ ਅੱਖਾਂ ਮੀਟ ਕੇ ਹਿਦੁਸਤਾਨ ਦਾ ਅੰਦਰੂਨੀ ਮਾਮਲਾ ਕਹਿ ਕੇ ਚੁਪ ਕਰ ਜਾਵੇ। ਕੀ ਉਹਨਾਂ ਦੀ ਆਤਮਾ ਉਹਨਾਂ ਨੂੰ ਲਾਹਨਤਾਂ ਨਹੀਂ ਪਾਵੇਗੀ ? ਕੀ ਉਹ ਸੋਚਣਗੇ ਨਹੀਂ ਕਿ ਅਸੀਂ ਮਨੁੱਖੀ ਹੱਕਾਂ ਦੀ ਰਾਖੀ ਕਰਨ ਦਾ ਦਾਹਵਾ ਕਰਦੇ ਹਾਂ ਪਰ ਸਿਖਾਂ ਦੇ ਹੱਕਾਂ ਦੀ ਰਾਖੀ ਹਿਦੂ ਸਾਮਰਾਜ ਦੇ ਪ੍ਰਭਾਵ ਹੇਠਾਂ ਆ ਕੇ ਨਹੀਂ ਕਰ ਸਕੇ। ਦੁਨੀਆਂ ਵਿਚ ਕਿਤੇ ਵੀ ਕਿਸੇ ਸਰਕਾਰ ਵਲੋਂ ਕੋਈ ਤਸ਼ੱਦਦ ਹੁੰਦਾ ਹੈ ਤਾਂ ਅਵਾਜ਼ ਉਠਾਈ ਜਾਂਦੀ ਹੈ ਪਰ ਸਿਖਾਂ ਤੇ ਹੋਏ ਜ਼ੁਲਮੋ ਤਸ਼ੱਦਦ ਦੀ ਅਵਾਜ ਕਿਉਂ ਨਾ ਉਠਾਈ ਗਈ। ਮੈਂ ਇਥੇ ਮਨੁੱਖੀ ਹੱਕਾਂ ਦੇ ਦਾਹਵੇਦਾਰਾਂ ਨੂੰ ਦਸਣਾਂ ਚਾਹੁੰਦਾ ਹਾਂ ਕਿ ਤੁਹਾਡੇ ਤੋਂ ਚੰਗੀਆਂ ਤਾਂ ਉਹੀ ਤਨਜੀਮਾਂ ਹਨ ਜਿਹੜੀਆਂ ਜਾਨਵਰਾਂ ਦੀ ਨਸਲਕਸ਼ੀ ਦੇ ਬਚਾ ਲਈ ਯਤਨਸ਼ੀਲ ਹਨ। ਜਿਹੀਆਂ ਤਨਜੀਮਾਂ ਹਰ ਮੁਲਖ ਵਿਚ ਕੰਮ ਕਰਦੀਆਂ ਹਨ। ਆਲਮੀ ਪੱਧਰ ਤੇ ਵੀ ਕਈ ਤਨਜੀਮਾਂ ਕੰਮ ਕਰਦੀਆਂ ਹਨ। ਜਦੋਂ ਉਹਨਾਂ ਨੂੰ ਪਤਾ ਲਗਦਾ ਹੈ ਕਿ ਕਿਸੇ ਜਾਨਵਰ ਦੀ ਨਸਲ ਖਤਮ ਹੋ ਰਹੀ ਹੈ ਜਾਂ ਕੀਤੀ ਜਾ ਰਹੀ ਹੈ ਤਾਂ ਉਹ ਉਸੇਵੇਲੇ ਉਸ ਦਾ ਇਤਜਾਮ ਕਰਕੇ ਉਸਦੀ ਨਸਲ ਬਚਾਅ ਲਈ ਕੰਮ ਕਰਦੇ ਹਨ।

ਪਰ ਭਾਰਤ ਵਿਚ ਧਰਮ ਨਿਰਪੇਖਸ਼ਤਾ ਦਾ ਬੁਰਕਾ ਪਾਕੇ ਹਿਦੂ ਜਨੂਨੀ ਸਰਕਾਰ ਜਿਹੜੀ ਦਨੀਆਂ ਵਿਚ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਦਾ ਝੂਠਾ ਢੰਢੋਰਾ ਪਿਟਦੀ ਹੈ ਆਪਣੇ ਹੀ ਦੇਸ਼ ਵਿਚ ਮਾਨੁੱਖੀ ਭੇਸ ਵਿਚ ਸਿਖ ਬੱਬਰ ਸ਼ੇਰਾਂ ਦੀ ਨਸਲ ਕੁਸੀ ਕਰ ਰਹੀ ਹੈ। ਪਰ ਕੋਈ ਵੀ ਮਨੁੱਖੀ ਹੱਕਾਂ ਦੀ ਰਾਖੀ ਕਰਨ ਵਾਲੀ ਜਥੇਬੰਦੀ ਦੀ ਆਤਮਾ ਨਹੀਂ ਹਲੂਣੀ ਗਈ। ਕਿਸੇ ਨੇ ਵੀ ਸਿਖਾਂ ਦੀ ਨਸਲਕੁਸ਼ੀ ਨੂੰ ਰੋਕਣ ਦਾ ਯਤਨ ਨਹੀਂ ਕੀਤਾ, ਕਿਉਂਕਿ ਜੋ ਸ਼ਿਕਾਰੀ-ਸਿਖਾਂ ਦੀ ਨਸਲਕੁਸ਼ੀ ਕਰ ਰਿਹਾ ਹੈ ਜਾਂ ਤਾਂ ਉਸਨੂੰ ਰੋਕਣ ਦੀ ਹਿਮਤ ਨਹੀਂ ਪੈਂਦੀ ਜਾਂ ਉਸਦਾ ਪ੍ਰਭਾਓ ਕਬੂਲਦੇ ਹਨ ਜਾਂ

ਉਸਦੇ ਨਾਲ ਸਬੰਧ ਚੰਗੇ ਹੋਣ ਦੇ ਕਾਰਨ ਆਪਣੇ ਹਿੱਤਾਂ ਨੂੰ ਸੱਟ ਨਾ ਵੱਜੇ ਇਸ ਲਈ ਚੁਪ ਕਰ ਜਾਂਦੇ ਹਨ ।

ਜੇਕਰ ਸਿਖ ਆਪਣੀ ਕਿਸਮਤ ਦਾ ਫੈਸਲਾ ਆਪ ਕਰਨ ਦੇ ਹੱਕ ਲਈ ਅਤੇ ਅਣਖ ਅਤੇ ਗੈਰਤ ਦੀ ਜਿੰਦਗੀ ਜੀਊਣ ਲਈ ਕੋਈ ਕਾਰਵਾਈ ਕਰਨ ਤਾਂ ਇਹ ਜੁਰਮ ਹੈ । ਇਹ ਗੁਨਾਹ ਹੈ, ਇਹ ਦਹਿਸ਼ਤ ਗਰਦੀ ਹੈ । ਤਾਂ ਫਿਰ ਹਰ ਫਲਾਸਤੀਨੀ ਯੋਧਾ, ਹਰ ਨੈਮਿਬੀਅਨ ਬਹਾਦਰ, ਹਰ ਕਸ਼ਮੀਰੀ ਹੁਰੀਅਤ ਪਸੰਦ ਅਤੇ ਹਰ ਅਫਗਾਨੀ ਮੁਜਾਹਿਦ ਮੁਰਜ਼ਮ ਹੈ, ਦਹਿਸ਼ਤ ਗਰਦ ਹੈ ਅਤੇ ਗੁਨਾਹਗਾਰ ਹੈ । U.N.O., N.A.M.C.W. ਵਿਚ ਕਮਪੂਚੀਆ ਅਫਗਾਨਿਸਤਾਨੀ ਦਖਣੀ ਅਫਰੀਕਾ ਦੇ ਕਾਲੇ ਲੋਕ ਸਾਈਪਰਸ ਦੇ ਤੁਰਕਸ ਅਤੇ ਸ੍ਰੀ ਲੰਕਾ ਦੇ ਤਾਮਲਾਂ ਦੇ ਝਗੜੇ ਬਾਰੇ ਵੀਚਾਰਾਂ ਕੀਤੀਆਂ ਜਾ ਸਕਦੀਆਂ ਹਨ । ਨੈਮਿਬੀਆ ਤੇ ਫਲਾਸਤੀਨ ਨੂੰ ਅਜਾਦ ਕਰਵਾਉਣ ਲਈ ਮਤੇ ਪਾਸ ਕੀਤੇ ਜਾ ਸਕਦੇ ਹਨ । ਸਾਊਥ ਅਫਰੀਕਾ ਅਤੇ ਇਜ਼ਰਾਈਲ ਤੇ ਦਬਾ ਪਾਇਆ ਜਾ ਸਕਦਾ ਹੈ ।

ਦੋ ਕਰੋੜ ਸਿਖਾਂ ਦੇ ਝਗੜੇ ਤੇ ਅਜ਼ਾਦੀ ਦੀ ਗਲ ਕਿਉਂ ਨਹੀਂ ਕੀਤੀ ਜਾ ਸਕਦੀ ? ਹਿਂਦੁਸਤਾਨ ਤੇ ਦਬਾਅ ਕਿਉਂ ਨਹੀਂ ਪਾਇਆ ਜਾ ਸਕਦਾ ?

ਇਸ ਲਈ ਕਿਉਂਕਿ ਨੈਮਿਬੀਅਨਾ ਅਤੇ ਅਫਰੀਕਨਾ ਦੀ ਮਦਦ 50 ਦੇ ਕਰੀਬ ਅਫਰੀਕਨ ਮੁਲਕ ਕਰਦੇ ਹਨ । ਦੂਜੇ ਮੁਲਕ ਵੀ ਇਸੇ ਲਈ ਉਹਨਾਂ ਦੀ ਮਦਦ ਕਰਦੇ ਹਨ ਤਾਂ ਜੋ ਅਫਰੀਕਨਾ ਵਿਚ ਆਪਣੀ ਸ਼ਾਖ ਬਣਾਈ ਜਾ ਸਕੇ ਅਤੇ ਆਪਣੇ ਵਪਾਰਕ ਅਤੇ ਸਿਆਸੀ ਹਿਤ ਸੁਰੱਖਿਅਤ ਕੀਤੇ ਜਾ ਸਕਣ । ਇਹ ਕਾਰਨ ਹੈ ਕਿ ਫਲਸਤੀਨੀ ਅਰਬ ਅਤੇ ਮੁਸਲਿਮ ਹਨ । 45 ਮੁਸਲਿਮ ਮੁਲਖ ਇਹਨਾਂ ਦੀ ਮੱਦਦ ਕਰਦੇ ਹਨ । ਦੂਜੇ ਮੁਲਕ ਵੀ ਇਹਨਾਂ ਦੀ ਇਸੇ ਲਈ ਮਦਦ ਕਰਦੇ ਹਨ ਤਾਂ ਕਿ ਅਰਬ ਦੇਸ਼ਾਂ ਨਾਲ ਆਪਣੇ ਸਿਆਸੀ ਅਤੇ ਵਪਾਰਿਕ ਸਬੰਧ ਮਜ਼ਬੂਤ ਕੀਤੇ ਜਾ ਸਕਣ ।

ਸਿਖਾਂ ਪਾਸ ਸਿਵਾਏ ਰੱਬ ਦੇ ਹੋਰ ਆਸਰਾ ਵੀ ਨਹੀਂ । ਸਿਖਾਂ ਨੇ ਪਹਿਲਾਂ ਵੀ 500 ਸਾਲ ਤੋਂ ਆਪਣੀ ਕੌਮੀ ਹੋਂਦ ਨੂੰ ਬਚਾਉਣ ਲਈ ਅਣਖ ਅਤੇ ਗੈਰਤ ਦੀ ਜਿੰਦਗੀ ਬਸਰ ਕਰਨ ਲਈ ਸਚਾਈ ਤੇ ਦ੍ਰਿੜ ਇਰਾਦੇ ਨਾਲ ਵਾਹਿਗੁਰੂ ਦੇ ਆਸਰੇ ਹੀ ਸੰਘਰਸ਼

ਕੀਤਾ। ਅਤੇ ਇਸ ਕੀਤੇ ਸੰਘਰਸ਼ ਦਾ ਸਦਕਾ ਸਿਖ ਕੌਮ ਰਾਜ ਭਾਗ ਦੀ ਮਾਲਕ ਬਣੀ। ਹੁਣ ਵੀ ਅਸੀਂ ਵਾਹਿਗੁਰੂ ਦੇ ਆਸਰੇ ਹੀ ਆਪਣੀ ਅਜ਼ਾਦੀ ਦੀ ਲੜਾਈ ਪੂਰੇ ਦ੍ਰਿੜ ਇਰਾਦੇ ਨਾਲ ਲੜਦੇ ਹੋਏ ਅਣਖ ਅਤੇ ਗੈਰਤ ਨੂੰ ਕਾਇਮ ਰਖਦੇ ਹੋਏ ਲੱਖਾਂ ਸਿਘਾਂ ਦੀਆਂ ਕੁਰਬਾਨੀਆਂ ਦੇਕੇ ਇਹਨਾਂ ਦੇ ਖੂਨ ਵਿਚ ਮਨੁੱਖੀ ਹੱਕਾਂ ਦੀ ਰਾਖੀ ਕਰਨ ਦੀਆਂ ਦਾਹਵੇਦਾਰ ਜਥੇਬੰਦੀਆਂ ਦੇ ਸਰਬਰਾਹਾਂ ਨੂੰ ਡੋਬ ਦਿਆਂਗੇ। ਤਦ ਤਕ ਇਹ ਸੰਘਰਸ਼ ਜਾਰੀ ਰਹੇਗਾ ਜਦ ਤਕ ਸਾਡੀ ਆਪਣੀ ਕਿਸਮਤ ਦੇ ਆਪ ਫੈਸਲਾ ਕਰਨ ਦੇ ਹਕ ਨੂੰ U.N.O. ਵਲੋਂ ਸਵੀਕਾਰਿਆ ਨਹੀਂ ਜਾਂਦਾ, U.N.O. ਓਥੇ ਝੰਡਿਆਂ ਵਿਚ ਕੇਸਰੀ ਨਿਸ਼ਾਨ ਝੂਲ ਨਹੀਂ ਜਾਂਦਾ। ਮੈਂ ਗੁਲਾਮੀ ਦੇ ਸੌ ਸਾਲ ਨਾਲੋਂ ਇਕ ਪਲ ਅਜ਼ਾਦੀ ਦਾ ਅਣਖ ਦਾ ਚੰਗਾ ਸਮਝਦਾ ਹਾਂ।

ਦੁਨੀਆਂ ਵਿਚ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਕਈ ਕੌਮਾਂ ਆਪਣੀ ਹੋਂਦ ਨੂੰ ਖਤਮ ਕਰ ਲੈਂਦੀਆਂ ਹਨ ਅਤੇ ਕਈ ਤਾਕਤਵਰ ਕੌਮਾਂ ਛੋਟੀਆਂ ਕੌਮਾਂ ਨੂੰ ਖਤਮ ਕਰਨ ਦੀਆ ਸਾਜ਼ਿਸ਼ਾਂ ਕਰਦੀਆਂ ਹਨ। ਕਈ ਕੌਮਾਂ ਆਪਣੇ ਵਿਚ ਜਜ਼ਬਾ ਪੈਦਾ ਕਰਕੇ ਆਪਣੀ ਹੋਂਦ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਕਰਦੀਆਂ ਹਨ। ਪਰ ਕਸ਼ਮਕਸ਼ ਦੀ ਜਿੰਦਗੀ ਵਿਚ ਲੜਦੀਆਂ ਰਹਿੰਦੀਆਂ ਹਨ। ਕਈ ਤਾਕਤਵਾਰ ਕੌਮਾਂ ਅਵੇਸਲੀਆਂ ਹੋਈਆਂ ਕੌਮਾਂ ਨੂੰ ਖਤਮ ਕਰ ਦਿੰਦੀਆਂ ਹਨ। ਸੋ ਦੁਨੀਆਂ ਵਿਚ ਹਾਲਾਤ ਬਦਲਦੇ ਰਹਿੰਦੇ ਹਨ। ਕਈ ਕੌਮਾਂ ਤਾਂ ਹਮੇਸ਼ਾਂ ਲਈ ਖਤਮ ਹੋ ਜਾਂਦੀਆਂ ਹਨ ਕੁਝ ਕੌਮਾਂ ਆਖਰੀ ਸਾਹ ਲੈਂਦੀਆਂ ਆਪਣੀ ਹੋਂਦ ਨੂੰ ਬਚਾਉਣ ਲਈ ਸੰਘਰਸ਼ ਕਰਨ ਲਈ ਸੋਚਦੀਆਂ ਹਨ ਪਰ ਇਨੀਆਂ ਕਮਜ਼ੋਰੀਆਂ ਹੋ ਚੁਕੀਆਂ ਹੁੰਦੀਆਂ ਹਨ ਕਿ ਉਹ ਸੰਘਰਸ਼ ਨਹੀਂ ਕਰ ਸਕਦੀਆਂ। ਹੋਲੀ ਹੋਲੀ ਖਤਮ ਹੋ ਜਾਂਦੀਆਂ ਹਨ।

ਕਈ ਕੌਮਾਂ ਆਪਣੀ ਹੋਂਦ ਨੂੰ ਬਚਾਉਣ ਖਾਤਰ ਸੰਘਰਸ਼ ਕਰਦੀਆਂ ਹਨ। ਪਰ ਉਸ ਸਮੇਂ ਬੜੀ ਦੇਰ ਹੋ ਚੁਕੀ ਹੁੰਦੀ ਹੈ ਕਿਉਂਕਿ ਦੁਸ਼ਮਨ ਉਹਨਾਂ ਨੂੰ ਖਤਮ ਕਰਨ ਲਈ ਪੂਰੀਆਂ ਤਿਆਰੀਆਂ ਕਰ ਚੁਕਾ ਹੁੰਦਾ ਹੈ।

ਸੋ ਇਹੋ ਜਿਹੀ ਹੀ ਕੌਮ ਦਾ ਮੈਂ ਅਜ਼ਾਦੀ ਪਸੰਦ ਫੌਜੀ ਹਾਂ। ਮੇਰੀ ਕੌਮ ਵੀ ਆਪਣੀ ਹੋਂਦ ਨੂੰ ਬਚਾਉਣ ਲਈ ਸਿਰ ਤੋਂ ਪਾਣੀ ਲੰਘਣ ਬਾਦ ਜਾਗੀ। ਹੁਣ ਦਰਿਆ ਦੇ ਕੰਢੇ ਲਗਣ ਲਈ ਹੱਥ ਪੈਰ ਮਾਰ ਰਹੀ ਹੈ। ਜੋ 1947 ਤੋਂ ਪਹਿਲਾਂ ਵਿਸ਼ਵਾਸ ਦਾ ਬੰਧ ਬਣਾਇਆ ਗਿਆ ਸੀ ਉਸਨੂੰ ਵਿਸ਼ਵਾਸਘਾਤ ਕਰਕੇ ਤੋੜ ਦਿਤਾ ਗਿਆ। ਸਾਜ਼ਸ਼ਾਂ ਦਾ ਇਕ ਐਸਾ ਹੜ ਲਿਆਂਦਾ ਗਿਆ ਤਾਂ ਕਿ ਸਿਖ ਕੌਮ ਅਤੇ ਸਖ ਧਰਮ ਨੂੰ ਹਮੇਸ਼ਾ

ਵਾਸਤੇ ਖਤਮ ਕੀਤਾ ਜਾ ਸਕੇ। ਇਹਨਾਂ ਸਾਜ਼ਸ਼ਾਂ ਦੇ ਹਤ ...ਂ ਸਿਖ ਕੌਮ ਨੂੰ ਬਚਾਉਣ ਲਈ ਸੰਤ ਜਰਨੈਲ ਸਿਘ ਜੀ ਭਿੰਡਰਾਂਵਾਲਿਆਂ ਨੇ ਦਲ ਖਾਲਸਾ, ਬੱਬਰ ਖਾਲਸਾ ਅਤੇ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਨੇ ਵਕਤ ਸਿਰ ਖਬਰਦਾਰ ਕੀਤਾ ਤਾਂਕਿ ਹਿੰਦੂ ਸਾਮਰਾਜ ਦੀਆਂ ਸਾਜ਼ਸ਼ਾਂ ਤੋਂ ਬਚਿਆ ਜਾ ਸਕੇ।

ਮੈਂ ਇਥੇ ਮਾਨਯੋਗ ਅਦਾਲਤ ਨੂੰ ਸਿਖ ਕੌਮ ਦੇ ਬਾਰੇ ਸੰਖੇਪ ਜਿਹਾ ਦਸਣਾਂ ਜ਼ਰੂਰੀ ਸਮਝਦਾ ਹਾਂ :-

ਸਿਖ ਕੌਮ ਦਾ ਜਨਮ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਨਾਲ ਹੀ ਹੋਇਆ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਦ ਉਹਨਾਂ ਦੇ ਪੰਜਵੇਂ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਨੌਵੇਂ ਸਰੂਪ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਆਪਣਾ ਖੂਨ ਦੇ ਕੇ ਸਿਖੀ ਦੇ ਕੌਮ ਰੂਪੀ ਮਹਿਲ ਨੂੰ ਉਸਾਰਿਆ। ਦਸਵੇਂ ਨਾਨਕ ਸਾਹਿਬ ਸ੍ਰੀ ਗੁਰੂ ਗੋਬਿੰਦ ਸਿਘ ਜੀ ਨੇ ਤਾਂ 13 ਅਪਰੈਲ 1699 ਈ. ਦੀ ਵਿਸਾਖੀ ਨੂੰ ਸਿਖਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ ਕੇ ਸਿਖ ਕੌਮ ਦੀ ਰੂਪ ਰੇਖਾ ਹੀ ਬਦਲ ਦਿਤੀ। ਉਹਨਾਂ ਨੇ ਬਚਨ ਕੀਤਾ:- ਅਬ ਇਕ ਐਸੋ ਪੰਥ ਬਨਾਊ ॥

ਸਗਲ ਜਗਤ ਵਿਖੇ ਬਹੁ ਬਿਧਿ ਭਾਊ ॥

ਲਾਖੋ ਨਰਿ ਜਹਾ ਕੇ ਇਕ ਥਾਇ ॥

ਤਾਮੇ ਮਿਲੇ ਇਕ ਸਿਖ ਜਾਏ ॥

ਸਭ ਮੇ ਪ੍ਰਥਮ ਪਛਾਨੇ ਭਏ ॥

ਛਪੇ ਨ ਛਪੇ ਗਏ ਸੋ ਗਏ ॥

ਸਾਹਿਬ ਸ੍ਰੀ ਗੁਰੂ ਗੋਬਿੰਦ ਸਿਘ ਨੇ ਕਿਹਾ "ਮੈਂ ਸਿਖਾਂ ਦੀ ਰੂਪ ਰੇਖਾ ਹੀ ਅਜੇਹੀ ਬਣਾ ਦੇਣੀ ਹੈ ਕਿ ਜੇਕਰ ਲਖਾਂ ਲੋਕ ਇਕ ਥਾਂ ਇਕੱਠੇ ਹੋਣ ਉਹਨਾਂ ਵਿਚ ਇਕ ਸਿਖ ਜਾ ਮਿਲੇ, ਤਾਂ ਦੂਰੋਂ ਹੀ ਪਛਾਣਿਆ ਜਾਵੇਗਾ।

ਸ੍ਰੀ ਗੁਰੂ ਗੋਬਿੰਦ ਸਿਘ ਜੀ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ ਸੀ "ਅਜ ਤੋਂ ਸ੍ਰੀ ਗੁਰੂ ਨਾਨਕ ਜੀ ਦੇ ਪੈਰੋਕਾਰ ਦਿਲੀ ਵਾਲਿਆਂ ਦੀ ਰਯੀਅਤ ਬਣ ਕੇ ਨਹੀਂ ਰਹਿਣਗੇ। ਸਾਡਾ ਰਾਜਸੀ ਸੰਵਿਧਾਨ ਆਪਣਾ ਹੋਵੇਗਾ। ਅਸੀ ਕਿਸੇ ਦੇ ਭੈਅ ਹੇਠ ਦਿਨ ਕਟੀ

. ਨਹੀਂ ਕਰਾਂਗੇ।"

ਬਾਬਾ ਬੰਦਾ ਸਿਘ ਬਹਾਦਰ ਨੇ 1708 ਈ. ਵਿਚ ਸ੍ਰੀ ਗੁਰੂ ਗੋਬਿੰਦ ਸਿਘ ਜੀ ਦੇ ਹੁਕਮ ਮੁਤਾਬਕ ਥਿਤੰਰੇ ਕੰਮ ਦੇ ਪਰਲਾ ਖਾਲਸਾ ਰਾਜ (ਹਲੇਮੀ ਰਾਜ) ਕਾਇਮ ਕੀਤਾ ਜੋ 1716 ਈ. ਤਕ ਜਾਰੀ ਰਿਹਾ।

1716 ਈ. ਤੋਂ ਲੈ ਕੇ 1799 ਤਕ ਖਾਲਸਾ ਰਾਜ ਕਾਇਮ ਕਰਨ ਲਈ ਲੰਮਾ ਸੰਘਰਸ ਕੀਤਾ ਅਤੇ 1799 ਈ. ਵਿਚ ਮਹਾਰਾਜਾ ਰਣਜੀਤ ਸਿਘ ਦੀ ਅਗਵਾਈ ਹੇਠਾ ਥਿਤੰਰੇ ਕੰਮ ਦੇ ਰਾਜ ਕਾਇਮ ਕੀਤਾ।

18ਵੀਂ ਅਤੇ 19ਵੀਂ ਸਦੀ ਵਿਚ ਸਿਖ ਕੰਮ ਨੂੰ ਅੰਤਰਰਾਸ਼ਟਰੀ ਪੱਧਰ ਤੇ ਮਾਨਤਾ ਪ੍ਰਾਪਤ ਹੋਈ। ਕਈ ਇਤਿਹਾਸਕਾਰਾਂ ਤੇ ਫਿਲਾਸਫਰਾਂ ਨੇ ਸਿਖਾਂ ਨੂੰ ਥਿਤੰਰੇ ਕੰਮ ਸਵੀਕਾਰਿਆ।

20ਵੀਂ ਸਦੀ ਵਿਚ 1947 ਤੋਂ ਪਹਿਲਾਂ ਜਿੰਨੀ ਵਾਰੀ ਵੀ ਇਸ ਉਪਮਹਾਂਦੀਪ ਦੀ ਕਿਸਮਤ ਦਾ ਫੈਸਲਾ ਕਰਨ ਲਈ ਅੰਗਰੇਜ਼ਾਂ ਵਲੋਂ ਜੋ ਵੀ ਮੀਟਿੰਗ ਸੱਦੀ ਗਈ ਤਾਂ ਮੀਟਿੰਗ ਵਿਚ ਇਸ ਉਪਮਹਾਂਦੀਪ ਦੇ ਭਵਿਖ ਦੀਆਂ ਵਾਰਸ ਤਿੰਨ ਕੰਮਾਂ ਨੂੰ ਬੁਲਾਇਆ ਜਾਂਦਾ ਰਿਹਾ ਜਿਹਨਾ ਵਿਚ ਹਿੰਦੂ ਮੁਸਲਿਮ ਅਤੇ ਸਿਖ ਸ਼ਾਮਲ ਹੁੰਦੇ ਸਨ।

ਅਜ ਤੋਂ ਤਕਰੀਬਨ ਦੋ ਸੋ ਸਾਲ ਪਹਿਲਾਂ ਬਰਤਾਨੀਆਂ ਦੇ ਹਾਊਸ ਆਫ ਲਾਰਡਜ਼ ਵਲੋਂ ਇਕ ਸਿਖ ਵਿਦਿਆਰਥੀ ਨੂੰ ਇਕ ਸਕੂਲ ਵਿਚ ਪਗੜੀ ਬੰਨਣ ਦੀ ਇਜਾਜਤ ਸਬੰਧੀ ਮੁਕੱਦਮੇ ਦੇ ਫੈਸਲੇ ਵਿਚ ਸਰਬ ਸੰਮਤੀ ਨਾਲ ਸਿਖਾਂ ਨੂੰ ਇਕ ਵਖਰੀ ਨਸਲ (ਵਖਰੀ ਕੰਮ) ਕਰਾਰ ਦਿਤਾ ਗਿਆ। (ਹਵਾਲਾ ਮਸ਼ਰਕ 26-3-86 (I.T.A.))

ਸਿਖ ਕੰਮ ਸਵਾਏ ਅਕਾਲ ਪੁਰਖ ਦੇ ਹੋਰ ਕਿਸੇ ਦੇ ਅੱਗੇ ਨਹੀਂ ਝੁਕਦੀ। ਸਿਖ ਕੰਮ ਦਾ ਇਸ਼ਟ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਜੋ ਦਸ ਗੁਰੂ ਸਹਿਬਾਨ ਜੀ ਦੀ ਹੀ ਆਤਮਜੋਤ ਹਨ। ਸ੍ਰੀ ਗੁਰੂ ਗੋਬਿੰਦ ਸਿਘ ਜੀ ਦਾ ਸਾਨੂੰ ਹੁਕਮ ਹੈ:-

"ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ॥

ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥

ਉਪਰੋਕਤ ਸਾਰੀਆਂ ਗੱਲਾਂ ਸਿਧ ਕਰਦੀਆਂ ਹਨ ਕਿ ਸਿਖ ਵਖਰੀ ਕੌਮ ਹੈ। ਪਰ ਮਕਾਰ ਹਿਦੂਆਂ ਨੇ ਸਿਖ ਕੌਮ ਨੂੰ ਖਤਮ ਕਰਨ ਦੀਆਂ ਸਮੇਂ ਸਮੇਂ ਕੋਸ਼ਸ਼ਾਂ ਕੀਤੀਆਂ ਜਿਹਨਾਂ ਦਾ ਵੇਰਵਾ ਮੈਂ ਹੇਠ ਦੇਣਾ ਜਰੂਰੀ ਸਮਝਦਾ ਹਾਂ।

1947 ਈ: ਵਿਚ ਅਜਾਦੀ ਮਿਲਣ ਤੋਂ ਤੁਰੰਤ ਬਾਦ ਸਿਖਾਂ ਦੇ ਧਾਰਮਿਕ ਚਿੰਨ ਸ੍ਰੀ ਸਾਹਿਬ ਉਤੇ ਪਾਬੰਦੀ ਲਗਾ ਦਿਤੀ ਗਈ। 1947 ਤੋਂ ਬਾਦ ਸਿਖ ਕੌਮ ਨੂੰ ਜੁਰਾਇਮ ਪੇਸ਼ਾ ਕਰਾਰ ਦੇ ਦਿਤਾ ਗਿਆ।

ਨਾ ਇਤਬਾਰੀ ਦਾ ਪ੍ਰਗਟਾਵਾ ਕਰਦੇ ਹੋਏ ਹਿਦੂ ਸਰਕਾਰ ਨੇ ਕੁਆਟਰ ਮਾਸਟਰ ਜਰਨਲ ਬਖਸ਼ੀਸ ਸਿਘ ਜਿਮਨੀ, ਬੰਗਾਲ ਅਤੇ ਬਿਹਾਰ ਦੇ G.O.C.—IN—CHIEF ਬਰਗੇਡੀਅਰ ਪ੍ਰੀਤਮ ਸਿਘ, ਮੇਜਰ ਜਰਨਲ ਕੁਲਵੰਤ ਸਿਘ ਜਰਨਲ ਅਜਾਇਬ ਸਿਘ, ਜਰਨਲ ਕੁਲਦੀਪ ਸਿਘ ਢਿਲੋਂ, ਮੇਜਰ ਜਰਨਲ ਲਖਵਿੰਦਰ ਸਿਘ ਨੂੰ ਸਮੇਂ ਤੋਂ ਪਹਿਲਾਂ ਜਬਰੀ ਰਿਟਾਇਰਡ ਕਰ ਦਿਤਾ ਗਿਆ ਤਾਂ ਜੋ ਉਹਨਾਂ ਦੀ ਜਗਾ ਉਪਰ ਹਿਦੂ ਅਫਸਰਾਂ ਨੂੰ ਲਿਆ ਜਾ ਸਕੇ। ਬਾਦ ਵਿਚ ਜਰਨਲ ਬਿਕਰਮ ਸਿਘ ਵੀ ਇਸੇ ਪਾਲਸੀ ਦੀ ਭੇਟ ਚੜ ਗਿਆ। ਜਨਰਲ ਸੰਤ ਸਿਘ ਅਤੇ ਜਨਰਲ ਦਿਗੰਬਰ ਸਿਘ ਨੂੰ ਕੰਮਾਂ ਦੀ ਬਿਅਦਬੀ ਕਰਨ ਲਈ ਮਜਬੂਰ ਕੀਤਾ ਗਿਆ। ਇਹੋ ਕੋਸ਼ਿਸ਼ਾਂ ਅਜ ਵੀ ਜਾਰੀ ਹਨ।

ਫੌਜ ਵਿਚੋਂ ਸਿਖਾਂ ਦੀ ਭਰਤੀ 40 ਪ੍ਰਤੀਸ਼ਤ ਘਟਾ ਕੇ ਅਬਾਦੀ ਦੇ ਲਿਹਾਜ ਨਾਲ 2 ਪ੍ਰਤੀਸ਼ਤ ਕਰ ਦਿਤੀ ਗਈ।

ਸਿਘਾਂ ਨੂੰ ਫੌਜੀ ਨੌਕਰੀ ਦੌਰਾਨ ਅੰਮ੍ਰਿਤਧਾਰੀ ਸਿਖਾਂ ਨੂੰ ਧਾਰਮਿਕ ਚਿੰਨ ਸ੍ਰੀ ਸਾਹਿਬ ਪਾਉਣ ਤੇ ਪਾਬੰਦੀ ਲਗਾ ਦਿਤੀ ਗਈ। ਸਿਖ ਫੌਜੀਆ ਨੂੰ ਪਤਿਤ ਹੋਣ ਲਈ ਉਤਸ਼ਾਹਤ ਕੀਤਾ ਗਿਆ ਅਤੇ ਉਚ ਅਹੁਦਿਆਂ ਦੇ ਲਾਲਚ ਦਿਤੇ ਗਏ। ਸਿਖਾਂ ਨੂੰ ਫੌਜ ਅੰਦਰ ਧਰਮ ਪ੍ਰਚਾਰ ਕਰਨ ਤੇ ਪਾਬੰਦੀ ਲਗਾ ਦਿਤੀ ਗਈ। ਸਿਖ ਰਜਮੈਂਟਾਂ ਨੂੰ ਇਕ ਸਾਜਸ਼ ਦੇ ਅਧੀਨ ਤੋੜ ਦਿਤਾ ਗਿਆ।

ਨਵੰਬਰ 1982 ਵਿਚ ਦਿਲੀ ਵਿਖੇ ਹੋ ਰਹੀਆਂ 9ਵੀਂ ਏਸ਼ੀਅਨ ਖੇਡਾਂ ਵਿਚ ਸਾਰੇ ਹਿੰਦੁਸਤਾਨ ਤੋਂ ਅਤੇ ਦੁਨੀਆਂ ਤਾਂ ਸਿਖਾਂ ਨੂੰ ਦਿਲੀ ਆਣ ਤੇ ਪਾਬੰਦੀ ਲਗਾ ਦਿਤੀ ਗਈ। ਪਰ ਹਿਦੂ ਚਾਹੇ ਤਾਂ ਦਿਲੀ ਪੁਜ ਸਕਦਾ ਸੀ।

ਇਕ ਹਿਦੂ ਪਵਨ ਕੁਮਾਰ 232 I I E S36 ਗ੍ਰਨੇਡ ਪੁਲੀਸ ਵਲੋਂ ਫੜੇ ਜਾਂਦੇ ਹਨ ਤਾਂ ਉਸਤੇ ਕੋਈ ਮੁਕੱਦਮਾ ਨਹੀ ਚਲਾਇਆ ਜਾਂਦਾ ਪਰ ਜੇ ਕਿਸੇ ਸਿਖ ਪਾਸੋਂ ਕਿ: ਖਾਲੀ ਕਾਰਤੂਸ ਵੀ ਫੜਿਆ ਗਿਆ ਤਾਂ ਕੁੱਟ ਕੁੱਟ ਕੇ ਹੱਡ ਤੋੜ ਦਿਤੇ ਜਾਂਦੇ ਹਨ। ਸਿਖਾਂ ਦੇ ਲਾਇਸੈਂਸ ਕੈਂਸਲ ਕਰੇ ਜਾਂਦੇ ਹਨ ਤਾਂ ਜੋ ਨਿਹੱਥੇ ਕਰਕੇ ਮਾਰਿਆ ਜਾ ਸਕੇ। ਪਰ ਹਿਦੂਆਂ ਦੇ ਹਥਿਆਰਾਂ ਦੇ ਲਾਇਸੈਂਸ ਬਣਾਏ ਜਾਂਦੇ ਹਨ ਅਤੇ ਗੈਰ ਕਾਨੂੰਨੀ ਅਸਲਾ ਵੀ ਉਹਨਾਂ ਤੋਂ ਨਹੀਂ ਖੋਹਿਆ ਜਾਂਦਾ।

ਅਗਰ ਫਲਾਸਤੀਨੀ ਆਪਣੀ ਅਜ਼ਾਦੀ ਦੀ ਤੜਫ ਨੂੰ ਦੁਨੀਆਂ ਸਾਹਮਣੇ ਰੱਖਣ ਲਈ ਜਹਾਜ ਅਗਵਾ ਕਰੇ ਤਾਂ ਉਹ ਬਹਾਦਰ ਹਨ। ਜੇਕਰ ਕਸ਼ਮੀਰੀ ਹਿਦੂ ਸਾਮਰਾਜ ਤੋਂ ਅਜ਼ਾਦੀ ਹਾਸਲ ਕਰਨ ਲਈ ਜਹਾਜ ਅਗਵਾ ਕਰਨ ਤਾਂ ਉਹ ਕੁਰੀਅਤ ਪਸੰਦ ਹਨ। ਜੇ ਹਿਦੂ ਦੋ ਭਰਾ ਦਵਿੰਦਰ ਪਾਂਡੇ ਕੁਣੀ ਇਦਰਾ ਗਾਂਧੀ ਨੂੰ ਰਿਹਾ ਕਰਨ ਲਈ ਜਹਾਜ ਅਗਵਾ ਕਰਨ ਤਾਂ ਉਹਨਾਂ ਨੂੰ ਦੇਸ਼ ਭਗਤ ਕਿਹਾ ਜਾਂਦਾ ਹੈ। ਜੇਕਰ ਅਸੀਂ ਪੰਜ ਸਿਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੋਈ ਬੇਅਦਬੀ, ਸਿੱਖਾਂ ਦੀ ਚੌਕ ਮਹਿਤਾ ਵਿੱਚ ਹੋਈ ਕਤਲੇਆਮ ਨੂੰ ਦੁਨੀਆਂ ਸਾਹਮਣੇ ਰਖਣ ਵਾਸਤੇ ਅਤੇ ਸੰਤ ਬਾਬਾ ਜਰਨੈਲ ਸਿਘ ਜੀ ਦੀ ਰਿਹਾਈ ਵਾਸਤੇ ਜਹਾਜ ਅਗਵਾ ਕੀਤਾ ਤਾਂ ਸਾਨੂੰ ਦੇਸ਼ ਦੇ ਗਦਾਰ ਅਤੇ ਇਤਹਾਪਸੰਦ ਕਿਹਾ ਜਾਂਦਾ ਹੈ।

ਜੇਕਰ 4 ਅਗਸਤ 1982 ਨੂੰ ਭਾਈ ਗੁਰਮੁਖ ਸਿਘ ਸਿਖਾਂ ਦੇ ਹੋਏ ਜ਼ੁਲਮਾਂ ਨੂੰ ਦੁਨੀਆਂ ਸਾਹਮਣੇ ਰੱਖਣ ਵਾਸਤੇ ਅਤੇ ਬੇਕਸੂਰ ਸਿਖਾਂ ਦੀ ਰਿਹਾਈ ਵਾਸਤੇ ਜਹਾਜ ਅਗਵਾ ਕਰ ਲਵੇ ਤਾਂ ਲਤ ਵਿਚ ਟਾਕੀ ਲਾਕੇ ਲਤ ਗਾਲ ਦਿਤੀ ਜਾਂਦੀ ਹੈ।

ਪਰ ਹਿਦੂਆਂ ਨੂੰ ਹਾਈਜੈਕਰਾਂ ਦੇ ਕੇਸ ਵਿਚੋਂ ਬਰੀ ਕਰ ਦਿਤਾ ਜਾਂਦਾ ਹੈ।

20 ਅਗਸਤ 1982 ਨੂੰ ਜੇਕਰ ਭਾਈ ਮੁਸੀਬਤ ਸਿਘ ਭਾਈ ਅਮਰੀਕ ਸਿਘ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਅਤੇ ਬਾਬਾ ਠਾਰਾ ਸਿਘ ਜੀ ਦੀ ਰਿਹਾਈ ਵਾਸਤੇ ਅਤੇ ਅੰਮ੍ਰਿਤਧਾਰੀ ਸਿਘਾਂ ਉਪਰ ਹੋਏ ਤਸ਼ੱਦਦ ਨੂੰ ਦੁਨੀਆਂ ਨੂੰ ਦਸਣ ਵਾਸਤੇ ਹਵਾਈ ਜਹਾਜ ਅਗਵਾ ਕੀਤਾ ਤਾਂ ਰਾਜਾ ਸਾਂਸੀ ਦੇ ਹਵਾਈ ਅੱਡੇ ਤੇ ਗੋਲੀ ਮਾਰ ਕੇ ਮਾਰ ਦਿਤਾ ਜਾਂਦਾ ਹੈ।

ਦੂਜੇ ਪਾਸੇ ਜੇ ਹਿਦੂ ਜਹਾਜ ਅਗਵਾ ਕਰਕੇ ਤਾਂ ਉਹਨਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ ਅਤੇ ਤੋਹਫੇ ਵਜੋਂ ਵਜ਼ੀਰੀਆਂ ਦਿਤੀਆਂ ਜਾਂਦੀਆਂ ਹਨ।

ਹਿਦੂ ਦੇਸ਼ ਭਗਤ ਕਿਵੇਂ ਹੋਏ ਅਤੇ ਸਿੱਖਾਂ ਨੇ ਦੇਸ਼ ਨਾਲ ਗਦਾਰੀ ਕਿਵੇਂ ਕੀਤੀ ?

ਮੈਂ ਕਹਿਣਾ ਚਾਹੁੰਦਾ ਹਾਂ ਜੋ ਪਾਕਿਸਤਾਨੀ ਸਰਕਾਰ ਦੀ ਬਿਦੇਸ਼ੀ ਪੋਲਸੀ ਨੈਮਿਬੀਅਨ, ਅਫਗਾਨਿਸਤਾਨੀ, ਫਲਸਤੀਨੀਅਨ ਅਤੇ ਕਸ਼ਮੀਰੀਆਂ ਦੇ ਪ੍ਰਤੀ ਖੁਲੇ ਤੌਰ ਤੇ ਅਪਣਾਈ ਗਈ ਹੈ। ਉਹਨਾਂ ਨੂੰ ਫਰੀਡਮ ਫਾਈਟਰ, ਮੁਜਾਹਿਦ, ਅਤੇ ਹੁਰੀਅਤ ਪਸੰਦ ਕਿਹਾ ਜਾਂਦਾ ਹੈ ਤਾਂ ਸਾਡੇ ਤੇ ਵੀ ਇੰਟਰਨੈਸ਼ਨਲ ਕਾਨੂੰਨ ਦੇ ਤਹਿਤ ਫਰੀਡਮ ਫਾਈਟਰ ਸਮਝਕੇ ਮੁਕੱਦਮਾ ਚਲਾਇਆ ਜਾਵੇ । ਸਾਡੇ ਉਪਰ ਦਹਿਸ਼ਤਪਸੰਦੀ ਦਾ ਕੇਸ ਚਲਾਉਣਾ ਬੇਇਨਸਾਫੀ ਹੈ ਅਤੇ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਹੈ। ਕਿਉਂਕਿ U.N.O. ਦੀ ਜਨਰਲ ਅਸੈਂਬਲੀ ਵਿਚ ਪਾਕਿਸਤਾਨ ਦੇ ਨੁਮਾਇੰਦੇ ਮਿ: ਮੁਜ਼ਫਰ ਹੁਸੈਨ ਸ਼ਾਹ ਨੇ ਅੰਤਰ ਰਾਸ਼ਟਰੀ ਅਤੰਕਵਾਦ ਉਤੇ ਕਾਬੂ ਪਾਉਣ ਲਈ ਕਿਹਾ ਸੀ :-

Mr. Shah then said that in order to make a clear distinction between the acts of International terrorism and those designed to promote the legitimate aspirations of the peoples under colonial and foreign rules, the legitimate liberation movements should be excluded from the defination of International terrorism. I also urger for a clear distinction between liberation movements struggling for the right of self determination against colonial Rule, racism and those rebellious movements within the State. [Pakistan Times 3 December]

ਇਸ ਲਈ ਪਾਕਿਸਤਾਨ ਨੁਮਾਇਦੇ ਦੇ ਉਪਰੋਕਤ ਵਿਚਾਰਾਂ ਮੁਤਾਬਿਕ ਸਾਡੀ ਕਾਰਵਾਈ ਨੂੰ ਅੰਤਰਰਾਸ਼ਟਰੀ ਅਤੰਕਵਾਦ ਦੇ ਦਾਇਰੇ ਵਿਚ ਨਹੀਂ ਰਖਿਆ ਜਾ ਸਕਦਾ ।

ਪਾਕਿਸਤਾਨ ਦੇ ਸਦਰ ਮੁਹੰਮਦ ਜ਼ੀਆ ਉਲ ਹੱਕ ਦਾ ਇਕ ਇੰਟਰਵਿਊ ਨਵਾਏ ਵਕਤ ਲਾਹੌਰ ਦੇ ਦਸੰਬਰ 16 ਸਨ 1983 ਦੇ ਇੰਗਲਿਸ਼ ਸੈਕਸ਼ਨ ਵਿਚ ਛਪਿਆ ਜੋ

ਦਿਲੀ ਤੋਂ ਛਪਣ ਵਾਲੇ ਇਕ ਮਹੀਨਾਂਵਾਰ ਮੈਗਜੀਨ ਦਿਲੀ ਰਿਕਾਰਡ ਦੇ ਐਡੀਟਰ ਰਾਜਪਾਲ ਚੋਧਰੀ ਨੇ ਸਦਰ ਸਾਹਿਬ ਤੋਂ ਇਸਲਾਮਾਬਾਦ ਵਿਚ ਲਿਆ ਸੀ। ਮਿ: ਰਾਜਪਾਲ ਦੇ ਇਸ ਸਵਾਲ ਦੇ ਉਤਰ ਵਿਚ ਕਿ ਉਹਨਾਂ ਸਿਖਾਂ ਤੇ ਜਿਹਨਾਂ ਹਿਦੁਸਤਾਨ ਦਾ ਜਹਾਜ ਅਗਵਾ ਕੀਤਾ ਸੀ ਤੇ ਮੁਕੱਦਮਾ ਚਲਾਉਣ ਲਈ ਦੇਰ ਕਿਉਂ ਕੀਤੀ ਗਈ ਹੈ। ਇਸ ਦੇ ਉਤਰ ਵਿਚ ਜੀਆ ਸਾਹਿਬ ਨੇ ਜੋ ਕਿਹਾ ਉਹ ਸਾਡੀ ਕਾਰਵਾਈ ਦੇ ਸਿਆਸੀ ਪਿਛੋਕੜ ਦੀ ਹਕੀਕਤ ਤਸਲੀਮ ਕਰਨ ਦੇ ਅਰਥ ਰਖਦਾ ਹੈ। ਜੀਆ ਸਾਹਿਬ ਦੇ ਉਤਰ ਦਾ ਇਹ ਭਾਗ:-

Because it is a Political problem in the sense that it was not a real Hijack, that a political act.

ਸਾਡੀ ਕਾਰਵਾਈ ਦੇ ਮੁਰਜਮਾਨਾ ਨਾ ਹੋਣ ਤੇ ਇਕ ਸਿਆਸੀ ਕਾਰਵਾਈ ਹੋਣ ਦੇ ਹੱਕ ਵਿਚ ਵੱਡੀ ਦਲੀਲ ਹੈ। ਸਾਡਾ ਵੀ ਨੁਕਤਾ ਨਜ਼ਰ ਇਹੀ ਹੈ ਕਿ ਇਹ ਸਿਆਸੀ ਕਾਰਵਾਈ ਸੀ ਜੋ ਸਿਖ ਕੌਮ ਦੇ ਹੱਕਾਂ ਦੀ ਜਦੋ ਜਹਿਦ ਲਈ ਕੀਤੀ ਗਈ ਸੀ। ਇਸ ਕਾਰਵਾਈ ਨੂੰ ਮੁਰਜਮਾਨਾਂ ਕਾਰਵਾਈ ਦੇ ਦਾਇਰੇ ਵਿਚ ਨਹੀਂ ਰਖਿਆ ਜਾ ਸਕਦਾ ਅਤੇ ਨਾ ਹੀ ਸਾਡੇ ਨਾਲ ਮੁਰਜਮਾਂ ਅਤੇ ਦਹਿਸ਼ਤਗਰਦਾਂ ਵਾਲਾ ਸਲੂਕ ਕੀਤਾ ਜਾਣਾ ਚਾਹੀਦਾ ਹੈ ਬਲਕਿ ਅਜ਼ਾਦੀ ਪਸੰਦਾਂ ਵਾਲਾ ਸਲੂਕ ਹੋਣਾ ਬਣਦਾ ਹੈ।

ਸਾਡੀ ਇਸ ਕਾਰਵਾਈ ਤੋਂ ਬਾਦ 1981 ਨੂੰ ਸੰਤ ਬਾਬਾ ਜ਼ਰਨੈਲ ਸਿਘ ਜੀ ਖਾਲਸਾ ਭਿੰਡਰਾਂਵਾਲਿਆਂ ਨੂੰ ਬਿਨਾਂ ਸ਼ਰਤ ਰਿਹਾ ਕਰ ਦਿਤਾ ਗਿਆ। ਸੰਤ ਜੀ ਨੇ ਰਿਹਾ ਹੋਣ ਤੋਂ ਤੁਰੰਤ ਬਾਦ ਹੀ ਸਾਨੂੰ ਕੌਮ ਦੇ ਹੀਰੇ ਕਰਾਰ ਦੇ ਦਿਤਾ ਤੇ ਕਿਹਾ "ਜਿਹਨਾਂ ਗੁਰੂ ਦੇ ਲਾਲਾਂ ਨੇ ਪਿੰਡ ਚੰਦੋਕਲਾਂ ਵਿਚ ਹੋਏ ਤਸ਼ੱਦਦ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਾਵਨ ਬੀੜਾਂ ਸ਼ਹੀਦ ਕਰਨ ਦੇ ਵਿਰੋਧ ਵਿਚ ਅਤੇ ਮਹਿਤਾ ਚੌਕ ਵਿਚ ਜ਼ਾਲਮ ਸਰਕਾਰ ਵਲੋਂ ਹੋਏ ਸਿੱਖਾਂ ਦੇ ਕਤਲੇਆਮ ਵਿਰੁੱਧ ਜਹਾਜ ਅਗਵਾ ਕੀਤਾ ਮੈਂ ਉਹਨਾਂ ਨੂੰ ਮੁਬਾਰਕਬਾਦ ਦਿੰਦਾ ਹਾਂ।"

ਸੰਤ ਬਾਬਾ ਜਰਨੈਲ ਸਿਘ ਜੀ ਭਿੰਡਰਾਂਵਾਲਿਆਂ ਦੀ ਰਿਹਾਈ ਹੀ ਸਾਡਾ ਮੁਖ ਨਿਸ਼ਾਨਾ ਸੀ।

ਇਹ ਉਪਰੋਕਤ ਗੱਲਾਂ ਸਾਡੇ ਪ੍ਰਤੀ ਹਮਦਰਦੀ ਦਾ ਪ੍ਰਗਟਾਵਾ ਕਰਦੀਆਂ ਹਨ ਅਤੇ ਸਾਡੇ ਐਕਸ਼ਨ ਦੀ ਹਮਾਇਤ ਕਰਦੀਆਂ ਹਨ। ਇਸ ਦੇ ਉਲਟ ਹਿਦੂਆਂ ਵਲੋਂ ਅਤੇ ਹਿਦੂ ਸਰਕਾਰ ਵਲੋਂ ਸਾਡੀ ਕਾਰਵਾਈ ਨੂੰ ਦਹਿਸ਼ਤਗਰਦੀ, ਅਤੇ ਦੇਸ਼ ਨਾਲ ਗਦਾਰੀ ਆਖਿਆ ਜਾਂਦਾ ਹੈ। ਇਹਨਾਂ ਗੱਲਾਂ ਨਾਲ ਦੋ ਕੌਮਾਂ ਦੀ ਵਿਚਾਰਧਾਰਾ ਸਪਸ਼ਟ ਰੂਪ ਵਿਚ ਵਖ ਵਖ ਨਜ਼ਰ ਆਉਂਦੀ ਹੈ। ਇਸ ਨਾਲ ਸਾਡੀ ਕਾਰਵਾਈ ਸਹੀ ਸਾਬਤ ਹੁੰਦੀ ਹੈ।

ਮੈਂ ਆਪ ਜੀ ਨੂੰ ਹਿਦੁਸਤਾਨ ਦੀਆਂ ਰਾਜਨੀਤਕ ਪਾਰਟੀਆਂ ਦਾ ਸਿਖਾਂ ਪ੍ਰਤੀ ਰਵਈਏ ਬਾਰੇ ਦਸਣਾ ਜਰੂਰੀ ਸਮਝਦਾ ਹਾਂ :-

